**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067

CA DRE Lic.#01180969



*Jassi Gill*

CA DRE# 00966763

ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ

COVERED CALIFORNIA

Your Destination For AFFORDABLE QUALITY HEALTH CARE Including Medi-Cal

510-797-7989

Certified Insurance Agent
Gurcharan Singh Mann
License# 0C70672

2450 Peralta Blvd., Suite # 203,
Fremont, CA 94536



*Manjit Gill*

Certified Insurance Agent

CA. Lic#0B23990

ਸਸਤੀ ਅਤੇ ਵਧੀਆ ਹੈਲਥ ਇੰਸ਼ੋਰੈਂਸ

Quality Health Care Including MEDI-CAL

COVERED CALIFORNIA

Ph:510-888-1180
209-524-4008

Gill Financial & Insurance Services

27165 Mission Blvd, Hayward CA 94544

*www.gillfinancial.com*

Fifteenth Year of Publication

ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼

Punjab Times, Vol 15, Issue 12, March 22, 2014 20451 N Plum Grove Rd., Palatine, IL 60074 Ph:847-359-0746, Fax:847-705-9388

# ਪਹਿਲੇ ਚੋਣ ਗੇੜ ਵਿਚ ਕਾਂਗਰਸੀ ਪਛੜੇ

## ਕਾਂਗਰਸੀ ਆਗੂ ਚੋਟ ਨਗਾਰੇ ਲੱਗਣ ਤੋਂ ਪਹਿਲਾਂ ਹੀ ਪਿਛਾਂਹ ਹਟਣ ਲੱਗੇ?

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਕਾਂਗਰਸ ਨੂੰ ਛੱਡ ਬਾਕੀ ਸਾਰੇ ਦਲ ਪੂਰੀ ਤਰ੍ਹਾਂ ਮੈਦਾਨ ਵਿਚ ਕੁੱਦ ਪਏ ਹਨ। ਸੂਬੇ ਵਿਚ ਲੋਕ ਸਭਾ ਚੋਣਾਂ ਲਈ 30 ਅਪਰੈਲ ਨੂੰ ਵੋਟਾਂ ਪੈ ਰਹੀਆਂ ਹਨ। ਕਾਂਗਰਸ ਨੇ ਅਜੇ ਬਹੁਤੇ ਉਮੀਦਵਾਰਾਂ ਦਾ ਐਲਾਨ ਵੀ ਨਹੀਂ ਕੀਤਾ ਹੈ। ਪਤਾ ਲੱਗਾ ਹੈ ਕਿ ਪਾਰਟੀ, ਉਮੀਦਵਾਰਾਂ ਦਾ ਐਲਾਨ ਬੜਾ ਸੋਚ ਸਮਝ ਕੇ ਕਰ ਰਹੀ ਹੈ। ਇਹ ਵੀ ਸ਼ਾਇਦ ਪਹਿਲੀ ਵਾਰ ਵੇਖਣ ਨੂੰ ਮਿਲ ਰਿਹਾ ਹੈ ਕਿ ਕਈ ਹਲਕਿਆਂ ਵਿਚ ਉਮੀਦਵਾਰ ਬਣਨ ਲਈ ਕਾਂਗਰਸੀ ਆਗੂ ਹਿਚਕਚਾਹਟ ਵਿਖਾ ਰਹੇ ਹਨ। ਲੁਧਿਆਣਾ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਮੈਦਾਨ ਛੱਡ ਚੁੱਕੇ ਹਨ। ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਐਤਕੀਂ ਗੁਰਦਾਸਪੁਰ ਤੋਂ ਚੋਣ ਲੜਨ ਦੇ ਮੂਡ ਵਿਚ ਨਹੀਂ ਸਨ ਪਰ ਲੀਡਰਸ਼ਿਪ ਨੇ ਉਨ੍ਹਾਂ ਨੂੰ ਟਿਕਟ ਦੇ ਕੇ ਨਾਲ ਹੀ ਕਿਹਾ ਹੈ ਕਿ ਉਹ ਚੋਣ ਮੁਹਿੰਮ ਦੀ ਡਟ ਕੇ ਅਗਵਾਈ ਕਰਨ। ਇਸ ਵਾਰ ਵੀ ਮੁੱਖ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਵਿਚਾਲੇ ਹੀ ਹੈ ਪਰ ਆਮ ਆਦਮੀ ਪਾਰਟੀ (ਆਪ) ਗਿਣਤੀ-ਮਿਣਤੀ ਵਿਗਾੜ ਸਕਦੀ ਹੈ।



ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੀ ਭਾਈਵਾਲ ਭਾਜਪਾ ਨੇ ਸੂਬੇ ਦੇ ਸਾਰੇ 13 ਹਲਕਿਆਂ ਤੋਂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਤੇ ਚੋਣ ਪ੍ਰਚਾਰ ਵੀ ਪੂਰੀ ਤਰ੍ਹਾਂ ਮਘਾ ਲਿਆ ਹੈ। ਅਕਾਲੀ-ਭਾਜਪਾ ਗੱਠਜੋੜ ਬੇਸ਼ੱਕ ਕਾਫੀ ਹੌਸਲੇ ਵਿਚ ਹੈ ਪਰ ਇਤਿਹਾਸਕ ਸੱਚਾਈ ਇਹ ਹੈ ਕਿ ਆਜ਼ਾਦੀ ਤੋਂ ਬਾਅਦ ਹੁਣ ਤੱਕ ਹੋਈਆਂ 15 ਲੋਕ ਸਭਾ ਚੋਣਾਂ ਦੌਰਾਨ ਪੰਜਾਬ ਅੰਦਰ ਆਮ ਕਰ ਕੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਵਜੋਂ ਵਿਚਰਨ ਵਾਲੀ ਸਿਆਸੀ ਧਿਰ ਨੂੰ ਹੀ ਜ਼ਿਆਦਾ ਸੀਟਾਂ ਮਿਲਦੀਆਂ ਰਹੀਆਂ ਹਨ ਅਤੇ ਸੱਤਾਧਾਰੀ ਪ੍ਰਤੀ ਲੋਕਾਂ ਅੰਦਰ ਰੋਸ ਕਾਰਨ ਉਸ ਨੂੰ ਘੱਟ ਸੀਟਾਂ ਮਿਲਣ ਦੀ ਰਵਾਇਤ ਹੀ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਇਸ ਵਾਰ ਇਤਿਹਾਸ ਨੂੰ ਬਦਲਣ ਦੀ ਤਾਕ ਵਿਚ ਹੈ।

ਉਂਜ, ਇਸ ਵਾਰ ਪੂਰੇ ਦੇਸ਼ ਵਿਚ ਇਕ ਹੋਰ ਸਿਆਸੀ ਹਵਾ ਵਗ ਰਹੀ ਹੈ। ਆਮ ਆਦਮੀ ਪਾਰਟੀ ਨੇ ਦਿੱਲੀ ਵਿਚ ਫਤਿਹ ਹਾਸਲ ਕਰ ਕੇ ਨਵੀਂ ਚਰਚਾ ਛੇੜ ਦਿੱਤੀ ਸੀ ਤੇ ਇਸ ਨੇ ਰਵਾਇਤੀ ਪਾਰਟੀਆਂ ਨੂੰ ਦੋਚਿੱਤੀ ਵਿਚ ਪਾਇਆ ਹੋਇਆ ਹੈ। ਆਮ ਬੰਦੇ ਨਾਲ ਜੁੜੇ ਮੁੱਦੇ ਉਠਾ ਕੇ ਆਮ ਆਦਮੀ ਪਾਰਟੀ ਨੇ ਵੀ ਸਿਆਸਤ ਵਿਚ ਖਾਸ ਥਾਂ ਬਣਾ ਲਈ ਹੈ। ਪਾਰਟੀ ਨੇ ਪੰਜਾਬ ਵਿਚ ਵੀ ਉਮੀਦਵਾਰ ਮੈਦਾਨ ਵਿਚ ਐਲਾਨੇ ਹਨ ਜਿਨ੍ਹਾਂ ਨੇ ਰਵਾਇਤੀ ਪਾਰਟੀਆਂ ਦਾ ਫਿਕਰ ਵਧਾ ਦਿੱਤਾ ਹੈ। ਇਸ ਲਈ ਆਮ ਆਦਮੀ ਪਾਰਟੀ ਸਿਆਸੀ ਸਮੀਕਰਨ ਬਦਲ ਸਕਦੀ ਹੈ।

ਪਿਛਾਂਹ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ 1997 ਦੌਰਾਨ ਬਣੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਕਾਰਜਕਾਲ ਦੌਰਾਨ 1999 ਵਿਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਅੱਠ ਸੀਟਾਂ ਲੈਣ ਵਿਚ ਸਫ਼ਲ ਰਹੀ ਜਦੋਂਕਿ 2002 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ 2004 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ

*(ਬਾਕੀ ਸਫਾ 6 'ਤੇ)*

### ਬਸਪਾ ਦੀ ਚੂਲ

ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਵਿਚ ਇਸ ਵਾਰ ਵੀ ਇਕੱਲਿਆਂ ਚੋਣ ਮੈਦਾਨ ਵਿਚ ਨਿੱਤਰੀ ਹੈ ਜਿਸ ਨਾਲ ਸਿਆਸੀ ਸਮੀਕਰਨ ਹੋਰ ਪੇਚੀਦਾ ਬਣ ਸਕਦੇ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪਹਿਲਾਂ ਬਸਪਾ ਦਾ ਕਿਸੇ ਨਾ ਕਿਸੇ ਪੱਧਰ ਉਤੇ ਕਾਂਗਰਸ ਨਾਲ ਤਾਲਮੇਲ ਹੋਣ ਕਰ ਕੇ ਕਾਂਗਰਸ ਦੀਆ ਜਿੱਤਾਂ ਲਈ ਰਾਹ ਪੱਧਰਾ ਹੋ ਜਾਂਦਾ ਸੀ, ਪਰ ਜਦੋਂ ਤੋਂ ਬਸਪਾ ਨੇ ਇਕੱਲਿਆਂ ਚੋਣ ਲੜਨ ਦਾ ਪੈਂਤੜਾ ਮੱਲਿਆ ਹੈ, ਇਸ ਦਾ ਸਭ ਤੋਂ ਵੱਧ ਨੁਕਸਾਨ ਕਾਂਗਰਸ ਨੂੰ ਹੁੰਦਾ ਆਇਆ ਹੈ। ਕੁਝ ਮਾਹਿਰਾਂ ਦਾ ਤਾਂ ਇਹ ਵੀ ਕਹਿਣਾ ਹੇ ਕਿ ਬਸਪਾ ਲੀਡਰਸ਼ਿਪ ਅਕਾਲੀਆਂ ਨਾਲ ਲੁਕਵੀਂ ਤਾਲਮੇਲ ਕਰ ਕੇ ਹੀ ਸਾਰੇ ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕਰਦੀ ਹੈ। ਇਸ ਤਾਲਮੇਲ ਵਿਚ ਰੋਕੜ ਦੀ ਚਰਚਾ ਵੀ ਅਕਸਰ ਹੁੰਦੀ ਰਹਿੰਦੀ ਹੈ।

# ਚੋਣ ਕਮਿਸ਼ਨ ਨੂੰ ਵੀ ਟਿੱਚ ਜਾਣਦੀ ਹੈ ਪੰਜਾਬ ਪੁਲਿਸ

**ਚੰਡੀਗੜ੍ਹ:** ਚੋਣ ਕਮਿਸ਼ਨ ਨੇ ਜੇਲ੍ਹਾਂ ਵਿਚੋਂ ਕੈਦੀਆਂ ਦੀ ਪੈਰੋਲ 'ਤੇ ਰਿਹਾਈ ਬਾਰੇ ਘੋਖ ਕਰਨ ਲਈ ਡਿਪਟੀ ਕਮਿਸ਼ਨਰਾਂ ਨੂੰ ਲਿਖਿਆ ਹੈ। ਮੁੱਖ ਚੋਣ ਦਫ਼ਤਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਪੁਲਿਸ ਦੇ ਅਧਿਕਾਰੀਆਂ ਵੱਲੋਂ ਚੋਣ ਕਮਿਸ਼ਨ ਦੀਆਂ ਹਦਾਇਤਾਂ ਨੂੰ ਟਿੱਚ ਜਾਣਿਆ ਜਾ ਰਿਹਾ ਹੈ। ਸੂਬੇ ਵਿਚ ਭਗੌੜੇ ਤੇ ਗੈਰ ਜ਼ਮਾਨਤੀ ਵਾਰੰਟ ਵਾਲੇ ਅਪਰਾਧੀਆਂ ਤੇ ਅਸਲਾ ਲਾਈਸੈਂਸਾਂ ਬਾਰੇ ਜਾਣਕਾਰੀ ਅਜੇ ਤੱਕ ਚੋਣ ਕਮਿਸ਼ਨ ਨੂੰ ਨਹੀਂ ਭੇਜੀ ਜਾ ਰਹੀ।

ਕਮਿਸ਼ਨ ਮੁਤਾਬਕ ਕੈਦੀਆਂ ਦੀ ਰਿਹਾਈ ਸਮੇਂ ਹਰ ਇਕ ਮਾਮਲੇ ਵਿਚ ਪੜਤਾਲ ਤੋਂ ਬਾਅਦ ਹੀ ਫ਼ੈਸਲਾ ਕੀਤਾ ਜਾਵੇ। ਕਮਿਸ਼ਨ ਦਾ ਮੰਨਣਾ ਹੈ ਕਿ ਪੈਰੋਲ 'ਤੇ ਰਿਹਾਈ ਨਾਲ ਵੀ ਵੋਟਰ ਪ੍ਰਭਾਵਿਤ ਹੁੰਦਾ ਹੈ। ਚੋਣ ਦਫ਼ਤਰ ਦੇ ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਵੱਲੋਂ ਗੈਰ ਜ਼ਮਾਨਤੀ ਵਾਰੰਟਾਂ ਤੇ ਭਗੌੜਿਆਂ ਤੇ ਅਸਲਾ ਲਾਈਸੈਂਸਾਂ ਸਬੰਧੀ ਰੋਜ਼ਾਨਾ ਸੂਚਨਾ ਭੇਜਣੀ ਹੁੰਦੀ ਹੈ ਪਰ ਅਜੇ ਤੱਕ ਕੋਈ ਜਾਣਕਾਰੀ ਨਹੀਂ ਭੇਜੀ ਜਾ ਰਹੀ। ਕਮਿਸ਼ਨ ਕੋਲ ਇਹ ਵੀ ਕੋਈ ਜਾਣਕਾਰੀ ਨਹੀਂ ਕਿ ਪੁਲਿਸ ਨੇ ਲਾਈਸੈਂਸੀ ਹਥਿਆਰ ਜਮ੍ਹਾਂ ਕਰਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ ਜਾਂ ਨਹੀਂ। ਇਸ ਤੋਂ ਇਲਾਵਾ ਪੰਚਾਇਤੀ ਜ਼ਮੀਨਾਂ ਸਮੇਤ ਹਰ ਵਿੱਤੀ

*(ਬਾਕੀ ਸਫਾ 6 'ਤੇ)*

**REAL ESTATE & HOME LOANS**



- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।


Successful Shortsale ਲਈ ਅੱਜ ਹੀ ਕਾਲ ਕਰੋ!

AMAN HUNDAL
Broker / Associate

Century 21 M&M and Associates

209.918.6464

ahundal@c21mm.com



Raja SWEETS & CATERING

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Faloода Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
Raja Indian Cuisine & Bar

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of**
**Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
*Attorney At Law*

Criminal Defense (DUI, simple battery, domestic violence, immigration post-conviction relief)

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-924-1617

Email: manpreet@gahralaw.com

# ਨਵੀਂ ਸੁਪਰੀਮ ਕੌਂਸਲ ਚੁਣੇ ਜਾਣ ਉਤੇ ਸਿੱਖ ਪੰਚਾਇਤ ਵਲੋਂ ਵਾਹਿਗੁਰੂ ਦਾ ਸ਼ੁਕਰਾਨਾ

**ਫਰੀਮਾਂਟ (ਬਿਊਰੋ):** ਸਿੱਖ ਪੰਚਾਇਤ ਦੀ ਸਲੇਟ ਨੂੰ ਫਰੀਮਾਂਟ ਦੀਆਂ ਸੰਗਤਾਂ ਵਲੋਂ ਮੁੜ ਸੁਪਰੀਮ ਕੌਂਸਲ ਲਈ ਚੁਣੇ ਜਾਣ ਦੇ ਸ਼ੁਕਰਾਨੇ ਵਜੋਂ ਸਿੱਖ ਪੰਚਾਇਤ ਦੇ ਸਮੂਹ ਮੈਂਬਰਾਂ ਅਤੇ ਸਮਰਥਕਾਂ ਵਲੋਂ ਗੁਰਦੁਆਰਾ ਫਰੀਮਾਂਟ ਵਿਖੇ ਲੰਘੇ ਐਤਵਾਰ ਸ਼ੁਕਰਾਨਾ ਸਮਾਗਮ ਕੀਤਾ ਗਿਆ।







ਅਖੰਡ ਪਾਠ ਦੇ ਭੋਗ ਉਪਰੰਤ ਭਾਈ ਜਗਜੀਤ ਸਿੰਘ ਕੋਮਲ ਦੇ ਰਾਗੀ ਜਥੇ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਕਥਾਕਾਰ ਭਾਈ ਗੁਰਜੀਤ ਸਿੰਘ ਪਟਿਆਲੇ ਵਾਲਿਆਂ ਨੇ ਹੋਲੇ ਮਹਲੇ ਦੇ ਇਤਿਹਾਸਕ ਪਿਛੋਕੜ ਅਤੇ ਦਿੱਲੀ ਫਤਿਹ ਦਿਵਸ ਉਪਰ ਦਿੱਲੀ ਦੇ ਲਾਲ ਕਿਲੇ ਉਤੇ ਝੁਲਾਏ ਗਏ ਖਾਲਸਾਈ ਨਿਸ਼ਾਨ ਸਾਹਿਬ ਦੀ ਇਤਿਹਾਸਕ ਵਾਰਤਾ ਸੰਗਤਾਂ ਨੂੰ ਸੁਣਾਈ। ਭਾਈ ਗੁਰਭੇਜ ਸਿੰਘ ਖਾਲਸਾ ਨੇ ਗੁਰਬਾਣੀ ਵਿਚਾਰਾਂ ਦੀ ਸੰਗਤਾਂ ਨਾਲ ਸਾਂਝ ਪਾਈ।



ਸਿੱਖ ਪੰਚਾਇਤ ਦੇ ਸੀਨੀਅਰ ਮੈਂਬਰ ਭਾਈ ਗੁਰਮੀਤ ਸਿੰਘ ਖਾਲਸਾ, ਨਵੀਂ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਜਸਦੇਵ ਸਿੰਘ, ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ, ਯੂਨੀਅਨ ਸਿਟੀ ਸਕੂਲ ਬੋਰਡ ਮੈਂਬਰ ਬੀਬੀ ਸਰਬਜੀਤ ਕੌਰ ਚੀਮਾ ਤੇ ਭਾਈ ਦਵਿੰਦਰ ਸਿੰਘ ਨੇ ਨਵੀਂ ਸੁਪਰੀਮ ਕੌਂਸਲ ਦੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਫਰਜ਼ਾਂ ਉਤੇ ਪਹਿਰਾ ਦੇਣ ਦੀ ਤਾਕੀਦ ਕੀਤੀ ਅਤੇ ਗੁਰਮਤੇ/ਚੋਣਾਂ ਦੌਰਾਨ ਸੰਗਤਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ।




ਭਾਈ ਜਸਦੇਵ ਸਿੰਘ ਨੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਸੰਗਤਾਂ ਵਾਸਤੇ ਬਾਹਰ ਜੋ ਸੁਝਾਅ ਡੱਬਾ ਲਾਇਆ ਗਿਆ ਹੈ, ਉਸ ਵਿਚ ਸੰਗਤਾਂ ਜੋ ਵੀ ਸੁਝਾਅ ਦੇਣਗੀਆਂ, ਉਹ ਸਾਡੇ ਸਿਰ ਮੱਥੇ ਹੋਵੇਗਾ ਅਤੇ ਉਸ ਉਤੇ ਤੁਰੰਤ ਕਾਰਵਾਈ ਹੋਵੇਗੀ। ਨਵੇਂ ਚੁਣੇ ਗਏ ਸੁਪਰੀਮ ਕੌਂਸਲ ਮੈਂਬਰ-ਭਾਈ ਤਰਸੇਮ ਸਿੰਘ, ਭਾਈ ਹਰਜੀਤ ਸਿੰਘ, ਭਾਈ ਗੁਰਿੰਦਰ ਸਿੰਘ ਅਤੇ ਭਾਈ ਲਖਬੀਰ ਸਿੰਘ ਵੀ ਸੰਗਤਾਂ ਦੇ ਰੂਬਰੂ ਹੋਏ।

ਲੰਗਰਾਂ ਵਿਚ ਸੈਨ ਲੀਐਂਡਰੋ ਤੋਂ ਨਾਨ ਐਂਡ ਪਾਸਟਾ ਵਾਲੇ ਭਾਈ ਭੁਪਿੰਦਰ ਸਿੰਘ ਅਤੇ ਏ-ਵਨ ਇੰਟੀਰੀਅਰ ਡੈਕੋਰੇਸ਼ਨ ਵਾਲੇ ਭਾਈ ਭੁਪਿੰਦਰ ਸਿੰਘ ਵਲੋਂ ਸੰਗਤਾਂ ਦੇ ਧੰਨਵਾਦ ਵਜੋਂ ਪੀਜ਼ੇ ਦੀ ਸੇਵਾ ਕੀਤੀ ਗਈ। ਦੋਹਾਂ ਸੇਵਾਦਾਰਾਂ ਦਾ ਪ੍ਰਬੰਧਕਾਂ ਵੱਲੋਂ ਸਿਰੋਪਾਉ ਦੀ ਬਖਸ਼ਿਸ਼ ਨਾਲ ਸਨਮਾਨ ਕੀਤਾ ਗਿਆ।


Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*

Medicare & Most Private Insurances Accepted

*Contact:*

Dr. Baljit Jammu

*Doctor of Chiropractic*

Ph: 510-940-8236

1090 La Playa Dr.,
Hayward CA 94545



ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ

GILL EXPRESS

TRUCK TIRE ON SALE

WITH PURCHASE OF 8 TIRES

269.99 Installed

LP22.5

PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop



CASH PRICE STEER OR DRIVE

FET, SALES TAX, MOUNTING INCLUDED

INSTALLED OUT THE DOOR PRICE

661-203-0433


Send money to your loved ones this Vaisakhi.
Cash pick up in minutes.*
MoneyGram.
bringing you closer
moneygram.com 800-926-9400
/moneygram @moneygramMe
Available for pick up at any of these locations:
भारतीय डाक
India Post
SUPREME SECURITIES LTD.
State Bank of India
THE BANKER TO EVERY INDIAN
UAEXCHANGE®
Thomas Cook
Travel Smooth
thomascook.in
• Foreign Exchange •
*Subject to agent operating hours, availability and local laws and regulations. Licensed as a Money Transmitter by the Banking Department of the State of New York. MoneyGram, the Globe and MoneyGram Bringing You Closer are marks of MoneyGram. All other marks are the property of their owners. © 2014 MoneyGram.
0114-17AMT

# ਚੌਟਾਲੇ ਨੂੰ ਐਨ.ਡੀ.ਏ. ਵਿਚ ਲਿਆਉਣ ਲਈ ਬਾਦਲ ਅਸਫਲ

**ਚੰਡੀਗੜ੍ਹ:** ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨੇ ਹਰਿਆਣਾ ਦੀਆਂ 10 ਲੋਕ ਸਭਾ ਸੀਟਾਂ ਤੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਜਿਸ ਨਾਲ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਗੱਠਜੋੜ ਕਰਾਉਣ ਬਾਰੇ ਕੋਸ਼ਿਸ਼ਾਂ ਨੂੰ ਝਟਕਾ ਲੱਗਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਭਾਜਪਾ ਦੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਨਾਲ ਨਵੀਂ ਦਿੱਲੀ ਵਿਚ ਮੀਟਿੰਗ ਕਰ ਕੇ ਹਰਿਆਣਾ ਵਿਚ ਇਨੈਲੋ ਨਾਲ ਚੋਣ ਸਮਝੌਤਾ ਕਰਾਉਣ ਲਈ ਜ਼ੋਰ ਪਾਇਆ ਸੀ। ਇਹ ਯਤਨ ਸਿਰੇ ਨਹੀਂ ਚੜ੍ਹ ਸਕੇ ਕਿਉਂਕਿ ਪਾਰਟੀ ਪਹਿਲਾਂ ਹੀ ਹਜਕਾਂ ਨਾਲ ਗਠਜੋੜ ਬਣਾ ਚੁੱਕੀ ਸੀ। ਸ੍ਰੀ ਰਾਜਨਾਥ ਸਿੰਘ ਨੇ ਬਾਦਲਾਂ ਨੂੰ ਕੋਈ ਭਰੋਸਾ ਨਹੀਂ ਦਿੱਤਾ ਸੀ।



ਇਨੈਲੋ ਨੇ ਟਿਕਟਾਂ ਦੀ ਵੰਡ ਵਿਚ ਸਭ ਤੋਂ ਵੱਧ ਤਿੰਨ ਟਿਕਟਾਂ ਪੰਜਾਬੀ ਭਾਈਚਾਰੇ ਨੂੰ ਦਿੱਤੀਆਂ ਹਨ। ਇਨ੍ਹਾਂ ਵਿਚੋਂ ਦੋ ਸਿੱਖ ਉਮੀਦਵਾਰ ਹਨ। ਇਨੈਲੋ ਨੇ ਸਾਰੇ ਚੋਣ ਸਮੀਕਰਨਾਂ ਨੂੰ ਧਿਆਨ ਵਿਚ ਰੱਖਦਿਆਂ ਕਰਨਾਲ ਤੋਂ ਸਾਬਕਾ ਖੇਤੀਬਾੜੀ ਮੰਤਰੀ ਜਸਵਿੰਦਰ ਸਿੰਘ ਸੰਧੂ, ਸਾਬਕ ਸੰਸਦ ਮੈਂਬਰ ਆਰ ਕੇ ਆਨੰਦ ਨੂੰ ਫਰੀਦਾਬਾਦ ਤੇ ਸ਼੍ਰੋਮਣੀ ਅਕਾਲੀ ਦਲ ਦੇ ਕਾਲਾਂਵਾਲੀ ਹਲਕੇ ਤੋਂ ਵਿਧਾਇਕ ਚਰਨਜੀਤ ਸਿੰਘ ਨੂੰ ਸਿਰਸਾ ਹਲਕੇ ਤੋਂ ਚੋਣ ਮੈਦਾਨ ਵਿਚ ਉਤਾਰਿਆ ਹੈ। ਇਨੈਲੋ ਦੇ ਯੂਥ ਵਿੰਗ ਦੇ ਆਗੂ ਤੇ ਪਾਰਟੀ ਦੇ ਸਕੱਤਰ ਜਨਰਲ ਅਜੇ ਚੌਟਾਲਾ ਦੇ ਲੜਕੇ ਦੁਸ਼ਯੰਤ ਚੌਟਾਲਾ ਨੂੰ ਹਿਸਾਰ ਤੋਂ ਉਮੀਦਵਾਰ ਬਣਾਇਆ ਗਿਆ ਹੈ।

ਗੁੜਗਾਓਂ ਲੋਕ ਸਭਾ ਹਲਕੇ ਤੋਂ ਸਾਬਕਾ ਵਿਧਾਇਕ ਜ਼ਾਕਿਰ ਹੁਸੈਨ, ਕੁਰੂਕਸ਼ੇਤਰ ਤੋਂ ਸਾਬਕਾ ਮੰਤਰੀ ਬਲਬੀਰ ਸੈਣੀ, ਕੌਮੀ ਸਕੱਤਰ ਪਦਮ ਦਹੀਆ ਨੂੰ ਸੋਨੀਪਤ, ਅੰਬਾਲਾ ਰਾਖਵੀਂ ਸੀਟ ਤੋਂ ਪਾਰਟੀ ਬੁਲਾਰੇ ਅਸ਼ੋਕ ਸ਼ੇਰਵਾਲ ਦੀ ਪਤਨੀ ਕੁਸੁਮ ਬਾਲਾ ਸ਼ੇਰਵਾਲ, ਰੋਹਤਕ ਸੀਟ ਤੋਂ ਸ਼ਮਸ਼ੇਰ ਸਿੰਘ ਖਰਕੜਾ ਤੇ ਭਿਵਾਨੀ-ਮਹਿੰਦਰਗੜ੍ਹ ਤੋਂ ਇਨੈਲੋ ਵਿਧਾਇਕ ਰਾਓ ਬਹਾਦਰ ਸਿੰਘ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ।

ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਇਨੈਲੋ ਨੇ ਪੰਜਾਬੀ ਭਾਈਚਾਰੇ ਨੂੰ ਤਿੰਨ ਟਿਕਟਾਂ ਦੇ ਕੇ ਸੂਬੇ ਦੇ ਤਕਰੀਬਨ 30 ਫ਼ੀਸਦੀ ਤੋਂ ਵੱਧ ਭਾਈਚਾਰੇ ਨੂੰ ਆਪਣੇ ਨਾਲ ਜੋੜਨ ਦਾ ਯਤਨ ਕੀਤਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਇਨੈਲੋ ਦੇ ਸਭ ਤੋਂ ਵੱਧ ਵਿਧਾਇਕ ਪੰਜਾਬ ਨਾਲ ਲਗਦੀ ਹੱਦ ਵਾਲੇ ਇਲਾਕੇ ਵਿਚੋਂ ਜਿੱਤੇ ਸਨ। ਲੋਕ ਸਭਾ ਚੋਣਾਂ ਤੋਂ ਬਾਅਦ ਵਿਧਾਨ ਸਭਾ ਚੋਣਾਂ ਹੋਣੀਆ ਹਨ ਤੇ ਇਨ੍ਹਾਂ ਚੋਣਾਂ ਨੂੰ ਧਿਆਨ ਵਿਚ ਰੱਖਦਿਆ ਇਨੈਲੋ ਨੇ ਇਹ ਪੱਤਾ ਖੇਡਿਆ ਹੈ।

ਸਿਰਸਾ ਜ਼ਿਲ੍ਹੇ ਵਿਚ ਪੈਂਦੇ ਕਾਲਾਂਵਾਲੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਚਰਨਜੀਤ ਸਿੰਘ ਨੂੰ ਚੋਣ ਮੈਦਾਨ ਵਿਚ ਉਤਾਰਨ ਦਾ ਫ਼ੈਸਲਾ ਕਰਕੇ ਇਨੈਲੋ ਨੇ ਅਕਾਲੀ ਦਲ ਦੀ ਪੂਰੀ ਹਮਾਇਤ ਹਾਸਲ ਕਰ ਲਈ ਹੈ। ਵੈਸੇ ਵੀ ਕਾਲਾਂਵਾਲੀ ਤੋਂ ਅਕਾਲੀ ਵਿਧਾਇਕ ਅਕਾਲੀ ਘੱਟ ਤੇ ਇਨੈਲੋ ਵਿਧਾਇਕ ਵੱਧ ਲਗਦੇ ਹਨ ਤੇ ਉਹ ਹਰਿਆਣਾ ਵਿਧਾਨ ਸਭਾ ਵਿਚ ਆਉਣ ਸਮੇਂ ਪੂਰੀ ਤਰ੍ਹਾਂ ਇਨੈਲੋ ਦੇ ਰੰਗ ਵਿਚ ਨਜ਼ਰ ਆਉਂਦੇ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਨੈਲੋ ਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਚੋਣ ਸਮਝੌਤਾ ਨਹੀਂ ਸੀ ਹੋ ਸਕਿਆ ਤੇ ਅਕਾਲੀ ਦਲ ਦੇ ਆਗੂਆਂ ਨੇ ਇਨੈਲੋ ਉਮੀਦਵਾਰਾਂ ਦੇ ਹੱਕ ਵਿਚ ਚੋਣ ਪ੍ਰਚਾਰ ਕੀਤਾ ਸੀ। ਹੁਣ ਫਿਰ ਅਕਾਲੀ ਦਲ ਵੱਲੋਂ ਉਨ੍ਹਾਂ ਦੇ ਉਮੀਦਵਾਰਾਂ ਦਾ ਪ੍ਰਚਾਰ ਕੀਤਾ ਜਾਏਗਾ।

# ਜੇਲ੍ਹ ਮੰਤਰੀ ਫਿਲੌਰ ਦੇ ਪੁੱਤਰ ਨੂੰ ਮੁੜ ਸੰਮਨ

**ਚੰਡੀਗੜ੍ਹ (ਬਿਊਰੋ):** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ) ਨੇ ਪੰਜਾਬ ਦੇ ਜੇਲ੍ਹਾਂ ਬਾਰੇ ਮੰਤਰੀ ਸਰਵਣ ਸਿੰਘ ਫਿਲੌਰ ਦੇ ਪੁੱਤਰ ਦਮਨਵੀਰ ਸਿੰਘ ਨੂੰ ਤਾਜ਼ਾ ਸੰਮਨ ਜਾਰੀ ਕਰਕੇ ਇਸ ਮਹੀਨੇ ਦੇ ਅਖੀਰ ਵਿਚ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ। ਛੇ ਹਜ਼ਾਰ ਕਰੋੜ ਰੁਪਏ ਮੁੱਲ ਦੇ ਸਿੰਥੈਟਿਕ ਡਰੱਗ ਰੈਕਟ ਦੇ ਮਾਮਲੇ ਵਿਚ ਈ.ਡੀ ਨੇ ਦਮਨਵੀਰ ਨੂੰ 28 ਫਰਵਰੀ ਨੂੰ ਸੱਦਿਆ ਸੀ ਪਰ ਉਹ ਚਾਰ ਦਿਨ ਪਹਿਲਾਂ 24 ਫਰਵਰੀ ਨੂੰ ਦੇਸ਼ ਛੱਡ ਕੇ ਦੁਬਈ ਚਲਾ ਗਿਆ ਸੀ।

ਉਸ ਤੋਂ ਬਾਅਦ ਦਮਨਵੀਰ ਬਾਰੇ ਕੁਝ ਪਤਾ ਨਹੀਂ ਲੱਗ ਰਿਹਾ ਹੈ। ਈ.ਡੀ ਦੇ ਸੂਤਰਾਂ ਮੁਤਾਬਕ ਪਹਿਲੀ ਪੇਸ਼ੀ 'ਤੇ ਹਾਜ਼ਰ ਨਾ ਹੋਣ ਕਰਕੇ ਉਸ ਨੂੰ ਹੁਣ ਮੁੜ ਸੰਮਨ ਭੇਜੇ ਗਏ ਹਨ।

ਸਿੰਥੈਟਿਕ ਨਸ਼ੇ ਦੇ ਧੰਦੇ ਵਿਚ ਫੜੇ ਗਏ ਸਰਗਨੇ ਜਗਦੀਸ਼ ਸਿੰਘ ਭੋਲਾ ਨੇ ਦਮਨਵੀਰ ਸਿੰਘ ਤੇ ਗੋਰਾਇਆ ਦੇ ਕਾਰੋਬਾਰੀ ਚੁੰਨੀ ਲਾਲ ਗਾਬਾ ਦਾ ਨਸ਼ਾ ਤਸਕਰੀ ਦੇ ਮਾਮਲੇ ਵਿਚ ਨਾਂ ਲਿਆ ਹੈ। ਦਮਨਵੀਰ ਦੇ ਨਾਲ ਗਾਬਾ ਨੂੰ ਵੀ ਮਾਰਚ ਦੇ ਅਖੀਰਲੇ ਹਫਤੇ ਵਿਚ ਪੇਸ਼ ਹੋਣ ਦੇ ਦੂਜੀ ਵਾਰ ਸੰਮਨ ਭੇਜੇ ਗਏ ਹਨ।

# 1996 ਦੀਆਂ ਚੋਣਾਂ ਵਿਚ ਸਭ ਤੋਂ ਜ਼ਿਆਦਾ ਨਿੱਤਰੇ ਸਨ ਉਮੀਦਵਾਰ

**ਲੁਧਿਆਣਾ:** ਆਜ਼ਾਦੀ ਤੋਂ ਬਾਅਦ ਦੇਸ਼ ਵਿਚ 1952 ਤੋਂ ਲੈ ਕੇ ਹੁਣ ਤੱਕ ਹੋਈਆਂ ਸਾਰੀਆਂ ਲੋਕ ਸਭਾ ਚੋਣਾਂ ਦੌਰਾਨ 1996 ਦੀਆਂ ਚੋਣਾਂ ਵਿਚ ਸਭ ਤੋਂ ਵੱਧ ਉਮੀਦਵਾਰ ਚੋਣ ਮੈਦਾਨ ਵਿਚ ਨਿੱਤਰੇ ਸਨ ਜਦੋਂ 543 ਸੀਟਾਂ ਲਈ ਕੌਮੀ ਤੇ ਖੇਤਰੀ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਆਜ਼ਾਦ ਉਮੀਦਵਾਰਾਂ ਸਮੇਤ ਕੁੱਲ 13952 ਉਮੀਦਵਾਰਾਂ ਨੇ ਚੋਣ ਲੜੀ ਸੀ। 1996 ਦੀਆਂ ਚੋਣਾਂ ਵਿਚ ਹਰ ਸੀਟ ਲਈ ਔਸਤ 25.69 ਉਮੀਦਵਾਰ ਚੋਣ ਮੈਦਾਨ ਵਿਚ ਸਨ।

1952 ਦੀਆਂ ਪਹਿਲੀਆਂ ਚੋਣਾਂ ਤੋਂ ਲੈ ਕੇ 1977 ਦੀਆਂ ਚੋਣਾਂ ਤੱਕ ਆਮ ਲੋਕਾਂ ਵਿਚ ਲੋਕ ਸਭਾ ਚੋਣ ਲੜਨ ਦਾ ਰੁਝਾਨ ਕਾਫੀ ਘੱਟ ਸੀ। 1952 ਦੀਆਂ ਪਹਿਲੀਆਂ ਚੋਣਾਂ ਮੌਕੇ 489 ਸੀਟਾਂ ਲਈ ਕੁੱਲ 1874 ਉਮੀਦਵਾਰਾਂ ਸਨ। 1957 ਵਿਚ ਸੀਟਾਂ ਦੀ ਗਿਣਤੀ 494 ਹੋ ਗਈ ਪਰ ਉਮੀਦਵਾਰ ਘਟ ਕੇ 1519 ਰਹਿ ਗਏ। 1962 ਵਿਚ ਕੁੱਲ 1985 ਉਮੀਦਵਾਰ ਸਨ।

1967 ਦੀਆਂ ਚੌਥੀਆਂ ਲੋਕ ਸਭਾ ਚੋਣਾਂ ਮੌਕੇ ਸੀਟਾਂ ਦੀ ਗਿਣਤੀ 520 ਕਰ ਦਿੱਤੀ ਗਈ ਜਿਨ੍ਹਾਂ ਲਈ ਕੁੱਲ 2369 ਉਮੀਦਵਾਰ ਸਨ। 1971 ਵਿਚ 518 ਸੀਟਾਂ ਲਈ 2784 ਜਦਕਿ ਐਮਰਜੈਂਸੀ ਤੋਂ ਬਾਅਦ 1977 ਵਿਚ ਲੋਕ ਸਭਾ ਸੀਟਾਂ ਦੀ ਗਿਣਤੀ ਵਧਾ ਕੇ 542 ਕਰ ਦਿੱਤੀ ਗਈ ਪਰ ਉਮੀਦਵਾਰ ਘਟ ਕੇ 2349 ਰਹਿ ਗਏ ਸਨ। 1980 ਦੀਆਂ ਮੱਧਕਾਲੀ ਚੋਣਾਂ ਮੌਕੇ ਉਮੀਦਵਾਰਾਂ ਦੀ ਗਿਣਤੀ ਵਿਚ ਇਕਦਮ ਵੱਡਾ ਵਾਧਾ ਹੋਇਆ ਅਤੇ 4629 ਉਮੀਦਵਾਰ ਡਟੇ। ਇਸ ਤੋਂ ਬਾਅਦ ਹਰ ਚੋਣ ਦੌਰਾਨ ਗਿਣਤੀ ਵਧਦੀ ਗਈ ਤੇ 1996 ਤੱਕ ਇਹ 13952 ਤੱਕ ਜਾ ਪਹੁੰਚੀ। ਇਨ੍ਹਾਂ ਚੋਣਾਂ ਤੋਂ ਬਾਅਦ ਚੋਣ ਕਮਿਸ਼ਨ ਵੱਲੋਂ ਦੇਸ਼ ਵਿਚ ਸ਼ੁਰੂ ਕੀਤੇ ਚੋਣ ਸੁਧਾਰਾਂ ਤਹਿਤ ਲੋਕ ਸਭਾ ਤੇ ਵਿਧਾਨ ਸਭਾ ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਲਈ ਜ਼ਮਾਨਤ ਵਜੋਂ ਜਮ੍ਹਾ ਕਰਾਈ ਜਾਣ ਵਾਲੀ ਰਕਮ ਵਿਚ ਕੀਤੇ ਗਏ ਭਾਰੀ ਵਾਧੇ ਕਾਰਨ ਇਸ ਰੁਝਾਨ ਨੂੰ ਅਗਲੀਆਂ ਚੋਣਾਂ ਦੌਰਾਨ ਕਾਫ਼ੀ ਠੱਲ੍ਹ ਪੈ ਗਈ ਤੇ 1998, 1999 ਤੇ 2004 ਦੀਆਂ ਚੋਣਾਂ ਦੌਰਾਨ ਇਹ ਗਿਣਤੀ 4648 ਤੋਂ 5435 ਤੱਕ ਰਹੀ। 2009 ਵਿਚ ਇਸ ਗਿਣਤੀ ਵਿਚ ਮੁੜ ਵੱਡਾ ਵਾਧਾ ਹੋਇਆ ਜਦੋਂ ਕੁੱਲ 8070 ਉਮੀਦਵਾਰ ਚੋਣ ਮੈਦਾਨ ਵਿਚ ਆ ਡਟੇ।

# ਬਸਪਾ ਇਕੱਲਿਆਂ ਹੀ ਚੋਣ ਮੈਦਾਨ ਵਿਚ ਉਤਰੀ

**ਚੰਡੀਗੜ੍ਹ:** ਬਹੁਜਨ ਸਮਾਜ ਪਾਰਟੀ ਵੱਲੋਂ ਕਾਂਗਰਸ ਨਾਲ ਕਿਸੇ ਤਰ੍ਹਾਂ ਦੇ ਗਠਜੋੜ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਰੱਦ ਕਰਦਿਆਂ ਪੰਜਾਬ ਤੋਂ ਇਕ ਸੰਗਰੂਰ ਪਾਰਲੀਮਾਨੀ ਸੀਟ ਨੂੰ ਛੱਡ ਕੇ ਬਾਕੀ 12 ਪਾਰਲੀਮਾਨੀ ਹਲਕਿਆਂ ਲਈ ਪਾਰਟੀ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ।

ਬਸਪਾ ਦੇ ਕੌਮੀ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਨਰਿੰਦਰ ਕਸ਼ਯਪ ਨੇ ਉਮੀਦਵਾਰਾਂ ਦੀ ਸੂਚੀ ਜਾਰੀ ਕਰਦਿਆਂ ਦੱਸਿਆ ਕਿ ਜਲੰਧਰ ਪਾਰਲੀਮਾਨੀ ਹਲਕੇ ਤੋਂ ਸੁਖਵਿੰਦਰ ਸਿੰਘ ਕੋਟਲੀ, ਹੁਸ਼ਿਆਰਪੁਰ ਤੋਂ ਭਗਵਾਨ ਸਿੰਘ ਚੌਹਾਨ, ਸ੍ਰੀ ਆਨੰਦਪੁਰ ਸਾਹਿਬ ਤੋਂ ਕੇ. ਐਸ. ਮੱਖਣ, ਫਿਰੋਜ਼ਪੁਰ ਤੋਂ ਰਾਮ ਕੁਮਾਰ ਪ੍ਰਜਾਪਤੀ, ਖਡੂਰ ਸਾਹਿਬ ਤੋਂ ਸੁੱਚਾ ਸਿੰਘ ਮਾਨ, ਅੰਮ੍ਰਿਤਸਰ ਤੋਂ ਪ੍ਰਦੀਪ ਸਿੰਘ ਵਾਲੀਆ, ਪਟਿਆਲਾ ਤੋਂ ਰਾਮ ਸਿੰਘ ਧੀਮਾਨ, ਫਰੀਦਕੋਟ ਤੋਂ ਸੰਤ ਰਾਮ ਮਲੀਹ, ਬਠਿੰਡਾ ਤੋਂ ਕੁਲਦੀਪ ਸਿੰਘ ਤੇ ਫਤਿਹਗੜ੍ਹ ਸਾਹਿਬ ਤੋਂ ਸਰਬਦੀਪ ਸਿੰਘ ਖਾਲਸਾ, ਲੁਧਿਆਣਾ ਤੋਂ ਨਵਜੋਤ ਸਿੰਘ ਜਰਗ ਤੇ ਗੁਰਦਾਸਪੁਰ ਤੋਂ ਸੁਖਵਿੰਦਰ ਸਿੰਘ ਸੁੱਖ ਨੂੰ ਪਾਰਟੀ ਉਮੀਦਵਾਰ ਬਣਾਇਆ ਗਿਆ ਹੈ।

ਸ੍ਰੀ ਕਸ਼ਅਪ ਨੇ ਕਿਹਾ ਕਿ ਬਸਪਾ ਮੁਖੀ ਮਾਇਆਵਤੀ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ



ਕਿ ਬਸਪਾ ਕਿਸੇ ਪਾਰਟੀ ਨਾਲ ਗਠਜੋੜ ਕਰਨ ਦੀ ਥਾਂ ਇਕੱਲਿਆਂ ਚੋਣ ਲੜੇਗੀ। ਮਾਇਆਵਤੀ 16 ਅਪਰੈਲ ਨੂੰ ਨਵਾਂਸ਼ਹਿਰ ਵਿਖੇ ਆਪਣੀ ਪਹਿਲੀ ਚੋਣ ਰੈਲੀ ਨੂੰ ਪੰਜਾਬ ਵਿਚ ਸੰਬੋਧਨ ਕਰਨਗੇ। ਪਾਰਟੀ ਪੰਜਾਬ ਵਿਚ ਨਸ਼ਿਆਂ ਦੇ ਪਸਾਰ, ਭ੍ਰਿਸ਼ਟਾਚਾਰ, ਮਾੜੇ ਮਾਲੀ ਪ੍ਰਬੰਧ ਤੇ ਆਮ ਲੋਕਾਂ ਦੀ ਹਾਲਤ ਵਿਚ ਆ ਰਹੇ ਨਿਘਾਰ ਨੂੰ ਚੋਣ ਮੁੱਦੇ ਬਣਾਏਗੀ। ਉਨ੍ਹਾਂ ਦੋਸ਼ ਲਾਇਆ ਕਿ ਰਾਜ ਵਿਚ ਨਸ਼ਿਆਂ ਦੇ ਪਸਾਰ ਲਈ ਮੌਜੂਦਾ ਸਰਕਾਰ ਦਾ ਤੰਤਰ ਵੀ ਜ਼ਿੰਮੇਵਾਰ ਹੈ। ਉਨ੍ਹਾਂ ਦੱਸਿਆ ਕਿ ਐਲਾਨੀਆਂ 12 ਟਿਕਟਾਂ ਵਿਚੋਂ ਦੋ ਜੱਟ ਸਿੱਖਾਂ ਅਤੇ ਇਕ ਖੱਤਰੀ ਅਰੋੜੇ ਨੂੰ ਵੀ ਦਿੱਤੀ ਗਈ ਹੈ ਜਿਸ ਤੋਂ ਸਪਸ਼ਟ ਹੈ ਕਿ ਬਸਪਾ ਵੱਲੋਂ ਗੈਰ-ਅਨੁਸੂਚਿਤ ਜਾਤਾਂ ਨੂੰ ਵੀ ਟਿਕਟਾਂ ਦਿੱਤੀਆਂ ਗਈਆਂ ਹਨ।

# ਚੋਣ ਅਧਿਕਾਰੀ ਅਕਾਲੀ-ਭਾਜਪਾ ਦੇ ਦਬਾਅ ਹੇਠ: ਕੈਪਟਨ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਕਿ ਰਾਜ ਦੇ ਮੁੱਖ ਚੋਣ ਅਧਿਕਾਰੀ ਅਕਾਲੀ-ਭਾਜਪਾ ਸਰਕਾਰ ਦੇ ਦਬਾਅ ਹੇਠ ਪੱਖਪਾਤੀ ਢੰਗ ਨਾਲ ਕੰਮ ਕਰ ਰਹੇ ਹਨ ਤੇ ਇਸ ਅਹਿਮ ਅਹੁਦੇ ਦੀ ਮਾਣ ਮਰਿਆਦਾ ਰੱਖਣ ਵਿਚ ਅਸਫਲ ਸਾਬਤ ਹੋ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਮੁੱਖ ਚੋਣ ਅਧਿਕਾਰੀ ਵੀ.ਕੇ. ਸਿੰਘ ਅਗਰ ਨਿਰਪੱਖ ਢੰਗ ਨਾਲ ਕੰਮ ਕਰਨ ਦਾ ਹੌਸਲਾ ਨਹੀਂ ਰੱਖਦੇ ਤਾਂ ਉਨ੍ਹਾਂ ਨੂੰ ਇਹ ਅਹੁਦਾ ਛੱਡ ਦੇਣਾ ਚਾਹੀਦਾ ਹੈ।



ਉਨ੍ਹਾਂ ਕਿਹਾ ਕਿ ਮੁੱਖ ਚੋਣ ਅਧਿਕਾਰੀ ਦਾ ਪੁਲਿਸ ਮੁਖੀ ਕੋਲ ਜਾਣਾ ਆਪਣੇ ਆਪ ਵਿਚ ਇਕ ਇਤਰਾਜ਼ਯੋਗ ਕਾਰਵਾਈ ਸੀ। ਕੈਪਟਨ ਅਮਰਿੰਦਰ ਸਿੰਘ ਨੇ ਅਜਿਹੀਆਂ ਖ਼ਬਰਾਂ ਦਾ ਖੰਡਨ ਕੀਤਾ ਕਿ ਕਾਂਗਰਸ ਦਾ ਕੋਈ ਵਿਧਾਇਕ ਜਾਂ ਆਗੂ ਅਕਾਲੀ ਦਲ ਵਿਚ ਸ਼ਾਮਲ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਮੇਰੇ ਸਮੇਂ ਦੌਰਾਨ ਕੇਵਲ ਇਕ ਕਾਂਗਰਸੀ ਵਿਧਾਇਕ ਜੋਗਿੰਦਰਪਾਲ ਜੈਨ ਅਕਾਲੀ ਦਲ ਵਿਚ ਗਏ ਸਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਬਠਿੰਡਾ ਸਮੇਤ ਜਿੱਥੇ ਕਿਤੇ ਵੀ ਕਾਂਗਰਸ ਹਾਈ ਕਮਾਨ ਵੱਲੋਂ ਉਨ੍ਹਾਂ ਦੀ ਚੋਣ ਪ੍ਰਚਾਰ ਲਈ ਡਿਊਟੀ ਲੱਗੇਗੀ, ਉਹ ਉਥੇ ਚੋਣ ਪ੍ਰਚਾਰ ਲਈ ਜਾਣਗੇ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਦੇ ਛੋਟੇ ਭਰਾ ਮਾਲਵਿੰਦਰ ਸਿੰਘ ਨੇ ਦੁਬਾਰਾ ਕਾਂਗਰਸ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਸ. ਮਾਲਵਿੰਦਰ ਸਿੰਘ ਨੇ ਕਿਹਾ ਕਿ ਪੈਦਾ ਹੋਣ ਵਾਲੇ ਇਕਤਲਾਫ ਕਦੀ ਖ਼ਤਮ ਵੀ ਹੁੰਦੇ ਹਨ। ਉਨ੍ਹਾਂ ਕਿਹਾ ਕਿ ਦਿਲੀ ਤੌਰ 'ਤੇ ਮੈਂ ਕਦੀ ਵੀ ਅਕਾਲੀਆਂ ਨਾਲ ਨਹੀਂ ਸੀ ਤੇ ਨਾ ਹੀ ਇਸ ਕਾਰਨ ਉਨ੍ਹਾਂ ਮੈਨੂੰ ਕਦੀ ਸਰਗਰਮ ਕਰਨ ਦਾ ਫੈਸਲਾ ਲਿਆ। ਉਨ੍ਹਾਂ ਕਿਹਾ ਕਿ ਕੋਈ 37 ਸਾਲ ਉਹ ਕਾਂਗਰਸ ਨਾਲ ਰਹੇ ਤੇ ਅੱਜ ਵੀ ਪਾਰਟੀ ਉਨ੍ਹਾਂ ਨੂੰ ਜੋ ਕੰਮ ਦੇਵੇਗੀ, ਉਹ ਉਸ ਨੂੰ ਪੂਰਾ ਕਰਨਗੇ ਤੇ ਜੇ ਪਾਰਟੀ ਚਾਹੇਗੀ ਤਾਂ ਉਹ ਆਪਣੀ ਭਾਬੀ ਮਹਾਰਾਣੀ ਪ੍ਰਨੀਤ ਕੌਰ ਲਈ ਵੀ ਕੰਮ ਕਰਨਗੇ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮਗਰਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਕਹਿੰਦੇ ਰਹੇ ਕਿ ਜੇਕਰ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦਾ ਭਰਾ ਉਨ੍ਹਾਂ ਤੋਂ ਵੱਖ ਹੋਇਆ ਹੈ ਤਾਂ ਕੈਪਟਨ ਦਾ ਭਰਾ ਵੀ ਅਸੀਂ ਉਨ੍ਹਾਂ ਤੋਂ ਤੋੜ ਲਿਆ ਹੈ। ਉਨ੍ਹਾਂ ਕਿਹਾ ਕਿ ਮੇਰਾ ਭਰਾ ਤਾਂ ਮੇਰੇ ਨਾਲ ਵਾਪਸ ਆ ਗਿਆ ਹੈ। ਸ. ਬਾਦਲ ਨੂੰ ਵੀ ਕਹੋ ਕਿ ਉਹ ਵੀ ਆਪਣੇ ਭਰਾ ਨਾਲ ਖੜ੍ਹੇ ਹੋਣ।

## ਅਕਾਲੀ ਦਲ 1920 ਨਹੀਂ ਲੜੇਗਾ ਚੋਣਾਂ

**ਚੰਡੀਗੜ੍ਹ:** ਅਕਾਲੀ ਦਲ 1920 ਦੀ ਕਾਰਜਕਾਰਨੀ ਦੀ ਵਿਸ਼ੇਸ਼ ਬੈਠਕ ਦਲ ਦੇ ਪ੍ਰਧਾਨ ਰਵੀਇੰਦਰ ਸਿੰਘ ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ ਦੀ ਪ੍ਰਧਾਨਗੀ ਹੇਠ ਹੋਈ।

ਬੈਠਕ ਤੋਂ ਬਾਅਦ ਦਲ ਦੇ ਸਕੱਤਰ ਤੇ ਮੁੱਖ ਬੁਲਾਰੇ ਰਜਿੰਦਰ ਸਿੰਘ ਬਡਹੇੜੀ ਨੇ ਦੱਸਿਆ ਕਿ ਸਰਬਸੰਮਤੀ ਨਾਲ ਫ਼ੈਸਲਾ ਲਿਆ ਗਿਆ ਕਿ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਵੱਲੋਂ ਸਿੱਧੇ ਤੌਰ 'ਤੇ ਕੋਈ ਉਮੀਦਵਾਰ ਮੈਦਾਨ ਵਿਚ ਨਹੀਂ ਉਤਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਰੀਆਂ ਪਾਰਟੀਆਂ ਵੱਲੋਂ ਉਮੀਦਵਾਰ ਐਲਾਨਣ ਤੋਂ ਬਾਅਦ ਇਸ ਮਹੀਨੇ ਦੇ ਅੰਤ ਵਿਚ ਪੰਜਾਬ ਤੇ ਸਿੱਖੀ ਸੋਚ ਵਾਲੇ ਉਮੀਦਵਾਰਾਂ ਦੀ ਹਮਾਇਤ ਕੀਤੀ ਜਾਵੇਗੀ।

# ਭਾਰਤ 'ਚ ਹਜ਼ਾਰਾਂ ਉਮੀਦਵਾਰਾਂ ਦੀ ਹੁੰਦੀ ਹੈ ਜ਼ਮਾਨਤ ਜ਼ਬਤ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਜਿੱਤਣ ਸਬੰਧੀ ਲੱਗ ਰਹੀਆਂ ਕਿਆਸ ਅਰਾਈਆਂ ਦੌਰਾਨ ਇਹ ਕਿਆਸ ਵੀ ਲਾਏ ਜਾ ਰਹੇ ਹਨ ਕਿ ਇਸ ਵਾਰ ਕਿੰਨੇ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋਵੇਗੀ। ਜੇਕਰ ਹੁਣ ਤੱਕ ਦੀਆਂ ਚੋਣਾਂ ਦੇ ਅੰਕੜਿਆਂ 'ਤੇ ਇਕ ਝਾਤ ਮਾਰੀਏ ਤਾਂ 1951-52 ਵਿਚ ਹੋਈਆਂ ਚੋਣਾਂ ਵਿਚ 1874 ਉਮੀਦਵਾਰਾਂ ਵਿਚੋਂ 745 ਉਮੀਦਵਾਰਾਂ ਯਾਨੀ 40 ਫੀਸਦੀ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਈਆਂ ਸਨ। ਜਦਕਿ 2009 ਵਿਚ 8070 ਉਮੀਦਵਾਰਾਂ ਵਿਚੋਂ 6829 ਉਮੀਦਵਾਰਾਂ ਯਾਨੀ 85 ਫੀਸਦੀ ਦੀ ਜ਼ਮਾਨਤ ਜ਼ਬਤ ਹੋਈ ਸੀ।

ਇਹ ਰੁਝਾਨ 1996 ਦੀਆਂ 11ਵੀਂ ਲੋਕ ਸਭਾ ਚੋਣਾਂ ਵਿਚ ਸਭ ਤੋਂ ਵੱਧ ਵੇਖਣ ਨੂੰ ਮਿਲਿਆ ਜਦੋਂ 91 ਫੀਸਦੀ ਉਮੀਦਵਾਰਾਂ ਨੂੰ ਆਪਣੀ ਜ਼ਮਾਨਤੀ ਰਕਮ ਤੋਂ ਹੱਥ ਧੋਣਾ ਪਿਆ। ਉਸ ਸਾਲ 13952 ਉਮੀਦਵਾਰਾਂ ਨੇ ਚੋਣਾਂ ਵਿਚ ਹਿੱਸਾ ਲਿਆ ਸੀ ਜਿਨ੍ਹਾਂ ਵਿਚੋਂ 12688 ਉਮੀਦਵਾਰਾਂ ਨੂੰ ਆਪਣੀ ਜਮ੍ਹਾਂ ਕਰਵਾਈ ਰਕਮ ਵਾਪਸ ਨਹੀਂ ਮਿਲੀ।

ਚੋਣ ਕਮਿਸ਼ਨ ਦੇ ਅੰਕੜਿਆਂ 'ਤੇ ਝਾਤ ਮਾਰਨ 'ਤੇ ਪਤਾ ਲਗਦਾ ਹੈ ਕਿ ਰਾਸ਼ਟਰੀ ਪਾਰਟੀਆਂ ਦੀ ਤੁਲਨਾ ਵਿਚ ਬਾਕੀ ਪਾਰਟੀਆਂ ਦੇ ਉਮੀਦਵਾਰਾਂ ਦੀ ਕਾਰਗੁਜ਼ਾਰੀ ਜ਼ਿਆਦਾ ਮਾੜੀ ਰਹੀ ਹੈ। ਪਹਿਲੀਆਂ ਚੋਣਾਂ ਵਿਚ ਜ਼ਮਾਨਤ ਜ਼ਬਤ ਕਰਵਾਉਣ ਵਾਲਿਆਂ ਵਿਚ 28 ਫੀਸਦੀ ਉਮੀਦਵਾਰ ਰਾਸ਼ਟਰੀ ਪਾਰਟੀਆਂ ਦੇ ਸਨ ਜਦਕਿ 62 ਫੀਸਦੀ ਉਮੀਦਵਾਰ ਬਾਕੀ ਪਾਰਟੀਆਂ ਦੇ ਸਨ। 1991 ਤੇ 1996 ਵਿਚ ਦੂਜੀਆਂ ਪਾਰਟੀਆਂ ਦੀ ਕਾਰਗੁਜ਼ਾਰੀ ਸਭ ਤੋਂ ਖਰਾਬ ਰਹੀ।

ਇਨ੍ਹਾਂ ਚੋਣਾਂ ਵਿਚ ਬਾਕੀ ਪਾਰਟੀਆਂ ਦੇ 97 ਫੀਸਦੀ ਉਮੀਦਵਾਰਾਂ ਦੀ ਰਕਮ ਜ਼ਬਤ ਹੋ ਗਈ। ਹਾਲਾਂਕਿ 1996 ਦੀਆਂ ਚੋਣਾਂ ਵਿਚ ਸਮੁੱਚੀ ਕਾਰਗੁਜ਼ਾਰੀ ਹੀ ਨਿਰਾਸ਼ਾਜਨਕ ਰਹੀ। ਇਨ੍ਹਾਂ ਚੋਣਾਂ ਵਿਚ ਕੁਲ ਉਮੀਦਵਾਰਾਂ ਵਿਚੋਂ 91 ਫੀਸਦੀ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ। ਰਾਸ਼ਟਰੀ ਪਾਰਟੀਆਂ ਦੇ ਉਮੀਦਵਾਰਾਂ ਵਿਚੋਂ 49 ਫੀਸਦੀ ਉਮੀਦਵਾਰਾਂ ਨੂੰ ਆਪਣੀ ਜ਼ਮਾਨਤੀ ਰਕਮ ਤੋਂ ਖੁੰਝਣਾ ਪਿਆ। ਭਾਰਤ ਵਿਚ ਇਕ ਉਮੀਦਵਾਰ ਨੂੰ ਲੋਕ ਸਭਾ ਚੋਣਾਂ ਲੜਨ ਲਈ 25 ਹਜ਼ਾਰ ਰੁਪਏ ਦੀ ਰਕਮ ਜਮ੍ਹਾਂ ਕਰਵਾਉਣੀ ਪੈਂਦੀ ਹੈ ਤੇ ਛੇਵਾਂ ਹਿੱਸਾ ਵੋਟਾਂ ਨਾ ਹਾਸਲ ਕਰਨ ਵਾਲੇ ਉਮੀਦਵਾਰਾਂ ਨੂੰ ਆਪਣੀ ਰਕਮ ਤੋਂ ਵਾਂਝੇ ਰਹਿਣਾ ਪੈਂਦਾ ਹੈ।

# ਲਾਪਤਾ ਜਹਾਜ਼ ਦੀ ਕੋਈ ਉਘ-ਸੁੱਘ ਨਾ ਮਿਲੀ

**ਨਵੀਂ ਦਿੱਲੀ:** ਮਲੇਸ਼ੀਆ ਦੇ ਲਾਪਤਾ ਜਹਾਜ਼ ਬਾਰੇ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ ਹੈ। ਹੁਣ ਕਿਹਾ ਜਾ ਰਿਹਾ ਹੈ ਕਿ ਮਲੇਸ਼ੀਆ ਏਅਰਲਾਈਨਜ਼ ਦਾ ਇਹ ਜਹਾਜ਼ ਸ਼ਾਇਦ ਹਾਦਸੇ ਦਾ ਸ਼ਿਕਾਰ ਨਹੀਂ ਹੋਇਆ।

ਮਲੇਸ਼ੀਆ ਦੇ ਇਕ ਸੀਨੀਅਰ ਅਧਿਕਾਰੀ ਦੇ ਹਵਾਲੇ ਨਾਲ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਗੱਲ ਦੀ ਸੰਭਾਵਨਾ ਵੀ ਹੈ ਕਿ ਜਹਾਜ਼ ਨੇ ਜ਼ਮੀਨ ਤੋਂ ਉਪਗ੍ਰਹਿ ਨੂੰ ਸਿਗਨਲ ਦਿੱਤੇ ਹੋਣ। ਇਨ੍ਹਾਂ ਗੱਲਾਂ ਨੇ ਵੀ ਜਹਾਜ਼ ਅਗਵਾ ਕਰਨ ਦੀ ਸੰਭਾਵਨਾ ਨੂੰ ਹਵਾ ਦਿੱਤੀ ਹੈ ਕਿ ਅਗਵਾਕਾਰਾਂ ਨੇ ਦੂਰ ਦੁਰਾਡੇ ਕਿਤੇ ਜਹਾਜ਼ ਨੂੰ ਉਤਾਰ ਲਿਆ ਹੈ ਅਤੇ ਮੰਗਾਂ ਰੱਖਣ ਲਈ ਇੰਤਜ਼ਾਰ ਕਰ ਰਹੇ ਹਨ। ਇਹ ਵੀ ਚਰਚਾ ਹੈ ਕਿ ਜਹਾਜ਼ ਨੂੰ ਸ਼ਾਇਦ ਅਫਗਾਨਿਸਤਾਨ ਵਿਚ ਤਾਲਿਬਾਨ ਦੇ ਕੰਟਰੋਲ ਹੇਠਲੇ ਇਲਾਕੇ 'ਚ ਲਿਜਾਇਆ ਗਿਆ ਹੈ।

ਇਸੇ ਦੌਰਾਨ ਤਾਲਿਬਾਨ ਦੇ ਇਕ ਕਮਾਂਡਰ ਨੇ ਅਗਵਾ ਵਿਚ ਆਪਣੀ ਭੂਮਿਕਾ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਕਾਸ਼! ਉਨ੍ਹਾਂ ਨੂੰ ਇਸ ਤਰ੍ਹਾਂ ਦੇ ਹਵਾਈ ਜਹਾਜ਼ ਨੂੰ ਅਗਵਾ ਕਰਨ ਦਾ ਮੌਕਾ ਮਿਲਦਾ।

# ਸੁਪਰੀਮ ਕੌਂਸਲ ਵਲੋਂ ਗੁਰਚਰਨ ਮਾਨ ਨੂੰ ਆਡਿਟ ਕਰਾਉਣ ਦੀ ਪੇਸ਼ਕਸ਼

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਨੇ ਗੁਰੂਘਰ ਦੇ ਹਿਸਾਬ-ਕਿਤਾਬ ਵਿਚ ਕਿਸੇ ਵੀ ਊਣਤਾਈ ਦੇ ਦੋਸ਼ ਨੂੰ ਰੱਦ ਕਰਦਿਆਂ ਹਾਲ ਹੀ ਵਿਚ ਹੋਈਆਂ ਸੁਪਰੀਮ ਕੌਂਸਲ ਚੋਣਾਂ ਵਿਚ ਬੇ-ਏਰੀਆ ਸਿੱਖ ਅਲਾਇੰਸ ਦੇ ਉਮੀਦਵਾਰ ਭਾਈ ਗੁਰਚਰਨ ਸਿੰਘ ਮਾਨ ਨੂੰ ਕਿਹਾ ਹੈ ਕਿ ਉਹ ਆਪਣੀ ਮਰਜ਼ੀ ਦੀ ਕੋਈ ਵੀ ਮਨਜ਼ੂਰਸ਼ੁਦਾ ਆਡਿਟ ਕੰਪਨੀ ਲੈ ਆਉਣ ਅਤੇ ਗੁਰਦੁਆਰਾ ਸਾਹਿਬ ਦਾ ਪਿਛਲਾ ਆਡਿਟ ਕਰਵਾ ਲੈਣ। ਇਥੇ ਜਾਰੀ ਕਿ ਬਿਆਨ ਵਿਚ ਸੁਪਰੀਮ ਕੌਂਸਲ ਨੇ ਕਿਹਾ ਹੈ ਕਿ ਜੇ ਹਿਸਾਬ-ਕਿਤਾਬ ਵਿਚ ਫਰਕ ਨਿਕਲਿਆ ਤਾਂ ਸੁਪਰੀਮ ਕੌਂਸਲ ਮੈਂਬਰ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇਣਗੇ ਪਰ ਜੇ ਫਰਕ ਨਾ ਨਿਕਲਿਆ ਤਾਂ ਗੁਰਚਰਨ ਸਿੰਘ ਮਾਨ ਸੰਗਤ ਸਾਹਮਣੇ ਆ ਕੇ ਆਪਣੀ ਗਲਤੀ ਲਈ ਮੁਆਫ਼ੀ ਮੰਗਣ। ਸੁਪਰੀਮ ਕੌਂਸਲ ਨੇ ਭਾਈ ਮਾਨ ਨੂੰ ਇਸ ਦਾ ਜੁਆਬ ਦੇਣ ਲਈ ਦੋ ਹਫ਼ਤੇ ਦਾ ਸਮਾਂ ਦਿੱਤਾ ਹੈ। ਭਾਈ ਮਾਨ ਵਲੋਂ ਕੋਈ ਵੀ ਜੁਆਬ ਨਾ ਆਉਣ ਦੀ ਸੂਰਤ ਵਿਚ ਅਗਲੀ ਯੋਗ ਕਾਰਵਾਈ ਕੀਤੀ ਜਾਵੇਗੀ। ਸੁਪਰੀਮ ਕੌਂਸਲ ਨੇ ਕਿਹਾ ਕਿ ਭਾਈ ਮਾਨ ਨੇ ਇਹ ਇਲਜ਼ਾਮ ਲਾ ਕੇ ਸਿੱਖ ਸੰਗਤ ਵਿਚ ਇਹ ਧਾਰਨਾ ਲੈ ਆਂਦੀ ਹੈ ਕਿ ਪ੍ਰਬੰਧਕ ਪੈਸੇ ਦੀ ਹੇਰਾ ਫੇਰੀ ਲਈ ਹੀ ਪ੍ਰਬੰਧ ਵਿਚ ਆਉਂਦੇ ਹਨ, ਇਸ ਨਾਲ ਪ੍ਰਬੰਧਕਾਂ ਦੇ ਅਕਸ ਨੂੰ ਵੱਡਾ ਧੱਕਾ ਲੱਗਾ ਹੈ।

ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਹੋਈਆਂ ਚੋਣਾਂ ਦੌਰਾਨ ਭਾਈ ਗੁਰਚਰਨ ਸਿੰਘ ਮਾਨ ਨੇ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਮੌਜੂਦਾ ਪ੍ਰਬੰਧਕਾਂ ਉਪਰ 347,000 ਡਾਲਰ ਗਬਨ ਕਰਨ ਦੇ ਦੋਸ਼ ਲਾਏ ਸਨ ਅਤੇ ਦੋ ਦਿਨ ਬਾਅਦ ਹੀ ਅਖ਼ਬਾਰਾਂ ਬਿਆਨ ਅਤੇ ਆਪਣੇ ਰੇਡੀਓ ਰਾਹੀਂ ਦੁਬਾਰਾ 1.7 ਮਿਲੀਅਨ ਡਾਲਰ ਗਬਨ ਕਰਨ ਦੇ ਦੋਸ਼ ਲਾਏ ਸਨ।

# ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਸਮਾਗਮ ਐਤਵਾਰ ਨੂੰ

**ਸੈਕਰਾਮੈਂਟੋ (ਬਿਊਰੋ):** ਸ਼ਹੀਦ ਭਗਤ ਸਿੰਘ ਅਤੇ ਅਜ਼ਾਦੀ ਸੰਗਰਾਮ ਲਈ ਸ਼ਹੀਦੀ ਪ੍ਰਾਪਤ ਕਰਨ ਵਾਲੇ ਉਨ੍ਹਾਂ ਦੇ ਸਾਥੀਆਂ ਦੀ ਯਾਦ ਵਿਚ ਇਕ ਸਮਾਗਮ ਗੁਰਦੁਆਰਾ ਸੱਚ ਖੰਡ ਰੋਜ਼ਵਿਲ ਵਿਖੇ ਆਉਂਦੀ 23 ਮਾਰਚ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ।

ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ ਦੋ ਵਜੇ ਤੱਕ ਕੀਰਤਨ ਦੀਵਾਨ ਕਰਵਾਏ ਜਾਣਗੇ। ਬੁਲਾਰੇ ਸ਼ਹੀਦਾਂ ਦੇ ਜੀਵਨ ਉਪਰ ਚਾਨਣਾ ਪਾਉਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਤਿੰਨ ਭਾਰਤੀਆਂ ਨੂੰ ਮਿਲਿਆ ਪ੍ਰਸਿੱਧ ਜਰਮਨ ਸਨਮਾਨ

**ਨਵੀਂ ਦਿੱਲੀ (ਬਿਊਰੋ):** ਜਰਮਨ ਵੱਲੋਂ ਤਿੰਨ ਭਾਰਤੀਆਂ ਨੂੰ ਭਾਰਤ-ਜਰਮਨ ਸਬੰਧਾਂ ਨੂੰ ਮਜ਼ਬੂਤ ਬਣਾਉਣ ਲਈ ਦਿੱਤੇ ਵਡਮੁੱਲੇ ਯੋਗਦਾਨ ਲਈ ਜਰਮਨ ਦਾ ਪ੍ਰਸਿੱਧ ਸਨਮਾਨ 'ਬੁੰਦੇਸਵੇਰਡਾਈਸਟਕਰਿਊਜ਼' (ਕ੍ਰਾਸ ਆਫ਼ ਦ ਆਰਡਰ ਆਫ਼ ਮੈਰਿਟ) ਪ੍ਰਦਾਨ ਕੀਤਾ ਗਿਆ ਹੈ। ਜਰਮਨ ਦੇ ਭਾਰਤ ਵਿਚ ਰਾਜਦੂਤ ਮਾਈਕਲ ਸਟੇਨਰ ਨੇ ਇਕ ਸਮਾਗਮ ਦੌਰਾਨ ਅਨੰਦ ਸਿੰਘ ਬਾਵਾ, ਡਾ. ਕਲਿਆਣ ਸਚਦੇਵ ਤੇ ਪ੍ਰੋ. ਸਈਦ ਹਸਨੈਨ ਨੂੰ ਇਹ ਸਨਮਾਨ ਮਿਲਿਆ ਹੈ।

COVERED CALIFORNIA™
ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਲਿਵਿੰਗਸਟਨ, ਮਰਸਡ, ਐਟਵਾਟਰ, ਟਰਲੱਕ, ਮਾਡੈਸਟੋ ਅਤੇ ਸੈਂਟਰ ਵੈਲੀ ਦੇ ਹੋਰ ਸ਼ਹਿਰਾਂ ਵਿਚ
ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਅਰਜੀਆਂ ਮੁਫਤ ਭਰਦੇ ਹਾਂ
ਆਪਣਾ ਨਾਂ ਤੁਰੰਤ ਇਨਰੋਲ ਕਰਾਓ ਕਿਉਂਕਿ ਇਨਰੋਲਮੈਂਟ 31 ਮਾਰਚ 2014 ਤਕ ਹੀ ਹੈ।
ਆਪਣੇ ਸਰਟੀਫਾਈਡ ਇੰਸ਼ਰੈਂਸ ਏਜੈਂਟ ਨਾਲ ਸੰਪਰਕ ਕਰੋ
Jarnail Singh Lallria (License # 0C19939)
Phone: (209) 394-9191
E-mail: Jarnail_lallria@yahoo.com

JSR TRUCKING, INC.
ਡਰਾਈਵਰ, ਓਨਰ ਆਪਰੇਟਰ ਅਤੇ ਟੀਮ ਡਰਾਈਵਰ ਚਾਹੀਦੇ ਹਨ
OH, KY, IN, NJ, PA, NY, MD, DE, KS, MO, OK, AZ, CA
MOST TRIP FROM IN, KY, OH TO PA, NJ, NY.
For IN, OH, KY to NJ, PA, NY
$600.00 Round Trip

ਲੋਕਲ ਡਰਾਈਵਰ 40 ਸੈਂਟ ਮੀਲ
ਲੌਂਗਹਾਲ 38 ਸੈਂਟ ਮੀਲ
ਇਕ-ਦੋ ਸਾਲ ਦਾ ਤਜ਼ਰਬਾ ਜ਼ਰੂਰੀ
ਸੰਪਰਕ ਕਰੋ: ਸੁਰਜੀਤ ਸਿੰਘ
ਫੋਨ: 317-702-2803 ਜਾਂ 317-215-4536

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

Want to Sell Your Home
We can sell your home fast @ best price.
ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ

Sohanpreet (Sam) Chahal
CA Lic. 01504071
Realtor/Notary Public
email:samchahal@hotmail.com
*Sacramento, Stockton, Roseville area prices are on the rise.*
Please call me to find out value of your home.
If you are thinking to Buy or Sell a Home, please give us a chance
*Call: Sohanpreet 'Sam' Chahal*
@916-612-5773
Serving from Bay Area to Sacramento
Multi-Million Dollars Producer-2007 to 2012
Golden State Realty
Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਬੱਡੀ ਕੱਪ ਦੀਆਂ ਜੇਤੂ ਟੀਮਾਂ ਨੂੰ ਨਹੀਂ ਮਿਲਿਆ ਇਨਾਮ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਤਿੰਨ ਮਹੀਨੇ ਬੀਤ ਜਾਣ ਮਗਰੋਂ ਵੀ ਚੌਥੇ ਵਿਸ਼ਵ ਕਬੱਡੀ ਕੱਪ ਦੀ ਜੇਤੂ ਟੀਮ ਨੂੰ ਇਨਾਮ ਨਹੀਂ ਦਿੱਤਾ ਗਿਆ ਜਦੋਂਕਿ ਫ਼ਿਲਮੀ ਸਿਤਾਰੇ ਮੌਕੇ 'ਤੇ ਹੀ ਅਦਾਇਗੀ ਲੈ ਚੁੱਕੇ ਹਨ। ਭਾਰਤੀ ਕਬੱਡੀ ਟੀਮ ਲੁਧਿਆਣਾ ਵਿਚ 14 ਦਸੰਬਰ ਨੂੰ ਚੌਥੇ ਵਿਸ਼ਵ ਕਬੱਡੀ ਕੱਪ ਦੀ ਜੇਤੂ ਟੀਮ ਬਣੀ ਸੀ। ਤਿੰਨ ਮਹੀਨੇ ਹੋ ਜਾਣ ਦੇ ਬਾਵਜੂਦ ਭਾਰਤੀ ਟੀਮਾਂ (ਮੁੰਡੇ ਤੇ ਕੁੜੀਆਂ) ਨੂੰ ਤਿੰਨ ਕਰੋੜ ਰੁਪਏ ਦੀ ਇਨਾਮੀ ਰਕਮ ਨਹੀਂ ਮਿਲੀ ਹੈ। ਜੇਤੂ ਟੀਮ ਦੇ ਕਿਸੇ ਖਿਡਾਰੀ ਨੂੰ ਚੌਥੇ ਵਿਸ਼ਵ ਕੱਪ ਦਾ ਕੋਈ ਸਰਟੀਫਿਕੇਟ ਵੀ ਨਹੀਂ ਮਿਲਿਆ।

ਪੰਜਾਬ ਸਰਕਾਰ ਨੇ ਚੌਥੇ ਕਬੱਡੀ ਕੱਪ ਦੇ ਜੇਤੂਆਂ ਵਾਸਤੇ 6.67 ਕਰੋੜ ਰੁਪਏ ਦੀ ਇਨਾਮੀ ਰਕਮ ਰੱਖੀ ਸੀ ਜਿਸ ਵਿਚੋਂ ਵਿਜੇਤਾ ਨੂੰ ਦੋ ਕਰੋੜ ਤੇ ਦੂਸਰੀ ਪੁਜ਼ੀਸ਼ਨ 'ਤੇ ਆਉਣ ਵਾਲੀ ਟੀਮ ਨੂੰ ਇਕ ਕਰੋੜ ਰੁਪਏ ਦਿੱਤੇ ਜਾਣੇ ਸਨ। ਪੰਜਾਬ ਦੇ ਖੇਡ ਵਿਭਾਗ ਵੱਲੋਂ ਸਾਰੇ ਮੁਲਕਾਂ ਦੀਆਂ ਟੀਮਾਂ ਨੂੰ ਬਣਦੀ ਇਨਾਮੀ ਰਕਮ ਭੇਜ ਦਿੱਤੀ ਗਈ ਹੈ ਲੇਕਿਨ ਭਾਰਤੀ ਟੀਮ ਦੇ ਖਿਡਾਰੀ ਅਜੇ ਇਨਾਮੀ ਰਕਮ ਦੀ ਉਡੀਕ ਕਰ ਰਹੇ ਹਨ। ਭਾਰਤੀ ਟੀਮ (ਮੁੰਡੇ ਤੇ ਕੁੜੀਆਂ) ਦੇ 28 ਖਿਡਾਰੀਆਂ ਤੋਂ ਇਲਾਵਾ ਟੀਮਾਂ ਦੇ ਕੋਚਾਂ ਤੇ ਮੈਨੇਜਰਾਂ ਨੂੰ ਵੀ



ਇਨਾਮੀ ਰਕਮ ਨਹੀਂ ਦਿੱਤੀ ਗਈ ਹੈ।

ਜਾਣਕਾਰੀ ਅਨੁਸਾਰ ਇਨਾਮੀ ਰਕਮ ਵਿਚੋਂ ਪੰਜ ਫ਼ੀਸਦੀ ਰਕਮ ਟੀਮ ਦੇ ਮੈਨੇਜਰ ਤੇ ਕੋਚ ਨੂੰ ਦਿੱਤੀ ਜਾਂਦੀ ਹੈ। ਭਾਰਤੀ ਕਬੱਡੀ ਟੀਮ ਦੇ ਕਪਤਾਨ ਸੁਖਵੀਰ ਸਿੰਘ ਸਰਾਵਾਂ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਸ ਵਾਰ ਇਨਾਮੀ ਰਕਮ ਲੇਟ ਹੋ ਗਈ ਹੈ। ਭਾਰਤੀ ਕਬੱਡੀ ਟੀਮ ਦੇ ਕੋਚ ਹਰਪ੍ਰੀਤ ਸਿੰਘ ਬਾਬਾ ਮੁਤਾਬਕ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਇਨਾਮੀ ਰਕਮ ਦੇ ਚੈੱਕ ਤਿਆਰ ਹੋ ਚੁੱਕੇ ਹਨ ਤੇ ਇਹ ਜਲਦੀ ਮਿਲ ਜਾਣਗੇ।

ਜ਼ਿਕਰਯੋਗ ਹੈ ਕਿ ਚੌਥਾ ਵਿਸ਼ਵ ਕਬੱਡੀ ਕੱਪ ਬਠਿੰਡਾ ਵਿਚ 30 ਨਵੰਬਰ, 2013 ਨੂੰ ਸ਼ੁਰੂ ਹੋਇਆ ਸੀ। ਉਦਘਾਟਨੀ ਸਮਾਰੋਹ ਵਿਚ ਬਾਲੀਵੁੱਡ ਕਲਾਕਾਰ ਪ੍ਰਿਅੰਕਾ ਚੋਪੜਾ ਪੁੱਜੀ ਸੀ ਜਦੋਂ ਕਿ ਸਮਾਪਤੀ ਸਮਾਰੋਹ ਵਿਚ ਫ਼ਿਲਮੀ ਐਕਟਰ ਰਣਵੀਰ ਸਿੰਘ ਪੁੱਜਾ ਸੀ। ਦੋਹਾਂ ਸਮਾਗਮਾਂ ਦਾ ਪ੍ਰਬੰਧ ਮੁੰਬਈ ਦੀ ਫੈਰਿਸਵ੍ਹੀਲ ਕੰਪਨੀ ਵੱਲੋਂ ਕੀਤਾ ਗਿਆ ਸੀ ਜਿਸ ਨੇ ਪ੍ਰਬੰਧ ਤੇ ਫ਼ਿਲਮੀ ਸਿਤਾਰਿਆਂ ਦੇ 6.45 ਕਰੋੜ ਰੁਪਏ ਲਏ ਹਨ। ਸਰਕਾਰੀ ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨੇ ਫੈਰਿਸਵ੍ਹੀਲ ਕੰਪਨੀ ਨੂੰ 90 ਫ਼ੀਸਦੀ ਅਦਾਇਗੀ ਕਰ ਦਿੱਤੀ ਹੈ, ਖਾਸ ਕਰਕੇ ਫ਼ਿਲਮੀ ਸਿਤਾਰਿਆਂ ਨੇ ਤਾਂ ਐਡਵਾਂਸ ਰਕਮ ਹੀ ਲਈ ਸੀ।

ਦੂਜੇ ਪਾਸੇ ਕਬੱਡੀ ਕੱਪ ਦੇ ਜੋ ਅਸਲ ਸਿਤਾਰੇ ਹਨ, ਉਨ੍ਹਾਂ ਤੱਕ ਇਨਾਮੀ ਰਕਮ ਪੁੱਜੀ ਹੀ ਨਹੀਂ। ਪਹਿਲੇ ਵਿਸ਼ਵ ਕਬੱਡੀ ਕੱਪ ਵਿਚ ਇਨਾਮੀ ਰਕਮ ਇਕ ਕਰੋੜ ਰੁਪਏ ਰੱਖੀ ਗਈ ਸੀ। ਇਸ ਤੋਂ ਬਿਨ੍ਹਾਂ ਪੰਜਾਬ ਸਰਕਾਰ ਨੇ ਪਹਿਲੇ ਵਿਸ਼ਵ ਕਬੱਡੀ ਕੱਪ ਦੇ ਜੇਤੂਆਂ ਨੂੰ ਸਰਕਾਰੀ ਨੌਕਰੀਆਂ ਵੀ ਦਿੱਤੀਆਂ ਸਨ ਪਰ ਉਸ ਮਗਰੋਂ ਕਿਸੇ ਵੀ ਖਿਡਾਰੀ ਨੂੰ ਨੌਕਰੀ ਨਹੀਂ ਦਿੱਤੀ ਗਈ ਹੈ। ਏਨਾ ਕੁ ਪਤਾ ਲੱਗਾ ਹੈ ਕਿ ਦੂਜੇ ਵਿਸ਼ਵ ਕਬੱਡੀ ਕੱਪ ਦੀ ਲੜਕੀਆਂ ਦੀ ਜੇਤੂ ਟੀਮ ਵਿਚੋਂ 7 ਖਿਡਾਰਨਾਂ ਨੂੰ ਵੀ ਨੌਕਰੀ ਮਿਲ ਗਈ ਹੈ। ਤੀਜੇ ਅਤੇ ਚੌਥੇ ਕੱਪ ਦੀਆਂ ਜੇਤੂ ਖਿਡਾਰਨਾਂ ਨੂੰ ਨਾ ਨੌਕਰੀ ਮਿਲੀ ਹੈ ਅਤੇ ਨਾ ਹੀ ਇਨਾਮੀ ਰਕਮ। ਚੌਥੇ ਕਬੱਡੀ ਕੱਪ ਦੇ ਰੈਫ਼ਰੀ ਵੀ ਆਪਣੇ ਮਾਣ ਭੱਤੇ ਦੇ ਇੰਤਜ਼ਾਰ ਵਿਚ ਹਨ। ਕਬੱਡੀ ਕੱਪ ਵਿਚ ਕਰੀਬ 30 ਰੈਫ਼ਰੀ ਤਾਇਨਾਤ ਕੀਤੇ ਗਏ ਸਨ ਜਿਨ੍ਹਾਂ ਵਿਚੋਂ ਹਰ ਰੈਫ਼ਰੀ ਨੂੰ ਪ੍ਰਤੀ ਦਿਨ ਦੋ ਹਜ਼ਾਰ ਰੁਪਏ ਦੀ ਰਕਮ ਦਿੱਤੀ ਜਾਣੀ ਸੀ। ਹਾਲੇ ਤੱਕ ਇਨ੍ਹਾਂ ਰੈਫ਼ਰੀਆਂ ਨੂੰ ਵੀ ਰਕਮ ਨਹੀਂ ਮਿਲੀ ਹੈ।

## ਬੱਬਰ ਖਾਲਸਾ ਦੇ ਕਾਰਕੁਨ ਗ੍ਰਿਫਤਾਰ ਕਰਨ ਦਾ ਦਾਅਵਾ

**ਪਟਿਆਲਾ:** ਪਟਿਆਲਾ ਪੁਲਿਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਤੇ ਬੇਅੰਤ ਸਿੰਘ ਕਤਲ ਕੇਸ ਅਧੀਨ ਤਿਹਾੜ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਓਰਾ ਦੇ ਤਿੰਨ ਨਜ਼ਦੀਕੀ ਸਾਥੀਆਂ ਸਮੇਤ ਜਥੇਬੰਦੀ ਦੇ ਅੱਧੀ ਦਰਜਨ ਸਰਗਰਮ ਮੈਂਬਰਾਂ ਨੂੰ ਤਿੰਨ ਪਿਸਤੌਲਾਂ ਤੇ ਇਕ ਬੰਦੂਕ ਸਮੇਤ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਅਨੁਸਾਰ ਉਹ ਅਪਰਾਧਕ ਪਿਛੋਕੜ ਵਾਲੇ ਹੋਰ ਵਿਅਕਤੀਆਂ ਨੂੰ ਨਾਲ ਮਿਲਾ ਕੇ ਯੂ.ਪੀ. ਤੇ ਨੇਪਾਲ ਦੇ ਰਸਤਿਓਂ ਅਸਲਾ ਵਗੈਰਾ ਮੰਗਵਾ ਕੇ ਬਾਬਾ ਭਨਿਆਰਾਂ ਵਾਲੇ ਨੂੰ ਮਾਰਨ ਸਮੇਤ ਪੰਜਾਬ ਵਿਚ ਹੋਰ ਵਾਰਦਾਤਾਂ ਨੂੰ ਅੰਜਾਮ ਦੇਣ ਦੀ ਫਿਰਾਕ ਵਿਚ ਸਨ। ਪੁਲਿਸ ਮੁਤਾਬਕ ਇਹ ਗ੍ਰਿਫ਼ਤਾਰੀਆਂ ਚੋਣਾਂ ਦੇ ਮੱਦੇਨਜ਼ਰ ਵਰਤੀ ਜਾ ਰਹੀ ਮੁਸਤੈਦੀ ਤਹਿਤ ਹੋਈਆਂ ਹਨ। ਪਟਿਆਲੀ ਦੇ ਐਸ.ਐਸ.ਪੀ. ਹਰਦਿਆਲ ਸਿੰਘ ਮਾਨ ਨੇ ਦਾਅਵਾ ਕੀਤਾ ਕਿ ਕਾਬੂ ਕੀਤੇ ਮੁਲਜ਼ਮਾਂ ਵਿਚ ਗੁਰਦੀਪ ਸਿੰਘ ਆਲਮਪੁਰ ਵਾਸੀ ਪਿੰਡ ਆਲਮਪੁਰ (ਫ਼ਤਹਿਗੜ੍ਹ ਸਾਹਿਬ), ਅਮਰਜੀਤ ਸਿੰਘ ਕਾਲਾ ਵਾਸੀ ਮਿਰਜ਼ਾਪੁਰ-ਸੰਧਾਰਸੀ ਥਾਣਾ ਘਨੌਰ, ਜਸਵੀਰ ਸਿੰਘ ਜੋਧਾ ਵਾਸੀ ਪਿੰਡ ਹੁਲਕਾ (ਬਨੂੜ), ਸਮਰਦੀਪ ਸਿੰਘ ਸੰਮੀ ਵਾਸੀ ਪਿੰਡ ਗੀਗੇਮਾਜਰਾ, ਸੁੱਚਾ ਸਿੰਘ ਵਾਸੀ ਖੁੱਡਾ ਅਲੀਸ਼ੇਰ (ਮੁਹਾਲੀ) ਤੇ ਹਰਜਿੰਦਰ ਸਿੰਘ ਵਾਸੀ ਬੁੜੈਲ (ਚੰਡੀਗੜ੍ਹ) ਦੇ ਨਾਮ ਸ਼ਾਮਲ ਹਨ।

ਇੰਸਪੈਕਟਰ ਬਿਕਰਮਜੀਤ ਬਰਾੜ ਦੀ ਅਗਵਾਈ ਹੇਠ ਕਾਬੂ ਕੀਤੇ ਗਏ ਮੁਲਜ਼ਮਾਂ ਕੋਲੋਂ 315 ਬੋਰ ਦੀ ਇਕ ਰਾਈਫਲ ਤੇ 315 ਬੋਰ ਦੇ ਦੋ ਪਿਸਤੌਲ ਸਮੇਤ ਇਕ 32 ਬੋਰ ਦਾ ਪਿਸਤੌਲ ਵੀ ਬਰਾਮਦ ਹੋਇਆ ਹੈ। ਪੁਲਿਸ ਅਨੁਸਾਰ ਇਨ੍ਹਾਂ ਵਿਚੋਂ ਗੁਰਦੀਪ ਸਿੰਘ ਆਲਮਪੁਰ, ਅਮਰਜੀਤ ਸਿੰਘ ਕਾਲਾ ਤੇ ਜਸਵੀਰ ਸਿੰਘ ਜੋਧਾ ਜ਼ਮਾਨਤ 'ਤੇ ਆਏ ਹੋਏ ਹਨ। ਜੋਧਾ ਬੁੜੈਲ ਜੇਲ੍ਹ ਤੋੜ ਕੇ ਭੱਜੇ ਭਿਓਰਾ ਦੀ 2006 ਵਿਚ ਦਿੱਲੀ ਪੁਲਿਸ ਵੱਲੋਂ ਕੀਤੀ ਗਈ ਗ੍ਰਿਫ਼ਤਾਰੀ ਦੌਰਾਨ ਨਾਲ ਹੀ ਫੜਿਆ ਗਿਆ ਸੀ ਤੇ ਉਦੋਂ ਇਨ੍ਹਾਂ ਕੋਲੋਂ ਪੰਜ ਏ.ਕੇ.-47 ਰਾਈਫਲਾਂ ਤੇ ਪੰਜ ਵਿਦੇਸ਼ੀ ਪਿਸਤੌਲ ਬਰਾਮਦ ਹੋਏ ਸਨ। ਗੁਰਦੀਪ ਸਿੰਘ ਆਲਮਪੁਰ ਨੇ ਜਗਤਾਰ ਸਿੰਘ ਹਵਾਰਾ ਦੇ 2004 ਵਿਚ ਬੁੜੈਲ ਜੇਲ੍ਹ ਵਿਚੋਂ ਫਰਾਰ ਹੋਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ ਜਿਸ ਨੂੰ ਹਵਾਰਾ ਨੇ ਫ਼ਤਹਿਗੜ੍ਹ ਸਾਹਿਬ ਦਾ ਏਰੀਆ ਕਮਾਂਡਰ ਬਣਾਇਆ ਸੀ। ਉਸ ਖ਼ਿਲਾਫ਼ 13 ਕੇਸ ਦਰਜ ਹਨ। ਹਵਾਰਾ ਦੇ ਹੀ ਨਜ਼ਦੀਕੀ ਸਾਥੀ ਰਹੇ ਅਮਰਜੀਤ ਕਾਲਾ ਨੂੰ ਇਕ ਕੇਸ ਵਿਚੋਂ ਪੰਜ ਸਾਲ ਦੀ ਸਜ਼ਾ ਹੋਈ ਸੀ ਤੇ ਹੁਣ ਉਹ ਜ਼ਮਾਨਤ 'ਤੇ ਹੈ। ਉਸ ਖ਼ਿਲਾਫ਼ ਧੂਰੀ ਤੇ ਨੂਰਪੁਰ ਬੇਦੀ ਵਿਖੇ ਵੀ ਕੇਸ ਦਰਜ ਹਨ।

## ਚੋਣ ਕਮਿਸ਼ਨ ਨੂੰ ਵੀ ਟਿੱਚ ਜਾਣਦੀ ਹੈ ਪੰਜਾਬ ਪੁਲਿਸ

*(ਸਫਾ ਇਕ ਦੀ ਬਾਕੀ)*

ਵਰ੍ਹੇ ਖੁੱਲ੍ਹੀ ਬੋਲੀ ਰਾਹੀਂ ਠੇਕੇ 'ਤੇ ਦੇਣ ਵਾਲੀ ਸਰਕਾਰੀ ਜਾਇਦਾਦ ਨੂੰ ਨਵੇਂ ਸਿਰੇ ਤੋਂ ਠੇਕੇ 'ਤੇ ਦੇਣ ਉਪਰ ਕਮਿਸ਼ਨ ਨੇ ਚੋਣ ਜ਼ਾਬਤਾ ਲਾਗੂ ਰਹਿਣ ਤੱਕ ਪਾਬੰਦੀ ਲਾ ਦਿੱਤੀ ਹੈ। ਵਧੀਕ ਮੁੱਖ ਚੋਣ ਅਧਿਕਾਰੀ ਰਾਮਿੰਦਰ ਸਿੰਘ ਨੇ ਕਮਿਸ਼ਨ ਦੇ ਇਸ ਫ਼ੈਸਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਗਿਆ ਹੈ ਕਿ ਮੌਜੂਦਾ ਠੇਕੇਦਾਰਾਂ ਦੇ ਕੰਮ ਦੀ ਮਿਆਦ 28 ਮਈ ਚੋਣ ਜ਼ਾਬਤੇ ਤੱਕ ਵਧਾਈ ਜਾਵੇ।

ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਜ਼ਮੀਨਾਂ ਤੇ ਹੋਰ ਜਾਇਦਾਦਾਂ ਠੇਕੇ 'ਤੇ ਦੇਣ ਨਾਲ ਵੋਟਰਾਂ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇਸ ਲਈ ਇਹ ਕੰਮ ਚੋਣ ਜ਼ਾਬਤੇ ਤੋਂ ਬਾਅਦ ਹੀ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਪੰਚਾਇਤਾਂ ਵੱਲੋਂ ਹਰ ਸਾਲ ਜ਼ਮੀਨਾਂ ਠੇਕੇ 'ਤੇ ਦਿੱਤੀਆਂ ਜਾਂਦੀਆਂ ਹਨ। ਕਮਿਸ਼ਨ ਦਾ ਇਹ ਫ਼ੈਸਲਾ ਪੰਚਾਇਤਾਂ ਲਈ ਮਾਰੂ ਸਾਬਤ ਹੋ ਸਕਦਾ ਹੈ ਕਿਉਂਕਿ ਮਈ ਤੋਂ ਬਾਅਦ ਜ਼ਮੀਨਾਂ ਠੇਕੇ 'ਤੇ ਘੱਟ ਹੀ ਚੜ੍ਹਦੀਆਂ ਹਨ ਤੇ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਸ਼ੁਰੂ ਹੋ ਜਾਂਦੀ ਹੈ।

## ਪੈਰੋਲ ਸ਼ਰਤਾਂ ਦੀ ਸ਼ਰੇਆਮ ਉਲੰਘਣਾ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਕਿ ਕਤਲ ਦੇ ਦੋਸ਼ੀਆਂ ਵੱਲੋਂ ਪੈਰੋਲ ਦੀ ਉਲੰਘਣਾ ਦੇ ਮਾਮਲਿਆਂ ਵਿਚ ਪੰਜਾਬ ਦੇ ਹਾਲਾਤ ਹਰਿਆਣਾ ਨਾਲੋਂ ਮਾੜੇ ਹਨ। ਜ਼ਿਕਰਯੋਗ ਹੈ ਕਿ ਹਾਈ ਕੋਰਟ ਵੱਲੋਂ ਦੋਹਾਂ ਰਾਜਾਂ, ਪੰਜਾਬ ਤੇ ਹਰਿਆਣਾ ਨੂੰ ਆਪੋ-ਆਪਣੇ ਗ੍ਰਹਿ ਸਕੱਤਰਾਂ ਰਾਹੀਂ ਹਲਫ਼ਨਾਮਾ ਦਾਇਰ ਕਰਕੇ ਪੈਰੋਲ ਦੀ ਉਲੰਘਣਾ ਕਰਨ ਵਾਲਿਆਂ ਦੀ ਮੁੜ ਗ੍ਰਿਫ਼ਤਾਰੀ ਲਈ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦੇਣ ਦੇ ਆਦੇਸ਼ ਦਿੱਤੇ ਗਏ ਸਨ।

ਇਸ ਸਬੰਧੀ ਐਡਵੋਕੇਟ ਐਚ.ਸੀ. ਅਰੋੜਾ ਵੱਲੋਂ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਸੀ। ਚੀਫ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਅਰੁਣ ਪਾਲੀ 'ਤੇ ਆਧਾਰਤ ਡਿਵੀਜ਼ਨ ਬੈਂਚ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 29 ਅਪਰੈਲ ਤੈਅ ਕੀਤੀ ਹੈ। ਐਡਵੋਕੇਟ ਅਰੋੜਾ ਵੱਲੋਂ ਜਨਹਿਤ ਪਟੀਸ਼ਨ ਦਾਇਰ ਕਰਕੇ ਪੰਜਾਬ ਤੇ ਹਰਿਆਣਾ ਸਰਕਾਰ ਦੀਆਂ ਉਮਰ ਕੈਦ ਦੇ ਦੋਸ਼ੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਸਬੰਧੀ ਨੀਤੀਆਂ ਨੂੰ ਚੁਣੌਤੀ ਦਿੱਤੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਦੋਹਾਂ ਰਾਜਾਂ ਵੱਲੋਂ ਬਣਾਈਆਂ ਨੀਤੀਆਂ ਵਿਚ ਢੁਕਵੀਆਂ ਹਦਾਇਤਾਂ ਨਹੀਂ ਹਨ ਅਤੇ ਉਮਰ ਕੈਦ ਦੇ ਦੋਸ਼ੀਆਂ ਨੂੰ ਘੱਟੋ ਘੱਟ 10 ਸਾਲ ਦੀ ਕੈਦ ਪੂਰੀ ਹੋਣ ਉਪਰੰਤ ਹੀ ਬਰੀ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਸੀ ਕਿ ਦੋਹਾਂ ਸਰਕਾਰਾਂ ਵੱਲੋਂ ਪੈਰੋਲ ਦੀ ਉਲੰਘਣਾ ਕਰਨ ਵਾਲਿਆਂ ਦੀ ਮੁੜ ਗ੍ਰਿਫ਼ਤਾਰੀ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਹਰਿਆਣਾ ਵੱਲੋਂ ਦਾਇਰ ਹਲਫ਼ਨਾਮੇ ਵਿਚ ਕਿਹਾ ਗਿਆ ਸੀ ਕਿ ਪੈਰੋਲ ਦੀ ਉਲੰਘਣਾ ਕਰਨ ਵਾਲੇ ਕੁੱਲ 207 ਦੋਸ਼ੀਆਂ ਵਿਚੋਂ ਪੰਜ ਜਣਿਆਂ ਨੂੰ ਹਰਿਆਣਾ ਪੁਲੀਸ ਵੱਲੋਂ 1 ਜਨਵਰੀ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ।

## ਪਹਿਲੇ ਚੋਣ ਗੇੜ ਵਿਚ ਕਾਂਗਰਸੀ ਪਛੜੇ

*(ਸਫਾ ਇਕ ਦੀ ਬਾਕੀ)*

ਅਕਾਲੀ ਭਾਜਪਾ-ਗੱਠਜੋੜ 13 ਵਿਚੋਂ 11 ਸੀਟਾਂ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਵਿਚ ਸਫਲ ਰਿਹਾ। ਇਸੇ ਤਰ੍ਹਾਂ 2007 ਦੌਰਾਨ ਮੁੜ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਵਿਚ 2009 ਦੌਰਾਨ ਹੋਈਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਮੁੜ ਅੱਠ ਸੀਟਾਂ ਪ੍ਰਾਪਤ ਕਰਨ ਵਿਚ ਸਫਲ ਰਹੀ।

ਦੂਜੇ ਬੰਨੇ ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਜਿਸ ਢੰਗ ਨਾਲ ਪੰਜਾਬ ਦੇ ਵੋਟਰਾਂ ਨੇ ਅਕਾਲੀ-ਭਾਜਪਾ ਗੱਠਜੋੜ ਨੂੰ ਲਗਾਤਾਰ ਦੂਜੀ ਵਾਰ ਸੱਤਾ ਵਿਚ ਲਿਆ ਕੇ ਇਤਿਹਾਸ ਸਿਰਜਿਆ ਹੈ, ਉਹ ਪੁਰਾਣੀਆਂ ਗਿਣਤੀਆਂ-ਮਿਣਤੀਆਂ ਨੂੰ ਲਾਂਭੇ ਕਰ ਸਕਦਾ ਹੈ। ਸਿਆਸੀ ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਪੰਜਾਬ ਅੰਦਰ ਜਦੋਂ ਵੀ ਕਾਂਗਰਸ ਦੀਆਂ ਸੀਟਾਂ ਘਟੀਆਂ ਹਨ ਤਾਂ ਇਸ ਦਾ ਸਿੱਧਾ ਲਾਭ ਅਕਾਲੀ ਦਲ ਨੂੰ ਪਹੁੰਚਿਆ ਹੈ। ਚੇਤੇ ਰਹੇ ਕਿ 1997 ਤੋਂ ਬਾਅਦ ਅਕਾਲੀ ਦਲ ਤੇ ਭਾਜਪਾ ਵੱਲੋਂ ਕੀਤੇ ਗਏ ਗੱਠਜੋੜ ਸਦਕਾ ਅਕਾਲੀ-ਭਾਜਪਾ ਗੱਠਜੋੜ ਨੇ ਕਾਂਗਰਸ ਨੂੰ ਪੰਜਾਬ ਅੰਦਰ ਫਸਵੀਂ ਟੱਕਰ ਦਿੱਤੀ ਹੈ ਜਿਸ ਕਾਰਨ ਤਕਰੀਬਨ ਸਾਰੇ ਹਲਕਿਆਂ ਅੰਦਰ ਮੁੱਖ ਮੁਕਾਬਲਾ ਕਾਂਗਰਸ ਤੇ ਅਕਾਲੀ ਭਾਜਪਾ ਗੱਠਜੋੜ ਦਰਮਿਆਨ ਹੀ ਹੁੰਦਾ ਰਿਹਾ ਹੈ ਪਰ ਇਸ ਵਾਰ ਆਮ ਆਦਮੀ ਪਾਰਟੀ ਦੇ ਗਠਨ ਅਤੇ ਪੀਪਲਜ਼ ਪਾਰਟੀ ਆਫ਼ ਪੰਜਾਬ ਦੀ ਕਾਂਗਰਸ ਨਾਲ ਭਾਈਵਾਲੀ ਨੂੰ ਲੈ ਕੇ ਇਸ ਵਾਰ ਦੇ ਮੁਕਾਬਲੇ ਹੋਰ ਵੀ ਦਿਲਚਸਪ ਹੋਣ ਦੀ ਸੰਭਾਵਨਾ ਹੈ।

## ਪਾਕਿਸਤਾਨੀ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਏ: ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਪਾਕਿਸਤਾਨ ਵਿਚ ਵਸਦੇ ਸਿੱਖਾਂ ਨਾਲ ਵਾਪਰ ਰਹੀਆਂ ਦੁਖਦਾਈ ਘਟਨਾਵਾਂ ਸਬੰਧੀ ਆਪਣਾ ਰੋਸ ਪ੍ਰਗਟ ਕਰਦਿਆਂ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਪਾਕਿਸਤਾਨ ਵਿਚ ਘੱਟ ਗਿਣਤੀ ਸਿੱਖਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਨਾਉਣ ਲਈ ਭਾਰਤ ਸਰਕਾਰ, ਪਾਕਿਸਤਾਨ ਸਰਕਾਰ ਨਾਲ ਕੂਟਨੀਤਕ ਸਬੰਧਾਂ ਰਾਹੀਂ ਦਬਾਅ ਬਣਾਵੇ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਦਵਿੰਦਰਪਾਲ ਸਿੰਘ ਭੁੱਲਰ ਨੂੰ ਰਾਹਤ ਮਿਲਣ ਦੀ ਉਮੀਦ

## ਪੰਦਰਾਂ ਦੋਸ਼ੀਆਂ ਨੂੰ ਜੀਵਨ ਦਾਨ ਦਾ ਫੈਸਲਾ ਬਰਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੌਤ ਦੀ ਸਜ਼ਾ ਵਾਲੇ 15 ਦੋਸ਼ੀਆਂ ਨੂੰ ਜੀਵਨ ਦਾਨ ਬਾਰੇ ਆਪਣਾ 21 ਜਨਵਰੀ ਦਾ ਫੈਸਲਾ ਬਰਕਰਾਰ ਰੱਖਿਆ ਹੈ। ਇਨ੍ਹਾਂ ਦੋਸ਼ੀਆਂ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਲਈ ਉਨ੍ਹਾਂ ਦੀ ਮਾਨਸਿਕ ਬਿਮਾਰੀ ਜਾਂ ਉਨ੍ਹਾਂ ਦੀਆਂ ਰਹਿਮ ਦੀਆਂ ਅਪੀਲਾਂ ਰੱਦ ਕਰਨ ਵਿਚ ਹੋਈ ਬੇਲੋੜੀ ਤੇ ਅਣਬਿਆਨੀ ਦੇਰੀ ਨੂੰ ਆਧਾਰ ਬਣਾਇਆ ਗਿਆ ਹੈ। ਇਸ ਦੇ ਨਾਲ ਹੀ ਅਦਾਲਤ ਨੇ ਮੌਤ ਦੀ ਸਜ਼ਾ ਯਾਫ਼ਤਾ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਅਪੀਲ 'ਤੇ ਵੀ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ। ਪ੍ਰੋ. ਭੁੱਲਰ ਵੱਲੋਂ ਵੀ ਇਹੋ ਜਿਹੀ ਰਾਹਤ ਦੀ ਮੰਗ ਕੀਤੀ ਜਾ ਰਹੀ ਹੈ। ਉਸ ਨੂੰ 1993 ਵਿਚ ਦਿੱਲੀ ਵਿਚ ਹੋਏ ਬੰਬ ਧਮਾਕਿਆਂ ਲਈ ਦੋਸ਼ੀ ਕਰਾਰ ਦਿੱਤਾ ਗਿਆ ਸੀ।

ਇਸ ਤਰ੍ਹਾਂ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਦਵਿੰਦਰਪਾਲ ਸਿੰਘ ਭੁੱਲਰ ਨੂੰ ਲਾਭ ਹੋਣ ਦੀ ਸੰਭਾਵਨਾ ਹੈ। ਸਰਕਾਰੀ ਸੂਤਰਾਂ ਮੁਤਾਬਕ ਰਾਸ਼ਟਰਪਤੀ ਪ੍ਰਣਬ ਮੁਖਰਜੀ, ਪ੍ਰੋ. ਭੁੱਲਰ ਦੀ ਪਤਨੀ ਵੱਲੋਂ ਭੇਜੀ ਰਹਿਮ ਦੀ ਅਪੀਲ ਮਨਜ਼ੂਰ ਕਰਨ ਦਾ ਸੰਕੇਤ ਦੇ ਚੁੱਕੇ ਹਨ ਜਦੋਂਕਿ ਗ੍ਰਹਿ ਮੰਤਰਾਲੇ ਨੇ ਅਜਿਹਾ ਕਰਨ ਦਾ ਵਿਰੋਧ ਕੀਤਾ ਹੈ। ਦਿੱਲੀ ਦੇ ਉਪ ਰਾਜਪਾਲ ਨਜੀਬ ਜੰਗ ਨੇ ਵੀ ਮੈਡੀਕਲ ਰਿਪੋਰਟਾਂ ਦੇ ਆਧਾਰ 'ਤੇ ਰਾਸ਼ਟਰਪਤੀ ਨੂੰ ਸਿਫ਼ਾਰਸ਼ ਕੀਤੀ ਸੀ ਕਿ ਪ੍ਰੋ. ਭੁੱਲਰ ਬਾਰੇ ਅਪੀਲ ਪ੍ਰਵਾਨ ਕਰ ਲਈ ਜਾਵੇ।

21 ਜਨਵਰੀ ਦੇ ਸੁਪਰੀਮ ਕੋਰਟ ਦੇ ਫੈਸਲੇ ਨਾਲ ਜਿਨ੍ਹਾਂ 15 ਦੋਸ਼ੀਆਂ ਨੂੰ ਲਾਭ ਹੋਣਾ ਹੈ, ਉਨ੍ਹਾਂ ਵਿਚ ਚੰਦਨ ਦੀ ਲੱਕੜ ਦੇ ਮਾਰੇ ਗਏ ਸਮੱਗਲਰ ਵੀਰੱਪਨ ਦੇ ਗਰੋਹ ਦੇ ਚਾਰ ਮੈਂਬਰ ਸ਼ਾਮਲ ਹਨ ਜਿਨ੍ਹਾਂ ਨੇ 1993 ਵਿਚ ਪੁਲਿਸ ਦੇ 22 ਮੁਲਾਜ਼ਮ ਮਾਰ ਦਿੱਤੇ ਸਨ। 21 ਜਨਵਰੀ ਦੇ ਫੈਸਲੇ ਦੇ ਆਧਾਰ 'ਤੇ ਹੀ ਸੁਪਰੀਮ ਕੋਰਟ ਨੇ 24 ਫਰਵਰੀ ਨੂੰ ਮੌਤ ਦੀ ਸਜ਼ਾ ਵਾਲੇ ਤਿੰਨ ਵਿਅਕਤੀਆਂ ਸੰਥਾਨ, ਮੁਰੁਗਨ ਤੇ ਪੇਰਾਰੀਵਾਲੇਨ ਜੋ 1991 ਵਿਚ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਲਈ ਦੋਸ਼ੀ ਪਾਏ ਗਏ ਸਨ, ਦੀ ਸਜ਼ਾ ਵੀ ਉਮਰ ਕੈਦ ਵਿਚ ਬਦਲ ਦਿੱਤੀ ਸੀ। ਸੁਪਰੀਮ ਕੋਰਟ ਨੇ ਮੌਤ ਦੀ ਸਜ਼ਾ ਵਾਲੇ 15 ਕੈਦੀਆਂ ਨੂੰ ਉਮਰ ਕੈਦ ਕਰਨ ਦੇ ਫੈਸਲੇ ਵਿਰੁੱਧ ਕੇਂਦਰ ਦੀ ਪਟੀਸ਼ਨ ਖ਼ਾਰਜ ਕਰ ਦਿੱਤੀ। ਅਦਾਲਤ ਨੇ ਰਹਿਮ ਦੀਆਂ ਅਪੀਲਾਂ 'ਤੇ ਫੈਸਲੇ ਲੈਣ ਵਿਚ ਹੋਈ ਦੇਰੀ ਦੇ ਆਧਾਰ 'ਤੇ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੇ ਫੈਸਲੇ 'ਤੇ ਵੀ ਨਜ਼ਰਸਾਨੀ ਕਰਨ ਤੋਂ ਇਨਕਾਰ ਕਰ ਦਿੱਤਾ। ਮੌਤ ਦੀ ਸਜ਼ਾ ਵਾਲੇ ਦੋਸ਼ੀਆਂ ਵੱਲੋਂ 21 ਜਨਵਰੀ ਦੇ ਫੈਸਲੇ ਦਾ ਲਾਹਾ ਲੈਣ ਦੇ ਛਿੜੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਕੇਂਦਰ ਸਰਕਾਰ ਨੇ ਪਹਿਲੀ ਮਾਰਚ ਨੂੰ ਪਟੀਸ਼ਨਾਂ ਦਾ ਇਕ ਬੈਂਚ ਪਾ ਕੇ ਫੈਸਲੇ 'ਤੇ ਨਜ਼ਰਸਾਨੀ ਕਰਕੇ ਇਸ ਨੂੰ ਪਰਤਾਉਣ ਦੀ ਅਪੀਲ ਕੀਤੀ ਸੀ।

ਇਕ ਸੰਵਿਧਾਨਕ ਬੈਂਚ ਦੇ ਫੈਸਲੇ ਦੇ ਹਵਾਲੇ ਨਾਲ ਕੇਂਦਰ ਨੇ ਦਲੀਲ ਦਿੱਤੀ ਸੀ ਕਿ ਰਹਿਮ ਦੀਆਂ ਅਪੀਲਾਂ ਉੱਤੇ ਫੈਸਲੇ ਲੈਣ ਵਿਚ ਹੋਈ ਦੇਰੀ ਦੇ ਆਧਾਰ 'ਤੇ ਅਤਿਵਾਦੀ ਕਿਸੇ ਕਿਸਮ ਦੀ ਰਾਹਤ ਜਾਂ ਛੋਟ ਦੇ ਹੱਕਦਾਰ ਨਹੀਂ ਬਣਦੇ। ਸਰਕਾਰ ਮੁਤਾਬਕ ਦੇਰੀ ਨਾਲ ਉਨ੍ਹਾਂ ਅੰਦਰ ਆਸ ਜਾਗਦੀ ਹੈ, ਪਰ ਉਨ੍ਹਾਂ ਦੇ ਦੁੱਖ ਵਧੇਰੇ ਗੰਭੀਰ ਨਹੀਂ ਹੁੰਦੇ, ਜਿਹਾ ਕਿ ਸੁਪਰੀਮ ਕੋਰਟ ਨੇ ਕਿਹਾ ਸੀ। ਚੀਫ ਜਸਟਿਸ ਪੀ. ਸਦਾਸ਼ਿਵਮ, ਜਸਟਿਸ ਰੰਜਨ ਗੋਗੋਈ ਤੇ ਜਸਟਿਸ ਸ਼ਿਵ ਕੀਰਤੀ ਸਿੰਘ 'ਤੇ ਆਧਾਰਤ ਬੈਂਚ ਨੇ ਆਪਣੇ ਸੰਖੇਪ ਜਿਹੇ ਹੁਕਮਾਂ ਵਿਚ ਕਿਹਾ ਕਿ ਅਦਾਲਤ ਨੇ ਜਾਇਜ਼ ਪਟੀਸ਼ਨਾਂ ਤੇ ਸਬੰਧਤ ਕਾਗਜ਼ਾਂ ਦਾ ਪੂਰਾ ਮੁਤਾਲਿਆ ਕੀਤਾ ਹੈ, ਬੈਂਚ ਨੇ ਇਨ੍ਹਾਂ ਵਿਚ ਕੋਈ ਮੈਰਿਟ ਨਜ਼ਰ ਨਹੀਂ ਆਈ ਤੇ ਇਸ ਆਧਾਰ 'ਤੇ ਇਹ ਖਾਰਜ ਕੀਤੀਆਂ ਜਾਂਦੀਆਂ ਹਨ। ਬੈਂਚ ਨੇ ਸਰਕਾਰ ਦੀ ਇਹ ਬੇਨਤੀ ਵੀ ਰੱਦ ਕਰ ਦਿੱਤੀ ਕਿ ਜਾਇਜ਼ ਪਟੀਸ਼ਨਾਂ ਖੁੱਲ੍ਹੀ ਅਦਾਲਤ ਵਿਚ ਸੁਣੀਆਂ ਜਾਣ, ਨਾ ਕਿ ਜੱਜਾਂ ਦੇ ਚੈਂਬਰਾਂ ਵਿਚ ਬਿਨਾਂ ਸੁਣਵਾਈ ਦੇ ਖਾਰਜ ਕਰ ਦਿੱਤੀਆਂ ਜਾਣ। 21 ਜਨਵਰੀ ਦੇ ਫੈਸਲੇ 'ਚ 3 ਮੈਂਬਰੀ ਬੈਂਚ ਨੇ 12 ਅਪਰੈਲ 2013 ਦੇ ਦੋ ਮੈਂਬਰੀ ਬੈਂਚ ਦੇ ਫੈਸਲੇ 'ਤੇ ਇਤਰਾਜ਼ ਕੀਤਾ ਸੀ।

ਦੋ ਮੈਂਬਰੀ ਬੈਂਚ ਨੇ ਕਿਹਾ ਸੀ ਕਿ ਪ੍ਰੋ. ਭੁੱਲਰ ਜਿਹੇ ਅਤਿਵਾਦੀਆਂ ਨੂੰ ਕਿਸੇ ਵੀ ਕਾਰਨ ਦੇ ਆਧਾਰ 'ਤੇ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਦੀ ਬੇਨਤੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਸੁਪਰੀਮ ਕੋਰਟ ਨੇ ਆਪਣੇ ਹਾਲੀਆ ਫੈਸਲੇ ਵਿਚ ਕਿਹਾ ਕਿ ਕਿਉਂਕਿ ਮੌਤ ਦੀ ਸਜ਼ਾ ਵਿਰਲਿਆਂ ਵਿਚੋਂ ਵਿਰਲੇ ਕੇਸ ਦੇ ਆਧਾਰ 'ਤੇ ਸੁਣਾਈ ਜਾਂਦੀ ਹੈ, ਇਸ ਕਰਕੇ ਅੱਗੇ ਹੋਰ ਵਰਗੀਕਰਨ ਕਰਕੇ ਅਤਿਵਾਦੀਆਂ ਨੂੰ ਨਿਖੇੜ ਕੇ ਉਨ੍ਹਾਂ ਨੂੰ ਸਜ਼ਾ ਬਦਲੀ ਦੇ ਲਾਭ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

## 13 ਕਰੋੜ ਵਿਚ ਖ਼ਰੀਦਿਆ ਟੈਲੀਫ਼ੋਨ ਨੰਬਰ

**ਆਬੂਧਾਬੀ:** ਸੰਯੁਕਤ ਅਰਬ ਅਮੀਰਾਤ ਦੀ ਰਾਜਧਾਨੀ ਆਬੂਧਾਬੀ ਵਿਚ ਨਿਲਾਮੀ ਦੌਰਾਨ ਇਕ ਵਿਅਕਤੀ ਨੇ ਟੈਲੀਫ਼ੋਨ ਨੰਬਰ 21 ਲੱਖ ਡਾਲਰ (13 ਕਰੋੜ ਰੁਪਏ) ਦੀ ਕੀਮਤ ਅਦਾ ਕਰਕੇ ਖਰੀਦਿਆ। ਖਾੜੀ ਦੀ ਮਸ਼ਹੂਰ ਟੈਲੀਫ਼ੋਨ ਕੰਪਨੀ ਇਤਸਲਾਤ ਦਾ ਟੈਲੀਫ਼ੋਨ ਨੰਬਰ 7777-777 ਦੇ ਬੰਪਰ ਪੈਕੇਜ ਦੀ ਨਿਲਾਮੀ 78,77,777 ਦਰਾਮ 'ਤੇ ਖਤਮ ਹੋਈ ਹਾਲਾਂਕਿ ਕੰਪਨੀ ਨੇ ਸਪਸ਼ਟ ਕੀਤਾ ਹੈ ਕਿ ਉਹ ਕਿਸੇ ਵੀ ਸਮੇਂ ਨੰਬਰ ਬਦਲ ਸਕਦੀ ਹੈ। ਕਾਨੂੰਨੀ ਲਿਹਾਜ਼ ਨਾਲ ਆਬੂਧਾਬੀ ਵਿਚ ਸਾਰੇ ਟੈਲੀਫ਼ੋਨ ਨੰਬਰ ਸਰਕਾਰੀ ਸੰਪਤੀ ਮੰਨੇ ਜਾਂਦੇ ਹਨ।


## ਪਤੀ ਦੀ ਕੁਰਬਾਨੀ ਮਗਰੋਂ ਫੌਜਣ ਨੇ ਰਚਿਆ ਇਤਿਹਾਸ

**ਚੇਨਈ:** ਦੋ ਸਾਲ ਪਹਿਲਾਂ ਘੁਸਪੈਠ ਦੀ ਕੋਸ਼ਿਸ਼ ਨਾਕਾਮ ਕਰਨ ਸਮੇਂ ਦੇਸ਼ ਲਈ ਕੁਰਬਾਨ ਹੋਏ ਪਤੀ ਦੇ ਪੂਰਨਿਆਂ 'ਤੇ ਚੱਲਦੀ ਉਸ ਦੀ ਵਿਧਵਾ ਨੇ ਖ਼ੁਦ ਫੌਜ ਵਿਚ ਅਧਿਕਾਰੀ ਵਜੋਂ ਸ਼ਾਮਲ ਹੋ ਕੇ ਨਵੀਂ ਮਿਸ਼ਾਲ ਪੈਦਾ ਕਰ ਦਿੱਤੀ। 26 ਵਰ੍ਹਿਆਂ ਦੀ ਪ੍ਰਿਆ ਸੇਮਵਾਲ ਨੇ ਆਪਣੇ ਪਤੀ ਅਮਿਤ ਸ਼ਰਮਾ ਦੀ ਮੌਤ ਪਿੱਛੋਂ ਹੌਂਸਲਾ ਨਾ ਛੱਡਿਆ ਤੇ ਫੌਜ ਵਿਚ ਭਰਤੀ ਹੋ ਗਈ ਹੈ।

ਪਾਸਿੰਗ ਆਊਟ ਪਰੇਡ ਦੌਰਾਨ ਪ੍ਰਿਆ ਸੇਮਵਾਲ ਸਮੇਤ 62 ਔਰਤਾਂ ਤੇ 194 ਜਵਾਨਾਂ ਨੂੰ ਫੌਜ ਵਿਚ ਅਧਿਕਾਰੀ ਵਜੋਂ ਸ਼ਾਮਲ ਕਰ ਲਿਆ ਗਿਆ। 2012 ਵਿਚ ਅਰੁਣਾਚਲ ਪ੍ਰਦੇਸ਼ ਦੇ ਪਹਾੜੀ ਇਲਾਕੇ ਤਵਾਂਗ ਵਿਚ ਅਪਰੇਸ਼ਨ ਦੌਰਾਨ 14 ਰਾਜਪੂਤ ਰੈਜੀਮੈਂਟ ਦੇ ਨਾਇਕ ਅਮਿਤ ਸ਼ਰਮਾ ਹਲਾਕ ਹੋ ਗਏ ਸਨ। ਇਹ ਖ਼ਬਰ ਸੁਣ ਕੇ ਸੇਮਵਾਲ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ ਸੀ। 14 ਰਾਜਪੂਤ ਰੈਜੀਮੈਂਟ ਦੇ ਕਮਾਂਡਿੰਗ ਅਫਸਰ ਕਰਨਲ ਅਰੁਣ ਅਗਰਵਾਲ ਨੇ ਚਾਰ ਸਾਲ ਦੇ ਬੱਚੇ ਖਵਾਹਿਸ਼ ਸ਼ਰਮਾ ਦੀ ਮਾਂ ਪ੍ਰਿਆ ਨੂੰ ਹੌਂਸਲਾ ਦਿੱਤਾ।

ਉਨ੍ਹਾਂ ਕਿਹਾ ਕਿ ਜਦੋਂ ਮੈਨੂੰ ਪਤਾ ਲੱਗਾ ਕਿ ਅਮਿਤ ਨੇ ਪਤਨੀ ਨੂੰ ਪੜ੍ਹਾਈ ਮੁਕੰਮਲ ਕਰਾਉਣ ਵਿਚ ਸਹਿਯੋਗ ਦਿੱਤਾ ਸੀ ਤਾਂ ਮੇਰੇ ਮਨ ਵਿਚ ਵਿਚਾਰ ਆਇਆ ਕਿ ਉਸ ਨੂੰ ਫੌਜ ਵਿਚ ਅਫਸਰ ਬਣਾਉਣਾ ਚਾਹੀਦਾ ਹੈ। ਸ਼ੁਰੂ ਵਿਚ ਕਰਨਲ ਅਗਰਵਾਲ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪ੍ਰਿਆ ਦੇ ਭਰਾ ਨੇ ਤੁਰੰਤ ਕੋਈ ਹਾਮੀ ਨਾ ਭਰੀ ਤੇ ਉਹ ਖ਼ਫ਼ਾ ਵੀ ਹੋਏ ਪਰ ਬਾਅਦ ਵਿਚ ਉਨ੍ਹਾਂ ਪ੍ਰਿਆ ਨੂੰ ਫੌਜ ਵਿਚ ਭਰਤੀ ਹੋਣ ਲਈ ਮਨਾ ਲਿਆ।

To Advertise with Punjab Times
Call: 847-359-0746
punjabtimesusa.com

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

## 37,500 ਕਰੋੜ 'ਚ ਪੈਣਗੀਆਂ ਆਮ ਚੋਣਾਂ

**ਨਵੀਂ ਦਿੱਲੀ:** 16ਵੀਂ ਲੋਕ ਸਭਾ ਲਈ ਹੋਣ ਜਾ ਰਹੀਆਂ ਆਮ ਚੋਣਾਂ 'ਤੇ ਇਸ ਵਾਰ ਉਮੀਦਵਾਰਾਂ ਵੱਲੋਂ ਚੋਣ ਪ੍ਰਚਾਰ ਵਿਚ ਤਕਰੀਬਨ 37500 ਕਰੋੜ ਰੁਪਏ ਖਰਚ ਕੀਤੇ ਜਾਣ ਦਾ ਅੰਦਾਜ਼ਾ ਹੈ ਜੋ ਕਿ ਦੁਨੀਆ ਦੀ ਸਭ ਤੋਂ ਖਰਚੀਲੀ ਮੰਨੀ ਜਾਣ ਵਾਲੀ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਤੋਂ ਕੁਝ ਹੀ ਘੱਟ ਹੋਵੇਗੀ। ਸੈਂਟਰ ਫਾਰ ਮੀਡੀਆ ਸਟੱਡੀਜ਼ ਨੇ ਆਪਣੀ ਇਕ ਰਿਪੋਰਟ ਵਿਚ ਅੰਦਾਜ਼ਾ ਲਾਇਆ ਹੈ ਕਿ ਇਹ ਰਕਮ ਸਾਲ 2009 ਦੀਆਂ ਆਮ ਚੋਣਾਂ ਵਿਚ ਉਮੀਦਵਾਰਾਂ ਵੱਲੋਂ ਪ੍ਰਚਾਰ ਵਿਚ ਕੀਤੇ ਗਏ ਖਰਚ ਤੋਂ ਤਕਰੀਬਨ ਤਿੰਨ ਗੁਣਾ ਵੱਧ ਹੈ।

ਅਮਰੀਕਾ ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਸਾਲ 2012 ਵਿਚ ਹੋਈ ਰਾਸ਼ਟਰਪਤੀ ਚੋਣ ਵਿਚ ਉਮੀਦਵਾਰਾਂ, ਰਾਜਨੀਤਕ ਦਲਾਂ ਤੇ ਸਮਰਥਕ ਸਮੂਹਾਂ ਨੇ ਕੁੱਲ 42700 ਕਰੋੜ ਰੁਪਏ ਚੋਣ ਪ੍ਰਚਾਰ 'ਤੇ ਖਰਚ ਕੀਤੇ। ਸੈਂਟਰ ਫਾਰ ਮੀਡੀਆ ਸਟੱਡੀਜ਼ ਨੇ ਪਿਛਲੇ ਪੰਜ ਸਾਲਾਂ ਵਿਚ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਹੋਏ ਖਰਚ ਤੇ ਸਥਾਨਕ ਪੱਧਰ 'ਤੇ ਲਾਗਤ ਵਿਚ ਹੋਏ ਵਾਧੇ ਦੇ ਆਧਾਰ 'ਤੇ ਇਹ ਅੰਦਾਜ਼ਾ ਲਗਾਇਆ ਹੈ। ਉਨ੍ਹਾਂ ਨੇ ਰਾਜ ਨੇਤਾਵਾਂ ਵੱਲੋਂ ਵੋਟਰਾਂ ਨੂੰ ਦਿੱਤੀ ਜਾਣ ਵਾਲੀ ਗੁੰਮਨਾਮ ਰਕਮ 'ਤੇ ਵੋਟਰਾਂ ਦੀ ਰਾਏ ਵੀ ਲਈ ਹੈ।

ਆਮ ਚੋਣ ਵਿਚ ਹੋਣ ਵਾਲੇ ਖਰਚ ਤੋਂ ਹਾਲਾਂਕਿ ਅਰਥਵਿਵਸਥਾ ਨੂੰ ਗਤੀ ਮਿਲਣ ਦੀ ਉਮੀਦ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਚੋਣ ਖਰਚ 2014 ਦੀ ਦੂਸਰੀ ਤਿਮਾਹੀ ਵਿਚ ਮੀਡੀਆ ਸਮੂਹਾਂ ਤੇ ਇਸ਼ਤਿਹਾਰੀ ਖੇਤਰ ਵਿਚ ਕੰਮ ਕਰ ਰਹੀਆਂ ਕੰਪਨੀਆਂ ਦੇ ਨਾਲ ਹੀ ਦੂਸਰੇ ਖੇਤਰ ਦੀਆਂ ਕੰਪਨੀਆਂ ਦੇ ਕਾਰੋਬਾਰ ਵਿਚ ਵੀ ਵਾਧਾ ਹੋਇਆ ਸੀ। ਮੈਡੀਸਨ ਮੀਡੀਆ ਮੁਤਾਬਕ ਚੋਣ ਦੇ ਦੌਰਾਨ ਭਾਰਤੀ ਵਿਗਿਆਪਨ ਉਦਯੋਗ ਦੇ ਕਾਰੋਬਾਰ ਵਿਚ 4900 ਕਰੋੜ ਰੁਪਏ ਦਾ ਵਾਧਾ ਹੋਣ ਦਾ ਅੰਦਾਜ਼ਾ ਹੈ। ਦੇਸ਼ ਵਿਚ ਚੋਣਾਂ ਦੌਰਾਨ ਜ਼ਿਆਦਾਤਰ ਕਾਲਾ ਧੰਨ ਵਰਤਿਆ ਜਾਂਦਾ ਹੈ। ਨਿਯਮਾਂ ਮੁਤਾਬਕ ਇਕ ਸੰਸਦੀ ਖੇਤਰ ਵਿਚ ਉਮੀਦਵਾਰ 70 ਲੱਖ ਰੁਪਏ ਖਰਚ ਕਰ ਸਕਦੇ ਹਨ ਪਰ ਵਾਸਤਵਿਕ ਖਰਚ ਇਸ ਤੋਂ ਤਕਰੀਬਨ 10 ਗੁਣਾਂ ਵੱਧ ਹੁੰਦਾ ਹੈ।

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ
Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
Transportation Funding Group, Inc.
Minneapolis , MN 55426


Security Cameras
Special promotion
for limited time only
1000 TVL camera for the price of 700 TVL camera
Limit 4 for each customer only
For more Details, Contact:
Balbir S Sidhu-209-495-3905 (Cell)
DVRunlimited Inc.
Toll Free (888) 233-4566
Fax-(209) 982-9133

# ਨਵਜੋਤ ਸਿੰਘ ਸਿੱਧੂ ਨੂੰ ਮਹਿੰਗੀ ਪਈ ਬਾਦਲਾਂ ਦੀ ਨਾਰਾਜ਼ਗੀ

**ਅੰਮ੍ਰਿਤਸਰ:** ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਨਾਰਾਜ਼ਗੀ ਮਹਿੰਗੀ ਪਈ ਹੈ ਤੇ ਇਸੇ ਕਾਰਨ ਭਾਜਪਾ ਵੱਲੋਂ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਸ. ਸਿੱਧੂ ਦੀ ਥਾਂ 'ਤੇ ਸੀਨੀਅਰ ਭਾਜਪਾ ਆਗੂ ਅਰੁਣ ਜੇਤਲੀ ਨੂੰ ਅਕਾਲੀ-ਭਾਜਪਾ ਗਠਜੋੜ ਦਾ ਉਮੀਦਵਾਰ ਬਣਾਇਆ ਗਿਆ ਹੈ। ਸ. ਸਿੱਧੂ ਨੂੰ ਇਸ ਵਾਰ ਸੀਟ ਨਾ ਮਿਲਣ ਦੀਆਂ ਕਿਆਸਅਰਾਈਆਂ ਤਾਂ ਪਹਿਲਾਂ ਹੀ ਚੱਲ ਰਹੀਆਂ ਸਨ ਪਰ ਇਸ ਬਾਰੇ ਭਾਜਪਾ ਹਾਈ ਕਮਾਂਡ ਵੱਲੋਂ 7 ਮਾਰਚ ਨੂੰ ਹੋਈ ਮੀਟਿੰਗ ਵਿਚ ਸਪਸ਼ਟ ਸੰਕੇਤ ਦੇ ਦਿੱਤੇ ਗਏ ਸਨ ਕਿ ਅੰਮ੍ਰਿਤਸਰ ਲੋਕ ਸਭਾ ਸੀਟ 'ਤੇ ਇਸ ਵਾਰ ਉਮੀਦਵਾਰ ਬਦਲਿਆ ਜਾਵੇਗਾ।

ਭਾਜਪਾ ਹਾਈ ਕਮਾਂਡ ਵੱਲੋਂ ਸ. ਸਿੱਧੂ ਨੂੰ ਹਰਿਆਣਾ ਦੇ ਕੁਰੂਕਸ਼ੇਤਰ ਤੇ ਪੱਛਮੀ ਦਿੱਲੀ ਤੋਂ ਚੋਣ ਲੜਨ ਦੀ ਪੇਸ਼ਕਸ਼ ਕੀਤੀ ਗਈ ਸੀ। 12 ਮਾਰਚ ਨੂੰ ਮੁੜ ਸ. ਸਿੱਧੂ ਨੂੰ ਸੱਦਿਆ ਗਿਆ ਸੀ ਤੇ ਉਸ ਨੂੰ ਮੁੜ ਕਿਸੇ ਹੋਰ ਸ਼ਹਿਰ ਤੋਂ ਚੋਣ ਲੜਨ ਦੀ ਪੇਸ਼ਕਸ਼ ਕੀਤੀ ਗਈ ਸੀ ਪਰ ਸ. ਸਿੱਧੂ ਨੇ ਇਸ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਸੀ। ਸ. ਸਿੱਧੂ ਕੋਲੋਂ ਮੁੜ ਉਨ੍ਹਾਂ ਦੀ ਰਾਏ ਮੰਗੀ ਗਈ ਤੇ ਉਨ੍ਹਾਂ ਸਿਰਫ ਤੇ ਸਿਰਫ ਅੰਮ੍ਰਿਤਸਰ ਤੋਂ ਹੀ ਚੋਣ ਲੜਨ ਦੀ ਇੱਛਾ ਪ੍ਰਗਟਾਈ। ਭਾਜਪਾ ਹਾਈ ਕਮਾਂਡ ਵੱਲੋਂ ਉਨ੍ਹਾਂ ਨੂੰ ਸ੍ਰੀ ਅਰੁਣ ਜੇਤਲੀ ਨੂੰ ਉਮੀਦਵਾਰ ਬਣਾਉਣ ਬਾਰੇ ਵੀ ਦੱਸ ਦਿੱਤਾ ਗਿਆ ਸੀ।

ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਭਾਜਪਾ ਹਾਈ ਕਮਾਂਡ ਨੂੰ ਇਸ ਵਾਰ ਸ੍ਰੀ ਜੇਤਲੀ ਨੂੰ ਉਮੀਦਵਾਰ ਬਣਾਏ ਜਾਣ ਲਈ ਆਖਿਆ ਜਾ ਚੁੱਕਾ ਸੀ ਤੇ ਉਨ੍ਹਾਂ ਭਰੋਸਾ ਵੀ ਦਿੱਤਾ ਸੀ ਕਿ ਜੇਕਰ ਸ੍ਰੀ ਜੇਤਲੀ ਨੂੰ ਉਮੀਦਵਾਰ ਬਣਾਇਆ ਗਿਆ ਤਾਂ ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਨੂੰ ਘਰ ਬੈਠਿਆਂ ਹੀ ਚੋਣ ਜਿਤਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾਏਗਾ। ਭਾਜਪਾ ਵੱਲੋਂ ਸ. ਸਿੱਧੂ ਤੇ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਚੱਲ ਰਹੇ ਟਕਰਾਅ ਨੂੰ ਖਤਮ ਕਰਨ ਲਈ ਵੀ ਗੁਰੂ ਨਗਰੀ ਦੇ ਲੋਕ ਸਭਾ ਹਲਕੇ ਤੋਂ ਸ੍ਰੀ ਜੇਤਲੀ ਨੂੰ ਉਮੀਦਵਾਰ ਬਣਾਇਆ ਗਿਆ ਹੈ।



ਇਸ ਤੋਂ ਇਲਾਵਾ ਸਥਾਨਕ ਭਾਜਪਾ ਆਗੂ ਵੀ ਇਕੱਠੇ ਹੋ ਕੇ ਇਹ ਮੰਗ ਕਰ ਚੁੱਕੇ ਸਨ ਕਿ ਇਸ ਹਲਕੇ ਤੋਂ ਸ੍ਰੀ ਜੇਤਲੀ ਨੂੰ ਹੀ ਉਮੀਦਵਾਰ ਬਣਾਇਆ ਜਾਵੇ। ਤਿੰਨ ਵਾਰ ਇਸ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਰਹੇ ਸ. ਸਿੱਧੂ ਨੂੰ ਇਸ ਵਾਰ ਟਿਕਟ ਨਾ ਮਿਲਣ ਦਾ ਇਕ ਕਾਰਨ ਉਸ ਦੇ ਸਥਾਨਕ ਭਾਜਪਾ ਆਗੂਆਂ ਨਾਲ ਸਬੰਧ ਠੀਕ ਨਾ ਹੋਣਾ ਵੀ ਹੈ। ਪੰਜਾਬ ਭਾਜਪਾ ਤੇ ਸਥਾਨਕ ਇਕਾਈ ਦੇ ਵਧੇਰੇ ਆਗੂ ਸ. ਸਿੱਧੂ ਦੇ ਵਿਰੁੱਧ ਸਨ ਤੇ ਇਸ ਬਾਰੇ ਰਿਪੋਰਟ ਵੀ ਹਾਈ ਕਮਾਂਡ ਕੋਲ ਭੇਜੀ ਗਈ ਸੀ ਜਿਸ ਵਿਚ ਸ. ਸਿੱਧੂ ਨੂੰ ਮੁੜ ਉਮੀਦਵਾਰ ਬਣਾਏ ਜਾਣ 'ਤੇ ਵੱਡੇ ਫਰਕ ਨਾਲ ਹਾਰਨ ਦਾ ਖਦਸ਼ਾ ਪ੍ਰਗਟਾਇਆ ਗਿਆ ਸੀ।

ਅੰਮ੍ਰਿਤਸਰ ਹੋਟਲ ਤੇ ਰੈਸਟੋਰੈਂਟ ਐਸੋਸੀਏਸ਼ਨ ਦੇ ਪ੍ਰਧਾਨ ਏ.ਪੀ.ਐਸ. ਚੱਠਾ ਨੇ ਆਖਿਆ ਕਿ ਸ. ਸਿੱਧੂ ਨੂੰ ਲੋਕ ਸਭਾ ਸੀਟ ਨਾ ਮਿਲਣ ਕਾਰਨ ਅੰਮ੍ਰਿਤਸਰ ਵਾਸੀਆਂ ਨੂੰ ਵੱਡਾ ਨੁਕਸਾਨ ਹੋਇਆ ਹੈ। ਸ. ਸਿੱਧੂ ਅਜਿਹੇ ਆਗੂ ਸਨ ਜੋ ਸ਼ਹਿਰ ਦੇ ਵਿਕਾਸ ਲਈ ਆਪਣੀ ਜੇਬ ਵਿਚੋਂ ਪੈਸੇ ਖਰਚ ਕਰਨ ਲਈ ਤਿਆਰ ਹੁੰਦੇ ਸਨ। ਸ਼੍ਰੋਮਣੀ ਅਕਾਲੀ ਦਲ ਨਾਲ ਸ. ਸਿੱਧੂ ਦੀ ਇਹ ਨਾਰਾਜ਼ਗੀ ਤਾਂ ਪਹਿਲਾਂ ਵੀ ਸੀ ਪਰ ਪਿਛਲੇ ਵਰ੍ਹੇ ਸਤੰਬਰ ਮਹੀਨੇ ਵਿਚ ਸ. ਸਿੱਧੂ ਨੇ ਐਲਾਨ ਕਰ ਦਿੱਤਾ ਕਿ ਉਸ ਦੇ ਵਧੇਰੇ ਪ੍ਰਾਜੈਕਟ ਅਕਾਲੀ ਸਰਕਾਰ ਮੁਕੰਮਲ ਨਹੀਂ ਕਰ ਰਹੀ ਤੇ ਜੇਕਰ ਇਹ ਸਾਰੀਆਂ ਯੋਜਨਾਵਾਂ ਨਿਰਧਾਰਤ ਸਮੇਂ ਵਿਚ ਮੁਕੰਮਲ ਨਾ ਹੋਈਆਂ ਤਾਂ ਉਹ ਮਰਨ ਵਰਤ 'ਤੇ ਬੈਠ ਜਾਣਗੇ।

ਸ. ਸਿੱਧੂ ਦੇ ਇਸ ਐਲਾਨ ਮਗਰੋਂ ਅਕਾਲੀ-ਭਾਜਪਾ ਸਰਕਾਰ ਕਸੂਤੀ ਸਥਿਤੀ ਵਿਚ ਫਸ ਗਈ ਸੀ ਤੇ ਮੁੱਖ ਮੰਤਰੀ ਨੂੰ ਸਾਰੀਆਂ ਯੋਜਨਾਵਾਂ ਬਾਰੇ ਐਲਾਨ ਕਰਨਾ ਪਿਆ ਸੀ ਕਿ ਇਨ੍ਹਾਂ ਯੋਜਨਾਵਾਂ ਨੂੰ ਤੈਅ ਸਮੇਂ ਵਿਚ ਮੁਕੰਮਲ ਕੀਤਾ ਜਾਏਗਾ। ਇਸ ਘਟਨਾ ਤੋਂ ਬਾਅਦ ਅਕਾਲੀ ਸਰਕਾਰ ਵੱਲੋਂ ਸ. ਸਿੱਧੂ ਨੂੰ ਮੁਕੰਮਲ ਤੌਰ 'ਤੇ ਅਣਦੇਖਿਆ ਕਰਨਾ ਸ਼ੁਰੂ ਕਰ ਦਿੱਤਾ ਸੀ ਤੇ ਦੋਵਾਂ ਵਿਚਾਲੇ ਦੂਰੀਆਂ ਵਧ ਗਈਆਂ ਸਨ ਜੋ ਹੁਣ ਸ. ਸਿੱਧੂ ਦੀ ਉਮੀਦਵਾਰੀ ਲਈ ਭਾਰੀ ਪਈਆਂ ਹਨ। ਸ. ਸਿੱਧੂ ਵੱਲੋਂ ਸ੍ਰੀ ਜੇਤਲੀ ਨੂੰ ਟਿਕਟ ਦਿੱਤੇ ਜਾਣ ਦਾ ਭਾਵੇਂ ਸਵਾਗਤ ਕੀਤਾ ਗਿਆ ਪਰ ਵੱਖ-ਵੱਖ ਹਲਕਿਆਂ ਬਾਰੇ ਵੱਖਰੇ ਪ੍ਰਤੀਕਰਨ ਹਨ। ਸਾਬਕਾ ਅਕਾਲੀ ਮੰਤਰੀ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਇਹ ਹਲਕਾ ਵਧੇਰੇ ਸਿੱਖ ਵਸੋਂ ਵਾਲਾ ਹੈ ਤੇ ਇਥੋਂ ਕੋਈ ਸਿੱਖ ਵਿਅਕਤੀ ਹੀ ਉਮੀਦਵਾਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਆਪਣਾ ਉਮੀਦਵਾਰ ਖੜ੍ਹਾ ਕਰਨਾ ਚਾਹੀਦਾ ਸੀ।

# ਗੋਲੀ ਮਾਰ ਕੇ ਅਕਾਲੀ ਆਗੂ ਦੀ ਹੱਤਿਆ

**ਬਠਿੰਡਾ:** ਕੁਝ ਮਹੀਨੇ ਪਹਿਲਾਂ ਪੀਪਲਜ਼ ਪਾਰਟੀ ਆਫ਼ ਪੰਜਾਬ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਏ ਨੌਜਵਾਨ ਆਗੂ ਅਮਨਾ ਸਧਾਣਾ ਦਾ ਚਚੇਰੇ ਭਰਾਵਾਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਪੁਲਿਸ ਮੁਤਾਬਕ ਅਮਨਾ ਸਧਾਣਾ ਦੀ ਆਪਣੇ ਚਚੇਰੇ ਭਰਾਵਾਂ ਨਾਲ ਦੁਸ਼ਮਣੀ ਚਲੀ ਆ ਰਹੀ ਸੀ ਤੇ ਇਹ ਕਤਲ ਉਸੇ ਦਾ ਨਤੀਜਾ ਹੈ। ਅਮਨਦੀਪ ਸਿੰਘ ਉਰਫ਼ ਅਮਨਾ ਸਧਾਣਾ ਪੀ.ਪੀ.ਪੀ ਵਿਚ ਲੱਖਾ ਸਧਾਣਾ ਦੇ ਸਾਥੀ ਰਹੇ ਹਨ। ਅਸੈਂਬਲੀ ਚੋਣਾਂ ਦੇ ਪ੍ਰਚਾਰ ਦੌਰਾਨ ਇਸ ਪਿੰਡ ਦੇ ਇਕ ਨੌਜਵਾਨ ਦਾ ਕਤਲ ਹੋ ਗਿਆ ਸੀ। ਹੁਣ ਲੋਕ ਸਭਾ ਚੋਣਾਂ ਮੌਕੇ ਸਧਾਣਾ ਵਿਚ ਇਕ ਹੋਰ ਕਤਲ ਹੋ ਗਿਆ ਹੈ।

ਪੁਲਿਸ ਨੇ ਅਮਨਾ ਸਧਾਣਾ ਦੇ ਭਰਾ ਜਸਵੀਰ ਸਿੰਘ ਦੇ ਬਿਆਨਾਂ 'ਤੇ ਚਚੇਰੇ ਭਰਾ ਗੁਰਲਾਲ ਸਿੰਘ ਉਰਫ਼ ਲਾਲੀ ਤੇ ਦਲਜੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਸਧਾਣਾ 'ਤੇ ਮਾਮਲਾ ਦਰਜ ਕਰ ਲਿਆ ਹੈ। ਅਮਨਾ ਸਧਾਣਾ ਆਪਣੇ ਸਾਥੀ ਹਰਪ੍ਰੀਤ ਸਿੰਘ ਉਰਫ਼ ਨਿੱਕੂ ਨਾਲ ਘਰ ਦੇ ਬਾਹਰ ਬਣੇ ਕਮਰੇ ਵਿਚ ਸੁੱਤਾ ਪਿਆ ਸੀ। ਮ੍ਰਿਤਕ ਦੇ ਭਰਾ ਜਸਵੀਰ ਸਿੰਘ ਮੁਤਾਬਕ ਰਾਤ ਤਕਰੀਬਨ ਢਾਈ ਵਜੇ ਦੋ ਮੋਟਰ ਸਾਈਕਲਾਂ 'ਤੇ ਆਏ ਵਿਅਕਤੀਆਂ ਨੇ ਪਹਿਲਾਂ ਸਾਜ਼ਿਸ਼ੀ ਤਰੀਕੇ ਨਾਲ ਘਰ ਦੇ ਬਾਹਰ ਵਾਲੇ ਕਮਰੇ ਦੇ ਲੱਕੜ ਦੇ ਗੇਟ 'ਤੇ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ।

ਹਮਲਾਵਰ ਖੁਦ ਮੁੱਖ ਗੇਟ 'ਤੇ ਪੌੜੀ ਲਾ ਕੇ ਘਰ ਅੰਦਰ ਦਾਖ਼ਲ ਹੋ ਗਏ। ਜਦੋਂ ਅੱਗ ਕਾਰਨ ਕਮਰੇ ਅੰਦਰ ਧੂੰਆਂ ਭਰ ਗਿਆ ਤਾਂ ਅਮਨਾ ਸਧਾਣਾ ਅਚਾਨਕ ਉਠ ਖੜ੍ਹਾ ਹੋਇਆ ਤੇ ਭੱਜ ਕੇ ਕਮਰੇ ਤੋਂ ਬਾਹਰ ਆ ਗਿਆ। ਬਾਹਰ ਖੜ੍ਹੇ ਹਮਲਾਵਰਾਂ ਨੇ ਉਸ 'ਤੇ ਗੋਲੀਆਂ ਚਲਾਈਆਂ ਜੋ ਉਸ ਦੇ ਮੱਥੇ ਵਿਚ ਲੱਗੀਆਂ। ਪਤਾ ਲੱਗਾ ਹੈ ਕਿ ਮ੍ਰਿਤਕ ਦੇ ਭਰਾ ਨੇ ਵੀ ਮੌਕੇ 'ਤੇ ਫਾਇਰਿੰਗ ਕੀਤੀ ਪਰ ਹਮਲਾਵਰ ਉਸ 'ਤੇ ਫਾਇਰਿੰਗ ਕਰਦੇ ਹੋਏ ਭੱਜਣ ਵਿਚ ਸਫ਼ਲ ਹੋ ਗਏ।

ਪੁਲਿਸ ਮੁਤਾਬਕ ਕਾਫ਼ੀ ਸਮਾਂ ਪਹਿਲਾਂ ਅਮਨਾ ਸਧਾਣਾ ਤੇ ਹੋਰਨਾਂ ਨੇ ਚਚੇਰੇ ਭਰਾ ਗੁਰਲਾਲ ਸਿੰਘ ਲਾਲੀ 'ਤੇ ਹਮਲਾ ਕਰਕੇ ਲੱਤਾਂ ਤੋੜ ਦਿੱਤੀਆਂ ਸਨ ਜਿਸ ਦੀ ਰੰਜ਼ਿਸ਼ ਉਸ ਦੇ ਮਨ ਵਿਚ ਸੀ। ਐਸ.ਐਸ.ਪੀ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਘਰੇਲੂ ਸ਼ਰੀਕੇ ਬਾਜ਼ੀ ਵਿਚ ਇਹ ਕਤਲ ਹੋਇਆ ਹੈ ਤੇ ਇਨ੍ਹਾਂ ਪਰਿਵਾਰਾਂ ਦੇ ਆਪਸੀ ਲੜਾਈ ਝਗੜੇ ਦੇ ਪੁਲਿਸ ਕੇਸ ਪਹਿਲਾਂ ਵੀ ਦਰਜ ਹਨ।

# ਸਾਬਕਾ ਮੰਤਰੀ ਮਿਹਰਬਾਨ ਅਕਾਲੀ ਦਲ ਵਿਚ ਸ਼ਾਮਲ

**ਚੰਡੀਗੜ੍ਹ:** ਪੰਜਾਬ ਵਿਚ ਚੋਣ ਸਰਗਰਮੀਆਂ ਸ਼ੁਰੂ ਹੁੰਦਿਆਂ ਹੀ ਦਲਬਦਲੀਆਂ ਦਾ ਦੌਰ ਚੱਲ ਪਿਆ ਹੈ। ਕਾਂਗਰਸ ਦੇ ਸਾਬਕਾ ਮੰਤਰੀ ਈਸ਼ਰ ਸਿੰਘ ਮਿਹਰਬਾਨ ਤੇ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਕਈ ਆਗੂਆਂ ਨੇ ਆਪਣੀਆਂ ਵਫ਼ਾਦਾਰੀਆਂ ਬਦਲਦਿਆਂ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਇਸ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੂੰ ਝਟਕਾ ਲੱਗਾ ਹੈ।

ਕਈ ਸਾਲ ਕਾਂਗਰਸ ਦੇ ਗੁਣਗਾਣ ਕਰਦੇ ਰਹੇ ਸਾਬਕਾ ਮੰਤਰੀ ਤੇ ਵਿਧਾਨ ਸਭਾ ਹਲਕਾ ਕੁੰਮ ਕਲਾਂ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਈਸ਼ਰ ਸਿੰਘ ਮਿਹਰਬਾਨ ਨੇ ਪੈਂਤੜਾ ਬਦਲਦਿਆਂ ਜਿਥੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਉਪਰ ਦੋਸ਼ਾਂ ਦੀ ਝੜੀ ਲਾਈ ਉਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ। ਕਾਂਗਰਸ ਦੇ ਦੋ ਵਿਧਾਇਕਾਂ ਜੀਤ ਮਹਿੰਦਰ ਸਿੰਘ ਸਿੱਧੂ ਤੇ ਜੋਗਿੰਦਰ ਸਿੰਘ ਜੈਨ ਤੇ ਸਾਬਕਾ ਮੰਤਰੀ ਅਵਤਾਰ ਸਿੰਘ ਬਰਾੜ ਦੇ ਅਕਾਲੀ ਦਲ ਵਿਚ ਸ਼ਾਮਲ ਹੋਣ ਕਾਰਨ ਕਾਂਗਰਸ ਨੂੰ ਪਹਿਲਾਂ ਹੀ ਕਈ ਸਿਆਸੀ ਝਟਕੇ ਲੱਗ ਚੁੱਕੇ ਹਨ।

ਇਸ ਮੌਕੇ ਸੁਖਬੀਰ ਬਾਦਲ ਨੇ ਕਿਹਾ ਕਿ ਅਗਲੇ ਦਿਨੀਂ 'ਭ੍ਰਿਸ਼ਟ' ਕਾਂਗਰਸ ਪਾਰਟੀ ਦੇ ਕਈ ਹੋਰ 'ਹੀਰਿਆਂ' ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਲੋਕ ਸਭਾ ਦੀਆਂ ਚੋਣਾਂ ਦੌਰਾਨ ਕਾਂਗਰਸ ਵਿਰੋਧੀ ਹਵਾ ਨੂੰ ਦੇਖਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਚੋਣਾਂ ਲੜਨ ਤੋਂ ਹੀ ਭੱਜ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਜਰਨੈਲ ਹੀ ਮੈਦਾਨ ਛੱਡ ਗਿਆ ਤਾਂ ਕਾਂਗਰਸ ਦੀਆਂ ਫੌਜਾਂ ਕੀ ਲੜਾਈ ਦੇਣਗੀਆਂ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਤੋਂ ਨਵਜੋਤ ਸਿੱਧੂ ਦੀ ਥਾਂ ਅਰੁਣ ਜੇਤਲੀ ਨੂੰ ਚੋਣ ਲੜਾਉਣ ਦਾ ਫੈਸਲਾ ਭਾਜਪਾ ਨੇ ਲਿਆ ਹੈ ਤੇ ਅਕਾਲੀ ਦਲ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਉਂਜ ਸ੍ਰੀ ਜੇਤਲੀ ਵੱਲੋਂ ਪੰਜਾਬ ਵਿਚੋਂ ਚੋਣ ਲੜਨ ਕਾਰਨ ਭਵਿੱਖ ਵਿਚ ਇਸ ਦਾ ਰਾਜ ਨੂੰ ਵੱਡਾ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਤਲਵੰਡੀ ਸਾਬੋ ਵਿਧਾਨ ਸਭਾ ਹਲਕੇ ਤੋਂ ਚੋਣ ਕਰਵਾਉਣ ਦਾ ਫੈਸਲਾ ਚੋਣ ਕਮਿਸ਼ਨ ਜਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਾਲ ਜੁੜਿਆ ਹੈ ਤੇ ਇਸ ਨਾਲ ਪਾਰਟੀ ਦਾ ਕੋਈ ਸਬੰਧ ਨਹੀਂ ਹੈ।

# ਅਕਾਲੀ ਦਲ (ਅ) ਵੱਲੋਂ ਖਾਲਸਾਈ ਸੋਚ 'ਤੇ ਪਹਿਰਾ ਦੇਣ ਦਾ ਸੱਦਾ

**ਆਨੰਦਪੁਰ ਸਾਹਿਬ:** ਚੋਣ ਕਮਿਸ਼ਨਰ ਵੱਲੋਂ ਹੋਲੇ-ਮਹੱਲੇ ਮੌਕੇ ਹੋਣ ਵਾਲੀਆਂ ਸਿਆਸੀ ਪਾਰਟੀਆਂ ਦੀਆਂ ਕਾਨਫਰੰਸਾਂ 'ਤੇ ਲਾਈ ਮੁਕੰਮਲ ਪਾਬੰਦੀ ਦੇ ਬਾਵਜੂਦ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸਾਹਮਣੇ ਸਰੋਵਰ ਦੇ ਨਜ਼ਦੀਕ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਧਾਰਮਿਕ ਸਟੇਜ ਲਾਈ ਗਈ।

ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵਿਦੇਸ਼ ਗਏ ਹੋਣ ਕਾਰਨ ਇਸ ਕਾਨਫਰੰਸ ਵਿਚ ਨਹੀਂ ਪੁੱਜ ਸਕੇ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਤੇ ਲੋਕ ਸਭਾ ਸੀਟ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਜਸਵੰਤ ਸਿੰਘ ਮਾਨ ਨੇ ਕਿਹਾ ਕਿ ਗੁਰੂ ਸਾਹਿਬਾਨ ਨੇ ਸਿੱਖ ਕੌਮ ਨੂੰ ਹੋਲੇ ਮਹੱਲੇ ਦੇ ਦਿਹਾੜੇ 'ਤੇ ਆਪਣੇ ਰਵਾਇਤੀ ਹਥਿਆਰਾਂ, ਘੋੜਿਆਂ ਤੇ ਹੋਰ ਜੰਗਜੂ ਸਾਮਾਨ ਨਾਲ ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ ਕੀਤੀ ਸੀ। ਅਸਲ ਵਿਚ ਸਿੱਖ ਕੌਮ ਨੂੰ ਹਰ ਤਰ੍ਹਾਂ ਦੇ ਜਬਰ-ਜ਼ੁਲਮ, ਬੇਇਨਸਾਫ਼ੀਆਂ ਤੇ ਸਮੇਂ ਦੇ ਸਮਾਜ ਵਿਚ ਉਤਪੰਨ ਹੋਈਆਂ ਬੁਰਾਈਆਂ ਦਾ ਅੰਤ ਕਰਨ ਲਈ ਇਸ ਦਿਨ ਨੂੰ ਮਹੱਤਵ ਦਿੱਤਾ ਸੀ।

ਉਨ੍ਹਾਂ ਕਿਹਾ ਕਿ ਇਹ ਦਿਹਾੜਾ ਸਿਰਫ ਸਿੱਖ ਕੌਮ ਲਈ ਹੀ ਨਹੀਂ ਬਲਕਿ ਸਮੁੱਚੀ ਇਨਸਾਫਪਸੰਦ ਮਨੁੱਖਤਾ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਮਹਾਨ ਅਸਥਾਨ ਨੂੰ ਨਤਮਸਤਕ ਹੁੰਦੇ ਹੋਏ ਜਿਥੇ ਸਮੁੱਚੀਆਂ ਬੁਰਾਈਆਂ ਵਿਰੁੱਧ ਦ੍ਰਿੜ੍ਹਤਾ ਨਾਲ ਲੜਨ ਦਾ ਪ੍ਰਣ ਕਰਦੇ ਹਾਂ, ਉਥੇ ਆਈ ਗਿਰਾਵਟਾਂ ਨੂੰ ਦੂਰ ਕਰਕੇ ਆਪਣੇ ਮਨੁੱਖੀ ਜਾਮੇ ਵਾਲੇ ਜੀਵਨ ਨੂੰ ਹੋਰ ਬਿਹਤਰ ਬਣਾਉਣ ਲਈ ਵੀ ਯਤਨਸ਼ੀਲ ਹੋਣਾ ਪਵੇਗਾ।

ਪਾਰਟੀ ਦੇ ਜਨਰਲ ਸਕੱਤਰ ਪ੍ਰੋ. ਮਹਿੰਦਰਪਾਲ ਸਿੰਘ ਨੇ ਸਮੁੱਚੀ ਸਿੱਖ ਕੌਮ ਨੂੰ ਆਪਣੀ ਖਾਲਸਾਈ ਸੋਚ ਉੱਤੇ ਪਹਿਰਾ ਦੇਣ ਦੀ ਅਪੀਲ ਕੀਤੀ, ਉਥੇ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਬੀਤੇ ਸਮੇਂ ਤੇ ਅਜੋਕੇ ਸਮੇਂ ਵਿਚ ਪਾਰਟੀ ਵੱਲੋਂ ਧਾਰਮਿਕ, ਇਖਲਾਕੀ, ਸਮਾਜਿਕ, ਸਿਆਸੀ ਤੇ ਕੌਮੀ ਤੌਰ 'ਤੇ ਕੀਤੀਆਂ ਪ੍ਰਾਪਤੀਆਂ ਦਾ ਸੰਖੇਪ ਵਿਚ ਵੇਰਵਾ ਦਿੱਤਾ। ਉਨ੍ਹਾਂ ਦੀ ਪਾਰਟੀ ਨੂੰ ਹਰ ਪੱਖੋਂ ਮਜ਼ਬੂਤ ਕਰਨ ਤੇ ਗੁਰੂ ਸਾਹਿਬਾਨ ਦੀ ਸੋਚ ਨੂੰ ਅਮਲੀ ਰੂਪ ਵਿਚ ਸਾਹਮਣੇ ਲਿਆਉਣ ਦੀ ਸੰਗਤਾਂ ਨੂੰ ਅਪੀਲ ਕੀਤੀ। ਕਾਨਫਰੰਸ ਵਿਚ ਪਾਰਟੀ ਨੇ 20 ਦੇ ਕਰੀਬ ਧਾਰਮਿਕ, ਸਮਾਜਿਕ ਤੇ ਸਿਆਸੀ ਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ।

## ਨਿਊਜ਼ੀਲੈਂਡ ਵਿਚ ਸਿੱਖ 'ਤੇ ਘਰੇਲੂ ਹਿੰਸਾ ਦੇ ਦੋਸ਼ ਲੱਗੇ

**ਮੈਲਬਰਨ:** ਨਿਊਜ਼ੀਲੈਂਡ ਵਿਚ ਇਕ ਸਿੱਖ 'ਤੇ ਪਤਨੀ ਉਪਰ ਤਸ਼ੱਦਦ ਢਾਹੁਣ ਤੇ ਜਬਰ ਜਨਾਹ ਦੇ ਦੋਸ਼ ਲੱਗੇ ਹਨ। ਨੇਪੀਅਰ ਜ਼ਿਲ੍ਹਾ ਅਦਾਲਤ ਵਿਚ ਜਿਊਰੀ ਨੇ 2012 ਵਿਚ ਪਤਨੀ 'ਤੇ ਤਸ਼ੱਦਦ ਢਾਹ ਕੇ ਬਲਾਤਕਾਰ ਕਰਨ, ਮਾਰਨ ਦੀ ਧਮਕੀ ਦੇਣ ਸਮੇਤ ਅੱਠ ਮਾਮਲਿਆਂ ਵਿਚ ਇਸ ਵਿਅਕਤੀ ਨੂੰ ਦੋਸ਼ੀ ਪਾਇਆ ਹੈ। ਇਸ ਵਿਅਕਤੀ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ ਤਾਂ ਜੋ ਪੀੜਤ ਮਹਿਲਾ ਦੀ ਪਛਾਣ ਜੱਗ ਜ਼ਾਹਰ ਨਾ ਹੋਵੇ।

'ਨਿਊਜ਼ੀਲੈਂਡ ਹੈਰਾਲਡ' ਦੀ ਰਿਪੋਰਟ ਮੁਤਾਬਕ ਦੋਹਾਂ ਦਾ ਵਿਆਹ ਭਾਰਤ ਵਿਚ ਹੋਣ ਤੋਂ ਬਾਅਦ ਉਹ ਨਿਊਜ਼ੀਲੈਂਡ ਆ ਗਏ ਸਨ।

ਅਦਾਲਤ ਵਿਚ ਦੱਸਿਆ ਗਿਆ ਕਿ ਇਸ ਵਿਅਕਤੀ ਨੇ ਆਪਣੇ ਬਿਸਤਰੇ ਦੇ ਸਿਰਹਾਣੇ 45 ਸੈਂਟੀਮੀਟਰ ਲੰਮਾ ਚਾਕੂ ਰੱਖਿਆ ਹੋਇਆ ਸੀ ਜਿਸ ਦਾ ਡਰਾਵਾ ਦੇ ਕੇ ਉਹ ਪਤਨੀ ਨਾਲ ਜ਼ਬਰਦਸਤੀ ਕਰਦਾ ਸੀ। ਉਹ ਪਤਨੀ ਨੂੰ ਮਾਰਦਾ-ਕੁੱਟਦਾ ਵੀ ਸੀ ਤੇ ਜਾਨੋਂ ਮਾਰਨ ਦੀ ਧਮਕੀ ਦਿੰਦਾ ਸੀ।

# ਬਾਦਲ ਨੇ ਧਾਰਮਿਕ ਕਾਨਫਰੰਸ ਵਿਚ ਵੀ ਸਾਧੇ ਸਿਆਸੀ ਨਿਸ਼ਾਨੇ

**ਆਨੰਦਪੁਰ ਸਾਹਿਬ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੀ ਧਾਰਮਿਕ ਕਾਨਫਰੰਸ ਵਿਚ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਹਾਲਾਤ ਐਮਰਜੈਂਸੀ ਵਰਗੇ ਹੋ ਗਏ ਹਨ ਕਿਉਂਕਿ ਕਾਂਗਰਸੀਆਂ ਦੇ ਇਸ਼ਾਰੇ 'ਤੇ ਚੋਣ ਕਮਿਸ਼ਨ ਨੇ ਬੋਲਣ 'ਤੇ ਵੀ ਪਾਬੰਦੀ ਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਹ ਚੋਣ ਕਮਿਸ਼ਨ ਦੇ ਕਹਿਣ 'ਤੇ ਆਪਣੇ ਧਰਮ ਨੂੰ ਨਹੀਂ ਛੱਡ ਸਕਦੇ। ਜਦਕਿ ਧਰਮ ਵਿਚ ਮੀਰੀ ਤੇ ਪੀਰੀ ਦੋਵੇਂ ਇਕੱਠੇ ਹਨ ਜਿਸ ਕਰਕੇ ਧਰਮ ਤੇ ਰਾਜਨੀਤੀ ਨੂੰ ਇਕੱਠੇ ਲੈ ਕੇ ਚੱਲ ਰਹੇ ਹਾਂ।

ਸ. ਬਾਦਲ ਨੇ ਚਿਤਾਵਨੀ ਭਰੇ ਲਹਿਜ਼ੇ ਵਿਚ ਕਿਹਾ ਕਿ ਇਸ ਵਾਰ ਉਹ ਚੋਣ ਕਮਿਸ਼ਨ ਦੇ ਪ੍ਰਾਪਤ ਹੋਏ ਹੁਕਮਾਂ ਦਾ ਸਤਿਕਾਰ ਕਰਦੇ ਹਨ ਪਰ ਭਵਿੱਖ ਵਿਚ ਕਿਸੇ ਵੀ ਅਜਿਹੇ ਸਮਾਗਮ 'ਤੇ ਪਾਬੰਦੀ ਖ਼ਿਲਾਫ਼ ਸਖ਼ਤੀ ਨਾਲ ਰੋਸ ਪ੍ਰਗਟ ਕੀਤਾ




ਜਾਏਗਾ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾਂ ਹੀ ਸਿੱਖਾਂ ਦੇ ਮਸਲਿਆਂ ਵਿਚ ਦਖ਼ਲ ਦਿੱਤਾ ਹੈ। ਇਸ ਵਾਰ ਵੀ ਕਾਂਗਰਸੀਆਂ ਦੀ ਆਪਣੀ ਖਹਿਬਾਜ਼ੀ ਕਰਕੇ ਉਹ ਹੋਲੇ ਮਹੱਲੇ ਮੌਕੇ ਕਾਨਫਰੰਸ ਨਹੀਂ ਕਰਨਾ ਚਾਹੁੰਦੇ ਸਨ ਜਿਸ ਕਰਕੇ ਉਨ੍ਹਾਂ ਫ਼ਜ਼ੂਲ ਦੀ ਸ਼ਿਕਾਇਤ ਕੀਤੀ ਤੇ ਚੋਣ ਕਮਿਸ਼ਨ ਨੇ ਉਸ 'ਤੇ ਅਮਲ ਕਰਦੇ ਹੋਏ ਉਹ ਫ਼ੈਸਲਾ ਦਿੱਤਾ ਜੋ ਸ਼ਾਇਦ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਵੀ ਨਹੀਂ ਹੋਇਆ।

ਸ. ਬਾਦਲ ਨੇ ਕਿਹਾ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਹੈ ਤੇ ਇਥੇ ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ। ਨਾਲੇ ਸ਼੍ਰੋਮਣੀ ਕਮੇਟੀ ਤੋਂ ਕਿਰਾਏ 'ਤੇ ਜ਼ਮੀਨ ਲੈ ਕੇ ਹਰ ਸਾਲ ਦੀ ਤਰ੍ਹਾਂ ਆਪਣੀ ਕਾਨਫਰੰਸ ਕਰਨ ਲਈ ਆਏ ਸੀ ਪਰ ਚੋਣ ਕਮਿਸ਼ਨ ਨੇ ਸੰਦੇਸ਼ ਭੇਜ ਕੇ ਇਹ ਕਾਨਫਰੰਸ ਨਾ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਤਲਵੰਡੀ ਸਾਬੋ ਵਿਖੇ ਵਿਸਾਖੀ ਮੌਕੇ ਹੋਣ ਵਾਲੀ ਕਾਨਫਰੰਸ ਨੂੰ ਵੀ ਜੇਕਰ ਇਸੇ ਤਰ੍ਹਾਂ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਰੋਸ ਪ੍ਰਗਟ ਕੀਤਾ ਜਾਏਗਾ।

# ਭਾਈ ਸੁਰਿੰਦਰ ਸਿੰਘ ਸਰਪੰਚ ਦੇ ਚਲਾਣੇ 'ਤੇ ਅਫਸੋਸ ਦਾ ਪ੍ਰਗਟਾਵਾ

**ਨਿਊ ਯਾਰਕ (ਬਿਊਰੋ):** ਪੰਥਕ ਜਥੇਬੰਦੀ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਏ ਐਸ ਓ) ਨੇ ਸਿੱਖ ਸੰਘਰਸ਼ ਦੇ ਯੋਧੇ ਅਤੇ ਬੱਬਰ ਖਾਲਸਾ ਜਥੇਬੰਦੀ ਦੇ ਸਰਗਰਮ ਮੈਂਬਰ ਰਹੇ ਭਾਈ ਸੁਰਿੰਦਰ ਸਿੰਘ ਸਰਪੰਚ ਦੇ ਅਕਾਲ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਸ ਨੂੰ ਖਾਲਸਾ ਪੰਥ ਲਈ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਹੈ। ਜਥੇਬੰਦੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਵਲੋਂ ਧਾਰਮਿਕ ਸੁਰਤਿ ਵਿਚੋਂ ਪੈਦਾ ਹੋਈ ਦੂਰਅੰਦੇਸ਼ੀ ਅਤੇ ਰਾਜਨੀਤਕ ਸੂਝਬੂਝ ਨਾਲ ਆਖਰੀ ਸਵਾਸਾਂ ਤੱਕ ਨਿਭਾਈਆਂ ਪੰਥਕ ਸੇਵਾਵਾਂ ਦਾ ਪੰਥ ਅਤੇ ਜਥੇਬੰਦੀ ਨੂੰ ਪੂਰਾ ਮਾਣ ਰਹੇਗਾ।



*ਭਾਈ ਸੁਰਿੰਦਰ ਸਿੰਘ ਸਰਪੰਚ*

ਭਾਈ ਸੁਰਿੰਦਰ ਸਿੰਘ ਪਿਛਲੇ ਕਾਫੀ ਸਮੇਂ ਤੋਂ ਅਧਰੰਗ ਦੀ ਬਿਮਾਰੀ ਨਾਲ ਜੂਝ ਰਹੇ ਸਨ ਅਤੇ ਇਲਾਜ ਕਰਵਾਉਣ ਲਈ ਇੰਡੀਆ ਗਏ ਸਨ ਜਿਥੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਪਿਛਲੇ ਕਾਫੀ ਸਮੇਂ ਤੋਂ ਉਹ ਅਮਰੀਕਾ ਆਣ ਵੱਸੇ ਸਨ। ਪਹਿਲਾਂ ਉਹ ਨਿਊ ਯਾਰਕ ਰਹੇ ਜਿਥੇ ਉਹ ਗੁਰੂਦੁਆਰਾ ਸਿੱਖ ਸੈਂਟਰ ਫਲੱਸ਼ਿੰਗ ਦੇ ਕਈ ਸਾਲ ਮੁੱਖ ਸੇਵਾਦਾਰ ਰਹੇ। ਉਨ੍ਹਾਂ ਦਾ ਪਿਛਲਾ ਪਿੰਡ ਬਿਧੀਪੁਰ, ਜ਼ਿਲ੍ਹਾ ਜਲੰਧਰ ਸੀ।

ਗੁਰਸਿੱਖੀ ਦੀ ਦਾਤ ਉਨ੍ਹਾਂ ਨੂੰ ਆਪਣੇ ਵਿਰਸੇ ਵਿਚੋਂ ਮਿਲੀ ਕਿਉਂਕਿ ਉਨ੍ਹਾਂ ਦੇ ਪਿਤਾ ਪੰਥ ਪ੍ਰਸਿਧ ਢਾਡੀ ਸਨ। 1978 ਦੇ ਖੂਨੀ ਸਾਕੇ ਨੇ ਉਨ੍ਹਾਂ ਨੂੰ ਧੁਰ ਅੰਦਰ ਤੱਕ ਹਲੂਣਿਆ ਅਤੇ ਉਹ ਖਾੜਕੂ ਲਹਿਰ ਵਿਚ ਕੁੱਦ ਪਏ। ਬੱਬਰ ਖਾਲਸਾ ਜਥੇਬੰਦੀ ਦੀਆਂ ਮੋਹਰਲੀਆਂ ਸਫਾਂ ਦੇ ਆਗੂਆਂ ਜਥੇਦਾਰ ਸੁਖਦੇਵ ਸਿੰਘ ਬੱਬਰ, ਵਧਾਵਾ ਸਿੰਘ ਬੱਬਰ, ਅਨੋਖ ਸਿੰਘ ਬੱਬਰ ਅਤੇ ਸੁਲੱਖਣ ਸਿੰਘ ਬੱਬਰ ਦੇ ਨਜ਼ਦੀਕੀ ਸਾਥੀਆਂ ਵਿਚੋਂ ਸਨ। ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦੇ ਵੀ ਉਹ ਬਹੁਤ ਕਰੀਬੀ ਸਾਥੀ ਸਨ। ਇਸ ਦੌਰਾਨ ਉਨ੍ਹਾਂ ਨੂੰ ਜਾਲਮ ਪੁਲਿਸ ਅਫਸਰ ਸਵਰਨ ਸਿੰਘ ਘੋਟਣੇ ਦੇ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ। ਇਸ ਤਸ਼ੱਦਦ ਕਾਰਨ ਉਨ੍ਹਾਂ ਦਾ ਸਰੀਰ ਜ਼ੀਰਨ ਹੋ ਗਿਆ ਅਤੇ ਉਹ ਪਿਛਲੇ ਲੰਮੇ ਸਮੇਂ ਤੋਂ ਅਧਰੰਗ ਦੀ ਬਿਮਾਰੀ ਨਾਲ ਜੂਝ ਰਹੇ ਸਨ।


# ਤਰਲੋਚਨ ਸਿੰਘ ਤੁੜ 'ਆਪ' ਵਿਚ ਸ਼ਾਮਲ

**ਤਰਨ ਤਾਰਨ:** ਹਲਕਾ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ, ਜਦ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਮੋਹਨ ਸਿੰਘ ਤੁੜ ਦੇ ਪੁੱਤਰ ਸਾਬਕਾ ਸੰਸਦ ਮੈਂਬਰ ਜਥੇਦਾਰ ਤਰਲੋਚਨ ਸਿੰਘ ਤੁੜ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ (ਆਪ) ਵਿਚ ਸ਼ਾਮਲ ਹੋ ਗਏ। ਜਥੇਦਾਰ ਤੁੜ ਦੋ ਵਾਰ ਤਰਨ ਤਾਰਨ ਲੋਕ ਸਭਾ ਹਲਕੇ ਤੋਂ ਚੋਣ ਜਿੱਤ ਚੁੱਕੇ ਹਨ।

ਲੋਕ ਸਭਾ ਚੋਣਾਂ ਵਿਚ ਹਲਕਾ ਖਡੂਰ ਸਾਹਿਬ ਤੋਂ ਜਥੇਦਾਰ ਤਰਲੋਚਨ ਸਿੰਘ ਤੁੜ ਨੂੰ ਆਮ ਆਦਮੀ ਪਾਰਟੀ ਵੱਲੋਂ ਉਮੀਦਵਾਰ ਬਣਾਏ ਜਾਣ ਦਾ ਐਲਾਨ ਹੋ ਸਕਦਾ ਹੈ।

# ਯਾਦਵਿੰਦਰ ਸਿੰਘ ਗਰੇਵਾਲ ਦੀ ਪਤਨੀ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸਥਾਨਕ ਸਿੱਖ ਭਾਈਚਾਰੇ ਦੇ ਇਕ ਸਰਗਰਮ ਮੈਂਬਰ ਯਾਦਵਿੰਦਰ ਸਿੰਘ ਗਰੇਵਾਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੀ ਧਰਮ ਪਤਨੀ ਬੀਬੀ ਬਲਵਿੰਦਰ ਕੌਰ ਗਰੇਵਾਲ (49 ਸਾਲ) ਇੰਡੀਆ ਪਿੰਡ ਬੜਵਾ, ਨਵਾਂ ਸ਼ਹਿਰ ਵਿਚ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਧਾਰਮਿਕ ਯਾਤਰਾ ਤੋਂ ਵਾਪਸ ਪਰਤ ਰਹੇ ਸਨ ਕਿ ਅਚਾਨਕ ਬਿਮਾਰ ਹੋ ਗਏ।



ਬੀਬੀ ਬਲਵਿੰਦਰ ਕੌਰ ਆਪਣੇ ਪਿਛੇ ਪਤੀ ਯਾਦਵਿੰਦਰ ਸਿੰਘ ਗਰੇਵਾਲ ਤੋਂ ਇਲਾਵਾ ਇਕ ਬੇਟਾ ਹਰਪ੍ਰੀਤ ਸਿੰਘ (27 ਸਾਲ), ਇਕ ਬੇਟੀ ਨਵਪ੍ਰੀਤ ਕੌਰ (24 ਸਾਲ) ਅਤੇ ਦਾਮਾਦ ਵਰਨਜੋਤਵੀਰ ਸਿੰਘ ਹੋਠੀ ਛੱਡ ਗਏ ਹਨ। ਸ੍ਰੀ ਯਾਦਵਿੰਦਰ ਸਿੰਘ ਨਾਲ ਸੰਪਰਕ ਫੋਨ 773-627-9113 ਰਾਹੀਂ ਕੀਤਾ ਜਾ ਸਕਦਾ ਹੈ।

# ਹੋਲਾ ਮਹੱਲੇ ਦੌਰਾਨ ਲੱਖਾਂ ਸ਼ਰਧਾਲੂ ਹੋਏ ਨਤਮਸਤਕ

**ਆਨੰਦਪੁਰ ਸਾਹਿਬ:** ਖ਼ਾਲਸਾ ਪੰਥ ਦੇ ਜਨਮ ਸਥਾਨ ਆਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦਾ ਤਿਉਹਾਰ ਪੂਰੇ ਜਾਹੋ ਜਲਾਲ ਨਾਲ ਸਮਾਪਤ ਹੋ ਗਿਆ। ਲੱਖਾਂ ਸ਼ਰਧਾਲੂਆਂ ਨੇ ਵੱਖ ਵੱਖ ਗੁਰਦੁਆਰਿਆਂ ਵਿਚ ਮੱਥਾ ਟੇਕਿਆ। ਮਹੱਲੇ ਵਾਲੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਗਰ ਕੀਰਤਨ ਸਜਾਇਆ ਗਿਆ ਅਤੇ ਨਿਹੰਗ ਸਿੰਘਾਂ ਵੱਲੋਂ ਮਹੱਲਾ ਕੱਢਿਆ ਗਿਆ।



ਤਿੰਨ ਦਿਨ ਚੱਲੇ ਹੋਲੇ ਮਹੱਲੇ ਦੇ ਤਿਉਹਾਰ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਸੀਸਗੰਜ ਸਾਹਿਬ, ਕਿਲ੍ਹਾ ਆਨੰਦਗੜ੍ਹ ਸਾਹਿਬ, ਕਿਲ੍ਹਾ ਫਤਿਹਗੜ੍ਹ ਸਾਹਿਬ, ਗੁਰਦੁਆਰਾ ਭੋਰਾ ਸਾਹਿਬ, ਕਿਲ੍ਹਾ ਲੋਹਗੜ੍ਹ ਸਾਹਿਬ ਆਦਿ ਵਿਖੇ ਲੱਖਾਂ ਦੀ ਗਿਣਤੀ ਵਿਚ ਸੰਗਤ ਨੇ ਮੱਥਾ ਟੇਕਿਆ। ਸਮੁੱਚੇ ਮੇਲਾ ਖੇਤਰ ਵਿਚ ਸ਼ਰਧਾਲੂਆਂ ਵੱਲੋਂ ਸੰਗਤ ਲਈ ਲੰਗਰ ਲਾਏ ਗਏ ਸਨ।

ਮਹੱਲੇ ਵਾਲੇ ਦਿਨ (ਸੋਮਵਾਰ) ਪਹਿਲਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਤਖ਼ਤ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਅਰਦਾਸ ਕੀਤੀ ਅਤੇ ਸ਼ਰਧਾਲੂਆਂ ਨੂੰ ਗੁਰੂ ਸਾਹਿਬ ਦੇ ਸ਼ਸਤਰਾਂ ਦੇ ਦਰਸ਼ਨ ਕਰਵਾਏ ਗਏ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸੰਗਤ ਨੂੰ ਸੰਬੋਧਨ ਕੀਤਾ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਕੌਮ ਦੇ ਨਾਮ ਸੰਦੇਸ਼ ਜਾਰੀ ਕੀਤਾ। ਦੁਪਹਿਰ ਵੇਲੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਨਗਰ ਕੀਰਤਨ ਰਵਾਨਾ ਹੋਇਆ।

ਸ਼੍ਰੋਮਣੀ ਕਮੇਟੀ ਵੱਲੋਂ ਸਜਾਏ ਗਏ ਨਗਰ ਕੀਰਤਨ ਦੇ ਪਿੱਛੇ ਹੀ ਬਾਬਾ ਬੁੱਢਾ ਦਲ ਦੀ ਅਗਵਾਈ ਵਿਚ ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਮਹੱਲਾ ਕੱਢਿਆ ਗਿਆ। ਨਿਹੰਗ ਸਿੰਘਾਂ ਦੀ ਅਗਵਾਈ ਬਾਬਾ ਬੁੱਢਾ ਦਲ ਦੇ ਮੁਖੀ ਬਾਬਾ ਬਲਵੀਰ ਸਿੰਘ 96ਵੇਂ ਕਰੋੜੀ ਕਰ ਰਹੇ ਸਨ। ਕਿਲ੍ਹਾ ਲੋਹਗੜ੍ਹ ਅਤੇ ਮਾਤਾ ਜੀਤੋ ਜੀ ਵਿਖੇ ਹੁੰਦਾ ਹੋਇਆ ਇਹ ਮਹੱਲਾ ਚਰਨਗੰਗਾ ਸਟੇਡੀਅਮ ਵਿਖੇ ਪਹੁੰਚਿਆ। ਚਰਨ ਗੰਗਾ ਸਟੇਡੀਅਮ ਵਿਚ ਨਿਹੰਗ ਸਿੰਘਾਂ ਵੱਲੋਂ ਕਰਤੱਵ ਦਿਖਾਏ ਗਏ।

# ਕੇਜਰੀਵਾਲ ਵੱਲੋਂ ਮੀਡੀਆ ਉਤੇ ਵਿਕੇ ਹੋਣ ਦੇ ਦੋਸ਼

**ਨਵੀਂ ਦਿੱਲੀ:** ਅਰਵਿੰਦ ਕੇਜਰੀਵਾਲ ਨੇ ਮੀਡੀਆ 'ਤੇ ਵਿਕੇ ਹੋਣ ਦੇ ਦੋਸ਼ ਲਾਉਂਦਿਆਂ ਕਿਹਾ ਹੈ ਕਿ ਜੇਕਰ ਆਮ ਆਦਮੀ ਪਾਰਟੀ ਸੱਤਾ ਵਿਚ ਆਉਂਦੀ ਹੈ ਤਾਂ ਇਸ ਮਾਮਲੇ ਦੀ ਜਾਂਚ ਕਰਕੇ ਮੀਡੀਆ ਵਾਲਿਆਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਜਾਏਗਾ। ਇਸ ਟਿੱਪਣੀ ਦਾ ਗੰਭੀਰ ਨੋਟਿਸ ਲੈਂਦਿਆਂ 'ਬਰੌਡਕਾਸਟ ਐਡੀਟਰਜ਼' ਐਸੋਸੀਏਸ਼ਨ (ਬੀ.ਈ.ਏ) ਨੇ ਇਸ ਨੂੰ ਗ਼ੈਰ-ਜ਼ਿੰਮੇਵਾਰਾਨਾ ਕਰਾਰ ਦਿੱਤਾ ਹੈ ਤੇ ਕਿਹਾ ਹੈ ਕਿ ਅਜਿਹੇ ਦੋਸ਼ ਮੀਡੀਆ ਦੀ ਸਾਖ ਨੂੰ ਹੌਲਿਆਂ ਪਾਉਣ ਲਈ ਲਾਏ ਜਾ ਰਹੇ ਹਨ ਜਦੋਂਕਿ ਮੀਡੀਆ ਬੜੀ ਜ਼ਿੰਮੇਵਾਰੀ, ਨਿਰਪੱਖਤਾ ਤੇ ਸਾਫ-ਸੁਥਰੇ ਢੰਗ ਨਾਲ ਕੰਮ ਕਰ ਰਿਹਾ ਹੈ।

ਇਸ ਦੇ ਨਾਲ ਹੀ ਕਾਂਗਰਸ, ਭਾਜਪਾ ਤੇ ਖੱਬੀਆਂ ਪਾਰਟੀਆਂ ਨੇ ਕੇਜਰੀਵਾਲ ਦੀ ਟਿੱਪਣੀ ਦੀ ਆਲੋਚਨਾ ਕੀਤੀ ਹੈ। ਮਗਰੋਂ ਆਪ ਆਗੂ ਇਹ ਕਹਿਣ ਲੱਗ ਪਏ ਕਿ ਅਜਿਹਾ ਮੀਡੀਆ ਦੇ ਇਕ ਹਿੱਸੇ ਬਾਰੇ ਕਿਹਾ ਗਿਆ ਹੈ। ਆਪਣੇ ਸੁਰੱਖਿਆ ਪ੍ਰਬੰਧਾਂ 'ਤੇ ਧਿਆਨ ਕੇਂਦਰਤ ਕਰਨ ਉਤੇ ਮੀਡੀਆ ਦੀ ਆਲੋਚਨਾ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਇਸ ਸਮੇਂ ਪੂਰਾ ਮੀਡੀਆ ਵਿਕਿਆ ਹੋਇਆ ਹੈ। ਇਹ ਬੜੀ ਵੱਡੀ ਸਾਜ਼ਿਸ਼ ਤੇ ਸਿਆਸੀ ਵਿਵਾਦ ਹੈ। ਉਨ੍ਹਾਂ ਕਿਹਾ ਕਿ ਜੇਕਰ ਸਾਡੀ ਸਰਕਾਰ ਬਣਦੀ ਹੈ ਤਾਂ ਇਸ ਮੁੱਦੇ ਬਾਰੇ ਜਾਂਚ ਕਰਾਈ ਜਾਏਗੀ ਤੇ ਮੀਡੀਆ ਵਾਲਿਆਂ ਦੇ ਨਾਲ ਸਾਰਿਆਂ ਨੂੰ ਜੇਲ੍ਹ ਵਿਚ ਸੁੱਟਿਆ ਜਾਏਗਾ।

ਨਵਾਂ ਵਿਵਾਦ ਛੇੜਦਿਆਂ ਕੇਜਰੀਵਾਲ ਨੇ ਦੋਸ਼ ਲਾਏ ਹਨ ਕਿ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਉਮੀਦਵਾਰ ਦੇ ਪ੍ਰਚਾਰ ਲਈ ਭਾਰੀ ਰਕਮਾਂ ਅਦਾ ਕੀਤੀਆਂ ਗਈਆਂ ਹਨ। ਆਪ ਦੇ ਆਗੂ ਕਹਿ ਰਹੇ ਹਨ ਕਿ ਮੀਡੀਆ ਦਾ ਇਕ ਹਿੱਸਾ ਸਿਰਫ ਭਾਜਪਾ ਦੇ ਏਜੰਡੇ ਨੂੰ ਅੱਗੇ ਲਿਜਾ ਰਿਹਾ ਹੈ। ਇਸ ਮੁੱਦੇ 'ਤੇ ਕਾਂਗਰਸ, ਭਾਜਪਾ ਤੇ ਸੀ.ਪੀ.ਆਈ ਵੱਲੋਂ ਜਦੋਂ ਹਮਲੇ ਕੀਤੇ ਗਏ ਤਾਂ ਕੇਜਰੀਵਾਲ ਨੇ ਇਨਕਾਰ ਕਰਦਿਆਂ ਕਿਹਾ ਕਿ ਉਸ ਨੇ ਤਾਂ ਮੀਡੀਆ ਵਿਰੁਧ ਅਜਿਹੇ ਦੋਸ਼ ਲਾਏ ਹੀ ਨਹੀਂ।

ਇਕ ਟੀ.ਵੀ. ਚੈਨਲ ਵੱਲੋਂ ਦਿਖਾਈ ਗਈ ਵੀਡੀਓ ਵਿਚ ਕੇਜਰੀਵਾਲ ਨੇ ਦੋਸ਼ ਲਾਏ ਹਨ ਕਿ ਪਿਛਲੇ ਇਕ ਸਾਲ ਤੋਂ ਦੱਸਿਆ ਜਾ ਰਿਹਾ ਹੈ ਕਿ ਮੋਦੀ ਇਥੇ ਹੈ, ਮੋਦੀ ਉਥੇ ਹੈ, ਇਕ ਸਾਲ ਤੋਂ ਮੋਦੀ ਵੀ ਇਹੋ ਕਹਿ ਰਿਹਾ ਹੈ। ਇਥੋਂ ਤੱਕ ਕਿ ਕਈ ਟੀ.ਵੀ ਚੈਨਲ ਵੀ ਇਹ ਕਹਿ ਰਹੇ ਹਨ ਕਿ ਰਾਮ ਰਾਜ ਆ ਗਿਆ ਹੈ ਤੇ ਭ੍ਰਿਸ਼ਟਾਚਾਰ ਖ਼ਤਮ ਹੋ ਗਿਆ ਹੈ।


**Convenience Store For Sale**

Turn key convenience store with a lot of potential for sale in Bakersfield. 3400 Sqf. of space. Good location.

**Price $129,900 plus inventory**

**ਕਨਵੀਨੀਐਂਸ ਸਟੋਰ ਵਿਕਾਊ ਹੈ**

ਬੇਕਰਜ਼ਫੀਲਡ ਵਿਚ ਟਰਨ ਕੀ ਕਨਵੀਨੀਐਂਸ ਸਟੋਰ, ਵਿਕਰੀ ਵਧਾਉਣ ਦੀ ਵੱਡੀ ਸੰਭਾਵਨਾ, ਕਰੀਬ 3400 ਵਰਗ ਫੁੱਟ ਸਪੇਸ, ਵਧੀਆ ਲੋਕੇਸ਼ਨ

**ਕੀਮਤ: $129,900+ਇਨਵੈਂਟਰੀ**

*ਰੀਅਲ ਐਸਟੇਟ ਬਾਰੇ ਆਪਣੀਆਂ ਸਾਰੀਆਂ ਲੋੜਾਂ ਲਈ*

ਸੰਪਰਕ ਕਰੋ: ਜਿੰਮੀ ਬਸਰਾ

**Cell: 661-205-5450**

Miramar International, Fax: 866-605-4167





# ਸੈਲਮਾ ਵਿਖੇ ਗੁਰੂ ਰਵਿਦਾਸ ਦਾ ਪ੍ਰਕਾਸ਼ ਦਿਵਸ ਮਨਾਇਆ



ਬੱਚੇ ਸ਼ਬਦ ਕੀਰਤਨ ਕਰਦੇ ਹੋਏ

**ਸੈਲਮਾ (ਬਿਊਰੋ):** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ-ਸੈਲਮਾ ਵਲੋਂ ਗੁਰੂ ਰਵਿਦਾਸ ਮਹਾਰਾਜ ਦਾ 637ਵਾਂ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰੂਘਰ ਦੇ ਹੈਡ ਗ੍ਰੰਥੀ ਭਾਈ ਅਵਤਾਰ ਸਿੰਘ, ਰਾਗੀ ਦੀਦਾਰ ਸਿੰਘ ਲਿਵਿੰਗਸਟਨ ਅਤੇ ਗੁਰਦੁਆਰਾ ਕਰੱਦਰ ਦੇ ਰਾਗੀ ਜਥਿਆਂ ਨੇ ਗੁਰੂ ਕੀ ਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ 'ਰੇਡੀਓ ਵਤਨੋਂ ਦੂਰ' ਦੇ ਬੱਚਿਆਂ-ਹਰਬਾਵਰੀ ਕੌਰ, ਖੇਵਨਖੁਦਾਈ ਕੌਰ, ਆਂਚਲ ਸਿੰਘ ਹੇਅਰ, ਮਨਭਾਵਨੀ ਕੌਰ, ਦਿਲਜੋਤ ਕੌਰ ਤੇ ਹਰਜੋਤ ਕੌਰ ਨੇ ਰਸਭਿੰਨਾ ਕੀਰਤਨ ਕੀਤਾ। ਆਂਚਲ ਹੇਅਰ ਨੇ ਪੀਟੇ ਚੰਦੇਲੀ ਵਾਲੇ ਦੀ ਲਿਖੀ ਕਵਿਤਾ 'ਆਇਆ ਇਕ ਰੱਬੀ ਨੂਰ' ਵੀ ਪੜ੍ਹੀ। ਸੰਗਤਾਂ ਫਰਿਜ਼ਨੋ, ਪਿਟਸਬਰਗ, ਫਰੀਮਾਂਟ ਅਤੇ ਯੂਬਾ ਸਿਟੀ ਤੋਂ ਵੀ ਪੁੱਜੀਆਂ ਹੋਈਆਂ ਸਨ।

ਹਰਜਿੰਦਰ ਸਿੰਘ ਗਿੱਲ, ਗੀਤਕਾਰ ਅਜੇ ਤਨਵੀਰ, ਕਰਮ ਸਿੰਘ ਬੰਗੜ, ਸੁਖਰਾਜ ਚੋਪੜਾ, ਬੀਬੀ ਰੋਸ਼ਨੀ ਚੋਪੜਾ, ਸੁਰਜੀਤ ਸਿੰਘ ਆਦਿ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਰਵਿਦਾਸ ਮਹਾਰਾਜ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਬੇਨਤੀ ਕੀਤੀ। ਮੰਚ ਸੰਚਾਲਨ ਦੀ ਸੇਵਾ ਰਜਿੰਦਰ ਸਿੰਘ 'ਦਿਲ' ਨੇ ਨਿਭਾਈ।

## ਨਨਕਾਣਾ ਸਾਹਿਬ ਵਿਖੇ ਨਾਨਕਸ਼ਾਹੀ ਜੰਤਰੀ ਅਨੁਸਾਰ ਨਵਾਂ ਸਾਲ ਮਨਾਇਆ

**ਨਨਕਾਣਾ ਸਾਹਿਬ (ਬਿਊਰੋ):** ਸਿੱਖ ਧਰਮ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਨਾਨਕਸ਼ਾਹੀ ਕੈਲੰਡਰ ਦਾ ਨਵਾਂ ਸਾਲ ਚਾਵਾਂ,




ਖੁਸ਼ੀਆਂ ਤੇ ਵਾਹਿਗੁਰੂ ਦਾ ਸ਼ੁਕਰ ਕਰਦਿਆਂ ਮਨਾਇਆ ਗਿਆ। ਪਵਿੱਤਰ ਬਾਣੀ ਦੇ ਪਾਠ ਹੋਏ, ਸੰਪੂਰਨਤਾ ਉਪਰੰਤ ਹਜ਼ੂਰੀ ਰਾਗੀਆਂ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਦਇਆ ਸਿੰਘ ਨੇ ਕਥਾ ਕਰਦਿਆਂ ਨਾਨਕਸ਼ਾਹੀ ਜੰਤਰੀ ਬਾਰੇ ਵਿਚਾਰ ਸਾਂਝੇ ਕੀਤੇ। ਛੋਟੇ ਬਚਿਆਂ ਨੇ ਵੀ ਕੀਰਤਨ ਨਾਲ ਅਕਾਲ ਪੁਰਖ ਦੇ ਗੁਣ ਗਾਏ।

ਸਰਕਾਰੀ ਕਾਲਜ ਗੁਜਰਾਂਵਾਲਾ ਵਿਚ ਪੜ੍ਹਾਉਂਦੇ ਪ੍ਰੋ. ਕਲਿਆਣ ਸਿੰਘ ਨੇ ਪੰਥਕ ਬੁਲਾਰੇ ਵਜੋਂ ਸਿੱਖ ਕੈਲੰਡਰ ਦੀ ਵਿਲੱਖਣਤਾ ਦੀ ਗੱਲ ਕਰਦਿਆਂ ਕਿਹਾ ਕਿ ਸਿੱਖ ਕੌਮ ਦੀ ਵੱਖਰੀ ਪਛਾਣ ਦੀ ਸਥਾਪਨਾ ਵਿਚ ਨਾਨਕਸ਼ਾਹੀ ਸਾਲ ਤੇ ਕੈਲੰਡਰ ਇਕ ਮੀਲ ਪੱਥਰ ਹਨ।

## ਨਿਹੰਗ ਬਾਬਾ ਸ਼ਮਸ਼ੇਰ ਸਿੰਘ ਦੀ ਬਰਸੀ 30 ਮਾਰਚ ਨੂੰ

**ਫਰਿਜ਼ਨੋ (ਬਿਊਰੋ):** ਜਿਲ੍ਹਾ ਲੁਧਿਆਣਾ ਦੇ ਇਤਿਹਾਸਕ ਪਿੰਡ ਗੁਰੂਸਰ ਸੁਧਾਰ ਦੀਆਂ ਵਿਦਿਅਕ ਸੰਸਥਾਵਾਂ ਦੇ ਬਾਨੀ ਬ੍ਰਹਮ ਗਿਆਨੀ ਬਾਬਾ ਸ਼ਮਸ਼ੇਰ ਸਿੰਘ ਦੀ ਸਾਲਾਨਾ ਬਰਸੀ ਇਨ੍ਹਾਂ



ਬਾਬਾ ਸ਼ਮਸ਼ੇਰ ਸਿੰਘ

ਸੰਸਥਾਵਾਂ ਦੇ ਸਾਬਕਾ ਵਿਦਿਆਰਥੀਆਂ ਦੀ ਕੈਲੀਫੋਰਨੀਆ ਵਿਚਲੀ ਜਥੇਬੰਦੀ ਵਲੋਂ ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ 30 ਮਾਰਚ ਨੂੰ ਮਨਾਈ ਜਾਵੇਗੀ।

ਅਖੰਡ ਪਾਠ ਦੇ ਭੋਗ ਉਪਰੰਤ ਉਘੇ ਰਾਗੀ-ਢਾਡੀ ਗੁਰਬਾਣੀ ਕੀਰਤਨ ਅਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪੰਥਕ ਬੁਲਾਰੇ ਸੰਤਾਂ ਦੇ ਜੀਵਨ ਅਤੇ ਉਨ੍ਹਾਂ ਦੀਆਂ ਘਾਲਨਾਵਾਂ ਉਪਰ ਚਾਨਣਾ ਪਾਉਣਗੇ। ਹੋਰ ਜਾਣਕਾਰੀ ਲਈ ਫੋਨ 558-708-8588 ਜਾਂ 558-347-8883 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਕੇਵਲ ਸਿੰਘ ਨੂੰ ਸਦਮਾ, ਪਿਤਾ ਸੁਰਗਵਾਸ

**ਫਰਿਜ਼ਨੋ (ਬਿਊਰੋ):** ਪੰਜਾਬੀ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਅਤੇ ਗੁਰੂ ਨਾਨਕ ਸਪੋਰਟਸ ਕਲੱਬ-ਫੇਅਰਫੀਲਡ ਦੇ ਸਰਗਰਮ ਮੈਂਬਰ ਤੇ ਗੁਰੂ ਨਾਨਕ ਸਿੱਖ ਟੈਂਪਲ-ਫੇਅਰਫੀਲਡ ਦੇ ਸਾਬਕਾ ਮੈਂਬਰ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਸ. ਅਜੀਤ ਸਿੰਘ ਦਹੇਲੇ ਪਿਛਲੇ ਦਿਨੀਂ ਸਵਰਗਵਾਸ ਹੋ ਗਏ। ਉਹ 80 ਸਾਲਾਂ ਦੇ ਸਨ ਅਤੇ ਪੰਜਾਬ ਦੇ ਪਿੰਡ ਬੁਰਜ ਹਰੀ ਸਿੰਘ (ਨਜ਼ਦੀਕ ਰਾਏਕੋਟ, ਜਿਲ੍ਹਾ ਲੁਧਿਆਣਾ) ਤੋਂ ਸਨ।



ਅਜੀਤ ਸਿੰਘ

ਸ. ਅਜੀਤ ਸਿੰਘ ਦੀ ਦੇਹ ਅੰਤਮ ਦਰਸ਼ਨਾਂ ਲਈ ਬਰਾਇਨ ਬੇਕਰ ਫਿਊਨਰਲ ਹੋਮ (1850 ਵੈਸਟ ਟੈਕਸਸ ਸਟਰੀਟ, ਫੇਅਰਫੀਲਡ) ਵਿਚ ਸਨਿਚਰਵਾਰ 22 ਮਾਰਚ ਨੂੰ ਸਵੇਰੇ 10 ਵਜੇ ਤੋਂ 12 ਵਜੇ ਤੱਕ ਰੱਖੀ ਜਾਵੇਗੀ। ਉਪਰੰਤ ਅੰਤਮ ਸੰਸਕਾਰ ਫੇਅਰਮਾਉਂਟ ਮੈਮੋਰੀਅਲ ਪਾਰਕ (ਯੂਨੀਅਨ ਐਵਨਿਊ, ਫੇਅਰਫੀਲਡ) ਵਿਖੇ ਹੋਵੇਗਾ। ਅੰਤਮ ਅਰਦਾਸ ਗੁਰੂ ਨਾਨਕ ਸਿੱਖ ਟੈਂਪਲ-ਫੇਅਰਫੀਲਡ ਵਿਖੇ ਉਸੇ ਦਿਨ ਬਾਅਦ ਦੁਪਹਿਰ ਇਕ ਵਜੇ ਤੋਂ 3 ਵਜੇ ਤੱਕ ਹੋਵੇਗੀ। ਸ. ਕੇਵਲ ਸਿੰਘ ਨਾਲ ਸੰਪਰਕ ਫੋਨ 707-208-4831 ਰਾਹੀਂ ਕੀਤਾ ਜਾ ਸਕਦਾ ਹੈ।

# ਫਰਿਜ਼ਨੋ ਦੇ ਰੇਡੀਓ ਹੋਸਟ ਰਮਾ ਕਾਂਤ ਡਾਬਰ ਦੀ ਹਮਾਇਤ 'ਚ ਡਟੇ

**ਫਰਿਜ਼ਨੋ (ਬਿਊਰੋ):** ਇਥੋਂ ਦੇ ਪੰਜਾਬੀ ਰੇਡੀਓ ਹੋਸਟ ਫਰਿਜ਼ਨੋ ਸਿਟੀ ਕੌਂਸਲ ਚੋਣਾਂ ਵਿਚ ਡਿਸਟ੍ਰਿਕਟ ਇਕ ਤੋਂ ਪੰਜਾਬੀ ਉਮੀਦਵਾਰ ਰਮਾ ਕਾਂਤ ਡਾਬਰ ਦੇ ਹੱਕ ਵਿਚ ਨਿੱਤਰ ਆਏ ਹਨ। ਇਸ ਸਬੰਧੀ ਫੈਸਲਾ ਪੰਜਾਬੀ ਰੇਡੀਓ ਮੇਜ਼ਬਾਨਾਂ ਆਵਾਜ਼ ਉਠਾਉਣਗੇ। ਉਨ੍ਹਾਂ ਕਿਹਾ ਕਿ ਡਿਸਟ੍ਰਿਕਟ ਇੱਕ ਦੇ ਹਲਕੇ ਵਿਚ ਪੰਜਾਬੀ ਵੋਟਰਾਂ ਦੀ ਗਿਣਤੀ ਇੱਕ ਹਜ਼ਾਰ ਦੇ ਕਰੀਬ ਹੈ ਅਤੇ ਇਨ੍ਹਾਂ ਵਿਚੋਂ ਸਿਰਫ ਤਿੰਨ ਸੌ ਦੇ ਕਰੀਬ ਪੰਜਾਬੀਆਂ ਨੇ ਹੀ ਆਪਣੀ ਵੋਟ ਬਣਵਾਈ ਹੈ। ਜੇ ਸਾਰੇ



ਦੀ ਇਥੇ ਤਾਜ ਆਫ ਇੰਡੀਆ ਰੈਸਟੋਰੈਂਟ ਵਿਚ ਹੋਈ ਇਕ ਮੀਟਿੰਗ ਦੌਰਾਨ ਲਿਆ ਗਿਆ।

ਇਸ ਮੌਕੇ ਬੋਲਦਿਆਂ ਰਮਾ ਕਾਂਤ ਡਾਬਰ ਨੇ ਕਿਹਾ ਕਿ ਫਰਿਜ਼ਨੋ ਸ਼ਹਿਰ ਦੇ 160 ਸਾਲ ਦੇ ਇਤਿਹਾਸ ਵਿਚ ਕਦੀ ਕੋਈ ਪੰਜਾਬੀ ਕਿਸੇ ਸਿਟੀ ਚੋਣ ਵਿਚ ਜਿੱਤ ਪ੍ਰਾਪਤ ਨਹੀਂ ਕਰ ਸਕਿਆ। ਉਨ੍ਹਾਂ ਭਰੋਸਾ ਦਿਵਾਇਆ ਕਿ ਚੋਣ ਜਿੱਤਣ ਦੀ ਸੂਰਤ ਵਿਚ ਪੰਜਾਬੀ ਭਾਈਚਾਰੇ ਦੀ ਸਿਟੀ ਪ੍ਰਸ਼ਾਸਨ ਵਿਚ ਪੰਜਾਬੀ ਆਪਣੀਆਂ ਵੋਟਾਂ ਬਣਵਾਉਣ ਅਤੇ ਉਨ੍ਹਾਂ ਦੇ ਹੱਕ ਵਿਚ ਪਾਉਣ ਤਾਂ ਉਨ੍ਹਾਂ ਦੀ ਜਿੱਤ ਯਕੀਨੀ ਹੋਵੇਗੀ। ਉਨ੍ਹਾਂ ਆਖਿਆ ਕਿ ਅਗਰ ਵੋਟ ਬਣਾਉਣ ਲਈ ਕਿਸੇ ਵੀ ਤਰ੍ਹਾਂ ਦੀ ਮਦਦ ਦੀ ਲੋੜ ਹੋਵੇ ਤਾਂ ਉਨ੍ਹਾਂ ਨਾਲ ਫੋਨ 559-905-0072 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਰੇਡੀਓ ਹੋਸਟਾਂ ਨੂੰ ਆਪਣੇ ਹੱਕ ਵਿਚ ਪ੍ਰਚਾਰ ਕਰਨ ਦੀ ਅਪੀਲ ਕੀਤੀ।

# ਸਿੱਖਾਂ ਦੀ ਘਟ ਰਹੀ ਆਬਾਦੀ 'ਤੇ ਚਿੰਤਾ

**ਆਨੰਦਪੁਰ ਸਾਹਿਬ (ਬਿਊਰੋ):** ਹੋਲੇ ਮਹੱਲੇ ਮੌਕੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਕੌਮ ਦੇ ਨਾਮ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸੰਦੇਸ਼ ਜਾਰੀ ਕਰਦੇ ਹੋਏ ਨਵੀਂ ਚਰਚਾ ਛੇੜ ਦਿੱਤੀ ਹੈ। ਸਿੱਖਾਂ ਦੀ ਘਟਦੀ ਆਬਾਦੀ 'ਤੇ ਚਿੰਤਾ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ ਕਿ ਹਰ ਸਿੱਖ ਨੂੰ 4-4 ਬੱਚੇ ਪੈਦਾ ਕਰਨੇ ਚਾਹੀਦੇ ਹਨ।

ਜਥੇਦਾਰ ਨੇ ਕਿਹਾ ਕਿ ਸਿੱਖਾਂ ਨੇ ਸਰਕਾਰ ਵੱਲੋਂ ਬਣਾਈ 'ਹਮ ਦੋ ਹਮਾਰੇ ਦੋ' ਦੀ ਨੀਤੀ ਉਤੇ ਅਮਲ ਕਰਦਿਆਂ ਬੱਚੇ ਪੈਦਾ ਕਰਨ ਦੀ ਦਰ ਵਿਚ ਕਮੀ ਲਿਆਂਦੀ ਪਰ ਅੱਜ ਬਾਕੀ ਧਰਮਾਂ ਦੇ ਮੁਕਾਬਲੇ ਵਿਚ ਸਿੱਖਾਂ ਦੀ ਆਬਾਦੀ ਘਟ ਰਹੀ ਹੈ। ਹੁਣ ਕਾਫੀ ਸੋਚ ਵਿਚਾਰ ਤੋਂ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਹਰ ਸਿੱਖ ਨੂੰ ਚਾਰ ਬੱਚੇ ਪੈਦਾ ਕਰਨੇ ਚਾਹੀਦੇ ਹਨ। ਇਸ ਲਈ ਹੁਣ ਤੋਂ 'ਹਮ ਦੋ ਹਮਾਰੇ ਚਾਰ' ਦਾ ਸਿਧਾਂਤ ਲਾਗੂ ਕੀਤਾ ਜਾਣਾ ਚਾਹੀਦਾ ਹੈ। ਸਿੱਖ ਬੱਚੇ-ਬੱਚੀਆਂ ਦੇ ਨਸ਼ਿਆਂ ਵਿਚ ਗਲਤਾਨ ਹੋਣ 'ਤੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਜਣਨ ਸ਼ਕਤੀ ਵੀ ਲਗਾਤਾਰ ਘਟਦੀ ਜਾ ਰਹੀ ਹੈ।

ਜਥੇਦਾਰ ਦੇ ਇਸ ਬਿਆਨ 'ਤੇ ਟਿੱਪਣੀ ਕਰਦਿਆਂ ਸੰਤ ਸਮਾਜ ਦੇ ਮੁਖੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਸਿੱਖ ਕੌਮ ਦੀ ਆਬਾਦੀ ਘਟਣਾ ਚਿੰਤਾ ਦਾ ਵਿਸ਼ਾ ਹੈ। ਜਥੇਦਾਰ ਨੇ ਬੇਸ਼ੱਕ ਸਿੱਖਾਂ ਨੂੰ 4-4 ਬੱਚੇ ਪੈਦਾ ਕਰਨ ਲਈ ਕਿਹਾ ਹੈ ਪਰ ਅਸੀਂ ਇਸ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਨ ਤੋਂ ਬਾਅਦ ਹੀ ਕੋਈ ਗੱਲ ਕਰਾਂਗੇ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਪ੍ਰਤਾਪ ਸਿੰਘ ਬਾਜਵਾ ਨੂੰ ਗੁਰਦਾਸਪੁਰ ਤੋਂ ਟਿਕਟ

**ਨਵੀਂ ਦਿੱਲੀ:** ਕਾਂਗਰਸ ਨੇ ਆਪਣੇ ਸਾਰੇ ਪ੍ਰਦੇਸ਼ ਪ੍ਰਧਾਨਾਂ ਦੀ ਜ਼ਿੰਮੇਵਾਰੀ ਲਾਈ ਕਿ ਉਹ ਮੈਦਾਨ ਛੱਡ ਜਾਣ ਦਾ ਪ੍ਰਭਾਵ ਦੇਣ ਦੀ ਥਾਂ ਆਪੋ-ਆਪਣੇ ਹਲਕਿਆਂ ਤੋਂ ਚੋਣ ਲੜਨ। ਇਸੇ ਰਣਨੀਤੀ ਦੇ ਤਹਿਤ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਉਨ੍ਹਾਂ ਦੇ ਜੱਦੀ ਹਲਕੇ ਗੁਰਦਾਸਪੁਰ ਅਤੇ ਹਰਿਆਣਾ ਕਾਂਗਰਸ ਦੇ ਪ੍ਰਧਾਨ ਅਸ਼ੋਕ ਤੰਵਰ ਨੂੰ ਸਿਰਸਾ ਤੋਂ ਟਿਕਟ ਦਿੱਤੀ ਗਈ। ਇੰਝ ਹੀ ਰਾਜਸਥਾਨ ਕਾਂਗਰਸ ਦੇ ਪ੍ਰਧਾਨ ਸਚਿਨ ਪਾਇਲਟ ਨੂੰ ਅਜਮੇਰ ਤੋਂ ਹੀ ਚੋਣ ਲੜਨ ਲਈ ਕਿਹਾ ਗਿਆ। ਇਹ ਤਿੰਨੋਂ ਪ੍ਰਦੇਸ਼ ਪ੍ਰਧਾਨ ਆਪੋ-ਆਪਣੇ ਹਲਕੇ ਛੱਡਣ ਜਾਂ ਚੋਣ ਨਾ ਲੜਨ ਦੇ ਰੌਂਅ ਵਿਚ ਸਨ।

ਪੰਜਾਬ ਤੋਂ ਹਾਲੇ ਇਕੋ ਗੁਰਦਾਸਪੁਰ ਸੀਟ ਲਈ ਪਾਰਟੀ ਦੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਉਮੀਦਵਾਰ ਬਣਾਇਆ ਗਿਆ ਹੈ। ਹਰਿਆਣਾ ਤੋਂ ਰਹਿੰਦੇ ਤਿੰਨ ਲੋਕ ਸਭਾ ਹਲਕਿਆਂ ਲਈ ਵੀ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ ਜਦੋਂਕਿ ਦਿੱਲੀ ਦੇ ਪੰਜ ਹਲਕਿਆਂ ਤੋਂ ਉਮੀਦਵਾਰਾਂ ਦੇ ਨਾਮ ਵੀ ਜਾਰੀ ਕਰ ਦਿੱਤੇ ਗਏ ਹਨ ਜਿਨ੍ਹਾਂ ਵਿਚ ਚਾਂਦਨੀ ਚੌਕ ਲੋਕ ਸਭਾ ਹਲਕੇ ਤੋਂ ਪਾਰਟੀ ਦੇ ਸੀਨੀਅਰ ਆਗੂ ਤੇ ਕੈਬਨਿਟ ਮੰਤਰੀ ਕਪਿਲ ਸਿੱਬਲ, ਪੂਰਬੀ ਦਿੱਲੀ ਤੋਂ ਸ਼ੀਲਾ ਦੀਕਸ਼ਿਤ ਦੇ ਪੁੱਤਰ ਸੰਦੀਪ ਦੀਕਸ਼ਿਤ, ਨਵੀਂ ਦਿੱਲੀ ਤੋਂ ਅਜੇ ਮਾਕਨ, ਉੱਤਰ ਪੂਰਬੀ ਦਿੱਲੀ ਤੋਂ ਜੈ ਪ੍ਰਕਾਸ਼ ਅਗਰਵਾਲ ਤੇ ਉੱਤਰ ਪੱਛਮੀ ਦਿੱਲੀ ਤੋਂ ਸ੍ਰੀਮਤੀ ਕ੍ਰਿਸ਼ਨਾ ਤੀਰਥ ਉਮੀਦਵਾਰ ਹੋਣਗੇ। ਪਾਰਟੀ ਨੇ ਰਾਸ਼ਟਰਮੰਡਲ ਖੇਡਾਂ ਮੌਕੇ ਹੋਏ ਘੁਟਾਲੇ ਦੇ ਮੁੱਖ ਮੁਲਜ਼ਮ ਸੁਰੇਸ਼ ਕਲਮਾਡੀ ਤੇ ਉਸ ਦੇ ਪਰਿਵਾਰ ਦੇ ਕਿਸੇ ਜੀਅ ਨੂੰ ਟਿਕਟ ਨਹੀਂ ਦਿੱਤੀ। ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਮੁਹੰਮਦ ਅਜ਼ਹਰੂਦੀਨ ਜੋ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਤੋਂ ਜਿੱਤੇ ਸਨ, ਨੂੰ ਰਾਜਸਥਾਨ ਦੇ ਟੌਂਕ ਸਵਾਈ ਮਾਧੋਪੁਰ ਤੋਂ ਚੋਣ ਲੜਾਈ ਜਾ ਰਹੀ ਹੈ। ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਅਜੀਤ ਜੋਗੀ ਨੂੰ ਮਹਾਸਮੁੰਦ ਤੋਂ, ਕਾਂਗਰਸ ਦੇ ਜਨਰਲ ਸਕੱਤਰ ਦਿਗਵਿਜੈ ਸਿੰਘ ਦੇ ਦਾਮਾਦ ਪ੍ਰੰਜਾ ਦਿੱਤਿਆ ਸਿਨਹਾ ਪਰਮਾਰ ਨੂੰ ਮੰਚਮਹੱਲ (ਗੁਜਰਾਤ) ਤੋਂ ਟਿਕਟ ਦਿੱਤੀ ਗਈ ਹੈ।

## ਜੇਤਲੀ ਦੇ ਰੋਡ ਸ਼ੋਅ ਸਮੇਂ ਗੈਸੀ ਗੁਬਾਰਿਆਂ ਨੂੰ ਅੱਗ ਲੱਗੀ

**ਅੰਮ੍ਰਿਤਸਰ:** ਭਾਜਪਾ ਉਮੀਦਵਾਰ ਅਰੁਣ ਜੇਤਲੀ ਦੀ ਅੰਮ੍ਰਿਤਸਰ ਫੇਰੀ ਮੌਕੇ ਲਾਰੈਂਸ ਰੋਡ ਚੌਕ ਵਿਚ ਵਾਪਰੇ ਹਾਦਸੇ ਵਿਚ ਉਹ ਵਾਲ-ਵਾਲ ਬਚ ਗਏ ਜਦੋਂਕਿ ਕੈਬਨਿਟ ਮੰਤਰੀ ਅਨਿਲ ਜੋਸ਼ੀ ਸਮੇਤ ਹੋਰ ਕਈ ਲੋਕ ਜ਼ਖਮੀ ਹੋਏ ਹਨ।

ਹਾਦਸਾ ਮੰਗਲਵਾਰ ਨੂੰ ਦੁਪਹਿਰੇ ਉਸ ਵੇਲੇ ਵਾਪਰਿਆ ਜਦੋਂ ਸ੍ਰੀ ਜੇਤਲੀ ਦਾ ਕਾਫਲਾ ਮਾਲ ਰੋਡ ਤੋਂ ਹੁੰਦਾ ਹੋਇਆ ਲਾਰੇਂਸ ਰੋਡ ਚੌਕ ਤੋਂ ਐਮ.ਐਮ. ਮਾਲਵੀਆ ਰੋਡ ਵੱਲ ਜਾ ਰਿਹਾ ਸੀ। ਉਸ ਵੇਲੇ ਕੁਝ ਆਗੂਆਂ ਨੇ ਸੈਂਕੜਿਆਂ ਦੀ ਗਿਣਤੀ ਵਿਚ ਹੀਲੀਅਮ ਗੈਸ ਨਾਲ ਭਰੇ ਗੁਬਾਰੇ ਹਵਾ ਵਿਚ ਛੱਡਣ ਲਈ ਸ੍ਰੀ ਜੇਤਲੀ ਨੂੰ ਫੜਾਉਣ ਦਾ ਯਤਨ ਕੀਤਾ। ਅਜੇ ਇਹ ਕਾਰਕੁਨ ਸ੍ਰੀ ਜੇਤਲੀ ਦੇ ਨੇੜੇ ਗੁਬਾਰੇ ਲੈ ਕੇ ਪੁੱਜੇ ਹੀ ਸਨ ਕਿ ਉਸ ਵੇਲੇ ਚਲਾਏ ਜਾ ਰਹੇ ਪਟਾਕਿਆਂ ਦੀ ਚੰਗਿਆੜੀ ਨਾਲ ਗੁਬਾਰੇ ਧਮਾਕੇ ਨਾਲ ਫਟ ਗਏ। ਅੱਗ ਦਾ ਵੱਡਾ ਭੰਬੂਕਾ ਵੀ ਉੱਠਿਆ ਜਿਸ ਦੇ ਸੇਕ ਨਾਲ ਅਨਿਲ ਜੋਸ਼ੀ ਦਾ ਚਿਹਰਾ ਤੇ ਹੱਥ ਸੜ ਗਿਆ।

ਕੱਰੀ ਕੁਕ ਤੇ ਹੈਲਪਰ ਦੀ ਲੋੜ ਹੈ
ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
ਸੰਪਰਕ ਕਰੋ:
316-691-8300 ਜਾਂ 316-518-5382
12-15

To Advertise with Punjab Times Call: 847-359-0746

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay
We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
REALTY WORLD Millennium
Gurbans Gill 209-815-1869

ਲੋੜ ਹੈ
ਸਟੋਰ ਲਈ ਅੰਗਰੇਜ਼ੀ ਬੋਲਣ ਵਾਲੇ ਕੈਸ਼ੀਅਰ ਅਤੇ ਸੁਪਰਵਾਈਜ਼ਰ ਦੀ ਤੁਰੰਤ ਲੋੜ ਹੈ
ਸੰਪਰਕ ਕਰੋ
661-364-0341

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
Homeopathic natural medicines supply

Gurdip Singh Sandhu
Ph:(408) 687-1899
(408) 729-6691
Fax:(408)292-6200
EX Member:
The California Homeopathic Society
National Center For Homeopathy- USA
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

ਪੰਜਾਬ ਟਾਈਮਜ਼

*ਸਨਿਚਰਵਾਰ, 22 ਮਾਰਚ 2014*

# 'ਆਪ' ਦੀ ਸਿਆਸਤ ਦੇ ਅਰਥ

ਭਾਰਤ ਦੀ ਲੋਕ ਸਭਾ ਲਈ ਚੋਣ ਪਿੜ ਹੁਣ ਪੂਰੀ ਤਰ੍ਹਾਂ ਭਖ ਚੁੱਕਾ ਹੈ। ਐਤਕੀਂ ਇਹ ਚੋਣਾਂ ਇਕ ਜਾਂ ਦੋ ਨਹੀਂ, ਸਗੋਂ ਪੂਰੇ 9 ਪੜਾਵਾਂ ਵਿਚ ਮੁਕੰਮਲ ਹੋਣੀਆਂ ਹਨ। ਭਾਰਤ ਨੂੰ ਨਿਰੋਲ ਹਿੰਦੂ ਰਾਸ਼ਟਰ ਬਣਾਉਣ ਲਈ ਅਹੁਲ ਰਹੀ ਜਮਾਤ ਰਾਸ਼ਟਰੀ ਸਵੈਮ-ਸੇਵਕ ਸੰਘ (ਆਰ.ਐਸ.ਐਸ.) ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਇਸ ਵਾਰ ਗੁਜਰਾਤ ਦੇ ਮੁੱਖ ਮੰਤਰੀ ਅਤੇ ਆਰ.ਐਸ.ਐਸ. ਦੇ ਸਾਬਕਾ ਪ੍ਰਚਾਰਕ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਆਪਣਾ ਉਮੀਦਵਾਰ ਪਹਿਲਾਂ ਹੀ ਐਲਾਨ ਦਿੱਤਾ ਹੋਇਆ ਹੈ। ਪਿਛਲੇ ਦਸਾਂ ਸਾਲਾਂ ਤੋਂ ਦੇਸ਼ ਵਿਚ ਰਾਜ ਕਰ ਰਹੀ ਕਾਂਗਰਸ ਨੇ ਉਸ ਦਿਨ ਤੋਂ ਹੀ ਮੋਦੀ ਨੂੰ ਆਪਣੇ ਨਿਸ਼ਾਨੇ ਦੀ ਮਾਰ ਹੇਠ ਲਿਆ ਹੋਇਆ ਹੈ। ਦਰਅਸਲ ਪਿਛਲੇ ਸਮੇਂ 'ਚ ਕਾਂਗਰਸ ਦੀ ਆਪਣੀ ਕਾਰਗੁਜ਼ਾਰੀ ਬੇਹੱਦ ਮਾੜੀ ਰਹੀ ਹੈ, ਇਸੇ ਕਰ ਕੇ ਇਹ ਨਰੇਂਦਰ ਮੋਦੀ ਦੇ ਸਿਆਸੀ ਰੱਥ ਨੂੰ ਡੱਕਣ ਲਈ 2002 ਵਿਚ ਗੁਜਰਾਤ 'ਚ ਹੋਏ ਮੁਸਲਮਾਨਾਂ ਦੇ ਕਤਲੇਆਮ ਨੂੰ ਮੁੱਖ ਮੁੱਦਾ ਬਣਾਉਣਾ ਲੋਚ ਰਹੀ ਹੈ। ਕਾਂਗਰਸ ਦੇ ਵਿਸ਼ੇਸ਼ ਮੁਹਿੰਮਬਾਜ਼ ਅਤੇ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਇਸ ਇਕ ਮੁੱਦੇ ਨਾਲ ਹੀ ਚੋਣਾਂ ਜਿੱਤ ਲੈਣ ਦਾ ਭਰਮ ਪਾਲੀ ਬੈਠੇ ਸਨ ਪਰ ਚੋਣ ਪ੍ਰਚਾਰ ਦੇ ਮੁਢਲੇ ਦਿਨਾਂ ਦੌਰਾਨ ਹੀ ਸਪਸ਼ਟ ਹੋ ਗਿਆ ਕਿ ਚੋਣ ਮੁਹਿੰਮ ਸਿਰਫ ਕਾਂਗਰਸ ਦੇ ਇਸ਼ਾਰਿਆਂ ਉਤੇ ਹੀ ਨਹੀਂ ਚੱਲ ਸਕਦੀ। ਉਂਜ ਜੇ ਕਾਂਗਰਸ ਇਸ ਮੁੱਦੇ ਨੂੰ ਵਿਆਪਕ ਪੱਧਰ 'ਤੇ ਲਿਆਉਣ ਵਿਚ ਨਾਕਾਮ ਰਹੀ ਹੈ ਤਾਂ ਇਸ ਵਿਚ ਕੁਝ ਕੁ ਯੋਗਦਾਨ ਮੀਡੀਆ ਦਾ ਵੀ ਰਿਹਾ ਹੈ, ਕਿਉਂਕਿ ਕਾਰਪੋਰੇਟ ਬਿਜਨਸ ਅਦਾਰਿਆਂ ਦੇ ਕਬਜ਼ੇ ਹੇਠਲੇ ਮੀਡੀਆ ਦੇ ਇਕ ਖਾਸ ਹਿੱਸੇ ਨੇ ਮੋਦੀ ਦੇ ਹੱਕ ਵਿਚ ਪ੍ਰਚਾਰ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਇਸ ਦੇ ਨਾਲ ਹੀ ਰਾਹੁਲ ਗਾਂਧੀ ਦੀ ਇਕ ਟੀ.ਵੀ. ਚੈਨਲ ਨਾਲ ਇੰਟਰਵਿਊ ਵੀ ਕਾਂਗਰਸ ਨੂੰ ਪੁੱਠੀ ਪੈ ਗਈ। ਰਾਹੁਲ ਗਾਂਧੀ ਮੋਦੀ ਉਤੇ ਗੁਜਰਾਤ ਕਤਲੇਆਮ ਦੇ ਦੋਸ਼ ਲਾਉਂਦਾ-ਲਾਉਂਦਾ ਖੁਦ 1984 ਵਾਲੇ ਸਿੱਖ ਕਤਲੇਆਮ ਦੇ ਮੁੱਦੇ ਵਿਚ ਫਸ ਗਿਆ। ਇੰਟਰਵਿਊ ਵਾਲੇ ਨੇ ਆਖਰਕਾਰ ਉਸ ਨੂੰ ਇਸ ਮੁੱਦੇ ਉਤੇ ਘੇਰ ਲਿਆ। ਜ਼ਾਹਿਰ ਹੈ ਕਿ ਇਨ੍ਹਾਂ ਦੋਹਾਂ ਧਿਰਾਂ ਵੱਲੋਂ ਸਾਰੀ ਸਰਗਰਮੀ ਸਿਰਫ ਚੋਣਾਂ ਜਿੱਤਣ ਲਈ ਚਲਾਈ ਜਾ ਰਹੀ ਹੈ। ਇਸ ਦੇ ਨਾਲ ਹੀ ਤੀਜੇ ਮੋਰਚੇ ਦੀ ਗੱਲ ਕਰਨੀ ਵੀ ਬਣਦੀ ਹੈ। ਪਿਛਲੇ ਸਾਲਾਂ ਦੌਰਾਨ ਇਸ ਮੋਰਚੇ ਦੀ ਬਾਕਾਇਦਾ ਸਰਕਾਰ ਬਣ ਚੁੱਕੀ ਹੈ ਅਤੇ ਇਸ ਮੋਰਚੇ ਵਿਚ ਸ਼ਾਮਲ ਆਗੂਆਂ ਦਾ ਜ਼ੋਰ ਇਸੇ ਗੱਲ 'ਤੇ ਲੱਗਿਆ ਹੋਇਆ ਹੈ ਕਿ ਐਤਕੀਂ ਭਾਵੇਂ ਉਨ੍ਹਾਂ ਦੀ ਆਪਣੀ ਸਰਕਾਰ ਬਣੇ, ਭਾਵੇਂ ਨਾ; ਪਰ ਇਨ੍ਹਾਂ ਦੀ ਮਰਜ਼ੀ ਦੀ ਸਰਕਾਰ ਜ਼ਰੂਰ ਬਣ ਜਾਵੇ। ਮੋਟੇ ਰੂਪ ਵਿਚ ਇਨ੍ਹਾਂ ਤਿੰਨਾਂ ਮੁੱਖ ਧਿਰਾਂ ਦਾ ਸਾਰਾ ਜ਼ੋਰ ਵੱਧ ਤੋਂ ਵੱਧ ਸੀਟਾਂ ਜਿੱਤਣ 'ਤੇ ਹੀ ਕੇਂਦਰਤ ਹੈ ਅਤੇ ਇਹ ਉਮੀਦਵਾਰਾਂ ਦੀ ਚੋਣ ਵੀ ਇਸੇ ਹਿਸਾਬ ਨਾਲ ਕਰ ਰਹੇ ਹਨ। ਕਿਸੇ ਬੁਨਿਆਦੀ ਤਬਦੀਲੀ ਦਾ ਦਾਅਵਾ ਇਨ੍ਹਾਂ ਤਿੰਨਾਂ ਹੀ ਧਿਰਾਂ ਦੇ ਪ੍ਰਚਾਰ ਵਿਚੋਂ ਪੂਰੀ ਤਰ੍ਹਾਂ ਗਾਇਬ ਹੈ।

ਇਸ ਪ੍ਰਸੰਗ ਵਿਚ ਐਤਕੀਂ ਸਿਆਸੀ ਮੈਦਾਨ ਵਿਚ ਨਿੱਤਰੀ ਚੌਥੀ ਧਿਰ-ਆਮ ਆਦਮੀ ਪਾਰਟੀ (ਆਪ) ਦੀ ਚਰਚਾ ਕਰਨੀ ਬਣਦੀ ਹੈ। ਇਸ ਧਿਰ ਦੀ ਸ਼ਕਤੀ ਬੜੀ ਸੀਮਤ ਹੈ ਪਰ ਜਿਨ੍ਹਾਂ ਰਾਹਾਂ ਤੋਂ ਨਿਕਲ ਕੇ ਇਹ ਭਾਰਤ ਦੀ ਸਿਆਸਤ ਉਤੇ ਛਾਈ ਹੈ, ਉਸ ਨੇ ਇਸ ਧਿਰ ਨੂੰ ਬਾਕੀ ਸਭ ਸਿਆਸੀ ਧਿਰਾਂ ਨਾਲੋਂ ਵਿਲੱਖਣ ਬਣਾ ਦਿੱਤਾ ਹੈ। ਦਿੱਲੀ ਵਿਧਾਨ ਸਭਾ ਚੋਣਾਂ ਵਿਚ ਇਸ ਧਿਰ ਦੀ ਵੱਡੀ ਜਿੱਤ ਬਾਰੇ ਕਿਸੇ ਦੇ ਖਾਬ-ਖਿਆਲ ਵਿਚ ਵੀ ਨਹੀਂ ਸੀ। ਫਿਲਹਾਲ ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ 'ਆਪ' ਦਿੱਲੀ ਵਿਧਾਨ ਸਭਾ ਵਰਗੀ ਜਿੱਤ ਲੋਕ ਸਭਾ ਚੋਣਾਂ ਵਿਚ ਵੀ ਦਰਜ ਕਰਵਾ ਸਕੇਗੀ ਪਰ ਇੰਨਾ ਜ਼ਰੂਰ ਹੈ ਕਿ ਇਹ ਚੋਣਾਂ ਉਤੇ ਆਪਣਾ ਅਸਰ ਜ਼ਰੂਰ ਛੱਡਣ ਵਾਲੀ ਹੈ। ਇਸ ਦਾ ਇਕੋ-ਇਕ ਕਾਰਨ ਇਹ ਹੈ ਕਿ ਭਾਰਤ ਦੇ ਲੋਕ ਰਵਾਇਤੀ ਪਾਰਟੀਆਂ ਅਤੇ ਉਨ੍ਹਾਂ ਦੇ ਆਗੂਆਂ ਤੋਂ ਬਹੁਤ ਜ਼ਿਆਦਾ ਅੱਕੇ ਹੋਏ ਹਨ। ਵੱਖ-ਵੱਖ ਮੁੱਦਿਆਂ ਅਤੇ ਵਿਕਾਸ ਦੇ ਮਾਡਲ ਬਾਰੇ 'ਆਪ' ਦੀਆਂ ਨੀਤੀਆਂ ਵੀ ਭਾਵੇਂ ਪੂਰੀ ਤਰ੍ਹਾਂ ਸਪਸ਼ਟ ਨਹੀਂ, ਪਰ ਭਾਰਤੀ ਆਵਾਮ ਜਿਨ੍ਹਾਂ ਮੁੱਦਿਆਂ ਨਾਲ ਜੂਝ ਰਿਹਾ ਹੈ, ਉਸ ਬਾਰੇ ਵਿਸ਼ੇਸ਼ ਤੇ ਸਪਸ਼ਟ ਪਹੁੰਚ ਅਪਨਾਉਣ ਕਰ ਕੇ ਲੋਕਾਂ ਨੇ ਇਨ੍ਹਾਂ ਨੂੰ ਭਰਪੂਰ ਹੁੰਗਾਰਾ ਦਿੱਤਾ ਹੈ ਅਤੇ ਕੁਝ ਹੀ ਸਮੇਂ ਵਿਚ 'ਆਪ' ਕੌਮੀ ਸਰੂਪ ਅਖਤਿਆਰ ਕਰ ਗਈ ਹੈ। ਪਿਛਲੀ ਸਦੀ ਦੌਰਾਨ 70ਵਿਆਂ ਵਿਚ ਜਨਤਾ ਪਾਰਟੀ ਵਾਲੀ ਲਹਿਰ ਤੋਂ ਬਾਅਦ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਜਮਾਤ ਨੂੰ ਇੰਨੀ ਵੱਡੀ ਪੱਧਰ ਉਤੇ ਲੋਕਾਂ ਨੇ 'ਜੀ ਆਇਆਂ' ਆਖਿਆ ਹੈ। ਇਸ ਪਾਰਟੀ ਦੇ ਆਗੂਆਂ ਦਾ ਜਿੱਤ ਬਾਰੇ ਵੀ ਕੋਈ ਵੱਡਾ ਦਾਅਵਾ ਨਹੀਂ ਹੈ, ਬਲਕਿ ਇਨ੍ਹਾਂ ਦਾ ਕਹਿਣਾ ਹੈ ਕਿ ਇਹ ਤਾਂ ਮੁੱਖ ਸਿਆਸੀ ਧਿਰਾਂ ਵੱਲੋਂ ਗਲਤ ਦਿਸ਼ਾ ਵੱਲ ਚਲਾਏ ਜਾ ਰਹੇ ਰੱਥ ਨੂੰ ਮੋੜਾ ਪਾਉਣ ਲਈ ਹੀ ਸਿਆਸੀ ਮੈਦਾਨ ਵਿਚ ਕੁੱਦੇ ਹਨ। ਇਨ੍ਹਾਂ ਦੇ ਮੁੱਖ ਨਿਸ਼ਾਨੇ 'ਤੇ ਸਿਆਸੀ ਪਾਰਟੀਆਂ ਅਤੇ ਆਗੂਆਂ ਦਾ ਅਖੌਤੀ 'ਲੋਕ ਸੇਵਾ' ਵਾਲਾ ਚਰਿੱਤਰ ਹੀ ਹੈ। ਇਹੀ ਕਾਰਨ ਹੈ ਕਿ ਕਾਂਗਰਸ ਅਤੇ ਭਾਜਪਾ ਨੂੰ ਐਤਕੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨ ਲਈ 'ਆਪ' ਦੀ ਤਰਜ਼ ਸੁਣਨੀ ਪੈ ਰਹੀ ਹੈ। ਅੱਜ ਦੀ ਤਾਰੀਖ ਵਿਚ ਇਹ ਕੋਈ ਛੋਟੀ ਗੱਲ ਨਹੀਂ। 'ਆਪ' ਇਨ੍ਹਾਂ ਲੋਕ ਸਭਾ ਚੋਣਾਂ ਵਿਚ ਸੀਟਾਂ ਜਿੱਤਣ ਦੇ ਹਿਸਾਬ ਨਾਲ ਕੋਈ ਵੱਡੀ ਜਿੱਤ ਦਰਜ ਕਰਦੀ ਹੈ ਜਾਂ ਨਹੀਂ, ਪਰ ਇਕ ਗੱਲ ਤਾਂ ਤੈਅ ਹੈ ਕਿ ਇਹ ਆਉਣ ਵਾਲੀ ਸਿਆਸਤ ਦਾ ਮੁਹਾਣ ਤੈਅ ਕਰਨ ਵਿਚ ਭੂਮਿਕਾ ਜ਼ਰੂਰ ਨਿਭਾਏਗੀ। ਇਕ ਗੱਲ ਹੋਰ ਵੀ ਨੋਟ ਕਰਨ ਵਾਲੀ ਹੈ ਕਿ 'ਆਪ' ਚੋਣ ਮੈਦਾਨ ਵਿਚ ਇਕੱਲਿਆਂ ਹੀ ਨਿੱਤਰੀ ਹੈ। ਇਸ ਦੀ ਪ੍ਰਾਪਤੀ ਜਾਂ ਅਪ੍ਰਾਪਤੀ ਨਿਰੋਲ ਇਸ ਦੀ ਆਪਣੀ ਹੋਵੇਗੀ। ਫਿਰ ਇਹੀ ਪ੍ਰਾਪਤੀ ਇਸ ਦੀ ਅਗਲੀ ਉਡਾਣ ਦਾ ਸਾਧਨ ਬਣੇਗੀ। ਹੁਣ ਤਾਂ ਬੱਸ ਇਹੀ ਦੇਖਣਾ ਬਾਕੀ ਹੈ ਕਿ ਇਹ ਧਿਰ ਭਾਰਤ ਦੇ ਨਿੱਘਰ ਚੁੱਕੇ ਸਿਆਸੀ ਨਿਜ਼ਾਮ ਦੀ ਸਫਾਈ ਲਈ ਕਿੰਨੇ ਕੁ ਜ਼ੋਰ ਨਾਲ ਆਪਣਾ 'ਝਾੜੂ' ਫੇਰ ਸਕੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਠਿੰਡੇ ਵਾਲਾ ਕੁੰਡਾ?*

ਸੰਗ ਸ਼ਰਮ, ਸਿਧਾਂਤ ਤੇ ਕੌਮ ਦਾ ਮੋਹ, ਸੱਚ ਮੂਲੋਂ ਸਿਆਸਤ 'ਚੋਂ ਹੜ੍ਹ ਗਿਆ ਏ।
ਸਾਡੇ ਦੇਸ਼ ਦਾ ਚੋਣ-ਪ੍ਰਚਾਰ ਸਿਸਟਮ, ਲੁੱਚ-ਪੁਣੇ ਦੀ ਕਾੜ੍ਹਨੀ ਕੜ੍ਹ ਗਿਆ ਏ।
'ਪੀ.ਪੀ-ਪੰਜੇ' ਦੀ ਦੇਖ ਕੇ ਸਾਂਝ ਪੈ ਗਈ, ਨੂੰਹਾਂ ਜਿਉਂ ਸ਼ਰੀਕਾਂ ਦੇ ਲੜ ਗਿਆ ਏ।
ਚਾਂਦ ਮਾਰੀ ਏ ਚੱਲ ਪਈ ਤੋਹਮਤਾਂ ਦੀ, ਪਾਰਾ ਭੰਡੀ ਪ੍ਰਚਾਰ ਦਾ ਚੜ੍ਹ ਗਿਆ ਏ।
ਰੰਗ ਅਜਬ ਬਠਿੰਡੇ ਦੀ ਚੋਣ ਵਾਲਾ, ਕਾਲਾ ਡੋਰੀਆ ਕੁੰਡੇ ਨਾਲ ਅੜ ਗਿਆ ਏ!
ਇਕ ਬੀਬੀ ਦਾ ਥਾਪੜਾ ਦਿੱਲੀਓਂ ਲੈ, ਦਿਉਰ, ਭਾਬੀ ਮੁਕਾਬਲੇ ਖੜ੍ਹ ਗਿਆ ਏ!

# ਸਾਡੇ ਟਿਊਸ਼ਨਾਂ ਕੁੱਟਣ ਵਾਲੇ ਸਾਂਸਦ!

**ਗੁਰਬਚਨ ਸਿੰਘ ਭੁੱਲਰ**

ਚਾਰ-ਪੰਜ ਦਹਾਕੇ ਪਹਿਲਾਂ ਮੈਂ ਸਕੂਲੀ ਅਧਿਆਪਕ ਸੀ। ਉਦੋਂ ਸਾਡੇ ਵਿਚ ਇਕ ਟੋਟਕਾ ਮਸ਼ਹੂਰ ਸੀ। ਉਹ ਦਿਨ ਬਿਰਲੇ ਦੀ ਸਰਦਾਰੀ ਦੇ ਸਨ। ਇਕ ਅਧਿਆਪਕ ਨੇ ਕਿਹਾ, ਜੇ ਮੈਨੂੰ ਬਿਰਲੇ ਦੀ ਸਾਰੀ ਜਾਇਦਾਦ ਮਿਲ ਜਾਵੇ, ਮੈਂ ਉਹਦੇ ਜਿੰਨਾ ਅਮੀਰ ਹੋ ਜਾਵਾਂ। ਦੂਜਾ ਬੋਲਿਆ, ਜੇ ਮੈਨੂੰ ਮਿਲ ਜਾਵੇ, ਮੈਂ ਉਹਦੇ ਨਾਲੋਂ ਵੀ ਵੱਧ ਅਮੀਰ ਹੋ ਜਾਵਾਂ! ਪਹਿਲੇ ਨੇ ਸਵਾਲ ਕੀਤਾ, ਇਹ ਕਿਧਰਲਾ ਹਿਸਾਬ ਹੋਇਆ ਬਈ, ਬਿਰਲੇ ਦੀ ਜਾਇਦਾਦ ਨਾਲ ਬਿਰਲੇ ਤੋਂ ਵੱਧ ਅਮੀਰ? ਉਹਨੇ ਭੇਤ ਸਮਝਾਇਆ, ਉਹ ਤਾਂ ਪੈਸੇ ਦੀ ਆਕੜ ਵਿਚ ਆਪ ਕੁਛ ਨਹੀਂ ਨਾ ਕਰਦਾ, ਮੈਂ ਪੰਜ-ਸੱਤ ਟਿਊਸ਼ਨਾਂ ਵੀ ਤਾਂ ਕੁੱਟ ਲਿਆ ਕਰੂੰ! ਇਹ ਭੁੱਲਿਆ-ਵਿਸਰਿਆ ਟੋਟਕਾ ਹੁਣ ਅਕਸਰ ਚੇਤੇ ਆਉਣ ਲੱਗ ਪਿਆ ਹੈ। ਜਦੋਂ ਦਾ ਆਮ ਆਦਮੀ ਨੂੰ ਕਾਨੂੰਨ ਨੇ ਸੂਚਨਾ ਦਾ ਅਧਿਕਾਰ ਦਿੱਤਾ ਹੈ, ਭਾਂਤ ਭਾਂਤ ਦੀਆਂ ਸਰਕਾਰੀ ਜਾਣਕਾਰੀਆਂ ਸਾਹਮਣੇ ਆ ਰਹੀਆਂ ਹਨ। ਪਿਛੇ ਜਿਹੇ ਕੁਛ ਲੋਕਾਂ ਨੇ ਸਾਡੇ ਸਾਂਸਦਾਂ (ਪਾਰਲੀਮੈਂਟ ਮੈਂਬਰਾਂ) ਬਾਰੇ ਸਵਾਲ ਪੁੱਛੇ ਹਨ ਜਿਨ੍ਹਾਂ ਵਿਚੋਂ ਹਰ ਕੋਈ ਲੱਖਾਂ ਲੋਕਾਂ ਦੀਆਂ ਵੋਟਾਂ ਨਾਲ ਚੁਣਿਆ ਜਾਂਦਾ ਹੈ। ਪਤਾ ਲੱਗਾ ਹੈ, ਦੋ-ਚਾਰ ਨਹੀਂ, ਸੈਂਕੜੇ ਸਾਂਸਦ ਟਿਊਸ਼ਨਾਂ ਕੁੱਟ ਰਹੇ ਹਨ। ਸਾਂਸਦ ਦੀ ਹੈਸੀਅਤ ਅਜਿਹੀ ਹੈ ਕਿ ਖ਼ੁਦ ਬਿਰਲੇ ਸਾਂਸਦ ਬਣ ਕੇ ਮਾਣ ਮਹਿਸੂਸ ਕਰਦੇ ਹਨ। ਸੁਖ-ਸਹੂਲਤਾਂ ਪੱਖੋਂ ਸਾਂਸਦ ਪੁਰਾਣੇ ਸ਼ਹਿਨਸ਼ਾਹਾਂ ਨਾਲੋਂ ਮੀਰੀ ਹਨ। ਮੈਨੂੰ ਯਕੀਨ ਹੈ, ਜੇ ਮੁਗ਼ਲ ਬਾਦਸ਼ਾਹ ਦੁਬਾਰਾ ਜਨਮ ਲੈ ਕੇ ਇਨ੍ਹਾਂ ਦੀਆਂ ਅਤੇ ਇਨ੍ਹਾਂ ਨਾਲ ਜੁੜੀ ਹੋਈ ਲਾਮਡੋਰੀ ਦੀਆਂ ਮੌਜਾਂ ਦੇਖ ਲੈਣ, ਆਪਣੇ ਤਖ਼ਤ ਦਾ ਦਾਅਵਾ ਕਰਨ ਦੀ ਥਾਂ ਕਿਸੇ ਸਾਂਸਦ ਦਾ ਪੀ ਏ ਲੱਗ ਕੇ ਹੀ ਨਿਹਾਲ ਹੋ ਜਾਣ। ਫੇਰ ਵੀ ਸਾਡੇ ਅਨੇਕ ਸਾਂਸਦਾਂ ਦਾ ਕਮਾਲ ਦੇਖੋ, ਸਭ ਸਹੂਲਤਾਂ ਮਿਲੀਆਂ ਹੋਣ ਦੇ ਬਾਵਜੂਦ ਛੋਟੀਆਂ ਛੋਟੀਆਂ ਟਿਊਸ਼ਨਾਂ ਕੁੱਟਣੋਂ ਨਹੀਂ ਹਟਦੇ!

ਟਿਊਸ਼ਨਾਂ ਤੋਂ ਪਹਿਲਾਂ ਸੁਖ-ਸਹੂਲਤਾਂ ਦੀ ਗੱਲ ਕਰ ਲਈਏ। ਤਨਖ਼ਾਹ ਅਤੇ ਪੈਰ ਪੈਰ ਉਤੇ ਮਿਲਦੇ ਅਨੇਕਾਂ-ਅਨੇਕ ਭੱਤਿਆਂ ਤੋਂ ਇਲਾਵਾ ਉਨ੍ਹਾਂ ਦਾ ਫੋਨ, ਬਿਜਲੀ, ਪਾਣੀ ਤੇ ਸਟਾਫ਼ ਸਭ ਮੁਫ਼ਤ ਹੈ। ਟੱਬਰ ਦੇ ਜੀਆਂ ਸਮੇਤ ਹਰ ਛੋਟੇ, ਵੱਡੇ ਤੇ ਦੀਰਘ ਰੋਗ ਦਾ ਇਲਾਜ ਸਰਕਾਰ ਕਰਾਉਂਦੀ ਹੈ। ਜੇ ਇਲਾਜ ਦੇਸ ਵਿਚ ਤਸੱਲੀਬਖ਼ਸ਼ ਨਹੀਂ, ਅਮਰੀਕਾ ਜਾਓ। ਰੇਲ ਤੇ ਜਹਾਜ਼ ਦਾ ਸਫ਼ਰ ਵੀ ਮੁਫ਼ਤ ਹੈ। ਨਾਲ ਘਰਵਾਲੀ ਜਾਂ ਘਰਵਾਲੇ ਨੂੰ ਵੀ ਲੈ ਜਾਓ। ਹੁਣ ਉਨ੍ਹਾਂ ਦੀ ਮੰਗ ਹੈ ਕਿ ਹਵਾਈ ਅੱਡੇ ਵਿਚ ਵੜਦਿਆਂ ਉਨ੍ਹਾਂ ਦਾ ਸ਼ਾਹੀ ਸਵਾਗਤ ਹੋਵੇ ਤੇ ਸਵਾਗਤ-ਕਰਤਾ ਧੁਰ ਜਹਾਜ਼ ਤੱਕ ਉਨ੍ਹਾਂ ਦੇ ਨਾਲ ਨਾਲ ਰਹੇ; ਕਿਸੇ ਕਤਾਰ ਵਿਚ ਖਲੋਣਾ ਨਾ ਪਵੇ; ਅੱਡੇ ਵਿਚ ਵੀ ਹਰ ਹਵਾਈ ਕੰਪਨੀ ਜਹਾਜ਼ ਵਿਚ ਜਾਣ ਤੱਕ ਮੁਫ਼ਤ ਚਾਹ-ਪਾਣੀ ਦੀ ਸੇਵਾ ਕਰਦੀ ਰਹੇ।

ਸਜੀ-ਧਜੀ ਰਿਹਾਇਸ਼ ਵੀ ਮੁਫ਼ਤ ਮਿਲਦੀ ਹੈ, ਉਹ ਵੀ ਦਿੱਲੀ ਦੇ ਦਿਲ ਵਿਚ। ਪਹਿਲੀ ਵਾਰ ਚੁਣੇ ਜਾਣ ਸਮੇਂ ਰਹਿਣ ਵਾਸਤੇ ਮੁਫ਼ਤ ਫ਼ਲੈਟ ਮਿਲਦਾ ਹੈ ਜਿਸ ਦਾ ਬਾਜ਼ਾਰੀ ਕਿਰਾਇਆ ਪੰਜਾਹ ਹਜ਼ਾਰ ਰੁਪਏ ਮਾਸਕ ਬਣਦਾ ਹੈ। ਦੁਬਾਰਾ ਚੁਣ ਕੇ ਆਏ ਉਹ ਏਕੜਾਂ ਵਿਚ ਪਸਰੇ ਹੋਏ ਬੰਗਲੇ ਮੰਗਦੇ ਹਨ ਜਿਨ੍ਹਾਂ ਦਾ ਬਾਜ਼ਾਰੀ ਕਿਰਾਇਆ ਲੱਖਾਂ ਰੁਪਏ ਮਹੀਨਾ ਹੈ। ਰਿਹਾਇਸ਼ ਦਾ ਰੱਖ-ਰਖਾਓ ਸਰਕਾਰ ਕਰਦੀ ਹੈ। ਹਰ ਤਿੰਨ ਮਹੀਨਿਆਂ ਮਗਰੋਂ ਸੋਫ਼ੇ-ਪਰਦੇ ਮੁਫ਼ਤ ਧੁਆਏ ਜਾਂਦੇ ਹਨ। ਕਾਰ ਖਰੀਦਣ ਵਾਸਤੇ ਵਿਆਜ-ਮੁਕਤ ਕਰਜ਼ਾ ਅਤੇ ਉਸ ਵਿਚ ਪਾਉਣ ਵਾਸਤੇ ਮੁਫ਼ਤ ਪਟਰੌਲ ਮਿਲਦਾ ਹੈ। ਸੰਸਦ ਭਵਨ ਦੀ ਕੈਂਟੀਨ ਵਿਚ ਭਾਂਤ ਭਾਂਤ ਦੇ ਪਦਾਰਥ ਬਾਜ਼ਾਰ ਦੇ ਮੁਕਾਬਲੇ ਕੌਡੀਆਂ ਦੇ ਭਾਅ ਮਿਲਦੇ ਹਨ। ਡਾਕ-ਖਰਚ ਜਿਹੀਆਂ ਨਿੱਕੀਆਂ-ਮੋਟੀਆਂ ਸਹੂਲਤਾਂ ਦਾ ਤਾਂ ਕੋਈ ਅੰਤ ਹੀ ਨਹੀਂ। ਪੂਰੀ ਸੂਚੀ ਬਹੁਤ ਲੰਮੀ ਹੀ ਨਹੀਂ, ਬਣਾਉਣੀ ਅਸੰਭਵ ਹੀ ਹੈ। ਅਰਥਾਤ, ਜੇ ਉਨ੍ਹਾਂ ਦੀਆਂ ਸਰਕਾਰੀ ਖ਼ਜ਼ਾਨੇ ਵਿਚੋਂ ਪ੍ਰਾਪਤੀਆਂ ਦੀ ਮੁਕੰਮਲ ਸੂਚੀ ਬਣਾਈ ਜਾਵੇ, ਪੜ੍ਹਨ ਵਾਲਾ ਦੰਗ ਹੀ ਨਾ ਹੋਵੇ, ਪੁੱਠਾ ਡਿੱਗ ਪਵੇ!

ਸਾਂਸਦਾਂ ਦੀ ਸਾਰੀ ਕਮਾਈ ਟੈਕਸ-ਮੁਕਤ ਹੈ। ਇਕ ਵਾਰ ਦੇ ਸਾਂਸਦ ਨੂੰ 20,000 ਰੁਪਏ ਮਾਸਕ ਪੈਨਸ਼ਨ ਮਿਲਦੀ ਹੈ ਅਤੇ ਫੇਰ ਚੁਣੇ ਜਾਣ ਨਾਲ ਹਰ ਵਾਰ ਡੇਢ ਹਜ਼ਾਰ ਰੁਪਿਆ ਵਧ ਜਾਂਦਾ ਹੈ। ਦਿਲਚਸਪ ਗੱਲ ਇਹ ਹੈ ਕਿ ਇਕ ਬੱਸ ਭਾਰਤੀ ਸਾਂਸਦ ਹੀ ਹਨ ਜੋ ਜਦੋਂ ਦਿਲ ਕਰੇ, ਆਪਣੀ ਤਨਖਾਹ ਜਾਂ ਹੋਰ ਕੋਈ ਅਦਾਇਗੀ ਆਪ ਹੀ ਵਧਾ ਸਕਦੇ ਹਨ। ਜੇ ਭ੍ਰਿਸ਼ਟਾਚਾਰ ਦਾ ਰਾਹ ਫੜਨਾ ਹੋਵੇ, ਫੇਰ ਤਾਂ ਸੰਭਾਵਨਾਵਾਂ ਦਾ ਅੰਤ ਹੀ ਕੋਈ ਨਹੀਂ। ਕਿਸੇ ਫ਼ਰਮ ਦੇ ਕਹੇ ਤੋਂ ਸੰਸਦ ਵਿਚ ਸਵਾਲ ਪੁੱਛ ਲਵੋ, ਲੱਖਾਂ ਲੈ ਲਵੋ। ਕਿਸੇ ਬਿਲ ਉਤੇ ਵੋਟਾਂ ਸਮੇਂ ਜੇ ਸਰਕਾਰ ਘੱਟ-ਗਿਣਤੀ ਵਿਚ ਹੋਵੇ, ਨਰਸਿਮਹਾ ਰਾਓ ਵੇਲੇ ਦੇ ਝਾਰਖੰਡੀ ਸਾਂਸਦਾਂ ਵਾਂਗ ਕਰੋੜਾਂ ਲੈ ਲਵੋ! ਸਾਡੇ ਨੇਤਾ ਐਵੇਂ ਤਾਂ ਨਹੀਂ ਸਾਂਸਦ ਬਣਨ ਵਾਸਤੇ ਕਰੋੜਾਂ ਰੁਪਏ ਖਰਚਦੇ!

ਇਸ ਸਭ ਕੁਛ ਦੇ ਬਾਵਜੂਦ ਉਨ੍ਹਾਂ ਦਾ ਟਿਊਸ਼ਨਾਂ ਕੁੱਟਣ ਦਾ ਵੇਰਵਾ ਬੜਾ ਦਿਲਚਸਪ ਹੈ। ਸਾਂਸਦਾਂ ਨੂੰ ਆਪਣੇ ਨਿਵਾਸ ਦੇ ਨਾਲ ਨੌਕਰਾਂ ਲਈ ਕੁਆਰਟਰ ਵੀ ਮਿਲਦਾ ਹੈ ਤੇ ਕਾਰ ਲਈ ਗੈਰਜ ਵੀ। 2012 ਤੇ 2013 ਵਿਚ ਤਿੰਨ ਦਰਜਨ ਤੋਂ ਵੱਧ ਸਾਂਸਦ ਅਜਿਹੇ ਸਨ ਜਿਨ੍ਹਾਂ ਨੇ ਇਹ ਥਾਂਵਾਂ ਕਿਰਾਏਦਾਰਾਂ ਨੂੰ ਰਹਿਣ ਵਾਸਤੇ ਦੇਣ ਤੋਂ ਇਲਾਵਾ ਦਰਜੀਆਂ, ਧੋਬੀਆਂ, ਅਖ਼ਬਾਰੀ ਹਾਕਰਾਂ, ਤੰਬੂਆਂ ਵਾਲਿਆਂ, ਦੁਕਾਨਦਾਰਾਂ, ਆਦਿ ਨੂੰ ਕਾਰੋਬਾਰ ਲਈ



ਦਿੱਤੀਆਂ ਹੋਈਆਂ ਸਨ। ਇਹ ਗੱਲ ਵੀ ਦੇਖਣ ਵਾਲੀ ਹੈ ਕਿ ਇਸ ਹਮਾਮ ਵਿਚ ਬਹੁਤੀਆਂ ਪਾਰਟੀਆਂ ਨੰਗੀਆਂ ਹਨ। ਇਨ੍ਹਾਂ ਸਾਂਸਦਾਂ ਵਿਚੋਂ ਚਾਰ ਭਾਜਪਾ ਦੇ, ਤਿੰਨ ਕਾਂਗਰਸ ਦੇ ਅਤੇ ਇਕ-ਇਕ ਦੋ-ਦੋ ਹੋਰ ਕਈ ਪਾਰਟੀਆਂ ਦੇ ਹਨ। ਦਿੱਲੀ ਪੁਲਿਸ ਨੇ ਕਈ ਵਾਰ ਸ਼ਿਕਾਇਤ ਕੀਤੀ ਹੈ ਕਿ ਇਹ ਰੀਤ ਨਾਜਾਇਜ਼ ਹੋਣ ਤੋਂ ਇਲਾਵਾ ਸੁਰੱਖਿਆ ਦੇ ਪੱਖ ਤੋਂ ਬਹੁਤ ਹੀ ਖ਼ਤਰਨਾਕ ਹੈ। ਇਨ੍ਹਾਂ ਦੁਕਾਨਾਂ ਦੀਆਂ ਚੀਜ਼ਾਂ ਦਾ ਗਾਹਕ ਬਣ ਕੇ ਜਾਂ ਕਿਰਾਏਦਾਰਾਂ ਦਾ ਮਹਿਮਾਨ ਬਣ ਕੇ ਕੋਈ ਅਤਿਵਾਦੀ ਵੀ ਇਸ ਬੇਹੱਦ ਸੁਰੱਖਿਅਤ ਐਲਾਨੇ ਹੋਏ ਖੇਤਰ ਵਿਚ ਆ-ਜਾ ਸਕਦਾ ਹੈ। ਪਰ ਸਾਂਸਦਾਂ ਦੀ ਸ਼ਕਤੀ ਅਜਿਹੀ ਹੈ ਕਿ ਸਪੱਸ਼ਟ ਖ਼ਤਰੇ ਵੱਲ ਇਸ਼ਾਰਾ ਕਰਦੀਆਂ ਪੁਲਿਸ ਦੀਆਂ ਇਨ੍ਹਾਂ ਸ਼ਿਕਾਇਤਾਂ ਦਾ ਵੀ ਕੋਈ ਅਸਰ ਨਹੀਂ ਹੁੰਦਾ।

ਹਰ ਸਾਂਸਦ ਨੂੰ 40,000 ਰੁਪਏ ਮਹੀਨਾ ਪੀ ਏ, ਭਾਵ ਇਕ ਜਾਂ ਵੱਧ ਨਿੱਜੀ ਸਹਾਇਕ ਰੱਖਣ ਵਾਸਤੇ ਤੇ ਦਫ਼ਤਰੀ ਚੀਜ਼ਾਂ ਖਰੀਦਣ ਵਾਸਤੇ ਦਿੱਤੇ ਜਾਂਦੇ ਹਨ। ਮਤਲਬ ਇਹ ਸੀ ਕਿ ਉਹ ਆਪਣੇ ਚੋਣ-ਹਲਕੇ ਦੇ ਲੋਕਾਂ ਨਾਲ ਰਿਸ਼ਤਾ ਬਣਾਈ ਰੱਖਣ ਵਾਸਤੇ ਉਥੋਂ ਦੇ ਆਪਣੀ ਪਾਰਟੀ ਦੇ ਕਿਸੇ ਕੁਸ਼ਲ ਅਤੇ ਹੋਣਹਾਰ ਕਾਰਕੁਨ ਨੂੰ ਸਹਾਇਕ ਰੱਖ ਲੈਣ। ਇਉਂ ਉਨ੍ਹਾਂ ਕਾਰਕੁਨਾਂ ਨੂੰ ਰਾਜਕਾਜ ਦੀ ਸਿਖਲਾਈ ਵੀ ਮਿਲ ਸਕਦੀ ਸੀ। ਪਰ 104 ਲੋਕ ਸਭਾ ਦੇ ਤੇ 42 ਰਾਜ ਸਭਾ ਦੇ, ਭਾਵ ਕੁੱਲ 146 ਸਾਂਸਦ ਅਜਿਹੇ ਹਨ ਜੋ ਆਪਣੇ ਪਰਿਵਾਰਾਂ ਦੇ 191 ਜੀਆਂ ਨੂੰ ਸਹਾਇਕ ਦਿਖਾ ਕੇ ਇਹ ਮਾਇਆ ਲੈ ਰਹੇ ਹਨ। ਇਨ੍ਹਾਂ ਵਿਚ 60 ਪੁੱਤ, 7 ਨੂੰਹਾਂ, 27 ਧੀਆਂ, 39 ਪਤਨੀਆਂ, 4 ਪਤੀ, 7 ਭਰਾ, ਆਦਿ ਸ਼ਾਮਲ ਹਨ। ਜਿਹੜੇ ਸਾਂਸਦ ਬਾਹਰਲਿਆਂ ਨੂੰ ਰਖਦੇ ਵੀ ਹਨ, ਉਨ੍ਹਾਂ ਨੂੰ ਦੋ-ਚਾਰ ਹਜ਼ਾਰ ਦੇ ਕੇ ਟਰਕਾ ਦਿੰਦੇ ਹਨ। 251 ਸਹਾਇਕ ਅਜਿਹੇ ਹਨ ਜਿਨ੍ਹਾਂ ਨੂੰ ਦਿੱਲੀ ਵਿਚ ਮਜ਼ਦੂਰ ਦੀ ਘੱਟ ਤੋਂ ਘੱਟ ਕਾਨੂੰਨੀ ਉਜਰਤ, ਜੋ ਸਰਕਾਰ ਨੇ ਲਗਭਗ 8,000 ਰੁਪਏ ਮਾਸਕ ਬੰਨ੍ਹੀ ਹੋਈ ਹੈ, ਤੋਂ ਵੀ ਘੱਟ ਅਦਾਇਗੀ ਕੀਤੀ ਜਾਂਦੀ ਹੈ। ਕਈਆਂ ਨੂੰ ਤਾਂ 2,000 ਹੀ ਮਿਲਦੇ ਹਨ। ਉਪਰੋਕਤ 146 ਸਾਂਸਦਾਂ ਵਿਚ ਵੀ 38 ਭਾਜਪਾ ਦੇ, 36 ਕਾਂਗਰਸ ਦੇ, 15 ਮਾਇਆਵਤੀ ਦੇ, 12 ਮੁਲਾਇਮ ਸਿੰਘ ਦੇ ਤੇ ਦੋ-ਦੋ ਚਾਰ-ਚਾਰ ਹੋਰ ਕਈ ਪਾਰਟੀਆਂ ਦੇ ਹਨ।

ਇਕ ਹੋਰ ਅਜਿਹਾ ਤਮਾਸ਼ਾ ਸਾਂਸਦਾਂ ਦੇ ਮਹਿਮਾਨਾਂ ਲਈ ਮਾਮੂਲੀ ਕਿਰਾਇਆ ਲੈ ਕੇ, ਜੋ ਅਸਲ ਕਿਰਾਏ ਦੇ ਮੁਕਾਬਲੇ ਕੁਛ ਵੀ ਨਹੀਂ ਹੁੰਦਾ, ਰਿਹਾਇਸ਼ ਮਿਲਣਾ ਹੈ। ਇਹ ਸਹੂਲਤ ਕਿਸੇ ਨੇਮ-ਕਾਨੂੰਨ ਵਿਚ ਦਰਜ ਨਹੀਂ, ਬੱਸ ਸਾਂਸਦਾਂ ਨੇ ਆਪੇ ਹੀ ਬਣਾ ਲਈ। ਤਿੰਨ ਮਹੀਨਿਆਂ ਦੇ ਸਮੇਂ ਵਾਸਤੇ ਸਾਂਸਦ ਦੀ ਪਹੁੰਚ ਤੇ ਹੈਸੀਅਤ ਅਨੁਸਾਰ ਫ਼ਲੈਟ ਜਾਂ ਬੰਗਲਾ ਦਿੱਤਾ ਜਾਣ ਲੱਗਿਆ। ਹੁਣ ਹਾਲਤ ਇਹ ਹੈ ਕਿ ਭਾਂਤ ਭਾਂਤ ਦੇ ਲੋਕ ਸਾਂਸਦਾਂ ਦੇ ਮਹਿਮਾਨ ਬਣ ਕੇ ਮੌਜ ਨਾਲ ਰਹਿ ਰਹੇ ਹਨ ਅਤੇ ਮਿਆਦ ਹਰ ਤਿੰਨ ਮਹੀਨਿਆਂ ਮਗਰੋਂ ਵਧ ਕੇ ਸਾਲੋ-ਸਾਲ ਚਲਦੀ ਰਹਿੰਦੀ ਹੈ। ਮਹਿਮਾਨਾਂ ਵਿਚ ਚੋਣ ਹਾਰੇ ਹੋਏ ਸਾਂਸਦ ਅਤੇ ਸੂਬਿਆਂ ਦੇ ਨੇਤਾ, ਆਦਿ ਸ਼ਾਮਲ ਹਨ। ਜਿਹੜੇ ਨੇਤਾ ਦਿੱਲੀ ਤੋਂ ਬਾਹਰ ਗਵਰਨਰ ਜਿਹੀ ਕਿਸੇ ਵੱਡੀ ਪਦਵੀ ਉਤੇ ਲੱਗ ਜਾਂਦੇ ਹਨ, ਉਹ ਵੀ ਕਦੀ-ਕਦਾਈਂ ਦਿੱਲੀ ਪਧਾਰਨ ਦੇ ਦਿਨਾਂ ਵਾਸਤੇ ਮੁਫ਼ਤੋ-ਮੁਫ਼ਤੀ ਵਾਂਗ ਟਿਕਾਣਾ ਬਣਾਈ ਰੱਖਣਾ ਚਾਹੁੰਦੇ ਹਨ।

ਕਹਾਵਤ ਹੈ, ਪਹਿਲੇ ਦਿਨ ਪ੍ਰਾਹੁਣਾ, ਦੂਜੇ ਧਰਾਉਣਾ, ਤੀਜੇ ਦਾਦੇ-ਮਘਾਉਣਾ ਅਤੇ ਚੌਥੇ ਘਰੋਂ ਟਾਹੁਣਾ! ਪਰ ਇਹ ਮਹਿਮਾਨ ਸਾਲਾਂ-ਬੱਧੀ ਟਿਕੇ ਰਹਿੰਦੇ ਹਨ। ਅਜਿਹੀਆਂ ਸ਼ਿਕਾਇਤਾਂ ਵੀ ਮਿਲਦੀਆਂ ਹਨ ਕਿ ਸਸਤੇ ਕਿਰਾਏ ਉਤੇ ਲਏ ਇਹ ਮਹਿਮਾਨਘਰ ਅੱਗੇ ਮਹਿੰਗੇ ਕਿਰਾਏ ਉਤੇ ਚਾੜ੍ਹ ਦਿੱਤੇ ਜਾਂਦੇ ਹਨ। ਕਈ ਮਹਿਮਾਨ ਇਕ ਤੋਂ ਵੱਧ ਸਾਂਸਦਾਂ ਦੇ ਮਹਿਮਾਨ ਬਣ ਕੇ ਇਕੋ ਸਮੇਂ ਇਕ ਤੋਂ ਵੱਧ ਘਰ ਵੀ ਲੈ ਲੈਂਦੇ ਹਨ। ਬਲਰਾਮ ਜਾਖੜ ਅਕਤੂਬਰ 2009 ਤੋਂ ਲੋਕ ਸਭਾ ਦੇ ਸਾਂਸਦ ਗਜੇਂਦਰ ਸਿੰਘ ਦਾ ਮਹਿਮਾਨ ਹੈ। ਕੈਮਰੇ ਸਾਹਮਣੇ ਨੋਟਾਂ ਦੀਆਂ ਦੱਥੀਆਂ ਲੈਣ ਵਾਲਾ ਭਾਜਪਾ ਦਾ ਸਾਬਕਾ ਪ੍ਰਧਾਨ ਬੰਗਾਰੂ ਲਕਛਮਣ, ਜੋ ਕੁਛ ਦਿਨ ਪਹਿਲਾਂ ਚੱਲ ਵਸਿਆ ਹੈ, 22 ਅਪਰੈਲ 2010 ਤੋਂ 22 ਮਈ 2012 ਤੱਕ ਇਕ ਸਾਂਸਦ ਦਾ ਮਹਿਮਾਨ ਰਿਹਾ ਅਤੇ ਉਹ ਰਿਹਾਇਸ਼ ਕਿਸੇ ਕਾਰਨ ਛੱਡਣੀ ਪਈ ਹੋਣ ਕਾਰਨ ਅਗਲੇ ਦਿਨ 23 ਮਈ 2012 ਤੋਂ ਅੰਤ ਤੱਕ ਇਕ ਹੋਰ ਸਾਂਸਦ ਦਾ ਮਹਿਮਾਨ ਬਣ ਗਿਆ। ਰੋਹਤਕ ਦੇ ਕਾਂਗਰਸੀ ਸਾਂਸਦ ਦੀਪੇਂਦਰ ਹੁੱਡਾ ਨੇ 22 ਸਤੰਬਰ 2009 ਤੋਂ ਆਪਣੀ ਦਾਦੀ ਨੂੰ ਮਹਿਮਾਨ ਬਣਾ ਕੇ ਘਰ ਦੁਆਇਆ ਹੋਇਆ ਹੈ।

ਪੈਂਥਰਜ਼ ਪਾਰਟੀ ਦਾ ਭੀਮ ਸਿੰਘ ਸਭ ਤੋਂ ਵਧੀਆਂ ਮਹਿਮਾਨ ਹੈ। ਉਹ 1 ਜੂਨ 2007 ਤੋਂ 17 ਅਗਸਤ 2010 ਤੱਕ ਇਕ ਭਾਜਪਾ ਸਾਂਸਦ ਦਾ ਅਤੇ 17 ਅਗਸਤ 2010 ਤੋਂ 2 ਮਾਰਚ 2013 ਤੱਕ ਇਕ ਹੋਰ ਭਾਜਪਾ ਸਾਂਸਦ ਦਾ ਮਹਿਮਾਨ ਰਿਹਾ। ਉਸ ਦਿਨ ਤੋਂ ਹੁਣ ਉਹ ਇਕ ਤੀਜੇ ਆਜ਼ਾਦ ਸਾਂਸਦ ਦਾ ਮਹਿਮਾਨ ਹੈ। ਵਿਚ-ਵਿਚਾਲੇ ਉਹ 26 ਅਕਤੂਬਰ 2012 ਤੋਂ ਤਿੰਨ ਮਹੀਨਿਆਂ ਲਈ ਇਕ ਚੌਥੇ, ਸ਼ਰਦ ਪਵਾਰ ਦੀ ਪਾਰਟੀ ਦੇ ਸਾਂਸਦ ਰਾਹੀਂ ਘਰ ਲੈ ਕੇ ਦੂਹਰਾ ਮਹਿਮਾਨ ਵੀ ਬਣਿਆ ਰਿਹਾ। ਇਸੇ ਤਰ੍ਹਾਂ ਸੀ. ਐਨ. ਰਾਓ ਇਕ ਸਾਂਸਦ ਦੀ ਮਹਿਮਾਨ ਨਿਵਾਜ਼ੀ ਖ਼ਤਮ ਹੋਈ ਤੋਂ ਅਗਲੇ ਦਿਨ ਹੀ ਕਿਸੇ ਹੋਰ ਦਾ ਮਹਿਮਾਨ ਬਣਦਿਆਂ 6 ਜੂਨ 2011 ਤੋਂ 11 ਜੂਨ 2013 ਤੱਕ 3 ਸਾਂਸਦਾਂ ਦਾ ਪ੍ਰਾਹੁਣਾ ਬਣਿਆ ਰਿਹਾ।

ਕਾਂਗਰਸ ਦਾ ਖ਼ਜ਼ਾਨਚੀ ਸਾਂਸਦ ਮੋਤੀ ਲਾਲ ਵੋਰਾ ਤਾਂ ਕੁਛ ਵਧੇਰੇ ਹੀ ਮਹਿਮਾਨ ਨਿਵਾਜ਼ ਹੈ। ਇਕ ਸਾਬਕਾ ਸਾਂਸਦ ਉਹਦਾ ਅੱਠ ਸਾਲ ਮਹਿਮਾਨ ਰਿਹਾ, ਇਕ ਹੋਰ ਪੰਜ ਸਾਲ ਰਿਹਾ ਅਤੇ ਇਕ ਨੌਂ ਮਹੀਨੇ ਟਿਕਿਆ ਰਿਹਾ। ਵੋਰਾ ਦਾ ਕਮਾਲ ਦੇਖੋ, ਜਨਵਰੀ 2008 ਤੋਂ ਮਾਰਚ 2013 ਤੱਕ ਮਹਿਮਾਨਾਂ ਦਾ ਨਾਂ ਦੱਸੇ ਬਿਨਾਂ ਹੀ ਉਹਨੇ ਇਕੋ ਸਮੇਂ ਪੰਜ ਹੋਰ ਘਰ ਅਲਾਟ ਕਰਵਾ ਲਏ।

ਜਦੋਂ ਲੋਕ ਸਭਾ ਦੇ ਇਕ ਅਧਿਕਾਰੀ ਸੁਰੇਂਦਰ ਸਿੰਘ ਨੂੰ ਪੁੱਛਿਆ ਗਿਆ, ਉਹਨੇ ਸਾਫ਼ ਜਵਾਬ ਦਿੱਤਾ ਕਿ ਨੇਮਾਂ ਅਨੁਸਾਰ ਕੋਈ ਇਕ ਵੀ ਘਰ ਮਹਿਮਾਨਾਂ ਲਈ ਨਹੀਂ ਰੱਖਿਆ ਗਿਆ। ਲੋਕ ਸਭਾ ਦੀ ਹਾਊਸਿੰਗ ਕਮੇਟੀ ਦੇ ਚੇਅਰਮੈਨ ਜੇ. ਪੀ. ਅਗਰਵਾਲ ਨੇ ਕਿਹਾ, "ਲੀਹ ਤੁਰ ਪਈ, ਉਸੇ ਅਨੁਸਾਰ ਘਰ ਦੇਈ ਜਾਂਦੇ ਹਾਂ। ਮਹਿਮਾਨਾਂ ਨੂੰ ਘਰ ਦੇਣ ਦੀ ਮਨਾਹੀ ਕਰਦਾ ਹੋਇਆ ਕੋਈ ਕਾਨੂੰਨ ਵੀ ਤਾਂ ਨਹੀਂ।" ਰਾਜ ਸਭਾ ਦੀ ਹਾਊਸਿੰਗ ਕਮੇਟੀ ਦੇ ਚੇਅਰਮੈਨ, ਭੁਬਨੇਸਵਰ ਕਲੀਟਾ ਦਾ ਕਹਿਣਾ ਸੀ, "ਮੈਂ ਕਮੇਟੀ ਤੋਂ ਬਾਹਰ ਇਸ ਮੁੱਦੇ ਬਾਰੇ ਕੋਈ ਟਿੱਪਣੀ ਨਹੀਂ ਕਰ ਸਕਦਾ ਕਿਉਂਕਿ ਨੇਮ ਬੋਲਣ ਤੋਂ ਵਰਜਦੇ ਹਨ।"

# 1857 ਦਾ ਗਦਰ, ਪੰਜਾਬ ਅਤੇ ਸਰਬੱਤ ਦਾ ਭਲਾ

*ਅਹਿਮ ਨੁਕਤਾ ਇਹ ਹੈ ਕਿ ਅੰਗਰੇਜ਼ ਬਸਤਾਨਾਂ ਵਿਰੁਧ ਭਾਰਤ ਦੇ ਵੱਖਰੇ ਵੱਖਰੇ ਖਿੱਤਿਆਂ ਵਿਚ ਜੰਗ ਲੜੀ ਜਾ ਰਹੀ ਸੀ। ਅੰਗਰੇਜ਼ ਦੀ ਮੁੱਖ ਟੇਕ 'ਪਾੜੋ ਤੇ ਰਾਜ ਕਰੋ' ਦੀ ਨੀਤੀ ਉੱਤੇ ਸੀ। ਪੂਰਬੀ ਸਿਪਾਹੀਆਂ ਨੂੰ ਪੰਜਾਬੀਆਂ ਵਿਰੁਧ ਝੋਕਿਆ ਜਾਂਦਾ ਸੀ ਅਤੇ ਪੰਜਾਬੀਆਂ ਨੂੰ ਪੂਰਬੀਆਂ ਵਿਰੁਧ। ਇਹੀ ਕੰਮ ਉਨ੍ਹਾਂ ਨੇ 1857 ਦੇ ਗ਼ਦਰ ਵਿਚ ਕੀਤਾ। ਅਸਲੀ ਦੁਸ਼ਮਣ ਦੀ ਨਿਸ਼ਾਨਦੇਹੀ ਕਰਨ ਦੀ ਥਾਂ ਇੱਕ-ਦੂਜੇ ਨੂੰ ਦੁਸ਼ਮਣ ਠਹਿਰਾਉਣ ਦਾ ਰੁਝਾਨ ਅੱਜ ਤੱਕ ਚਲਿਆ ਆਉਂਦਾ ਹੈ। ਇਤਿਹਾਸ ਪੇਚੀਦਾ ਮਸਲਾ ਹੈ, ਇਹ ਮਹਿਜ਼ ਤਰੀਕਾਂ, ਘਟਨਾਵਾਂ ਜਾਂ ਅੰਕੜਿਆਂ ਦਾ ਢੇਰ ਨਹੀਂ ਹੁੰਦਾ। ਜੇ ਕਿਸੇ ਨੂੰ ਇਤਿਹਾਸ ਦੀ ਖ਼ੋਜ ਕਰਨ ਜਾਂ ਉਹਦੇ ਉੱਤੇ ਟਿੱਪਣੀ ਕਰਨ ਦਾ ਮੌਕਾ ਮਿਲਿਆ ਹੈ, ਤਾਂ ਜ਼ਰੂਰੀ ਨਹੀਂ ਕਿ ਇਤਿਹਾਸ ਵਿਚੋਂ ਆਪੋ-ਆਪਣੇ ਮਨਭਾਉਂਦੇ ਹਿੱਸੇ ਨੂੰ 'ਮਹਾਨ ਇਤਿਹਾਸ' ਕਰਾਰ ਦੇ ਕੇ ਬਾਕੀ ਦੇ ਨੂੰ ਕੂੜ-ਕਬਾੜ ਸਾਬਤ ਕਰ ਦਿੱਤਾ ਜਾਵੇ। ਤੰਗ ਨਜ਼ਰੀਏ ਦੀ ਥਾਂ ਇਤਿਹਾਸਕ ਹਵਾਲਿਆਂ ਨੂੰ ਵਡੇਰੇ ਪ੍ਰਸੰਗਾਂ ਅਤੇ ਸਮੁੱਚਤਾ ਵਿਚ ਵੇਖਣ ਦਾ ਹੌਸਲਾ ਕਰਨਾ ਚਾਹੀਦਾ ਹੈ। ਘਟਨਾਵਾਂ ਨੂੰ ਸਿਰਫ਼ ਅਲਹਿਦਗੀ ਵਿਚ ਦੇਖਣਾ ਤੰਗ ਨਜ਼ਰੀਏ ਵੱਲ ਲੈ ਕੇ ਜਾਂਦਾ ਹੈ।*

**ਜਤਿੰਦਰ ਮੌਹਰ**
**ਫੋਟੋ: 91-97799-34747**

1857 ਦੇ ਗ਼ਦਰ ਵੇਲੇ ਅੰਗਰੇਜ਼ੀ ਫ਼ੌਜ ਵਿਚ ਸ਼ਾਮਲ ਪੂਰਬੀ ਭਾਰਤ ਦੇ ਫ਼ੌਜੀਆਂ ਨੇ ਲਾਹੌਰ ਦੀ ਮੀਆਂ ਮੀਰ ਛਾਉਣੀ ਵਿਚ ਬਗਾਵਤ ਕਰ ਦਿੱਤੀ ਸੀ। ਰਾਵੀ ਦੇ ਦੂਜੇ ਪਾਰ ਤੋਂ ਇਨ੍ਹਾਂ ਬਾਗੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਅਜਨਾਲੇ ਨੇੜੇ ਮਾਰ ਕੇ ਖੂਹ ਵਿਚ ਦੱਬ ਦਿੱਤਾ ਗਿਆ। ਕੁਝ ਇਤਿਹਾਸਕਾਰ ਇਨ੍ਹਾਂ ਬਾਗੀਆਂ ਨੂੰ ਸ਼ਹੀਦ ਦੀ ਥਾਂ ਗ਼ੱਦਾਰ ਐਲਾਨ ਰਹੇ ਹਨ, ਕਿਉਂਕਿ ਇਹ ਅੰਗਰੇਜ਼ਾਂ ਵਲੋਂ ਸਿੱਖਾਂ ਵਿਰੁਧ ਲੜੇ ਸਨ। ਇਹ ਇਤਿਹਾਸਕਾਰ ਸਤਵੰਜਾ ਦੇ ਗ਼ਦਰ ਨੂੰ ਅਜ਼ਾਦੀ ਦੀ ਜੰਗ ਨਹੀਂ ਮੰਨਦੇ। ਗ਼ਦਰ ਦੇ ਪੱਖ ਅਤੇ ਵਿਰੋਧ ਵਿਚ ਦੋਵੇਂ ਧਿਰਾਂ ਦੇ ਆਪੋ-ਆਪਣੇ ਤਰਕ ਹਨ। ਦਾਅਵਿਆਂ ਅਤੇ ਬੇਦਾਵਿਆਂ ਦੇ ਮਾਹੌਲ ਵਿਚ ਵਾਰਸਾਂ ਦੀ ਪਾਲਾਬੰਦੀ ਹੋ ਰਹੀ ਹੈ ਪਰ ਇਸ ਮਾਮਲੇ ਨੂੰ ਸਮਝਣ ਲਈ ਉਨ੍ਹਾਂ ਸਮਿਆਂ ਦਾ ਸਮਕਾਲੀ ਇਤਿਹਾਸ ਵਾਚਣਾ ਜ਼ਰੂਰੀ ਹੈ।

ਮੁਗਲ ਸਾਮਰਾਜ ਦੇ ਕਮਜ਼ੋਰ ਹੋਣ ਨਾਲ ਮੁਕਾਮੀ ਬਗਾਵਤਾਂ ਭਾਰੂ ਹੋ ਰਹੀਆਂ ਸਨ। ਨਵੇਂ ਰਾਜ ਬਣ ਰਹੇ ਸਨ। ਪੰਜਾਬ ਵਿਚ ਸਦੀ ਦਾ ਸੰਤਾਪ ਝੱਲਣ ਤੋਂ ਬਾਅਦ ਸਿੱਖਾਂ ਨੇ ਮਿਸਲਾਂ ਦੇ ਰੂਪ ਵਿਚ ਜਗੀਰਾਂ ਕਾਇਮ ਕਰ ਲਈਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਜਗੀਰਾਂ ਨੂੰ ਆਪਣੇ ਅਖਤਿਆਰ ਹੇਠ ਲਿਆਂਦਾ। ਉਸ ਤੋਂ ਬਾਅਦ ਦੂਜੇ ਖਿੱਤਿਆਂ ਨੂੰ ਕਬਜ਼ੇ ਹੇਠ ਲੈਣ ਦਾ ਦੌਰ ਚੱਲ ਪਿਆ। ਦੇਸੀ-ਵਿਦੇਸ਼ੀ ਹਮਲਾਵਰਾਂ ਦਾ ਸੇਕ ਝੱਲਣ ਵਾਲੇ ਖੁਦ ਹਮਲਾਵਰ ਬਣ ਰਹੇ ਸਨ। ਉੱਤਰ-ਪੱਛਮੀ ਸਰਹੱਦੀ ਸੂਬੇ (ਹੁਣ ਪਾਕਿਸਤਾਨ) ਦੇ ਬਕੋਟ ਇਲਾਕੇ ਵਿਚ ਹਰੀ ਸਿੰਘ ਨਲੂਏ ਦੀ ਫ਼ੌਜ ਨੇ ਕਬਾਇਲੀਆਂ ਨੂੰ ਬੇਦਰਦੀ ਨਾਲ ਕੁਚਲਿਆ ਸੀ। ਸੈਂਕੜਿਆਂ ਦੇ ਸਿਰ ਕਲਮ ਕੀਤੇ ਗਏ। ਕਬਾਇਲੀ ਔਰਤਾਂ ਨੂੰ ਕੇਂਦਰੀ ਜੰਮੂ ਦੇ ਬਜ਼ਾਰ ਵਿਚ ਵੇਚਿਆ ਜਾਂਦਾ ਸੀ (ਤਾਰੀਖਿ-ਕਸ਼ਮੀਰ, ਲੇਖਕ ਸਈਦ ਮਹਿਮੂਦ ਆਜ਼ਾਦ)। ਹਰੀ ਸਿੰਘ ਨਲੂਆ ਚਾਰ ਸਾਲ ਪਿਸ਼ਾਵਰ ਵਾਦੀ ਦਾ ਰਾਜਪਾਲ ਰਿਹਾ। ਇਹ ਸਮਾਂ ਲੁੱਟਮਾਰ, ਉਜਾੜੇ ਅਤੇ ਧੱਕੇ ਦੇ ਕਬਜ਼ਿਆਂ ਦਾ ਸਮਾਂ ਸੀ। ਨਲੂਏ ਦੀ ਮੌਤ ਤੋਂ ਬਾਅਦ ਵੀ ਉਹਦਾ ਭੈਅ ਕਬਾਇਲੀਆਂ ਦੇ ਮਨਾਂ ਵਿਚ ਦਹਾਕਿਆਂ ਤੱਕ ਬਰਕਰਾਰ ਰਿਹਾ। ਇਸੇ ਕਰ ਕੇ ਕਬਾਇਲੀ ਬੀਬੀਆਂ ਆਪਣੇ ਬੱਚਿਆਂ ਨੂੰ 'ਰਾਗੇ ਹਰੀ ਸਿੰਘ' ਦੇ ਨਾਂ ਨਾਲ ਡਰਾਉਂਦੀਆਂ ਰਹੀਆਂ ਹਨ। ਸਿੱਖ ਜਰਨੈਲਾਂ ਦਾ ਮੁਸਲਿਮ ਕਬਾਇਲੀਆਂ ਬਾਬਤ ਰਵੱਈਆ ਬੇਹੱਦ ਜ਼ਾਲਮਾਨਾ ਸੀ। ਕੁਝ ਵੇਰਵਿਆਂ ਮੁਤਾਬਕ ਕਬਾਇਲੀ ਲੋਕਾਂ ਦੇ ਸਿਰਾਂ ਦਾ ਮੁੱਲ ਪਾਏ ਗਏ ਸਨ। ਕਈ ਕਬਾਇਲੀਆਂ ਨੇ ਡਰਦੇ ਮਾਰੇ ਆਪਣੇ ਨਾਂ ਬਦਲ ਲਏ। ਅੱਜ ਵੀ ਪਕਿਸਤਾਨ ਦੇ ਇਸ ਖਿੱਤੇ ਵਿਚ ਜਾਬਰ ਸਰਕਾਰ ਦੇ ਪ੍ਰਸੰਗ ਵਿਚ ਸਿੱਖਾਸ਼ਾਹੀ ਸ਼ਬਦ ਵਰਤਿਆ ਜਾਂਦਾ ਹੈ।

ਸ਼ਾਹ ਇਸਮਾਈਲ ਅਤੇ ਸਈਅਦ ਅਹਿਮਦ ਕਬਾਇਲੀਆਂ ਦੇ ਸ਼ਹੀਦ ਮੰਨੇ ਜਾਂਦੇ ਹਨ ਜੋ ਬਾਲਾਕੋਟ ਦੀ ਜੰਗ ਵਿਚ ਸਿੱਖਾਂ ਹੱਥੋਂ ਮਾਰੇ ਗਏ ਸਨ। ਸਈਅਦ ਅਹਿਮਦ, ਪਠਾਣ ਜਾਂ ਪੰਜਾਬੀ ਨਹੀਂ ਸੀ। ਉਹ ਲਖਨਊ ਕੋਲ ਰਾਏ ਬਰੇਲੀ ਦਾ ਸੀ। ਅਹਿਮਦ ਨੇ ਸਿੱਖਾਂ ਅਤੇ ਅੰਗਰੇਜ਼ਾਂ, ਦੋਵਾਂ ਦਾ ਵਿਰੋਧ ਕੀਤਾ। ਉਹਨੇ 1820 ਦੇ ਅੱਧ ਵਿਚ ਸਿੱਖਾਂ ਵਿਰੁੱਧ ਮਰਜੀਵੜੇ ਭਰਤੀ ਕਰਨ ਲਈ ਉੱਤਰੀ ਭਾਰਤ ਦੇ ਪਿੰਡਾਂ ਸ਼ਹਿਰਾਂ ਵਿਚ ਪਰਚਾ ਵੰਡਿਆ ਜਿਹਦੇ ਵਿਚ ਲਿਖਿਆ ਸੀ: 'ਸਿੱਖਾਂ ਦਾ ਮੁਸਲਮਾਨਾਂ ਉੱਤੇ ਜ਼ੁਲਮ ਹੱਦਾਂ ਟੱਪ ਚੁੱਕਿਆ ਹੈ ... ਹਜ਼ਾਰਾਂ ਬੇਕਸੂਰ ਮਾਰੇ ਜਾ ਚੁੱਕੇ ਹਨ।' ਭਾਰਤੀ ਸ਼ਹਿਰਾਂ ਵਿਚੋਂ ਭਰਤੀ ਅਤੇ ਮਾਲੀ ਮਦਦ ਮਿਲੀ। 1826 ਦੇ ਅੰਤ ਤੱਕ ਜਹਾਦੀ ਪਿਸ਼ਾਵਰ ਦੇ ਦੁਆਲੇ ਇਕੱਠੇ ਹੋਣੇ ਸ਼ੁਰੂ ਹੋ ਗਏ। ਮੁਕਾਮੀ ਕਬਾਇਲੀਆਂ ਨੇ ਅਹਿਮਦ ਦਾ ਸਾਥ ਦਿੱਤਾ ਅਤੇ ਸਿੱਖਾਂ ਦੇ ਥਾਪੇ ਰਾਜਪਾਲ ਨੂੰ ਪਿਸ਼ਾਵਰ ਖਾਲੀ ਕਰਨਾ ਪਿਆ। ਸ਼ੇਰ ਸਿੰਘ, ਨਲੂਏ ਅਤੇ ਵੇਨਤੂਰਾ ਦੀ ਅਗਵਾਈ ਵਿਚ ਸਿੱਖ ਫ਼ੌਜਾਂ ਅਹਿਮਦ ਨੂੰ ਹਰਾਉਣ ਲਈ ਆਣ ਪਹੁੰਚੀਆਂ। ਰਣਜੀਤ ਸਿੰਘ ਨੇ ਕਬਾਇਲੀਆਂ ਨੂੰ ਹਰਾਉਣ ਲਈ ਪੈਸੇ ਅਤੇ ਆਪਸੀ ਫੁੱਟ ਦਾ ਫਾਇਦਾ ਲੈਣ ਦੀ ਕੋਸ਼ਿਸ਼ ਕੀਤੀ। ਕਬਾਇਲੀ ਦਸਤਿਆਂ ਨੇ ਸਿੱਖ ਫ਼ੌਜ ਉੱਤੇ ਗੁਰੀਲਾ ਹਮਲੇ ਕੀਤੇ ਅਤੇ ਕਈ ਝੜਪਾਂ ਵਿਚ ਜਿੱਤ ਵੀ ਹਾਸਲ ਕੀਤੀ। ਪਠਾਣ ਕਬਾਇਲੀਆਂ ਦੇ ਹਿੰਦੋਸਤਾਨੀ ਜਹਾਦੀਆਂ ਨਾਲ ਮਤਭੇਦ ਉਭਰਨ ਕਰ ਕੇ ਅਹਿਮਦ ਦੀ ਮੁਹਿੰਮ ਨੂੰ ਵੱਡੀ ਸੱਟ ਲੱਗੀ। ਮਈ 1831 ਵਿਚ ਸ਼ੇਰ ਸਿੰਘ ਦੇ ਫ਼ੌਜੀ ਦਲ ਨੇ ਬਾਲਾਕੋਟ ਦੀ ਲੜਾਈ ਵਿਚ ਅਲੱਗ-ਥਲੱਗ ਹੋਏ ਅਹਿਮਦ ਨੂੰ ਮਾਰ ਦਿੱਤਾ। (ਰਾਜਮੋਹਨ ਗਾਂਧੀ ਦੀ ਕਿਤਾਬ 'ਪੰਜਾਬ: ਏ ਹਿਸਟਰੀ ਫਰੌਮ ਔਰੰਗਜ਼ੇਬ ਟੂ ਮਾਊਂਟਬੈਟਨ')।

ਸਿੱਖਾਂ ਨਾਲ ਕੁੜੱਤਣ ਕਾਰਨ ਕਬਾਇਲੀਆਂ ਦੇ ਇੱਕ ਹਿੱਸੇ ਨੇ ਪਹਿਲੀ ਸਿੱਖ-ਅੰਗਰੇਜ਼ ਜੰਗ ਵਿਚ ਸਿੱਖਾਂ ਦੀ ਹਾਰ ਦਾ ਸਵਾਗਤ ਕੀਤਾ ਸੀ। ਛੇਤੀ ਹੀ ਕਬਾਇਲੀਆਂ ਨੂੰ ਮਹਿਸੂਸ ਹੋ ਗਿਆ ਕਿ ਉਹ ਇੱਕ ਗ਼ਲਬੇ ਹੇਠੋਂ ਨਿੱਕਲ ਕੇ ਦੂਜੇ ਗ਼ਲਬੇ ਹੇਠ ਆ ਗਏ ਹਨ। ਸੋ, ਸਿੱਖਾਂ ਵਿਰੁਧ ਅੰਗਰੇਜ਼ਾਂ ਦਾ ਸਾਥ ਦੇਣ ਵਾਲੇ ਕਬਾਇਲੀਆਂ ਨੇ 1857 ਦੇ ਗ਼ਦਰ ਵੇਲੇ ਅੰਗਰੇਜ਼ਾਂ ਵਿਰੁੱਧ ਬਗਾਵਤ ਕਰ ਦਿੱਤੀ।

ਸਿੱਖਾਂ ਦੇ ਰਾਜ ਪਸਾਰੇ ਸਮੇਂ ਹੀ ਅੰਗਰੇਜ਼ ਬਸਤਾਨ ਭਾਰਤ ਉੱਤੇ ਕਾਬਜ਼ ਹੋ ਰਹੇ ਸਨ। ਮੁਕਾਮੀ ਲੋਕ ਅਤੇ ਰਿਆਸਤਾਂ ਅੰਗਰੇਜ਼ ਬਸਤਾਨਾਂ ਦੀ ਲੁੱਟ ਵਿਰੁਧ ਬਣਦੀ ਜਦੋ-ਜਹਿਦ ਵਿਚ ਲੱਗੇ ਹੋਏ ਸਨ। ਨਵਾਬ ਸਿਰਾਜੂਦੌਲਾ ਅਤੇ ਟੀਪੂ ਸੁਲਤਾਨ ਵਰਗੇ ਸ਼ਾਸਕ ਅੰਗਰੇਜ਼ਾਂ ਨੂੰ ਟੱਕਰ ਦਿੰਦੇ ਹੋਏ ਰਾਜ ਗੁਆ ਬੈਠੇ ਸਨ। ਅੰਗਰੇਜ਼ਾਂ ਵਿਰੁਧ ਸਾਂਝੇ ਮੋਰਚੇ ਦਾ ਸਬੱਬ ਨਹੀਂ ਬਣ ਸਕਿਆ ਸੀ ਕਿਉਂਕਿ ਆਪਸੀ ਪਾਟੋ-ਧਾੜ, ਬੇਇਤਬਾਰੀ ਅਤੇ ਵੱਖਰੇ ਵੱਖਰੇ ਲੜਨ ਦੀ ਹਾਲਤ ਹਾਰ ਦਾ ਕਾਰਨ ਬਣੀ ਹੋਈ ਸੀ। ਸਾਂਝੇ ਦੁਸ਼ਮਣ ਦੀ ਨਿਸ਼ਾਨਦੇਹੀ ਕਰਨ ਦੀ ਥਾਂ ਆਪਸੀ ਦੁਸ਼ਮਣੀ ਦਾ ਰੁਝਾਨ ਜ਼ੋਰਾਂ ਉੱਤੇ ਸੀ। ਅੰਗਰੇਜ਼ ਬਸਤਾਨਾਂ ਵਿਰੁਧ ਜਦੋ-ਜਹਿਦ ਦੀ ਲੰਮੀ ਲੜੀ ਵਿਚ 1857 ਦਾ ਗ਼ਦਰ ਅਹਿਮ ਘਟਨਾ ਸੀ ਜਿਹਨੇ ਘੱਟੋ-ਘੱਟ ਸਾਂਝੇ ਦੁਸ਼ਮਣ ਦੀ ਨਿਸ਼ਾਨਦੇਹੀ ਕਰਨ ਵਿਚ ਮਦਦ ਕੀਤੀ। ਇਸ ਗ਼ਦਰ ਨੇ ਕੌਮਾਂਤਰੀ ਪੱਧਰ ਉੱਤੇ ਹੋਂਦ ਦਰਜ ਕਰਵਾਈ। ਸੰਨ 1849 ਵਿਚ ਪੰਜਾਬ ਉੱਤੇ ਅੰਗਰੇਜ਼ਾਂ ਦਾ ਮੁਕੰਮਲ ਕਬਜ਼ਾ ਹੋ ਚੁੱਕਿਆ ਸੀ। ਦੂਜੀ ਸਿੱਖ-ਅੰਗਰੇਜ਼ ਜੰਗ ਹਾਰਨ ਤੋਂ ਬਾਅਦ ਭਾਈ ਮਹਾਰਾਜ ਸਿੰਘ ਅੰਗਰੇਜ਼ਾਂ ਦਾ ਫਸਤਾ ਵੱਢਣ ਲਈ ਹਥਿਆਰਬੰਦ ਜਦੋ-ਜਹਿਦ ਕਰ ਰਹੇ ਸਨ। ਕਈ ਇਤਿਹਾਸਕਾਰ ਭਾਈ ਸਾਹਿਬ ਦੇ ਹੰਭਲਿਆਂ ਨੂੰ ਬਸਤਾਨਾਂ ਵਿਰੁਧ ਪਹਿਲੀ ਕੋਸ਼ਿਸ਼ ਦੇ ਤੌਰ ਉੱਤੇ ਦੇਖਦੇ ਹਨ। ਭਾਈ ਮਹਾਰਾਜ ਸਿੰਘ, ਬਾਬਾ ਬੀਰ ਸਿੰਘ ਨੌਰੰਗਾਬਾਦੀ ਦੇ ਡੇਰੇ ਨਾਲ ਸੰਬੰਧਤ ਸਨ। ਬੀਰ ਸਿੰਘ ਨੌਰੰਗਾਬਾਦੀ ਨੂੰ ਲਾਹੌਰ ਦਰਬਾਰ ਦੀਆਂ ਸਿੱਖ ਫ਼ੌਜਾਂ ਨੇ ਕਤਲ ਕਰ ਦਿੱਤਾ ਸੀ। ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਇਸ ਵਾਕਿਆ ਦਾ ਜ਼ਿਕਰ ਮਿਲਦਾ ਹੈ।

*ਗ਼ੈਰ-ਪੰਜਾਬੀ ਬਾਗੀਆਂ ਉੱਤੇ ਦੋਸ਼ ਲਾਇਆ ਜਾਂਦਾ ਹੈ ਕਿ ਇਨ੍ਹਾਂ ਨੇ ਲਾਹੌਰ ਦਰਬਾਰ ਵਿਰੁਧ ਲੜਾਈ ਵਿਚ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਲਾਹੌਰ ਦਰਬਾਰ ਵਿਰੁਧ ਅੰਗਰੇਜ਼ਾਂ ਦਾ ਸਾਥ ਦੇਣ ਵਾਲੀਆਂ ਸਿੱਖ ਰਿਆਸਤਾਂ ਵੀ ਸਨ ਅਤੇ ਲਾਹੌਰ ਦਰਬਾਰ ਦੀ ਫ਼ੌਜ ਵਿਚ ਉੱਤਰ-ਕੇਂਦਰੀ ਭਾਰਤ ਦੇ ਪੂਰਬੀ ਲੋਕ ਵੀ ਸ਼ਾਮਲ ਸਨ। ਕੀ ਇਸ ਤਰਕ ਨਾਲ ਕਿਸੇ ਤੋਂ ਬਹਾਲੀ ਦਾ ਹੱਕ ਖੋਹਿਆ ਜਾ ਸਕਦਾ ਹੈ ਕਿ ਉਹ ਪਹਿਲਾਂ ਦੁਸ਼ਮਣਾਂ ਦਾ ਸਾਥ ਦੇ ਰਿਹਾ ਸੀ ਜਾਂ 'ਜੁਝਾਰੂ' ਧਿਰਾਂ ਦਾ ਪਾਲਾ ਛੱਡ ਗਿਆ ਸੀ?*

ਸਿੰਘ ਸਾਰਿਆਂ ਨੇ ਬੈਠ ਗੁਰਮਤਾ ਕੀਤਾ
ਚਲੋ ਜਾਏ ਫ਼ਰੰਗੀ ਨੂੰ ਮਾਰੀਏ ਜੀ
ਇੱਕ ਵਾਰ ਜੇ ਸਾਹਮਣੇ ਹੋਇ ਸਾਡੇ
ਇੱਕ ਘੜੀ ਵਿਚ ਪਾਰ ਉਤਾਰੀਏ ਜੀ
ਭਾਈ ਬੀਰ ਸਿੰਘ ਜਿਹੇ ਅਸਾਂ ਨਹੀਂ ਛੱਡੇ
ਅਸੀਂ ਕਦੀ ਨਾ ਉਸ ਤੋਂ ਹਾਰੀਏ ਜੀ
ਸ਼ਾਹ ਮੁਹੰਮਦਾ ਮਾਰ ਕੇ ਲੁਧਿਆਣਾ
ਫ਼ੌਜਾਂ ਦਿੱਲੀ ਦੇ ਵਿਚ ਉਤਾਰੀਏ ਜੀ


---

ਪੈਂਚ ਲਿਖਦੇ ਸਾਰੀਆਂ ਪੜਤਲਾਂ ਦੇ
ਸਾਡੀ ਅੱਜ ਹੈ ਵੱਡੀ ਚਲੰਤ ਮੀਆਂ
ਬੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ
ਨਹੀਂ ਛੱਡਿਆ ਸਾਧ ਤੇ ਸੰਤ ਮੀਆਂ
ਅਸਾਂ ਮਾਰੇ ਚੌਫੇਰੇ ਦੇ ਕਿਲ੍ਹੇ ਭਾਰੇ
ਅਸਾਂ ਮਾਰਿਆ ਕੁਲੂ ਭਟੰਤ ਮੀਆਂ
ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ
ਜਿਹੜੀ ਕਰੇਗਾ ਖ਼ਾਲਸਾ ਪੰਥ ਮੀਆਂ

ਬੀਰ ਸਿੰਘ ਦੀ ਸ਼ਹੀਦੀ ਤੋਂ ਬਾਅਦ ਭਾਈ ਮਹਾਰਾਜ ਸਿੰਘ ਡੇਰੇ ਦੇ ਮੁਖੀ ਬਣੇ। ਬੀਰ ਸਿੰਘ ਦਾ ਡੇਰਾ ਧਾਰਮਿਕ ਡੇਰੇ ਤੋਂ ਅਗਾਂਹ ਫ਼ੌਜੀ ਅੱਡੇ ਵਰਗਾ ਸੀ ਜਿਹਦੇ ਵਿਚ 3000 ਘੋੜ-ਸਵਾਰ ਅਤੇ 1200 ਬੰਦੂਕਧਾਰੀ ਸ਼ਾਮਲ ਸਨ। ਇਹ ਡੇਰਾ ਸਿਆਸੀ ਪਨਾਹਗੀਰਾਂ ਦੀ ਠਾਹਰ ਸੀ ਅਤੇ ਡੋਗਰਿਆਂ ਦੇ ਗ਼ਲਬੇ ਦੇ ਵਿਰੋਧ ਦਾ ਕੇਂਦਰ ਸੀ। ਦੂਜੀ ਸਿੱਖ-ਅੰਗਰੇਜ਼ ਜੰਗ ਵਿਚ ਭਾਈ ਸਾਹਿਬ ਨੇ ਸਭ ਤੋਂ ਪਹਿਲਾਂ ਮੁਲਤਾਨ ਦੇ ਦੀਵਾਨ ਮੂਲ ਰਾਜ ਅਤੇ ਫਿਰ ਰਾਜਾ ਸ਼ੇਰ ਸਿੰਘ ਦਾ ਅੰਗਰੇਜ਼ਾਂ ਵਿਰੁਧ ਸਾਥ ਦਿੱਤਾ ਸੀ। ਉਨ੍ਹਾਂ ਨੇ ਰਾਮਨਗਰ, ਚਿੱਲੀਆਂਵਾਲੀ ਅਤੇ ਗੁਜਰਾਤ ਦੀਆਂ ਲੜਾਈਆਂ ਵਿਚ ਸਿੱਖ ਫ਼ੌਜਾਂ ਦਾ ਸਾਥ ਦਿੱਤਾ। ਜੰਗ ਵਿਚ ਵੱਡੇ ਪੰਜਾਬੀ ਜਰਨੈਲ ਫੜੇ ਜਾਂ ਮਾਰੇ ਗਏ ਪਰ ਭਾਈ ਸਾਹਿਬ ਅੰਗਰੇਜ਼ਾਂ ਦੇ ਹੱਥ ਨਹੀਂ ਆਏ। ਭਾਈ ਸਾਹਿਬ ਕਿਹਾ ਕਰਦੇ ਸਨ, "ਛੇਤੀ ਹੀ ਕੌਮੀ ਜੰਗ ਲੱਗਣ ਵਾਲੀ ਹੈ ਅਤੇ ਸੱਚੇ ਸਿੱਖਾਂ ਨੂੰ ਉਸ ਦਿਨ ਲਈ ਤਿਆਰ ਰਹਿਣਾ ਪਵੇਗਾ।" ਆਦਮਪੁਰ ਦੀ ਝਿੜੀ ਵਿਚੋਂ ਭਾਈ ਸਾਹਿਬ ਦੀ ਗ੍ਰਿਫ਼ਤਾਰੀ ਤੋਂ ਬਾਅਦ ਸੰਘਰਸ਼ ਮੱਠਾ ਪੈ ਗਿਆ। ਸੰਨ 1856 ਵਿਚ ਸਿੰਗਾਪੁਰ ਦੀ ਜੇਲ੍ਹ ਵਿਚ ਭਾਈ ਸਾਹਿਬ ਸਦੀਵੀ ਵਿਛੋੜਾ ਦੇ ਗਏ। ਭਾਈ ਸਾਹਬ ਦੇ ਵਿਛੋੜੇ ਤੋਂ ਸਾਲ ਬਾਅਦ ਸੰਨ 1857 ਦਾ ਗ਼ਦਰ ਫੁੱਟ ਪਿਆ। ਉੱਤਰ ਪ੍ਰਦੇਸ਼ ਦਾ ਖਿੱਤਾ ਅਤੇ ਗੰਗਾ ਦੇ ਮੈਦਾਨ ਗ਼ਦਰ ਦਾ ਕੇਂਦਰ ਬਣੇ ਜਿਨ੍ਹਾਂ ਨੂੰ ਅਸੀਂ ਪੂਰਬੀਆਂ ਦੀ ਧਰਤੀ ਕਹਿੰਦੇ ਹਾਂ। ਪੰਜਾਬ ਵਿਚ ਤਾਇਨਾਤ ਅੰਗਰੇਜ਼ੀ ਫ਼ੌਜ ਦੇ ਪੂਰਬੀ ਫ਼ੌਜੀਆਂ ਨੇ ਅੰਗਰੇਜ਼ ਬਸਤਾਨਾਂ ਵਿਰੁਧ ਬਗਾਵਤ ਕੀਤੀ। ਇਸ ਤੋਂ ਬਿਨਾਂ ਉੱਤਰੀ-ਪੱਛਮੀ ਸਰਹੱਦੀ ਸੂਬੇ ਵਿਚ ਕਬਾਇਲੀਆਂ ਨੇ ਬਗਾਵਤ ਦਾ ਝੰਡਾ ਬੁਲੰਦ ਕੀਤਾ ਜਿਹਨੂੰ ਮੁਰੇ ਬਗਾਵਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਸਤਵੰਜਾ ਦੇ ਗ਼ਦਰ ਵਿਚ ਅੰਗਰੇਜ਼ਾਂ ਵਿਰੁਧ ਬਗਾਵਤ ਕਰਨ ਵਾਲੇ 'ਪੂਰਬੀਏ' ਅਤੇ ਕਬਾਇਲੀ ਕਿਹਦੀ ਧਿਰ ਬਣਦੇ ਸਨ? ਅੰਗਰੇਜ਼ ਬਸਤਾਨਾਂ ਵਿਰੁਧ ਭਾਈ ਸਾਹਿਬ ਦੀ ਨਾਬਰੀ ਅਤੇ 'ਪੂਰਬੀਆਂ' ਅਤੇ ਕਬਾਇਲੀਆਂ ਦੀ ਬਗਾਵਤ ਵਿਚ ਕੋਈ ਸਾਂਝ ਬਣਦੀ ਹੈ? ਕੀ ਬਾਗੀ 'ਪੂਰਬੀਏ' ਅਤੇ ਕਬਾਇਲੀ ਭਾਈ ਮਹਾਰਾਜ ਸਿੰਘ ਦੇ ਸੰਘਰਸ਼ ਦੀ ਲਗਾਤਾਰਤਾ ਵਿਚ ਖੜ੍ਹੇ ਦਿਖਾਈ ਨਹੀਂ ਦਿੰਦੇ?

ਗ਼ੈਰ-ਪੰਜਾਬੀ ਬਾਗੀਆਂ ਉੱਤੇ ਦੋਸ਼ ਲਾਇਆ ਜਾਂਦਾ ਹੈ ਕਿ ਇਨ੍ਹਾਂ ਨੇ ਲਾਹੌਰ ਦਰਬਾਰ ਵਿਰੁਧ ਲੜਾਈ ਵਿਚ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਲਾਹੌਰ ਦਰਬਾਰ ਵਿਰੁਧ ਅੰਗਰੇਜ਼ਾਂ ਦਾ ਸਾਥ ਦੇਣ ਵਾਲੀਆਂ ਸਿੱਖ ਰਿਆਸਤਾਂ ਵੀ ਸਨ ਅਤੇ ਲਾਹੌਰ ਦਰਬਾਰ ਦੀ ਫ਼ੌਜ ਵਿਚ ਉੱਤਰ-ਕੇਂਦਰੀ ਭਾਰਤ ਦੇ ਪੂਰਬੀ ਲੋਕ ਵੀ ਸ਼ਾਮਲ ਸਨ। ਕੀ ਇਸ ਤਰਕ ਨਾਲ ਕਿਸੇ ਤੋਂ ਬਹਾਲੀ ਦਾ ਹੱਕ ਖੋਹਿਆ ਜਾ ਸਕਦਾ ਹੈ ਕਿ ਉਹ ਪਹਿਲਾਂ ਦੁਸ਼ਮਣਾਂ ਦਾ ਸਾਥ ਦੇ ਰਿਹਾ ਸੀ ਜਾਂ 'ਜੁਝਾਰੂ' ਧਿਰਾਂ ਦਾ ਪਾਲਾ ਛੱਡ ਗਿਆ ਸੀ? 'ਜਦੋ ਜਾਗੋ ਉਦੋਂ ਸਵੇਰਾ' ਪੰਜਾਬੀ ਦੀ ਮਸ਼ਹੂਰ ਕਹੌਤ ਹੈ। ਇਤਿਹਾਸ ਵਿਚ ਬੇਅੰਤ ਮਿਸਾਲਾਂ ਹਨ ਜਿੱਥੇ ਲੋਕਾਂ ਨੇ ਨਵੀਂ ਚੇਤਨਾ ਅਤੇ ਸੂਝ ਨਾਲ ਲੈਸ ਹੋ ਕੇ ਮਨੁੱਖੀ ਸਮਰੱਥਾ ਅਤੇ ਸ਼ਹਾਦਤ ਦੀਆਂ ਅਪਾਰ ਉਚਾਈਆਂ ਛੂਹੀਆਂ ਹਨ। ਅਨੰਦਪੁਰ ਸਾਹਿਬ ਦੇ ਘੇਰੇ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਕੇ ਜਾਣ ਵਾਲਿਆਂ ਨੇ ਖਿਦਰਾਣੇ ਦੀ ਢਾਬ ਉੱਤੇ ਬੇਦਾਵੇ ਪੜਵਾ ਕੇ ਚਾਲੀ ਮੁਕਤੇ ਹੋਣ ਦਾ ਮਾਣ ਹਾਸਲ ਕੀਤਾ ਸੀ। ਮੁਕਤਿਆਂ ਦੀ ਲਗਾਤਾਰਤਾ ਦਾ ਇਤਿਹਾਸ ਤਫ਼ਸੀਲ ਦੀ ਮੰਗ ਕਰਦਾ ਹੈ। ਗ਼ਦਰ ਲਹਿਰ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਗ਼ਦਰੀਆਂ ਦਾ ਮੁੱਖ ਪ੍ਰਚਾਰ ਹਿੰਦੀ ਫ਼ੌਜੀਆਂ ਵਿਚ ਸੀ ਜੋ ਅੰਗਰੇਜ਼ਾਂ ਵਲੋਂ ਲੜ ਰਹੇ ਸਨ। ਬਾਅਦ ਵਿਚ ਉਹ ਗ਼ਦਰੀਆਂ ਦੇ ਝੰਡੇ ਹੇਠ ਅੰਗਰੇਜ਼ਾਂ ਵਿਰੁਧ ਲੜੇ ਸਨ। ਬੱਬਰ ਕਿਸ਼ਨ ਸਿੰਘ ਗੜਗੱਜ ਅੰਗਰੇਜ਼ੀ ਫ਼ੌਜ ਦੀ ਨੌਕਰੀ ਕਰਦੇ ਸਨ। ਉਹ ਨੌਕਰੀ ਛੱਡ ਕੇ ਬੱਬਰ ਅਕਾਲੀ ਲਹਿਰ ਦੇ ਮੋਢੀ ਬਣੇ। ਕਈ ਡਾਕੂ ਬੱਬਰਾਂ ਦੇ ਅਸਰ ਹੇਠ ਕੌਮੀ ਮੁਕਤੀ ਲਹਿਰ ਦਾ ਹਿੱਸਾ ਬਣ ਗਏ। ਅੱਜ ਅਸੀਂ ਉਨ੍ਹਾਂ ਦੀ ਸ਼ਹਾਦਤ ਨੂੰ ਸਲਾਮ ਕਰਦੇ ਹਾਂ।

1857 ਦੇ ਗ਼ਦਰ ਨੂੰ ਇਸ ਦਲੀਲ ਨਾਲ ਰੱਦ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਇਹ ਬਗਾਵਤ ਰਾਜੇ-ਰਜਵਾੜਿਆਂ ਦੀ ਸੀ, ਪਰ ਲਾਹੌਰ ਦਰਬਾਰ ਦੀ ਅੰਗਰੇਜ਼ਾਂ ਵਿਰੁਧ ਦੂਜੀ ਜੰਗ 'ਆਜ਼ਾਦੀ ਦੀ ਪਹਿਲੀ ਲੜਾਈ' ਸੀ। ਜੇ ਸਤਵੰਜਾ ਦੇ ਗ਼ਦਰ ਨੂੰ ਰੱਦ ਕਰਨ ਦਾ ਇਹ ਉਘੜਵਾਂ ਤਰਕ ਹੈ ਤਾਂ ਇਹ ਤਰਕ ਲਾਹੌਰ ਦਰਬਾਰ ਦੇ ਇਤਿਹਾਸ ਉੱਤੇ ਵੀ ਲਾਗੂ ਹੋਣਾ ਚਾਹੀਦਾ ਹੈ। ਜੇ ਅਸੀਂ ਆਪਣੀ ਲੜਾਈ ਨੂੰ 'ਆਜ਼ਾਦੀ ਦੀ ਜੰਗ' ਮੰਨਦੇ ਹਾਂ, ਤਾਂ ਦੂਜੇ ਖਿੱਤੇ ਦੇ ਲੋਕਾਂ ਦੀ ਜਦੋ-ਜਹਿਦ ਨੂੰ ਵੀ ਆਜ਼ਾਦੀ ਦੀ ਲੜਾਈ ਵਜੋਂ ਮਾਨਤਾ ਦੇਣ ਦਾ ਜੇਰਾ ਦਿਖਾਉਣਾ ਪਵੇਗਾ। ਅਵਾਮ ਦੇ ਅੰਗਰੇਜ਼ ਬਸਤਾਨਾਂ ਵਿਰੁਧ ਗੁੱਸੇ ਅਤੇ ਜਦੋ-ਜਹਿਦ ਨੂੰ 'ਰਾਜਿਆਂ ਦੀ ਬਗਾਵਤ' ਦੇ ਖਾਤੇ ਪਾ ਕੇ ਮੂਲੋਂ ਖਾਰਜ ਨਹੀਂ ਕੀਤਾ ਜਾ ਸਕਦਾ। ਇਤਿਹਾਸ ਬਾਬਤ ਅਜਿਹੀ ਪਹੁੰਚ ਮੌਕਾਪ੍ਰਸਤੀ ਅਤੇ ਆਪੇ ਦੇ ਜਸ਼ਨ ਕਹਾਉਂਦੀ ਹੈ। ਸਟੈਨਲੇ ਵੋਲਪਰਟ ਕਿਤਾਬ 'ਏ ਨਿਊ ਹਿਸਟਰੀ ਔਫ ਇੰਡੀਆ' ਵਿਚ ਅੰਗਰੇਜ਼ਾਂ ਵਲੋਂ ਸਤਵੰਜਾ ਦੇ ਗ਼ਦਰ ਸਮੇਂ ਅਵਾਮ ਉੱਤੇ ਢਾਹੇ ਗਏ ਕਹਿਰ ਬਾਬਤ ਤਫ਼ਸੀਲ ਦਿੰਦਾ ਹੈ, "ਜਿਉਂ ਹੀ ਅੰਗਰੇਜ਼ਾਂ ਦੇ ਕਤਲਾਂ ਦੀ ਪਹਿਲੀ ਖ਼ਬਰ ਲਾਹੌਰ, ਪਿਸ਼ਾਵਰ, ਸ਼ਿਮਲਾ ਅਤੇ ਕਲਕੱਤੇ ਪਹੁੰਚੀ ਤਾਂ ਵਹਿਸ਼ੀ ਨਸਲੀ ਹਿੰਸਾ ਫੁੱਟ ਪਈ। ਵਾਨਟਨ ਨੇ ਬੇਕਸੂਰ ਪੇਂਡੂਆਂ ਅਤੇ ਨਿਹੱਥੇ ਭਾਰਤੀਆਂ ਉੱਤੇ ਹਮਲੇ ਕੀਤੇ। ਇੱਥੋਂ ਤੱਕ ਕਿ ਆਪਣੇ ਘਰੇਲੂ ਨੌਕਰਾਂ ਨੂੰ ਵੀ ਨਹੀਂ ਬਖਸ਼ਿਆ ਗਿਆ। ਗ਼ਦਰ ਦੇ ਦਿਨਾਂ ਵਿਚ ਭਾਰਤੀਆਂ ਉੱਤੇ ਨਸਲੀ ਹਿੰਸਾ ਨਿਤ ਦਿਨ ਦਾ ਦਸਤੂਰ ਬਣ ਗਿਆ ਸੀ।" ਇਨ੍ਹਾਂ ਹੀ ਸਮਿਆਂ ਵਿਚ ਗ਼ਦਰ ਨੂੰ ਦਬਾਉਣ ਲਈ ਪੰਜਾਬੀ ਫ਼ੌਜੀਆਂ ਨੇ ਅੰਗਰੇਜ਼ਾਂ ਦੀ ਭਰਪੂਰ ਮਦਦ ਕੀਤੀ ਸੀ। ਇਨ੍ਹਾਂ ਪੰਜਾਬੀ ਫ਼ੌਜੀਆਂ ਦੀ ਅੰਗਰੇਜ਼ਾਂ ਵਲੋਂ ਸਤੰਬਰ 1857 ਵਿਚ ਦਿੱਲੀ ਫ਼ਤਿਹ ਕਰਨ ਵਿਚ ਅਹਿਮ ਭੂਮਿਕਾ ਸੀ। ਜਾਹਨ ਲਾਰੈਂਸ ਦੀ ਅਗਵਾਈ ਵਿਚ ਪੰਜਾਬੀ ਫ਼ੌਜੀਆਂ ਨੇ ਬਾਗੀ ਗ਼ਦਰੀਆਂ ਦੇ ਖੂਬ ਆਹੂ ਲਾਹੇ ਸਨ। 1858 ਦੇ ਅੰਤ ਤੱਕ ਲਾਰੈਂਸ ਨੇ ਪੰਜਾਬੀ ਫ਼ੌਜੀਆਂ ਦੀ ਨਫ਼ਰੀ ਤੀਹ ਹਜ਼ਾਰ ਤੋਂ ਵਧਾ ਕੇ ਪਝੰਤਰ ਹਜ਼ਾਰ ਕਰ ਦਿੱਤੀ ਸੀ। ਅਹਿਮ ਨੁਕਤਾ ਇਹ ਹੈ ਕਿ ਅੰਗਰੇਜ਼ ਬਸਤਾਨਾਂ ਵਿਰੁਧ ਭਾਰਤ ਦੇ ਵੱਖਰੇ ਵੱਖਰੇ ਖਿੱਤਿਆਂ ਵਿਚ ਜੰਗ ਲੜੀ ਜਾ ਰਹੀ ਸੀ। ਅੰਗਰੇਜ਼ ਦੀ ਮੁੱਖ ਟੇਕ 'ਪਾੜੋ ਤੇ ਰਾਜ ਕਰੋ' ਦੀ ਨੀਤੀ ਉੱਤੇ ਸੀ। ਪੂਰਬੀ ਸਿਪਾਹੀਆਂ ਨੂੰ ਪੰਜਾਬੀਆਂ ਵਿਰੁਧ ਝੋਕਿਆ ਜਾਂਦਾ ਸੀ ਅਤੇ ਪੰਜਾਬੀਆਂ ਨੂੰ ਪੂਰਬੀਆਂ ਵਿਰੁਧ। ਇਹੀ ਕੰਮ ਉਨ੍ਹਾਂ ਨੇ 1857 ਦੇ ਗ਼ਦਰ ਵਿਚ ਕੀਤਾ। ਅਸਲੀ ਦੁਸ਼ਮਣ ਦੀ ਨਿਸ਼ਾਨਦੇਹੀ ਕਰਨ ਦੀ ਥਾਂ ਇੱਕ-ਦੂਜੇ ਨੂੰ ਦੁਸ਼ਮਣ




ਠਹਿਰਾਉਣ ਦਾ ਰੁਝਾਨ ਅੱਜ ਤੱਕ ਚਲਿਆ ਆਉਂਦਾ ਹੈ। ਇਤਿਹਾਸ ਪੇਚੀਦਾ ਮਸਲਾ ਹੈ, ਇਹ ਮਹਿਜ਼ ਤਰੀਕਾਂ, ਘਟਨਾਵਾਂ ਜਾਂ ਅੰਕੜਿਆਂ ਦਾ ਢੇਰ ਨਹੀਂ ਹੁੰਦਾ। ਜੇ ਕਿਸੇ ਨੂੰ ਇਤਿਹਾਸ ਦੀ ਖ਼ੋਜ ਕਰਨ ਜਾਂ ਉਹਦੇ ਉੱਤੇ ਟਿੱਪਣੀ ਕਰਨ ਦਾ ਮੌਕਾ ਮਿਲਿਆ ਹੈ, ਤਾਂ ਜ਼ਰੂਰੀ ਨਹੀਂ ਕਿ ਇਤਿਹਾਸ ਵਿਚੋਂ ਆਪੋ-ਆਪਣੇ ਮਨਭਾਉਂਦੇ ਹਿੱਸੇ ਨੂੰ 'ਮਹਾਨ ਇਤਿਹਾਸ' ਕਰਾਰ ਦੇ ਕੇ ਬਾਕੀ ਦੇ ਨੂੰ ਕੂੜ-ਕਬਾੜ ਸਾਬਤ ਕਰ ਦਿੱਤਾ ਜਾਵੇ। ਤੰਗ ਨਜ਼ਰੀਏ ਦੀ ਥਾਂ ਇਤਿਹਾਸਕ ਹਵਾਲਿਆਂ ਨੂੰ ਵਡੇਰੇ ਪ੍ਰਸੰਗਾਂ ਅਤੇ ਸਮੁੱਚਤਾ ਵਿਚ ਵੇਖਣ ਦਾ ਹੌਸਲਾ ਕਰਨਾ ਚਾਹੀਦਾ ਹੈ। ਘਟਨਾਵਾਂ ਨੂੰ ਸਿਰਫ਼ ਅਲਹਿਦਗੀ ਵਿਚ ਦੇਖਣਾ ਤੰਗ ਨਜ਼ਰੀਏ ਵੱਲ ਲੈ ਕੇ ਜਾਂਦਾ ਹੈ। ਜਦੋਂ ਅਸੀਂ ਸੰਨ 2014 ਵਿਚ 1857 ਦੇ ਸਮੇਂ ਦੀ ਗੱਲ ਕਰਦੇ ਹਾਂ, ਤਾਂ ਸਾਨੂੰ ਵਧੇਰੇ ਜ਼ਿੰਮੇਵਾਰੀ ਤੋਂ ਕੰਮ ਲੈਣਾ ਚਾਹੀਦਾ ਹੈ। 1857 ਦੇ ਸਮਿਆਂ ਤੋਂ ਲੈ ਕੇ ਅੱਜ ਤੱਕ ਦੇ ਇਤਿਹਾਸ ਦਾ ਲੇਖਾ-ਜੋਖਾ ਸਾਨੂੰ ਕੀਮਤੀ ਸਬਕ ਪੜਾਉਂਦਾ ਹੈ। ਲੋਕਾਈ ਨੇ ਇਤਿਹਾਸ ਦੀ ਰੌਸ਼ਨੀ ਵਿਚ ਭਵਿੱਖ ਦੇ ਨਕਸ਼ ਘੜਨੇ ਹੁੰਦੇ ਹਨ। ਆਲਮੀ ਵਿਰਾਸਤ ਦੇ ਰੂਪ ਵਿਚ ਇਤਿਹਾਸਕ ਘਟਨਾਵਾਂ ਨੂੰ ਮਨੁੱਖਤਾ ਦੀ ਸਾਂਝੀ ਨਸਲ ਦੇ ਹਵਾਲੇ ਨਾਲ ਵੀ ਸਮਝਿਆ ਜਾ ਸਕਦਾ ਹੈ। ਮਨੁੱਖਤਾ ਦੀ ਖੁਸ਼ਹਾਲੀ ਦਾ ਰਾਹ ਸਾਂਝੀਵਾਲਤਾ ਦੇ ਵਿਚਾਰ ਨੇ ਪੱਧਰਾ ਕਰਨਾ ਹੈ। ਇਤਿਹਾਸ ਵਿਚ ਦੂਜੇ ਖਿੱਤਿਆਂ ਅਤੇ ਕੌਮਾਂ ਬਾਬਤ ਦੁਸ਼ਮਣੀ ਅਤੇ ਸਾਂਝ ਦੀਆਂ ਬਰਾਬਰ ਮਿਸਾਲਾਂ ਲੱਭੀਆਂ ਜਾ ਸਕਦੀਆਂ ਹਨ। ਅਹਿਮ ਸਵਾਲ ਇਹ ਰਹੇਗਾ ਕਿ 'ਸਰਬੱਤ ਦੇ ਭਲੇ' ਦੀ ਸੋਚ ਮੁਤਾਬਕ ਅਸੀਂ ਕਿਹੜੀਆਂ ਮਿਸਾਲਾਂ ਦੀ ਰੌਸ਼ਨੀ ਵਿਚ ਅਤੀਤ, ਵਰਤਮਾਨ ਅਤੇ ਭਵਿੱਖ ਨੂੰ ਦੇਖਣਾ ਹੈ।

# ਇਓਂ ਮਿਲਿਆ 'ਮਾਂਦੀਨ' ਦਾ ਮਤਲਬ


ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268


ਨਾਵਲਕਾਰ ਨਾਨਕ ਸਿੰਘ ਨੇ ਇਕ ਨੌਕਰੀ ਪੇਸ਼ਾ ਪਤੀ-ਪਤਨੀ ਦੀ ਵਿਅੰਗਮਈ ਕਹਾਣੀ ਲਿਖੀ ਹੋਈ ਹੈ। ਤੋਤਲੀ ਜ਼ੁਬਾਨ ਬੋਲਦਾ ਇਸ ਜੋੜੇ ਦਾ ਲਾਡਲਾ ਇਕਲੌਤਾ ਬੇਟਾ ਅਚਾਨਕ ਅੱਧੀ ਕੁ ਰਾਤ ਨੂੰ ਉਠ ਕੇ ਰਿਹਾੜ ਕਰਨ ਲੱਗ ਜਾਂਦਾ ਹੈ। ਉਸਲਵੱਟੇ ਜਿਹਾ ਲੈਂਦਿਆਂ 'ਉਂ... ਉਂ... ਉਆਂ' ਕਰਦਿਆਂ ਉਹ ਦੇ ਮੂੰਹੋਂ 'ਯਾਈ' ਨਿਕਲ ਜਾਂਦਾ ਹੈ। ਇਹ ਲਫ਼ਜ਼ ਸੁਣਦਿਆਂ ਹੀ ਪਤੀ-ਪਤਨੀ ਇਸ 'ਯਾਈ' ਸ਼ਬਦ ਦੀ ਵਿਆਖਿਆ ਕਰਨ ਜੁੱਟ ਜਾਂਦੇ ਹਨ। ਪਤਨੀ ਕਹਿੰਦੀ ਹੈ ਕਿ ਬੇਟਾ ਮਠਿਆਈ ਮੰਗਦਾ ਹੈ ਪਰ ਪਤੀ ਕਹਿੰਦਾ, ਨਹੀਂ... ਇਹ ਦਵਾਈ ਮੰਗ ਰਿਹਾ ਹੋਣੈ। ਪੜ੍ਹੇ ਲਿਖੇ ਪਤੀ ਪਤਨੀ 'ਚ ਇਸੇ ਮਸਲੇ ਤੇ ਗ੍ਰਹਿ ਯੁੱਧ ਛਿੜ ਪੈਂਦਾ ਹੈ। 'ਯਾਈ' ਜਾਂ 'ਆਈ' ਦੇ ਪਛੇਤਰ ਵਾਲੇ ਸ਼ਬਦਾਂ ਦੀਆਂ ਲਿਸਟਾਂ ਬਣਨ ਲੱਗ ਜਾਂਦੀਆਂ ਨੇ। ਜ਼ਿਦੋ-ਜ਼ਿਦੀ ਦੋਵੇਂ ਇਕ ਦੂਜੇ ਦੇ ਸੁਝਾਏ ਸ਼ਬਦਾਂ ਨੂੰ ਕੱਟੀ ਜਾਣ। ਜੇ ਇਕ ਜਣਾ ਕਾਕੇ ਵੱਲੋਂ ਰਜਾਈ ਮੰਗਣੀ ਸਿੱਧ ਕਰਦਾ ਹੈ ਤੇ ਦੂਜਾ ਮਲਾਈ। ਬਹਿਸ-ਮੁਬਹਿਸਾ ਕਰਦਿਆਂ ਜਦ ਉਨ੍ਹਾਂ ਦੀ ਨਜ਼ਰ ਬੱਚੇ 'ਤੇ ਪੈਂਦੀ ਹੈ ਤਾਂ ਉਹ ਸੌਂ ਵੀ ਚੁੱਕਾ ਹੁੰਦਾ ਹੈ।

ਇਸ ਕਹਾਣੀ ਦਾ ਨਾਇਕ ਕਾਕਾ ਜੀ ਤਾਂ ਸਿਰਫ਼ ਮੰਮੀ-ਭਾਪੇ ਨੂੰ ਸ਼ਬਦਾਂ ਦੀ ਸ਼ਸ਼ੋਪੰਜ 'ਚ ਪਾ ਕੇ ਘੜੀ ਘੰਟੇ ਬਾਅਦ ਸੌਂ ਗਿਆ ਹੋਵੇਗਾ ਪਰ ਅਸੀਂ ਇਹੋ ਜਿਹੀ ਸਥਿਤੀ ਵਿਚ ਸਾਰਾ ਟੱਬਰ ਹੀ ਚਾਰ ਪੰਜ ਦਿਨ ਫਸੇ ਰਹੇ। ਫਰਕ ਸਿਰਫ਼ ਇਹ ਸੀ ਕਿ ਸਾਨੂੰ ਕਿਸੇ ਕਾਕੇ ਨੇ ਨਹੀਂ, ਸਗੋਂ ਇਕ ਕਾਗਜ਼ ਨੇ ਭੰਬਲਭੂਸੇ ਵਿਚ ਪਾਈ ਰੱਖਿਆ ਜਿਸ ਉਤੇ ਕੰਬਖ਼ਤ ਪਤਲੇ ਹੋਣ ਦਾ ਨੁਸਖਾ ਲਿਖਿਆ ਹੋਇਆ ਸੀ। ਕਾਕਾ ਤਾਂ 'ਯਾਈ' ਸ਼ਬਦ ਦੇ ਅਰਥਾਂ ਦਾ ਕੋਈ ਫੈਸਲਾ ਹੋਣ ਤੋਂ ਪਹਿਲਾਂ ਹੀ ਸੌਂ ਗਿਆ ਪਰ ਸਾਡੀ ਸਿਰਦਰਦੀ ਬਣੇ ਕਾਗਜ਼ ਸ੍ਰੀਮਾਨ ਨੇ ਅੰਤਿਮ ਅਤੇ ਸਹੀ ਫੈਸਲਾ ਹੋਣ ਤੱਕ ਸਾਨੂੰ ਚਹੁੰ-ਪੰਜਾਂ ਜਣਿਆਂ ਨੂੰ ਪੜ੍ਹਨੇ ਪਾਈ ਰੱਖਿਆ।

ਮੋਟਾਪਾ ਹੋਇਆ ਹੋਵੇ ਜਾਂ ਨਾ, ਪਰ ਭਾਰ ਘਟਾਉਣ ਅਥਵਾ ਪਤਲੇ ਹੋਣ ਦੀ ਗੱਲ ਕੰਨੀਂ ਪੈਂਦਿਆਂ ਅਸੀਂ ਸਾਰੇ ਕੰਨ ਚੁੱਕ ਲੈਂਦੇ ਹਾਂ; ਖਾਸ ਕਰ ਕੇ ਬੀਬੀਆਂ ਤਾਂ ਅਜਿਹੀ ਗੱਲ ਵੱਲ ਵਧੇਰੇ ਤਵੱਜੋ ਦਿੰਦੀਆਂ ਨੇ। ਇਸੇ ਤਰ੍ਹਾਂ ਮੇਰੀ ਸ੍ਰੀਮਤੀ ਦੀ ਇਕ ਜਾਣੂ ਬੀਬੀ ਨੇ ਮਹਾਨ ਪਰਉਪਕਾਰ ਕਰਦਿਆਂ ਪਤਲੇ ਹੋਣ ਦਾ ਨੁਸਖਾ ਉਸ ਨੂੰ ਲਿਆ ਫੜਾਇਆ। ਪਰਉਪਕਾਰ ਇਸ ਕਾਰਨ ਕਹਿ ਰਿਹਾਂ ਕਿਉਂਕਿ ਪਤਨੀ ਦੇ ਬਿਆਨ ਮੁਤਾਬਕ ਹੱਥ ਲਿਖਤ ਨੁਸਖਾ ਫੜਾਉਣ ਮੌਕੇ ਉਸ ਦੀ ਸਹੇਲੀ ਨੇ ਜ਼ਰਾ ਪਰਦੇ ਨਾਲ ਦੱਸਿਆ ਸੀ, "ਭੈਣੇ, ਜਿਸ ਬਾਬਾ ਜੀ ਤੋਂ ਮੇਰੇ ਦਿਉਰ-ਦਰਾਣੀ ਨੇ ਇਹ ਨੁਸਖਾ ਲਿਆਂਦਾ ਸੀ, ਉਨ੍ਹਾਂ ਨੇ ਵਚਨ ਲਿਆ ਸੀ ਕਿ ਤੁਸੀਂ ਇਹ ਹੋਰ ਅੱਗੇ ਨਾ ਕਿਸੇ ਨੂੰ ਵੀ ਦਿਓ। ਜਿਹਨੂੰ ਲੋੜ ਹੋਵੇ, ਉਹ ਸਿੱਧਾ ਮੇਰੇ ਨਾਲ ਹੀ ਸੰਪਰਕ ਕਰੇ। ਤੈਨੂੰ ਕੀ ਦੱਸਾਂ ਅੜੀਏ, ਮੈਂ ਕਿੰਦਾਂ ਜਤਨ ਕਰ ਕੇ ਇਹਦੀ ਫੋਟੋਸਟੈਟ ਕਰਵਾਈ ਐ।"

ਲਗਦੇ ਹੱਥ ਉਸ ਨੇ ਨੁਸਖੇ ਦੀ ਕਾਮਯਾਬੀ ਦੇ ਝੰਡੇ ਗੱਡਦਿਆਂ ਚਸ਼ਮਦੀਦ ਗਵਾਹੀ ਵੀ ਦਿੱਤੀ, ਅਖੇ, ਮੇਰੇ ਦਿਉਰ-ਦਰਾਣੀ ਪਹਿਲਾਂ ਮੁਟਾਪੇ ਕਾਰਨ ਥੁੱਲ-ਥੁੱਲ ਕਰਦੇ ਹੁੰਦੇ ਸੀ। ਮਹੀਨੇ 'ਚ ਹੀ ਐਨੇ ਸਮਾਰਟ ਹੋ ਗਏ ਕਿ ਜਮਾਂ ਈ ਪਛਾਣ ਨੀ ਹੁੰਦੇ, ਛਾਂਟਵੇਂ ਸਰੀਰ ਹੋ'ਗੇ ਦੋਹਾਂ ਦੇ।

ਦਾਲ 'ਚ ਕੁਛ ਕਾਲਾ ਕਾਲਾ ਹੋਣ ਦੀ ਮੈਨੂੰ ਉਸੇ ਵੇਲੇ ਖੁੜਕ ਗਈ ਜਦੋਂ ਸ੍ਰੀਮਤੀ ਨੇ ਇਹ ਨੁਸਖਾ ਪਹਿਲੀ ਪੜ੍ਹਤ ਲਈ ਹੀ ਮੇਰੇ ਸਪੁਰਦ ਕਰ ਦਿੱਤਾ। ਦਰਅਸਲ ਉਹ ਬੜੀ ਟੁੱਟੀ-ਭੱਜੀ ਜਿਹੀ ਪੰਜਾਬੀ 'ਚ ਲਿਖਿਆ ਹੋਇਆ ਸੀ। ਇਕ ਅੱਖਰ ਵਿੰਗ-ਧੜਿੰਗੇ, ਦੂਜਾ ਫੋਟੋਸਟੈਟ ਫਿੱਕੀ ਹੋਣ ਨਾਲ ਇਸ ਨੂੰ ਪੜ੍ਹਨਾ ਅਸਾਨ ਨਹੀਂ ਸੀ। ਮੈਂ ਸਮਝ ਗਿਆ ਕਿ ਨੁਸਖੇ 'ਤੇ ਫੌਰੀ ਅਮਲ ਕਰਨ ਦੀ ਬਜਾਏ ਪਤਨੀ ਨੇ ਇਹ ਮੇਰੇ ਹੱਥਾਂ 'ਚ ਕਿਉਂ ਲਿਆ ਫੜਾਇਆ ਸੀ।

"ਦੇਖਿਉ ਤਾਂ ਕੀ-ਕੀ ਕਿੰਦਾਂ-ਕਿੰਦਾਂ ਖਾਣਾ ਲਿਖਿਆ ਹੋਇਐ ਇਹਦੇ 'ਚ?"

ਸ੍ਰੀਮਤੀ ਮੂੰਹੋਂ ਇਹ ਸਵਾਲ ਸੁਣ ਕੇ ਮੈਂ ਐਨਕਾਂ ਦੇ ਸ਼ੀਸ਼ੇ ਚੰਗੀ ਤਰ੍ਹਾਂ ਸਾਫ਼ ਕਰ ਕੇ ਨੁਸਖਾ ਪੜ੍ਹਨ ਨਿੱਠ ਕੇ ਬਹਿ ਗਿਆ। ਪੇਪਰ ਚੈਕ ਕਰਨ ਵਾਂਗ ਮੈਂ ਗਲਤੀਆਂ ਦੀ ਦਰੁਸਤੀ ਨਾਲੋ-ਨਾਲ ਕਰਦਾ ਗਿਆ। ਕਿਸੇ ਅੱਧਪੜ੍ਹ ਨੇ ਪਾਲਕ ਨੂੰ ਪਾਕਲ, ਦਲੀਆ ਨੂੰ ਦਲਿਆ, ਟਮਾਟਰ ਨੂੰ ਟਾਮਟਰ, ਸਾਗ ਨੂੰ ਛਾਗ, ਮੂਲੀ ਨੂੰ ਮੁਲਿ, ਮੋਠ ਨੂੰ ਮੁਠ ਵਗੈਰਾ-ਵਗੈਰਾ ਲਿਖਿਆ ਹੋਇਆ ਸੀ। ਕੁੱਲ ਮਿਲਾ ਕੇ ਇਕ ਮਹੀਨੇ ਦੇ ਖਾਣ ਪੀਣ ਦੀ ਸੂਚੀ ਲਿਖੀ ਹੋਈ ਸੀ ਇਸ ਨੁਸਖੇ ਵਿਚ। ਕਿਤੇ 1, 2, 3, 8, 10 ਆਦਿਕ ਹਿੰਦਸੇ ਲਿਖੇ ਹੋਏ ਸਨ ਤੇ ਕਿਤੇ-ਕਿਤੇ ਹਿੰਦਸਿਆਂ ਨੂੰ ਗੁਰਮੁਖੀ ਅੱਖਰਾਂ 'ਚ ਲਿਖ ਕੇ ਅੱਗੇ ਖਾਣ-ਪੀਣ ਦਾ ਵੇਰਵਾ। ਜਿਵੇਂ ਦਸ ਨੰਬਰ- ਦਲੀਆ ਖਾਣਾ ਤਿੰਨ ਟਾਈਮ। ਪੰਦਰਾਂ- ਪਾਲਕ ਦਾ ਸੂਪ ਪੀਣਾ। ਸੋਲਵਾਂ- ਫਲਾਣੀਆਂ ਸਬਜ਼ੀਆਂ ਉਬਾਲ ਕੇ ਖਾਣੀਆਂ।

ਅਖੇ, ਲਿਖੇ ਮੂਸਾ ਪੜ੍ਹੇ ਖ਼ੁਦਾ। ਟੱਕਰਾਂ ਮਾਰ ਕੇ ਹੋਰ ਤਾਂ ਪੂਰਾ ਨੁਸਖਾ ਮੈਂ ਪੜ੍ਹ ਲਿਆ, ਪਰ ਉਨੀ ਨੰਬਰ 'ਤੇ ਜਾ ਕੇ ਮੈਂ ਬੇਹੋਸ਼ ਹੋ ਗਿਆ। ਅਠਾਰਾਂ ਤੋਂ ਬਾਅਦ 19 ਅੱਗੇ ਦੋ ਇੰਚ ਖਾਲੀ ਥਾਂ, ਛੱਡ ਕੇ ਲਿਖਿਆ ਹੋਇਆ ਸੀ, '... ਮਾਂਦੀਨ ਫਲੂਟ ਖਾਣਾ ਸਿਰਫ਼ ਤਿੰਨੋਂ ਟੈਮ!'

ਇਹ ਮਾਂਦੀਨ ਫਲੂਟ (ਫਰੂਟ) ਕਿਹੜੀ ਬਲਾ ਹੋਈ ਭਲਾ? ਇਥੇ ਆ ਕੇ ਅੜਾਉਣੀ ਪੈ ਗਈ। ਸੋਚ ਉਡਾਰੀਆਂ ਦੇ ਘੋੜੇ ਚੁਤਰਫੀਂ ਦੁੜਾਏ ਪਰ ਕੋਈ ਗੱਲ ਪਕੜ 'ਚ ਨਾ ਆਵੇ। 'ਕੱਲਾ ਹੀ ਘੌਚਲਣ ਦੀ ਥਾਂ ਮੈਂ 'ਮਾਂਦੀਨ ਫਲੂਟ' ਦੀ ਖੋਜ ਵਿਚ ਸਾਰੇ ਟੱਬਰ ਨੂੰ ਵੀ ਸ਼ਾਮਲ ਕਰ ਲਿਆ, ਪਰ ਉਨ੍ਹਾਂ ਲਈ ਵੀ ਇਹ ਸ਼ਬਦ ਅਜੀਬੋ-ਗਰੀਬ ਸੀ। ਇਹ ਟੇਢਾ ਜਿਹਾ ਨਾਂ ਸੁਣ ਕੇ ਸਾਰਿਆਂ ਨੇ ਮੇਰੇ ਹੱਥੋਂ ਨੁਸਖੇ ਵਾਲਾ ਕਾਗਜ਼ ਫੜ ਕੇ ਘੋਖ-ਘੋਖ ਕੇ ਦੇਖਿਆ, ਪਰ ਸਮਝ ਕਿਸੇ ਦੀ ਵੀ ਨਾ ਪਵੇ। ਕਈ ਦਿਨ ਸਾਡੇ ਘਰੇ 'ਮਾਂਦੀਨ ਫਲੂਟ' ਗੂੰਜਦਾ ਰਿਹਾ, ਪਰ ਇਹ ਬੁਝਾਰਤ ਹੀ ਬਣਿਆ ਰਿਹਾ।

"ਆਪਣੇ ਚਿੱਤੋਂ ਤੁਸੀਂ ਲੇਖਕ ਬਣੀ ਫਿਰਦੇ ਐਂ, ਪੰਜਾਬੀ ਤੁਹਾਥੋਂ ਪੜ੍ਹ ਨ੍ਹੀਂ ਹੋਈ।" ਨੁਸਖੇ ਵਾਲੀ ਸਮੱਗਰੀ ਲਿਆਉਣ ਲਈ ਕਾਹਲੀ ਪੈ ਰਹੀ ਮੇਰੀ ਪਤਨੀ ਨੇ ਇਕ ਦਿਨ ਮੈਨੂੰ ਇਹ ਤਿੱਖਾ ਤਾਹਨਾ ਮਾਰ ਦਿੱਤਾ। ਫਿਰ ਕੀ ਸੀ? 'ਜਬੈ ਬਾਣ ਲਾਗਯੋ ਤਬੈ ਰੋਸ ਜਾਗਿਉ?' ਮੈਂ ਖੋਲ੍ਹ ਲਿਆ ਭਾਈ ਕਾਨ੍ਹ ਸਿੰਘ ਨਾਭੇ ਦਾ ਮਹਾਨਕੋਸ਼... 'ਮਾਂਦੀਨ ਫਲੂਟ' ਨੂੰ ਪਦ-ਛੇਦ ਕਰ ਕੇ ਵੱਖ-ਵੱਖ ਇੰਦਰਾਜਾਂ ਵਿਚ ਛਾਣ-ਬੀਣ ਕੀਤੀ। ਇਸ ਗ੍ਰੰਥ ਵਿਚ ਲਿਖੇ ਹੋਏ ਤਮਾਮ ਦੇਸੀ ਨੁਸਖਿਆਂ ਵਿਚ 'ਮਾਂਦੀਨ ਫਲੂਟ' ਤਲਾਸ਼ਿਆ ਪਰ ਮਹਾਨਕੋਸ਼ ਨੇ ਵੀ ਪੂਰੀ ਨਾ ਪਾਈ।

ਅਚਾਨਕ ਮੈਨੂੰ ਯਾਦ ਆਇਆ ਕਿ 'ਮਾਂਦੀਨ' ਕੋਈ ਉਰਦੂ, ਅਰਬੀ, ਫਾਰਸੀ ਭਾਸ਼ਾ ਦਾ ਸ਼ਬਦ ਨਾ ਹੋਵੇ। ਇਹ ਸੋਚਦਿਆਂ ਆਪਣੇ ਕੋਲ ਪਿਆ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਆਏ ਅਰਬੀ ਫਾਰਸੀ ਸ਼ਬਦਾਂ ਦਾ ਕੋਸ਼ ਪੜਤਾਲਣਾ ਸ਼ੁਰੂ ਕੀਤਾ। ਪੂਰੀ ਆਸ ਨਾਲ ਸ਼ੁਰੂ ਕੀਤੀ ਇਹ ਖੋਜ-ਬੀਨੀ ਵੀ ਨਿਸਫਲ ਸਿੱਧ ਹੋਈ। 'ਮਾਂਦੀਨ' ਦਾ ਸਿਮਰਨ ਕਰਦਿਆਂ ਸੁੱਤੇ-ਸਿੱਧ ਹੀ ਜ਼ਿਹਨ 'ਚ ਛੁਪਿਆ ਪਿਆ ਇਕ ਹੋਰ ਨਾਂ ਚੇਤੇ ਆਇਆ, ਮਾਤਾਦੀਨ ਜੋ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਇਕ ਕਹਾਣੀ ਵਿਚ ਹਾਥੀ ਦੇ ਮਹਾਵਤ ਦਾ ਨਾਮ ਹੈ। ਪਲ ਦੀ ਪਲ ਅੱਖਾਂ 'ਚ ਆਈ ਚਮਕ ਉਸੇ ਪਲ ਉਡ-ਪੁਡ ਗਈ, ਕਿਉਂਕਿ ਜ਼ਿਹਨ 'ਚ ਚਾਣਚੱਕ ਟਪਕੇ ਇਸ ਮਾਤਾਦੀਨ ਦੀ ਕੋਈ ਅੰਗਲੀ-ਸੰਗਲੀ ਵੀ 'ਮਾਂਦੀਨ' ਨਾਲ ਨਾ ਜੁੜ ਸਕੀ। 'ਮਸਲਾ-ਏ-ਮਾਂਦੀਨ' ਅਣ-ਸੁਲਝਿਆ ਹੀ ਰਹਿ ਗਿਆ।

ਦੋਹਾਂ ਸ਼ਬਦਕੋਸ਼ਾਂ ਨੂੰ ਵਾਚਣ ਤੋਂ ਬਾਅਦ ਮਿਲੀ ਅਸਫਲਤਾ ਕਾਰਨ ਪਤਨੀ ਵੱਲੋਂ ਲੇਖਕ ਹੋਣ ਦਾ ਮਾਰਿਆ ਗਿਆ ਤਾਹਨਾ, ਮੇਰੇ ਸੀਨੇ ਵਿਚ ਫਾਨਾ ਬਣ ਕੇ ਖੁੱਭਣ ਲੱਗ ਪਿਆ। ਇਕ ਵਾਰ ਸੋਚਿਆ, ਸ਼ਬਦ ਕੋਸ਼ ਸ਼ਾਸਤਰੀ ਬਲਜੀਤ ਬਾਸੀ ਨਾਲ ਹੀ ਗੱਲ ਕਰ ਕੇ ਵੇਖਾਂ ਪਰ ਫਿਰ ਮੇਰੇ ਅੰਦਰਲੀ ਹਉਮੈ ਰਾਹ ਵਿਚ ਆ ਗਈ ਕਿ ਕਿਤੇ ਉਹ ਇਹ ਹੀ ਨਾ ਸਮਝੇ ਕਿ ਵੱਡਾ ਕਾਲਮਨਵੀਸ ਬਣਿਆ ਫਿਰਦੈ, ਅਰਥ ਇਕ ਮਾੜਚੂ ਜਿਹੇ ਸ਼ਬਦ ਦੇ ਸਮਝ ਨਹੀਂ ਆਏ। ਕਿਸੇ ਨਾ ਕਿਸੇ ਤਰ੍ਹਾਂ ਇਹ ਘੁੰਡੀ ਖੋਲ੍ਹਣ ਦੀਆਂ ਮਨ ਹੀ ਮਨ ਵਿਚ ਕਈ ਵਿਉਂਤਾਂ-ਜੁਗਤਾਂ ਉਭਰੀਆਂ ਪਰ ਸਫ਼ਲਤਾ ਪੱਲੇ ਪੈਂਦੀ ਨਜ਼ਰ ਨਾ ਆਈ। ਮਸਲਨ, ਮੈਂ ਸੋਚਿਆ ਕਿ ਨੁਸਖਾ ਅਜ਼ਮਾ ਕੇ ਪਤਲੇ ਪਤੰਗ ਬਣੇ ਦੱਸੇ ਜਾਂਦੇ ਦਿਉਰ-ਦਰਾਣੀ ਕੋਲੋਂ ਕਿਸੇ ਆਨੇ-ਬਹਾਨੇ ਇਸ ਨਾਮੁਰਾਦ 'ਮਾਂਦੀਨ' ਦਾ ਮੂੰਹ-ਸਿਰ ਲੱਭ ਲਿਆ ਜਾਵੇ ਪਰ ਬਾਬੇ ਵੱਲੋਂ ਲਏ ਹੋਏ ਵਚਨ ਦੇ ਪੰਗੇ ਨੂੰ ਚੇਤੇ ਕਰਦਿਆਂ ਅਜਿਹਾ ਅਸੰਭਵ ਜਾਪਿਆ।

"ਅੱਜ ਨੌਵਾਂ ਦਿਨ ਹੋ ਗਿਐ ਫਲਾਣਿਆਂ ਦੇ ਘਰੇ...।"

ਇਕ ਸ਼ਾਮ ਮੇਜ਼ ਦੁਆਲੇ ਚਾਹ ਪੀਣ ਬੈਠਿਆਂ ਮੇਰੀ ਪਤਨੀ ਨੇ ਜਿਉਂ ਹੀ ਕੋਈ ਗੱਲ ਸੁਣਾਉਣ ਲਈ ਉਤਲਾ ਫਿਕਰਾ ਬੋਲਿਆ, ਮੈਂ ਇਕ ਦਮ ਚੌਂਕਿਆ, "ਆਉ ਬਈ ਆਉ ਆਉ!... ਮਾਂ ਕਾ ਦੀਨਾ 'ਮਾਂਦੀਨ' ਆ ਗਿਆ ਅੜਿੱਕੇ ਅੱਜ!!" ਘਰ ਦੇ ਸਾਰੇ ਜੀਅ ਬਿਟਰ-ਬਿਟਰ ਮੇਰੇ ਮੂੰਹ ਵੱਲ ਝਾਕਣ ਲੱਗੇ ਕਿ ਇਸ ਨੂੰ ਅੱਜ ਕਿਥੋਂ ਇਲਹਾਮ ਹੋ ਗਿਐ 'ਮਾਂਦੀਨ' ਦੇ ਅਰਥਾਂ ਦਾ?"

ਕਈ ਦਿਨਾਂ ਤੋਂ ਜੰਗਾਲ ਖਾਧਾ ਬੰਦ ਜਿੰਦਰਾ ਬਣ ਕੇ ਦਿਮਾਗ ਵਿਚ ਫਸੇ ਹੋਏ 'ਮਾਂਦੀਨ' ਨੂੰ ਸਮਝੋ ਚਾਬੀ ਲੱਗ ਗਈ। ਪਤਨੀ ਵੱਲੋਂ ਸਹਿਜ ਸੁਭਾਅ ਬੋਲੇ ਗਏ ਉਕਤ ਵਾਕ ਦੇ ਪਹਿਲੇ ਤਿੰਨ ਸ਼ਬਦ ਅੱਜ ਨੌਵਾਂ ਦਿਨ... 'ਮਾਂਦੀਨ' ਦੀ ਘੁੰਡੀ ਖੋਲ੍ਹਣ ਦਾ ਸਬੱਬ ਬਣ ਗਏ।

ਅਚਨਚੇਤ ਮੇਰੇ ਦਿਮਾਗ ਵਿਚ ਘੁੰਮ ਰਹੀ ਨੁਸਖੇ ਦੀ ਉਘੜ-ਦੁਘੜੀ ਸ਼ਬਦਾਵਲੀ ਨਾਲ ਨੌਵਾਂ ਦਿਨ ਠਾਹ ਕਰ ਕੇ ਟਕਰਾ ਗਿਆ। ਅੱਧਪੜ੍ਹ ਬਾਬਾ ਨਹੀਂ ਜਾਣਦਾ ਹੋਣਾ ਕਿ ਬੋਲਣ ਵਿਚ ਭਾਵੇਂ ਦਸਮਾਂ ਦਿਨ, ਸਤਾਰਮਾਂ ਦਿਨ ਜਾਂ ਉਨੀਮਾਂ ਦਿਨ ਕਹਿ ਲਿਆ ਜਾਂਦਾ ਹੈ ਪਰ ਲਿਖਣ ਵੇਲੇ ਦਸਵਾਂ, ਸਤਾਰਵਾਂ ਜਾਂ ਉਨੀਵਾਂ ਹੀ ਲਿਖਿਆ ਜਾਂਦਾ ਹੈ। ਲਗਾਂ ਮਾਤਰਾਂ ਖਾਸ ਕਰ ਕੇ ਸਿਹਾਰੀ ਬਿਹਾਰੀ ਦੀ ਵਰਤੋਂ ਤੋਂ ਅਨਜਾਣ ਬਾਬੇ ਨੇ, ਉਨੀਵਾਂ ਦਿਨ ਫਰੂਟ ਖਾਣਾ, ਸਿਰਫ਼ ਤਿੰਨੋਂ ਟਾਈਮ ਨੂੰ ਇਉਂ ਲਿਖ ਮਾਰਿਆ-

"19 ਮਾਂਦੀਨ ਫਲੂਟ ਖਾਣਾ ਸਿਰਫ਼ ਤਿੰਨੋਂ ਟੈਮ!"

# ਛੋਡ ਸ਼ਰਾਬੀਆ ਲੜ ਮੇਰਾ

ਲੋਕ ਧਾਰਾ


ਸੁਖਦੇਵ ਮਾਦਪੁਰੀ
ਫੋਨ: 91-94630-34472


ਲੋਕ ਗੀਤ ਜਨ ਸਧਾਰਨ ਦੇ ਹਾਵ-ਭਾਵ, ਗ਼ਮੀਆਂ-ਖੁਸ਼ੀਆਂ, ਉਮੰਗਾਂ ਅਤੇ ਉਦਗਾਰਾਂ ਦੀ ਹੀ ਤਰਜਮਾਨੀ ਨਹੀਂ ਕਰਦੇ ਸਗੋਂ ਉਨ੍ਹਾਂ ਦੇ ਜੀਵਨ ਵਿਚ ਵਾਪਰਦੇ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਵਰਤਾਰਿਆਂ ਦੀ ਗਾਥਾ ਨੂੰ ਵੀ ਬਿਆਨਦੇ ਹਨ। ਲੋਕ ਗੀਤ ਜ਼ੋਰੀ ਨਹੀਂ ਰਚੇ ਜਾਂਦੇ, ਇਹ ਤਾਂ ਉਹ ਆਬਸ਼ਾਰਾਂ ਹਨ ਜੋ ਆਪ ਮੁਹਾਰੇ ਹੀ ਵਹਿ ਤੁਰਦੀਆਂ ਹਨ।

ਪੰਜਾਬ ਦੀਆਂ ਮੁਟਿਆਰਾਂ ਨੇ ਸ਼ਰਾਬੀ, ਨਸ਼ੇੜੀ ਅਤੇ ਵੈਲੀ ਪਤੀਆਂ ਹੱਥੋਂ ਜਿਹੜਾ ਸੰਤਾਪ ਹੰਢਾਇਆ ਹੈ, ਉਸ ਸੰਤਾਪ ਦੀ ਗਾਥਾ ਨੂੰ ਉਨ੍ਹਾਂ ਨੇ ਵੇਦਨਾਮਈ ਸੁਰ ਵਾਲੇ ਅਨੇਕਾਂ ਲੋਕ ਗੀਤਾਂ ਰਾਹੀਂ ਬਿਆਨ ਕੀਤਾ ਹੈ। ਮੌਜ ਮਸਤੀ 'ਚ ਝੂਮਦੇ, ਬਾਘੀਆਂ ਪਾਉਂਦੇ, ਬੱਕਰੇ ਬੁਲਾਉਂਦੇ, ਲੜਾਈਆਂ ਲੜਦੇ ਤੇ ਨੱਚਦੇ ਗਾਉਂਦੇ ਗੱਭਰੂਆਂ ਦੇ ਦ੍ਰਿਸ਼ ਵੀ ਇਨ੍ਹਾਂ ਵਿਚ ਵਿਦਮਾਨ ਹਨ। ਕੋਈ ਗੱਭਰੂ ਦਾਰੂ ਪੀ ਕੇ ਲਲਕਾਰੇ ਮਾਰਦਾ ਹੋਇਆ ਆਪਣੀ ਪਛਾਣ ਦਰਸਾਉਂਦਾ ਹੈ,

ਜੇ ਜੱਟੀਏ ਮੇਰਾ ਪਿੰਡ ਨੀ ਜਾਣਦੀ
ਪਿੰਡ ਨਾਨੇਵਾਲ ਕਕਰਾਲਾ
ਜੇ ਜੱਟੀਏ ਮੇਰਾ ਘਰ ਨੀ ਜਾਣਦੀ
ਖੂਹ ਤੇ ਦਿਸੇ ਚੁਬਾਰਾ
ਜੇ ਜੱਟੀਏ ਮੇਰਾ ਖੂਹ ਨੀ ਜਾਣਦੀ
ਖੂਹ ਆ ਤੂਤੀਆਂ ਵਾਲਾ
ਜੇ ਜੱਟੀਏ ਮੇਰਾ ਨਾਉਂ ਨੀ ਜਾਣਦੀ,
ਨਾਉਂ ਮੇਰਾ ਦਰਬਾਰਾ
ਦਾਰੂ ਪੀਂਦੇ ਦਾ, ਸੁਣ ਜੱਟੀਏ ਲਲਕਾਰਾ।

ਜਿਹੜੇ ਗੱਭਰੂ ਸ਼ਰਾਬ ਪੀਣ ਦੀ ਆਦਤ ਦੇ ਸ਼ਿਕਾਰ ਹੋ ਜਾਂਦੇ ਹਨ, ਉਹ ਕਾਸੇ ਜੋਗੇ ਨਹੀਂ ਰਹਿੰਦੇ। ਉਨ੍ਹਾਂ ਦੀ ਜਵਾਨੀ ਉਨ੍ਹਾਂ ਦਾ ਸਾਥ ਨਹੀਂ ਦਿੰਦੀ। ਜਦੋਂ ਕਦੇ ਅਜਿਹੇ ਨਿੱਤ ਦੇ ਸ਼ਰਾਬੀ ਬੰਦੇ ਦਾ ਵਿਆਹ ਮੁਕਲਾਵਾ ਹੋ ਜਾਵੇ ਤਾਂ ਲੋਕ ਆਤਮਾ ਉਸ ਨਾਲ ਵਿਆਹੀ ਜਾਣ ਵਾਲੀ ਨਾਜ਼ਕ ਜਿਹੀ ਨਾਰ ਦੀ ਹੋਣੀ 'ਤੇ ਹੰਝੂ ਕੇਰਦੀ ਹੈ,

ਸੁਖਾ ਨੰਦ ਦੇ ਦੋ ਮੁੰਡੇ ਸੁਣੀਂਦੇ
ਬਹੁਤੀ ਪੀਂਦੇ ਦਾਰੂ
ਘੋੜੀ ਮਗਰ ਬਛੇਰੀ ਸੋਂਹਦੀ
ਬੋਤੀ ਮਗਰ ਬਤਾਰੂ
ਕਣਕਾਂ ਰੋਜ਼ ਦੀਆਂ
ਛੋਲੇ ਬੀਜ ਲੈ ਮਾਰੂ
ਏਸ ਪਟੋਲੇ ਨੂੰ
ਕੀ ਮੁਕਲਾਵਾ ਤਾਰੂ।

ਕਈ ਵਾਰ ਮਾਪੇ, ਜਾਣਦੇ ਹੋਏ ਵੀ ਵੱਡੇ ਘਰ ਦੇ ਲਾਲਚ ਵਿਚ ਆ ਕੇ ਆਪਣੀ ਮਲਕ ਜਿਹੀ ਧੀ ਨੂੰ ਕਿਸੇ ਸ਼ਰਾਬੀ ਦੇ ਲੜ ਲਾ ਦਿੰਦੇ ਹਨ। ਉਨ੍ਹਾਂ ਦੀ ਸੋਚਣੀ ਹਾਂ ਪੱਖੀ ਹੁੰਦੀ ਹੈ। ਉਹ ਸਮਝਦੇ ਹਨ ਕਿ ਵਿਆਹ ਤੋਂ ਬਾਅਦ ਜ਼ਿਮੇਵਾਰੀ ਪੈਣ 'ਤੇ ਮੁੰਡਾ ਆਪੇ ਸੁਧਰ ਜਾਵੇਗਾ ਪਰੰਤੂ ਸੁਖ ਦੀ ਥਾਂ ਧੀ ਨੂੰ ਜਿਹੋ ਜਿਹਾ ਜੀਵਨ ਬਿਤਾਉਣਾ ਪੈਂਦਾ ਹੈ, ਉਸ ਬਾਰੇ ਉਹ ਗਿੱਧੇ ਦੇ ਪਿੜ ਵਿਚ ਆਪਣੇ ਮਾਪਿਆਂ ਨੂੰ ਉਲਾਂਭਾ ਦਿੰਦੀ ਹੈ,

ਸੁਣ ਵੇ ਤਾਇਆ
ਸੁਣ ਵੇ ਚਾਚਾ
ਸੁਣ ਵੇ ਬਾਬਲ ਲੋਭੀ,
ਦਾਰੂ ਪੀਣੇ ਨੂੰ
ਮੈਂ ਕੂੰਜ ਕਿਉਂ ਡੋਬੀ।

ਮਾਪਿਆਂ ਆਪਣਾ ਫਰਜ ਪੂਰਾ ਕਰ ਦਿੱਤਾ-ਕੁੜੀ ਵਿਆਹ ਦਿੱਤੀ-ਅੱਗੇ ਕੁੜੀ ਦੇ ਭਾਗ। ਪਰ ਕੂੰਜ ਕੁਰਲਾਉਂਦੀ ਰਹਿੰਦੀ ਹੈ, ਆਪਣੇ ਸ਼ਰਾਬੀ ਪਤੀ ਅੱਗੇ ਵਾਸਤੇ ਪਾਉਂਦੀ ਹੈ-ਦਾਰੂ ਦਾ ਪਿਆਲਾ ਭੰਨਣ ਦੀ ਕੋਸ਼ਿਸ ਕਰਦੀ ਏ ਪਰੰਤੂ ਅੱਗੋਂ ਛੱਡਣ ਦਾ ਡਰ ਤੇ ਮਜਬੂਰੀਆਂ,

ਦਾਰੂ ਪੀਤਿਆਂ ਸਿੰਘਾ ਤੈਨੂੰ ਕੀ ਵਡਿਆਈ
ਭਲਾ ਜੀ ਤੇਰੇ ਮੁੱਖ ਪਰ ਜਰਦੀ ਛਾਈ
ਦਾਰੂ ਪੀਤਿਆਂ ਨਾਜੋ ਸਭ ਵਡਿਆਈ
ਭਲਾ ਨੀ ਮੇਰੇ ਨੈਣਾਂ ਦੀ ਜੋਤ ਸਵਾਈ
ਭੰਨਾਂ ਪਿਆਲਾ ਭੰਨ ਟੁੱਕੜੇ ਜੀ ਕਰਦਾ
ਭਲਾ ਜੀ ਦਾਰੂ ਦੀ ਅਲਖ ਮੁਕਾਈ
ਤੈਨੂੰ ਵੀ ਛੋਡਾਂ ਨਾਜੋ ਹੋਰ ਵਿਆਹਾਂ
ਭਲਾ ਨੀ ਜਿਹੜੀ ਭਰੇ ਪਿਆਲਾ ਦਾਰੂ ਦਾ
ਮੈਨੂੰ ਨਾ ਛੋਡੀਂ ਸਿੰਘਾ ਹੋਰ ਨਾ ਵਿਆਹੀਂ
ਭਲਾ ਜੀ ਤੇਰੇ ਪਿਆਲੇ ਦੀ ਜਤਨ ਜਤਾਈ।

ਔਰਤ ਦੇ ਦਰਦ ਨੂੰ ਭਲਾ ਕੌਣ ਮਹਿਸੂਸੇ ਖਰਵੇ ਪਤੀ ਅਗਲੀ ਨੂੰ ਬਾਹੋਂ ਫੜ੍ਹ ਕੇ ਦਰੋਂ ਬਾਹਰ ਕਰ ਦਿੰਦੇ ਹਨ,

ਘਰ ਛੱਡ ਦੇ ਕਮਜਾਤੇ
ਮੇਰੇ ਸ਼ਰਾਬੀ ਦਾ

ਸ਼ਰਾਬ ਕਈ ਐਬਾਂ ਨੂੰ ਜਨਮ ਦਿੰਦੀ ਹੈ-ਸ਼ਰਾਬ ਪੀ ਕੇ ਲੋਕੀਂ ਕੀ ਕੀ ਨ੍ਹੀਂ ਕਰਦੇ। ਕੂੰਜ ਕਰਲਾਵੇ ਨਾ ਤਾਂ ਹੋਰ ਕੀ ਕਰੇ,

ਟੁੱਟ ਪੈਣਾ ਤਾਂ ਜੂਆ ਖੇਡਦਾ
ਕਰਦਾ ਅਜਬ ਬਹਾਰਾਂ
ਮਾਸ ਸ਼ਰਾਬ ਕਦੇ ਨੀ ਛੱਡਦਾ
ਦੇਖ ਓਸ ਦੀਆਂ ਕਾਰਾਂ
ਗਹਿਣੇ ਕੱਪੜੇ ਲੈ ਗਿਆ ਸਾਰੇ
ਕੂਕਾਂ ਕਹਿਰ ਦੀਆਂ ਮਾਰਾਂ
ਜੇ ਚਾਹੇ ਤਾਂ ਸੋਟਾ ਫੇਰੇ
ਦੁਖੜੇ ਨਿੱਤ ਸਹਾਰਾਂ
ਚੋਰੀ ਯਾਰੀ ਦੇ ਵਿਚ ਪੱਕਾ
ਨਿੱਤ ਪਾਵਾਂ ਫਿਟਕਾਰਾਂ
ਕਦੇ ਕਦਾਈਂ ਘਰ ਜੇ ਆਵੇ
ਮਿੰਨਤਾਂ ਕਰ ਕਰ ਹਾਰਾਂ
ਛੱਡ ਦੇ ਵੈਲਾਂ ਨੂੰ
ਲੈ ਲੈ ਤੱਤੜੀ ਦੀਆਂ ਸਾਰਾਂ।

ਆਪਣੀ ਪਤਨੀ ਦੀਆਂ ਸਾਰਾਂ ਲੈਣ ਦੀ ਬਜਾਏ ਸ਼ਰਾਬੀ ਜੀਜਾ ਆਪਣੀ ਸਾਲੀ ਦੇ ਘਰ ਜਾ ਵੜਦਾ ਹੈ, ਉਹ ਅੱਗੋਂ ਉਸ ਨੂੰ ਫਿਟ-ਲਾਅਣਤ ਪਾਉਂਦੀ ਹੈ,

ਸਾਲੀ ਕਹਿੰਦੀ ਸੁਣ ਵੇ ਜੀਜਾ
ਇਹ ਕੀ ਮੈਨੂੰ ਕਹਿੰਦਾ
ਜਾਹ ਵਗ ਜਾ ਤੂੰ ਪਿੰਡ ਆਵਦੇ
ਹਿੱਕ ਕਾਸ ਨੂੰ ਦਹਿੰਦਾ
ਬੋਤਲ ਪਟਕੇ ਪੀਨੈ ਦਾਰੂ
ਰੋਜ਼ ਸ਼ਰਾਬੀ ਰਹਿੰਦਾ
ਨਾਰ ਬਿਗਾਨੀ ਦੇ
ਬੋਲ ਮੁਰਖਾ ਸਹਿੰਦਾ।

ਇੱਕ ਕਿਸਾਨ ਪਾਸ ਉਤਨੀ ਕੁ ਜ਼ਮੀਨ ਮਸੀਂ ਹੁੰਦੀ ਹੈ ਜਿਸ ਦੀ ਆਮਦਨ ਨਾਲ ਘਰ ਦਾ ਗੁਜ਼ਾਰਾ ਤੋਰ ਸਕੇ। ਫਸਲ ਨਾਲ ਤਾਂ ਕਈ ਵਾਰੀ ਮਾਮਲੇ ਹੀ ਤਰਦੇ ਹਨ। ਸ਼ਰਾਬੀ ਜੱਟ ਦੀ ਨਿਗ੍ਹਾ ਰੁਪਏ ਖਤਮ ਹੋਣ 'ਤੇ ਆਪਣੀ ਵਹੁਟੀ ਦੇ ਗਹਿਣਿਆਂ 'ਤੇ ਆ ਟਿਕਦੀ ਹੈ। ਉਹ ਆਪਣਾ ਦੁਖ ਆਪਣੀ ਮਾਂ ਅੱਗੇ ਫੋਲਦੀ ਹੈ,

ਸੱਗੀ ਮੰਗਦਾ ਮਾਏ
ਫੁੱਲ ਮੰਗਦਾ ਨਾਲੇ
ਨਾਲੇ ਮੰਗਦਾ ਮਾਏ
ਅਧੀਆ ਸ਼ਰਾਬ ਦਾ
ਸੱਗੀ ਦੇ ਦੇ ਧੀਏ
ਫੁਲ ਦੇ ਦੇ ਨਾਲੇ
ਮੱਥੇ ਮਾਰ ਧੀਏ ਠੇਕੇਦਾਰ ਦੇ।

ਸ਼ਰਾਬ ਦੀਆਂ ਪਿਆਲੀਆਂ ਜਿੱਥੇ ਜ਼ਮੀਨ ਜਾਇਦਾਦ ਨੂੰ ਡਕਾਰ ਜਾਂਦੀਆਂ ਹਨ, ਉਥੇ ਆਪਣੇ ਪਰਿਵਾਰ ਨੂੰ ਵੀ ਰੋਲ ਕੇ ਰੱਖ ਦਿੰਦੀਆਂ ਹਨ, ਔਰਤ ਦਾ ਅੰਦਰਲਾ ਵੀ ਹਾਰ ਜਾਂਦਾ ਹੈ-ਸਤਿਆ ਸੂਤੀ ਜਾਂਦੀ ਹੈ,

ਕੀਹਦੇ ਹੌਸਲੇ ਲੰਬਾ ਤੰਦ ਪਾਵਾਂ
ਪੁੱਤ ਤੇਰਾ ਵੈਲੀ ਸੱਸੀਏ।

ਆਖਰ ਅਜਿਹੇ ਸ਼ਰਾਬੀ ਪਤੀ ਦੀ ਪਤਨੀ ਆਪਣੇ ਐਬੀ ਪਤੀ ਤੋਂ ਛੁਟਕਾਰਾ ਪਾਉਣ ਲਈ ਮਜਬੂਰ ਹੋ ਜਾਂਦੀ ਹੈ। ਕਿੰਨੀ ਕਸਕ ਹੈ ਇਨ੍ਹਾਂ ਬੋਲਾਂ ਵਿਚ,

ਕਦੇ ਨਾ ਪਹਿਨੇ ਤੇਰੇ ਸੂਹੇ ਵੇ ਸੋਸਨੀ
ਕਦੇ ਨਾ ਪਹਿਨੇ ਤਿੰਨ ਕੱਪੜੇ
ਵੇ ਮੈਂ ਕਿੱਕਣ ਵਸਾਂ, ਖਾਂਦਾ ਨਿੱਤ ਬੱਕਰੇ।

ਉਹ ਬੜੀ ਅਧੀਨਗੀ ਨਾਲ ਉਹ ਨੂੰ ਸਮਝਾਉਂਦੀ ਵੀ ਹੈ,

ਛੱਡ ਦੇ ਵੈਲਦਾਰੀਆਂ
ਨਹੀਂ ਲੰਘਣੇ ਘਰਾਂ ਦੇ ਲਾਂਘੇ

ਸ਼ਰਾਬ ਦੀ ਪਿਆਲੀ ਕੇਵਲ ਵੱਸਦੇ ਰੱਸਦੇ ਘਰ ਦਾ ਹੀ ਉਜਾੜਾ ਨਹੀਂ ਕਰਦੀ ਬਲਕਿ ਸ਼ਰਾਬੀ ਦੇ ਸਰੀਰ ਨੂੰ ਵੀ ਗਾਲ ਦਿੰਦੀ ਹੈ,

ਖਾ ਲੀ ਨਸ਼ਿਆਂ ਨੇ ਚੰਦਨ ਵਰਗੀ ਦੇਹੀ।

ਕੋਈ ਵੀ ਮੁਟਿਆਰ ਇਹ ਨਹੀਂ ਚਾਹੁੰਦੀ ਕਿ ਉਸ ਦਾ ਗੱਭਰੂ ਨਿਕੰਮਾ, ਸ਼ਰਾਬੀ ਤੇ ਐਬੀ ਹੋਵੇ। ਇਸ ਲਈ ਉਹ ਬਾਂਕੀ ਮੁਟਿਆਰ ਸ਼ਰਾਬੀ ਗੱਭਰੂ ਦੇ ਹੱਥ ਆਪਣੇ ਰਾਂਗਲੇ ਲੜ ਨੂੰ ਛੂਹਣ ਨਹੀਂ ਦਿੰਦੀ,

ਬੀਬਾ ਵੇ ਬਾਗ ਲਵਾਨੀ ਆਂ ਪੰਜ ਬੂਟੇ
ਹੁਣ ਦੇ ਗੱਭਰੂ ਸਭ ਝੂਠੇ
ਛੋਡ ਸ਼ਰਾਬੀਆ ਲੜ ਮੇਰਾ
ਅਸਾਂ ਨਾ ਦੇਖਿਆ ਘਰ ਤੇਰਾ
ਨੈਣਾਂ ਦੇ ਮਾਮਲੇ ਘੇਰੀ ਆਂ ਵੇ
ਬਾਗ ਵੇ ਲਵਾਨੀ ਆਂ ਪੰਜ ਦਾਣਾ
ਐਸ ਜਹਾਨੋਂ ਕੀ ਲੈ ਜਾਣਾ
ਛੋਡ ਸ਼ਰਾਬੀਆ ਲੜ ਮੇਰਾ
ਅਸੀਂ ਨਾ ਜਾਣਦੇ ਘਰ ਤੇਰਾ
ਨੈਣਾਂ ਦੇ ਮਾਮਲੇ ਘੇਰੀ ਆਂ ਵੇ।

ਕਿੰਨਾ ਭੈੜਾ ਅਸਰ ਹੈ ਸਾਡੇ ਲੋਕ ਜੀਵਨ ਤੇ ਇਨ੍ਹਾਂ ਮਾਰੂ ਨਸ਼ਿਆਂ ਦਾ। ਮੁਹੱਬਤ ਦਾ ਨਸ਼ਾ ਹੀ ਇੱਕ ਅਜਿਹਾ ਨਸ਼ਾ ਹੈ ਜਿਸ ਨਾਲ ਸਭ ਤੋਂ ਜ਼ਿਆਦਾ ਸਰੂਰ ਆਉਂਦਾ ਹੈ। ਕਿੰਨੇ ਭਾਗਾਂ ਵਾਲੇ ਹਨ ਉਹ ਜਿਉਣੇ ਜਿਹੜੇ ਇੱਕ ਦੂਜੇ ਲਈ ਮੁਹੱਬਤ ਦਾ ਨਸ਼ਾ ਬਣ ਜਾਣ ਲਈ ਉਤਾਵਲੇ ਹਨ,

ਦੁਧ ਬਣ ਜਾਨੀ ਆਂ
ਮਲਾਈ ਬਣ ਜਾਨੀ ਆਂ
ਗਟਾ ਗਟ ਪੀ ਲੈਂ ਵੇ
ਨਸ਼ਾ ਬਣ ਜਾਨੀ ਆਂ।


# ਆਮ ਜਨਤਾ ਅਤੇ ਕੇਜਰੀਵਾਲ ਬਨਾਮ ਰਾਹੁਲ-ਮੋਦੀ ਭੇੜ

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਲੋਕ ਸਭਾ ਚੋਣਾਂ ਵਿਚ ਜਦੋਂ ਅਸਲ ਲੜਾਈ ਦੇਸ਼ ਦੀ ਇੱਕ ਸੌ ਪੰਝੀ ਕਰੋੜ ਜਨਤਾ ਦੇ ਭਵਿੱਖ ਦੀ ਹੈ, ਭਾਰਤ ਵਿਚ ਬਹਿਸ ਦਾ ਕੇਂਦਰ ਦੇਸ਼ ਦੀ ਬਹੁ-ਗਿਣਤੀ ਜਨਤਾ ਦੇ ਹਿੱਤ ਨਹੀਂ ਬਣ ਰਹੇ, ਉਨ੍ਹਾਂ ਹਿੱਤਾਂ ਦਾ ਕਦੇ-ਕਦੇ ਚਲਾਵਾਂ ਜਿਹਾ ਜ਼ਿਕਰ ਆਉਂਦਾ ਹੈ। ਇਸ ਦੀ ਥਾਂ ਵੱਡਾ ਭੇੜ ਕਦੀ ਨਰਿੰਦਰ ਮੋਦੀ ਬਨਾਮ ਰਾਹੁਲ ਗਾਂਧੀ ਦਾ ਬਣਦਾ ਜਾਪਦਾ ਹੈ ਤੇ ਕਦੇ ਆਮ ਆਦਮੀ ਪਾਰਟੀ ਦੇ ਨਾਂ ਉਤੇ ਬਿਨਾਂ ਸੋਚੇ ਬੋਲਣ ਵਾਲੇ ਕੁਝ ਮੁਹਿੰਮਬਾਜ਼ਾਂ ਦਾ ਇੱਕ ਜਾਂ ਦੂਸਰੀ ਧਿਰ ਨਾਲ ਕੁਝ ਟਿੱਪਣੀਆਂ ਨੂੰ ਲੈ ਕੇ ਪੇਚਾ ਵੱਡੀ ਬਹਿਸ ਦਾ ਰੂਪ ਧਾਰ ਲੈਂਦਾ ਹੈ। ਇਹ ਅਸਲੀ ਮੁੱਦੇ ਨਹੀਂ, ਇਸ ਦੇਸ਼ ਦੀ ਵੱਡੀ ਸਰਮਾਏਦਾਰੀ ਦੇ ਇੱਕ ਜਾਂ ਦੂਸਰੇ ਧੜੇ ਦੀ ਆਪਸੀ ਟੱਕਰ ਦੇ ਮੁੱਦੇ ਹਨ, ਜਿਹੜੇ ਅੰਤ ਨੂੰ ਹੁਣ ਵਾਲੀ ਸਥਿਤੀ ਨੂੰ ਮਾੜੇ-ਮੋਟੇ ਓਹੜ-ਪੋਹੜ ਨਾਲ ਜਿਉਂ ਦੀ ਤਿਉਂ ਰੱਖਣ ਲਈ ਕੁਝ ਧਿਰਾਂ ਵੱਲੋਂ ਜਾਣ-ਬੁੱਝ ਕੇ ਖੜੇ ਕੀਤੇ ਜਾਂਦੇ ਹਨ। ਭੇੜ ਦੀਆਂ ਜ਼ਾਹਰਾ ਧਿਰਾਂ ਕਾਂਗਰਸ ਜਾਂ ਭਾਰਤੀ ਜਨਤਾ ਪਾਰਟੀ ਜਾਂ ਆਮ ਆਦਮੀ ਪਾਰਟੀ ਸਿਰਫ ਸਿਆਸੀ ਭੇੜ ਭਿੜਨ ਲਈ ਹਨ, ਅਸਲੀ ਲੜਾਈ ਤਾਂ ਲੁੱਟੀ ਜਾ ਰਹੀ ਜਨਤਾ ਤੇ ਲੁੱਟ-ਖਾਣੀ ਜਮਾਤ ਦੇ ਵਿਚਾਲੇ ਉਹੋ ਰਹਿਣੀ ਹੈ, ਜਿਹੜੀ ਚਿਰਾਂ ਤੋਂ ਚੱਲੀ ਆਈ ਹੈ। ਅਸੀਂ ਕਿਉਂਕਿ ਮੀਡੀਏ ਦਾ ਮਾਮੂਲੀ ਜਿਹਾ ਅੰਗ ਹਾਂ, ਚਿਰਾਂ ਤੋਂ ਜਾਣਦੇ ਹਾਂ ਕਿ ਅਰਵਿੰਦ ਕੇਜਰੀਵਾਲ ਤੇ ਮੀਡੀਏ ਦੀ ਜੰਗ ਵਿਚ ਵੀ ਜੋ ਕੁਝ ਦਿੱਸ ਰਿਹਾ ਹੈ, ਉਹ ਸਾਰਾ ਸੱਚ ਨਹੀਂ, ਮੀਡੀਆ ਵੀ ਆਪਣੀਆਂ ਤਹਿਆਂ ਵਿਚ ਕਈ ਕੁਝ ਲੁਕਾਈ ਫਿਰਦਾ ਹੈ।



ਅਰਵਿੰਦ ਕੇਜਰੀਵਾਲ



ਨਰਿੰਦਰ ਮੋਦੀ



ਰਾਹੁਲ ਗਾਂਧੀ

ਕੀ ਹੈ ਮੀਡੀਏ ਨਾਲ ਅਰਵਿੰਦ ਕੇਜਰੀਵਾਲ ਦਾ ਵਿਵਾਦ? ਇਹੋ ਕਿ ਉਸ ਨੇ ਇੱਕ ਥਾਂ ਆਪਣੀ ਪਾਰਟੀ ਲਈ ਫੰਡ ਉਗਰਾਹੀ ਵਾਸਤੇ ਇੱਕ ਖਾਣੇ ਦਾ ਪ੍ਰਬੰਧ ਕਰ ਲਿਆ, ਜਿਸ ਨੂੰ ਪੱਛਮ ਦੇ ਪਿੱਛੇ ਚੱਲ ਰਹੇ ਭਾਰਤ ਵਿਚ ਵੀ ਹੁਣ 'ਫੰਡ ਰੇਜ਼ਿੰਗ ਡਿਨਰ' ਕਿਹਾ ਜਾਣ ਲੱਗ ਪਿਆ ਹੈ। ਉਸ ਨੂੰ ਇਹ ਖਿਆਲ ਨਹੀਂ ਸੀ ਰਿਹਾ ਕਿ ਇਹੋ ਜਿਹੇ ਮੌਕੇ ਉਸ ਦੇ ਸਮੱਰਥਕ ਹੀ ਨਹੀਂ ਆਏ ਹੁੰਦੇ, ਦੂਸਰੇ ਲੋਕ ਵੀ ਮਿਥੀ ਗਈ ਟਿਕਟ ਦੇ ਪੈਸੇ ਖਰਚ ਕੇ ਵਿਚ ਆ ਬਹਿੰਦੇ ਹਨ ਤੇ ਅੰਦਰ ਆਪਣੇ ਬੈਠੇ ਸਮਝ ਕੇ ਕੀਤੀਆਂ ਗੱਲਾਂ ਅੱਗੇ ਨਿਕਲ ਸਕਦੀਆਂ ਹਨ। ਕੇਜਰੀਵਾਲ ਨੇ ਉਥੇ ਇਹ ਕਹਿ ਦਿੱਤਾ ਕਿ ਮੀਡੀਆ ਵਿਕਿਆ ਹੋਇਆ ਹੈ, ਤੇ ਇਸ ਗੱਲ ਤੋਂ ਵਿਵਾਦ ਖੜਾ ਹੋ ਗਿਆ। ਉਸ ਨੂੰ ਇਸ ਤਰ੍ਹਾਂ ਦਾ ਹਮਲਾ ਕਰਨ ਤੋਂ ਚੋਣਾਂ ਦੇ ਦਿਨਾਂ ਵਿਚ ਖਾਸ ਤੌਰ ਉਤੇ ਬਚਣ ਦੀ ਲੋੜ ਸੀ, ਜਿਸ ਤੋਂ ਉਹ ਬਚ ਨਹੀਂ ਸਕਿਆ, ਪਰ ਮੀਡੀਏ ਵੱਲੋਂ ਇੱਕ ਜਾਂ ਦੂਸਰੇ ਵੱਡੇ ਘਰਾਣੇ ਦੇ ਹੱਥਾਂ ਵਿਚ ਖੇਡਣ ਬਾਰੇ ਸੱਚਾਈ ਇਸ ਵਿਵਾਦ ਦੇ ਨਾਲ ਲੁਕ ਨਹੀਂ ਸਕਦੀ। ਬਹੁਤ ਸਾਰੇ ਮਾਮਲੇ ਹਨ, ਜਿਨ੍ਹਾਂ ਵਿਚ ਮੀਡੀਆ ਚਲਾਵੀਂ ਜਿਹੀ ਚਰਚਾ ਕਰ ਕੇ ਫਿਰ ਉਨ੍ਹਾਂ ਦਾ ਪਿੱਛਾ ਹੀ ਛੱਡ ਦੇਂਦਾ ਹੈ ਤੇ ਇਸ ਲਈ ਛੱਡ ਦੇਂਦਾ ਹੈ ਕਿ ਚਰਚਾ ਦੀ ਮਾਰ ਹੇਠ ਆਉਣ ਵਾਲੇ ਉਸ ਨੂੰ ਚੁੱਪ ਰਹਿਣ ਦਾ ਭਾੜਾ ਪਾ ਦੇਂਦੇ ਹਨ।

ਨਰਿੰਦਰ ਮੋਦੀ ਤੇ ਰਾਹੁਲ ਗਾਂਧੀ ਦੋਵੇਂ ਜਣੇ ਕਾਰਪੋਰੇਟ ਘਰਾਣਿਆਂ ਦੇ ਕਾਰਿੰਦੇ ਵਾਂਗ ਕੰਮ ਕਰਦੇ ਹਨ, ਇਹ ਗੱਲ ਝੂਠੀ ਨਹੀਂ, ਪਰ ਮੀਡੀਆ ਇਸ ਚਰਚਾ ਦੇ ਅਸਲ ਮੁੱਦਿਆਂ ਨੂੰ ਅਰਵਿੰਦ ਕੇਜਰੀਵਾਲ ਦੇ ਬਿਆਨ ਦੀ ਖਬਰ ਦੇ ਤੌਰ ਉਤੇ ਪੇਸ਼ ਕਰਨ ਤੋਂ ਅੱਗੇ ਨਹੀਂ ਵਧਦਾ। ਉਨ੍ਹਾਂ ਦੋਵਾਂ ਲੀਡਰਾਂ ਨੇ ਕਿਹੜੇ ਕਾਰਪੋਰੇਟ ਘਰਾਣੇ ਦਾ ਜਹਾਜ਼ ਕਿੰਨੇ ਗੇੜੇ ਲਾਉਣ ਲਈ ਵਰਤਿਆ, ਇਸ ਦਾ ਭੇਦ ਖੁੱਲ੍ਹਣ ਦੇ ਪਿੱਛੋਂ ਵੀ ਚਰਚਾ ਨਹੀਂ ਹੁੰਦੀ। ਇੱਕ ਮੀਡੀਆ ਘਰਾਣੇ ਵੱਲੋਂ ਆਪਣੇ ਪ੍ਰੋਗਰਾਮ ਵਿਚ ਵਕਤ ਸਿਰ ਪੁੱਜਣ ਲਈ ਕੇਜਰੀਵਾਲ ਨੂੰ ਦਿੱਤਾ ਜਹਾਜ਼ ਵਰਤਣ ਦੀ ਚਰਚਾ ਕਈ ਦਿਨ ਹੁੰਦੀ ਰਹੀ। ਕੇਜਰੀਵਾਲ ਨੂੰ ਉਹ ਜਹਾਜ਼ ਉਸ ਮੀਡੀਆ ਘਰਾਣੇ ਨੇ ਕਿਸ ਕਾਰਪੋਰੇਟ ਘਰਾਣੇ ਤੋਂ ਲੈ ਕੇ ਦਿੱਤਾ, ਇਸ ਬਾਰੇ ਕਿਸੇ ਨੇ ਗੱਲ ਹੀ ਨਹੀਂ ਕੀਤੀ।

ਆਪਣੇ ਕੋਝੇਪਣ ਨੂੰ ਮੀਡੀਆ ਕਿਵੇਂ ਲੁਕਾਉਂਦਾ ਹੈ, ਇਸ ਦੀ ਇੱਕ ਮਿਸਾਲ ਇਹ ਹੈ ਕਿ ਭਾਰਤ ਦੇ ਕੁਝ ਨਾਮਣੇ ਵਾਲੇ ਪੱਤਰਕਾਰ ਟੂ-ਜੀ ਟੈਲੀਕਾਮ ਸਪੈਕਟਰਮ ਦੀ ਲਪੇਟ ਵਿਚ ਆਏ ਸਨ ਤਾਂ ਉਨ੍ਹਾਂ ਦਾ ਜ਼ਿਕਰ ਮੀਡੀਆ ਵੀ ਛੱਡ ਗਿਆ, ਉਨ੍ਹਾਂ ਪੱਤਰਕਾਰਾਂ ਦੇ ਵਿਰੋਧੀ ਪੱਤਰਕਾਰ ਵੀ ਚੁੱਪ ਕਰ ਗਏ। ਮੀਡੀਆ ਵਾਲਿਆਂ ਨੇ ਉਨ੍ਹਾਂ ਨਾਲ ਲਿਹਾਜ ਨਹੀਂ ਸੀ ਕੀਤਾ, ਇਸ ਲਈ ਚੁੱਪ ਵੱਟੀ ਗਈ ਸੀ ਕਿ ਉਹ ਪੱਤਰਕਾਰ ਵਲਾਵੇਂ ਵਿਚ ਆਉਂਦੇ ਤਾਂ ਜਿਹੜੇ ਮੀਡੀਆ ਘਰਾਣਿਆਂ ਦੀ ਉਨ੍ਹਾਂ ਨੇ ਪੱਤਰਕਾਰੀ ਫਰਜ਼ ਤੋਂ ਅਗਾਂਹ ਦੀ ਸੇਵਾ ਕੀਤੀ ਸੀ, ਉਨ੍ਹਾਂ ਘਰਾਣਿਆਂ ਦੀ ਬਦਨਾਮੀ ਹੁੰਦੀ ਸੀ ਤੇ ਉਨ੍ਹਾਂ ਘਰਾਣਿਆਂ ਦਾ ਦਿੱਤਾ ਹੋਰ ਵੀ ਖਾਂਦੇ ਸਨ। ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਦਾ ਕਾਰਿੰਦਾ ਬਣਿਆ ਗੁਲਾਮ ਨਬੀ ਫਾਈ ਅਮਰੀਕਾ ਦੀ ਖੁਫੀਆ ਏਜੰਸੀ ਨੇ ਫੜ ਲਿਆ ਸੀ, ਹੁਣ ਉਹ ਜੇਲ੍ਹ ਵਿਚ ਹੈ। ਉਹ ਅਮਰੀਕਾ ਵਿਚ ਵਾਰ-ਵਾਰ ਸੈਮੀਨਾਰ ਰੱਖ ਕੇ ਭਾਰਤੀ ਮੀਡੀਏ ਦੇ ਥੰਮ੍ਹ ਗਿਣੇ ਜਾਂਦੇ ਕੁਝ ਲੋਕਾਂ ਨੂੰ ਫਸਟ ਕਲਾਸ ਦੀਆਂ ਟਿਕਟਾਂ ਭੇਜਦਾ ਤੇ ਪੰਜ-ਤਾਰਾ ਹੋਟਲਾਂ ਵਿਚ ਰੱਖਿਆ ਕਰਦਾ ਸੀ, ਪਰ ਇਹ ਭੇਦ ਖੁੱਲ੍ਹ ਜਾਣ ਦੇ ਬਾਵਜੂਦ ਭਾਰਤੀ ਮੀਡੀਏ ਦੀ ਦੇਸ਼ਭਗਤੀ ਨੇ ਉਦੋਂ ਉਛਾਲਾ ਹੀ ਨਹੀਂ ਸੀ ਮਾਰਿਆ।

ਮੀਡੀਏ ਨੂੰ ਸਿਰਫ ਮੀਡੀਆ ਨਾ ਸਮਝੀਏ, ਇਸ ਦੇ ਇੱਕ ਹਿੱਸੇ ਨੂੰ ਲੁੱਟੇ ਜਾਂਦੇ ਲੋਕਾਂ ਦੇ ਵਿਰੁਧ ਲੁੱਟ-ਖਾਣੀ ਧਿਰ ਦਾ ਹਥਿਆਰ ਮੰਨ ਕੇ ਚੱਲਣਾ ਚਾਹੀਦਾ ਹੈ ਤੇ ਕੇਜਰੀਵਾਲ ਨੂੰ ਵੀ ਸਿਰਫ ਇੱਕ ਸਿਆਸੀ ਸੁਧਾਰਕ ਸਮਝ ਕੇ ਨਾ ਚੱਲੀਏ, ਇਸ ਨੂੰ ਇਤਿਹਾਸ ਦਾ ਇੱਕ ਅਧਿਆਏ ਸਮਝਣ ਦਾ ਯਤਨ ਕਰੀਏ। ਇਤਿਹਾਸ ਸਿਰਫ ਰਾਜਿਆਂ ਦਾ ਨਹੀਂ, ਸਮਾਜ ਵਿਚ ਫੈਲੀ ਵਰਗ-ਵੰਡ ਦਾ ਵੀ ਹੁੰਦਾ ਹੈ ਤੇ ਉਸ ਦੇ ਅਧਿਆਏ ਕੁਝ ਹੋਰ ਵੀ ਪੇਸ਼ ਕਰਦੇ ਹਨ।

ਕੇਜਰੀਵਾਲ ਕਹਿੰਦਾ ਕੀ ਹੈ? ਉਸ ਨੂੰ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਦੋਵਾਂ ਦੇ ਲੀਡਰ ਨਕਸਲੀਆਂ ਦਾ ਸਾਥੀ ਆਖਣ ਵਿਚ ਖੁਸ਼ੀ ਮਹਿਸੂਸ ਕਰਦੇ ਹਨ ਤਾਂ ਕਰੀ ਜਾਣ, ਉਹ ਨਕਸਲੀ ਨਹੀਂ ਹੈ। ਕਈ ਵਾਰ ਉਸ ਨੂੰ ਬਹਿਸਾਂ ਦੌਰਾਨ ਕਮਿਊਨਿਸਟ ਆਖਿਆ ਗਿਆ, ਇਹੋ ਜਿਹੀ ਗੱਲ ਉਸ ਨੇ ਕਦੀ ਨਹੀਂ ਆਖੀ, ਜਿਹੜੀ ਉਸ ਦੇ ਕਮਿਊਨਿਸਟ ਸੋਚ ਨਾਲ ਜੁੜੇ ਹੋਣ ਦਾ ਸੰਪਰਕ ਸੂਤਰ ਮੰਨੀ ਜਾ ਸਕਦੀ ਹੋਵੇ। ਉਹ ਸਿਰਫ ਇਹ ਕਹਿੰਦਾ ਹੈ ਕਿ ਜਿਹੜਾ ਸੰਵਿਧਾਨ ਇਸ ਦੇਸ਼ ਨੇ ਇੱਕ ਵਾਰੀ ਅਪਨਾ ਲਿਆ, ਭਾਰਤ ਦੀ ਰਾਜਨੀਤੀ ਘੱਟੋ-ਘੱਟ ਉਸ ਨੂੰ ਹੀ ਇਮਾਨਦਾਰੀ ਨਾਲ ਲਾਗੂ ਤਾਂ ਕਰੇ। ਰਾਜਨੀਤੀ ਵਿਚ ਸਵੱਛਤਾ ਤੇ ਭ੍ਰਿਸ਼ਟਾਚਾਰ ਦਾ ਜਿਹੜਾ ਗੰਦ ਹੂੰਝਣ ਲਈ ਅੰਨਾ ਹਜ਼ਾਰੇ ਤੇ ਉਸ ਦੇ ਕੇਜਰੀਵਾਲ ਵਰਗੇ ਸਾਥੀਆਂ ਨੇ ਲਹਿਰ ਸ਼ੁਰੂ ਕੀਤੀ ਸੀ, ਉਸ ਦੇ ਪੱਖ ਤੋਂ ਕੇਜਰੀਵਾਲ ਦਾ ਪੈਂਤੜਾ ਠੀਕ ਹੋ ਸਕਦਾ ਹੈ, ਪਰ ਉਹ ਲੋਕਾਂ ਨੂੰ ਉਸ ਲੁੱਟ ਤੋਂ ਨਹੀਂ ਬਚਾ ਸਕਦਾ, ਜਿਹੜੀ ਇਸ ਸਿਸਟਮ ਦੇ ਕਾਰਨ ਹੁੰਦੀ ਹੈ। ਅਚੇਤ ਤੌਰ ਉਤੇ ਹੋਵੇ ਜਾਂ ਕੁਝ ਧਿਰਾਂ ਸੁਚੇਤ ਤੌਰ ਉਤੇ ਉਸ ਨੂੰ ਇਸ ਪਾਸੇ ਤੋਰਦੀਆਂ ਹੋਣ, ਉਹ ਵਰਗਾਂ ਦੇ ਇਤਿਹਾਸ ਦਾ ਇੱਕ ਉਹੋ ਜਿਹਾ ਕਾਂਡ ਬਣਦਾ ਜਾ ਰਿਹਾ ਹੈ, ਜਿਹੋ ਜਿਹੇ ਕਈ ਕਾਂਡ ਇਸ ਦੇਸ਼ ਨੇ ਅੱਗੇ ਵੀ ਪੜ੍ਹੇ ਹੋਏ ਹਨ।

ਜਦੋਂ ਭਾਰਤ ਆਜ਼ਾਦ ਹੋਇਆ ਸੀ, ਉਦੋਂ ਇੱਕ ਮੌਕਾ ਇਹੋ ਜਿਹਾ ਆਇਆ ਸੀ ਕਿ ਭਾਰਤ ਵਿਚ ਕਈ ਰਾਜਾਂ ਵਿਚ ਜਗੀਰਦਾਰਾਂ ਤੋਂ ਜ਼ਮੀਨਾਂ ਖੋਹਣ ਲਈ ਗਰੀਬ ਕਿਰਤੀਆਂ, ਕਿਸਾਨਾਂ ਤੇ ਮੁਜ਼ਾਰਿਆਂ ਨੇ ਸੰਘਰਸ਼ ਅਰੰਭ ਦਿੱਤਾ ਸੀ। ਪੰਜਾਬ ਦੇ ਮਾਲਵੇ ਵਿਚ ਅੱਜ ਵੀ ਕਈ ਬਜ਼ੁਰਗ ਇਹ ਦੱਸਣ ਵਾਲੇ ਮਿਲ ਜਾਣਗੇ ਕਿ ਜ਼ਮੀਨਾਂ ਦੇ ਮਾਲਕ ਅਸੀਂ ਨਹੀਂ ਸੀ ਹੁੰਦੇ, ਉਪਰੋਂ ਰਾਜਾ ਮਾਲਕ ਹੁੰਦਾ ਸੀ, ਹੇਠਾਂ ਜਗੀਰਦਾਰ ਅਤੇ ਅਸੀਂ ਸਿਰਫ ਬੋਹਲ ਵੇਖ ਕੇ ਮੁੜ ਆਉਂਦੇ ਸਾਂ। ਫਿਰ ਇੱਕ ਲਹਿਰ ਚੱਲੀ ਸੀ, ਜਿਸ ਦੇ ਅੰਤ ਬਾਰੇ ਉਹ ਬਾਬੇ ਆਖਦੇ ਹਨ ਕਿ ਚਾਨਣੀ ਰਾਤ ਨੂੰ ਇੱਕ ਬਿੱਲੀਆਂ ਅੱਖਾਂ ਵਾਲਾ ਕਾਮਰੇਡ ਰੇਤ ਦੇ ਟਿੱਲੇ ਉਤੇ ਬੈਠ ਕੇ ਸਾਨੂੰ ਖੇਤ ਦੀ ਮਾਲਕੀ ਦੀਆਂ ਪਰਚੀਆਂ ਦੇ ਗਿਆ ਸੀ। ਬਿੱਲੀਆਂ ਅੱਖਾਂ ਵਾਲਾ ਕਾਮਰੇਡ ਤੇਜਾ ਸਿੰਘ ਸੁਤੰਤਰ ਇੱਕ ਵਿਅਕਤੀ ਨਹੀਂ, ਉਸ ਵਰਤਾਰੇ ਦਾ ਅੰਗ ਸੀ, ਜਿਹੜਾ ਉਸ ਵੇਲੇ ਪੰਜਾਬ ਵਾਂਗ ਉਸ ਤੇਲੰਗਾਨਾ ਵਿਚ ਇਸ ਤੋਂ ਵੱਧ ਚੱਲ ਰਿਹਾ ਸੀ, ਜਿੱਥੇ ਹੁਣ ਇੱਕ ਨਵਾਂ ਰਾਜ ਬਣਾਇਆ ਗਿਆ ਹੈ।

ਤੇਲੰਗਾਨਾ ਦੇ ਉਸ ਜ਼ਮੀਨੀ ਸੰਘਰਸ਼ ਨੂੰ ਖੁੰਢਾ ਕਰਨ ਲਈ ਇੱਕ ਸੰਤ ਵਿਨੋਬਾ ਭਾਵੇ ਸਰਗਰਮ ਹੋ ਗਿਆ ਸੀ, ਜਿਸ ਨੇ ਨਾਹਰਾ ਦਿੱਤਾ ਸੀ ਕਿ ਜ਼ਮੀਨਾਂ ਜਗੀਰਦਾਰਾਂ ਤੋਂ ਖੋਹਣ ਲਈ ਸੰਘਰਸ਼ ਦੀ ਲੋੜ ਨਹੀਂ, ਉਹ ਆਪਣੇ ਆਪ ਜ਼ਮੀਰ ਦੀ ਆਵਾਜ਼ ਸੁਣ ਕੇ ਜ਼ਮੀਨਾਂ ਦਾ ਕੁਝ ਹਿੱਸਾ ਦਾਨ ਕਰ ਦੇਣਗੇ। ਵਿਨੋਬਾ ਦੇ ਭੂਮੀ-ਦਾਨ ਅੰਦੋਲਨ ਵਿਚ ਲੱਖਾਂ ਏਕੜ ਜ਼ਮੀਨਾਂ ਉਨ੍ਹਾਂ ਜਗੀਰਦਾਰਾਂ ਨੇ ਦਾਨ ਕਰ ਦਿੱਤੀਆਂ, ਪਰ ਉਸ ਪਿੱਛੋਂ ਹੋਇਆ ਇਹ ਕਿ ਕੁਝ ਦੇਰ ਪਈਆਂ ਰਹੀਆਂ ਤੇ ਉਨ੍ਹਾਂ ਨੂੰ ਅੱਗੇ ਵੰਡਣ ਦੀਆਂ ਵਿਚਾਰਾਂ ਨਾਲ ਡੰਗ ਸਾਰ ਦਿੱਤਾ ਗਿਆ। ਬੀਤੇ ਮਹੀਨੇ ਭਾਰਤ ਦੀ ਸਰਕਾਰ ਨੇ ਆਪ ਇਹ ਗੱਲ ਮੰਨ ਲਈ ਹੈ ਕਿ ਉਨ੍ਹਾਂ ਜ਼ਮੀਨਾਂ ਦਾ ਵੱਡਾ ਹਿੱਸਾ ਉਨ੍ਹਾਂ ਹੀ ਮਾਲਕਾਂ ਨੇ ਫਿਰ ਸਾਂਭ ਲਿਆ ਸੀ। ਵਿਨੋਬਾ ਦੇ ਅੰਦੋਲਨ ਦਾ ਫਿਰ ਸਿੱਟਾ ਕੀ ਨਿਕਲਿਆ? ਸਿੱਟਾ ਨਾ ਨਿਕਲਿਆ ਸੀ ਤੇ ਨਾ ਨਿਕਲਣਾ ਸੀ, ਉਹ ਉਸ ਵੇਲੇ ਚੱਲ ਰਹੇ ਸਿੱਧੇ ਸੰਘਰਸ਼ ਨੂੰ ਰੋਕ ਕੇ ਭਾਰਤੀ ਸਮਾਜ ਨੂੰ ਸਦੀਆਂ ਤੋਂ ਪਹਿਲਾਂ ਚੱਲਦੇ ਵਾਂਗ ਚੱਲਦਾ ਰੱਖਣ ਲਈ ਗਿਣ-ਮਿਥ ਕੇ ਪੁਰਾਣੀ ਲੀਹ ਉਤੇ ਪਾਉਣ ਦਾ ਇੱਕ ਸੁਧਾਰਕ ਪਰਦੇ ਵਾਲਾ ਯਤਨ ਸੀ।

ਜਿਹੜੀ ਰਾਜਸੀ ਆਜ਼ਾਦੀ ਭਾਰਤ ਦੇ ਲੋਕ ਅੱਜ ਮਾਣਦੇ ਹਨ, ਇਸ ਦੇ ਲਈ ਕੁਰਬਾਨੀਆਂ ਕਰਨ ਵਾਲੇ ਲੋਕ ਆਮ ਘਰਾਂ ਵਿਚ ਜੰਮੇ ਸਨ। ਫਾਂਸੀਆਂ ਉਤੇ ਉਹ ਝੂਲ ਗਏ ਤੇ ਅੰਡੇਮਾਨ ਦੀਆਂ ਸਖਤੀਆਂ ਵੀ ਉਨ੍ਹਾਂ ਝੱਲੀਆਂ ਸਨ। ਜਦੋਂ ਦੂਸਰੀ ਸੰਸਾਰ ਜੰਗ ਦੀ ਭੰਨੀ ਹੋਈ ਬ੍ਰਿਟਿਸ਼ ਹਕੂਮਤ ਰਾਜ ਕਾਇਮ ਰੱਖਣ ਵਿਚ ਔਕੜ ਮਹਿਸੂਸ ਕਰਨ ਲੱਗੀ, ਉਹ ਜਾਣ ਲੱਗੀ ਬੜਾ ਸੋਚ-ਸਮਝ ਕੇ ਭਾਰਤ ਤੇ ਪਾਕਿਸਤਾਨ ਦੋਵਾਂ ਦੇਸ਼ਾਂ ਦੀ ਕਮਾਨ ਉਸ ਲੀਡਰਸ਼ਿਪ ਦੇ ਹੱਥ ਫੜਾ ਗਈ ਸੀ, ਜਿਹੜੀ ਆਮ ਲੋਕਾਂ ਵਿਚੋਂ ਨਹੀਂ ਸਨ। ਏਧਰ ਮਹਾਤਮਾ ਗਾਂਧੀ ਦਾ ਬਾਪ ਤਿੰਨ ਸਦੀਆਂ ਤੋਂ ਚੱਲੀ ਆਈ ਪੋਰਬੰਦਰ ਰਿਆਸਤ ਦਾ ਦੀਵਾਨ ਹੁੰਦਾ ਸੀ, ਪਹਿਲਾਂ ਦਾਦਾ ਵੀ ਦੀਵਾਨ ਸੀ। ਓਧਰ ਮੁਹੰਮਦ ਅਲੀ ਜਿਨਾਹ ਦੇ ਬਾਪ ਦੀਆਂ ਕਰਾਚੀ ਵਿਚ ਮਿੱਲਾਂ ਸਨ। ਪੰਡਿਤ ਜਵਾਹਰ ਲਾਲ ਨਹਿਰੂ ਦਾ ਖਾਨਦਾਨ ਕਿੰਨਾ ਅਮੀਰ ਸੀ ਤੇ ਵਕੀਲੀ ਪੇਸ਼ੇ ਵਜੋਂ ਉਸ ਵੇਲੇ ਦੇ ਭਾਰਤੀ ਅਮੀਰਾਂ ਨਾਲ ਉਸ ਪਰਿਵਾਰ ਦੇ ਕਿੰਨੇ ਸੰਬਿੰਧ ਸਨ, ਇਹ ਕਿਸੇ ਤੋਂ ਗੁੱਝਾ ਹੋਇਆ ਨਹੀਂ। ਜਵਾਹਰ ਲਾਲ ਦਾ ਬਾਪ ਮੋਤੀ ਲਾਲ ਦਿੱਲੀ ਦੇ ਕੋਤਵਾਲ ਦੇ ਘਰ ਜੰਮਿਆ ਸੀ, ਪਰ ਪਿਤਾ ਦੀ ਮੌਤ ਉਸ ਦੇ ਜਨਮ ਤੋਂ ਪਹਿਲਾਂ ਹੋ ਗਈ ਸੀ। ਮੋਤੀ ਲਾਲ ਨਹਿਰੂ ਦਾ ਬਚਪਨ ਜੈਪੁਰ ਰਿਆਸਤ ਦੀ ਛਤਰ-ਛਾਇਆ ਵਿਚ ਗੁਜ਼ਰਿਆ ਸੀ, ਕਿਉਂਕਿ ਉਸ ਦਾ ਵੱਡਾ ਭਰਾ ਨੰਦ ਲਾਲ ਉਸ ਰਿਆਸਤ ਵਿਚ ਦੀਵਾਨ ਸੀ।

ਮੁਹੰਮਦ ਅਲੀ ਜਿਨਾਹ ਦੇ ਨਾਲ ਪ੍ਰਧਾਨ ਮੰਤਰੀ ਬਣਾਇਆ ਗਿਆ ਲਿਆਕਤ ਅਲੀ ਖਾਨ ਅੱਜ ਵਾਲੇ ਹਰਿਆਣੇ ਦੇ ਕਰਨਾਲ ਦੀ ਰਿਆਸਤ ਦੇ ਨਵਾਬ ਘਰਾਣੇ ਵਿਚ ਜੰਮਿਆ ਸੀ। ਗਾਂਧੀ ਜੀ ਨੂੰ ਨਥੂ ਰਾਮ ਗੌਡਸੇ ਨੇ ਦਿੱਲੀ ਦੇ ਜਿਹੜੇ ਬਿਰਲਾ ਹਾਊਸ ਵਿਚ ਗੋਲੀ ਮਾਰ ਕੇ ਕਤਲ ਕੀਤਾ ਸੀ, ਉਹ ਭਵਨ ਬਾਅਦ ਵਿਚ ਭਾਵੇਂ ਯਾਦਗਾਰ ਬਣਾਉਣ ਲਈ ਸਰਕਾਰ ਨੇ ਕਬਜ਼ੇ ਵਿਚ ਲੈ ਲਿਆ, ਉਦੋਂ ਤੱਕ ਉਹ ਦੇਸ਼ ਦੇ ਸਿਖਰਲੇ ਪੂੰਜੀਪਤੀ ਬਿਰਲੇ ਦਾ ਰਾਜਧਾਨੀ ਵਿਚ ਰਹਿ ਕੇ ਸਰਕਾਰ ਨਾਲ ਤਾਲਮੇਲ ਦਾ ਅੱਡਾ ਹੁੰਦਾ ਸੀ।

ਵੱਡੇ ਘਰਾਂ ਵਿਚ ਜੰਮੇ ਤੇ ਪੂੰਜੀਪਤੀਆਂ ਦੇ ਭਵਨਾਂ ਵਿਚ ਰਹਿੰਦੇ ਲੋਕ ਹੀ ਸੱਤਾ ਸੌਂਪਣ ਲਈ ਬ੍ਰਿਟਿਸ਼ ਹਕੂਮਤ ਨੂੰ ਠੀਕ ਕਿਉਂ ਲੱਗੇ ਸਨ? ਜੇ ਇਸ ਦਾ ਉਤਰ ਲੱਭਿਆ ਜਾਵੇ ਤਾਂ ਅੱਜ ਦੀ ਰਾਜਨੀਤੀ ਵਿਚ ਆਏ ਦਿਨ ਉਠ ਰਹੇ ਵਿਵਾਦਾਂ ਦੀ ਜੜ੍ਹ ਸਮਝ ਆ ਸਕਦੀ ਹੈ। ਲੜਾਈ ਕੇਜਰੀਵਾਲ ਬਨਾਮ ਮੀਡੀਆ ਜਾਂ ਕੇਜਰੀਵਾਲ ਬਨਾਮ ਰਾਹੁਲ-ਮੋਦੀ ਦੀ ਨਾ ਹੋ ਕੇ ਇੱਕ ਵਾਰ ਫਿਰ ਕੋਈ ਨਵਾਂ ਵਿਨੋਬਾ ਭਾਵੇ ਪੈਦਾ ਕਰਨ ਤੱਕ ਦੀ ਹੋ ਸਕਦੀ ਹੈ, ਜਿਹੜਾ ਦੇਸ਼ ਦੇ ਲੋਕਾਂ ਦਾ ਧਿਆਨ ਅਸਲ ਮੁੱਦੇ ਤੋਂ ਹਟਾ ਕੇ ਸਿਰਫ ਇਥੋਂ ਤੱਕ ਸੀਮਤ ਕਰ ਦੇਵੇ ਕਿ ਸਾਰੇ ਦੁੱਖਾਂ ਦਾ ਕਾਰਨ ਭ੍ਰਿਸ਼ਟਾਚਾਰ ਤੇ ਸਿਰਫ ਭ੍ਰਿਸ਼ਟਾਚਾਰ ਹੈ। ਆਮ ਲੋਕਾਂ, ਦਸਾਂ ਨਹੁੰਆਂ ਦੀ ਕਿਰਤ ਕਰਦੇ ਤੇ ਮੁੜ੍ਹਕੇ ਦਾ ਮੁੱਲ ਮੰਗਣ ਲਈ ਸੜਕਾਂ ਉਤੇ ਆਏ ਦਿਨ ਡਾਂਗਾਂ ਖਾਂਦੇ ਲੋਕਾਂ ਦੀਆਂ ਮੁਸ਼ਕਲਾਂ ਦਾ ਇਹ ਇੱਕ ਕਾਰਨ ਹੋ ਸਕਦਾ ਹੈ, ਇਸ ਨੂੰ ਇੱਕੋ ਇੱਕ ਕਾਰਨ ਮੰਨ ਲੈਣਾ ਵੀ ਸਮੱਸਿਆ ਅਤੇ ਇਸ ਦੇ ਹੱਲ ਦਾ ਅਸਲੋਂ ਸਧਾਰਨੀਕਰਨ ਹੋ ਜਾਵੇਗਾ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਗੁਰਦੁਆਰਾ ਸੈਨ ਹੋਜ਼ੇ ਵਿਚ ਮਨਾਇਆ ਹੋਲਾ ਮਹੱਲਾ





**ਸੈਨ ਹੋਜ਼ੇ (ਬਿਊਰੋ):** ਖਾਲਸਾ ਜੀ ਕੇ ਬੋਲਬਾਲੇ ਦਾ ਪ੍ਰਤੀਕ ਅਤੇ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਵੱਲੋਂ ਸ਼ੁਰੂ ਕੀਤਾ ਗਿਆ ਹੋਲੇ ਮਹੱਲੇ ਦਾ ਦਿਹਾਰ ਗੁਰਦੁਆਰਾ ਸੈਨ ਹੋਜ਼ੇ ਵਿਖੇ ਖਾਲਸਾਈ ਜਾਹੋ-ਜਲਾਲ ਅਤੇ ਖਾਲਸਾਈ ਰਵਾਇਤਾਂ ਅਨੁਸਾਰ ਮਨਾਇਆ ਗਿਆ। ਇਸ ਮਹੱਲੇ ਦਾ ਅਰੰਭ ਗੁਰੂ ਚਰਨਾਂ ਵਿਚ ਅਰਦਾਸ ਕਰਨ ਪਿਛੋਂ ਗੁਰੂ ਘਰ ਦੀ ਪਰਿਕਰਮਾ ਵਿਚ ਨਗਰ ਕੀਰਤਨ ਅਤੇ ਗਤਕੇ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਕੀਤਾ ਗਿਆ।

ਕਰੀਬ 40 ਏਕੜ ਵਿਚ ਪਹਾੜੀਆਂ 'ਤੇ ਬਣੇ ਖੂਬਸੂਰਤ ਗੁਰਦੁਆਰਾ ਸਾਹਿਬ ਵਿਚ ਮਨਾਏ ਗਏ ਹੋਲੇ ਮਹੱਲੇ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਯਾਦ ਤਾਜ਼ਾ ਕਰ ਦਿੱਤੀ। ਸਤਨਾਮ ਸਿੰਘ ਅਰਸ਼ੀ ਦੇ ਪੰਥ ਪ੍ਰਸਿੱਧ ਕਵੀਸ਼ਰੀ ਜਥੇ ਨੇ ਬੀਰ ਰਸੀ ਵਾਰਾਂ ਸੁਣਾ ਕੇ ਸੰਗਤ ਨੂੰ ਖਾਲਸੇ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਗੁਰੂ ਕੀਆਂ ਲਾਡਲੀਆਂ ਫੌਜਾਂ ਨੇ ਗਤਕੇ, ਤੀਰ ਅੰਦਾਜੀ, ਘੋੜ ਸਵਾਰੀ, ਨੇਜ਼ਾਬਾਜ਼ੀ ਆਦਿ ਮਾਰਸ਼ਲ ਆਰਟ ਰਾਹੀਂ ਸੰਗਤਾਂ ਵਿਚ ਜੋਸ਼ ਭਰਿਆ। ਇਸ ਮੌਕੇ ਵਾਲੀਬਾਲ, ਬਾਸਕਟਬਾਲ, ਦੌੜਾਂ ਅਤੇ ਰੱਸਾਕਸ਼ੀ ਆਦਿ ਖੇਡਾਂ ਵੀ ਕਰਵਾਈਆਂ ਗਈਆਂ।



ਭਾਈ ਧਰਮ ਸਿੰਘ, ਕਰਨੈਲ ਸਿੰਘ ਅਤੇ ਗਿਆਨੀ ਮੋਹਨ ਸਿੰਘ ਮੰਘਰ ਨੇ ਗੰਨੇ ਦੇ ਤਾਜ਼ਾ ਰਸ ਦਾ ਵੇਲਣਾ ਲਾ ਕੇ ਸੰਗਤਾਂ ਨੂੰ ਗੰਨੇ ਦਾ ਰਸ ਛਕਾਇਆ। ਫਤਿਹਗੜ੍ਹ ਸਾਹਿਬ ਦੀ ਸੰਗਤ ਨੇ ਚਾਹ ਪਕੌੜਿਆਂ, ਮੰਗਲ ਸਿੰਘ ਭੰਡਾਲ ਨੇ ਮੱਕੀ ਦੀਆਂ ਛੱਲੀਆਂ, ਜਰਨੈਲ ਸਿੰਘ ਤੇ ਜਸਵੀਰ ਸਿੰਘ ਨੇ ਜਲੇਬੀਆਂ ਦਾ ਲੰਗਰ ਅਤੇ ਇੰਦਰਜੀਤ ਸਿੰਘ ਥਿੰਦ ਨੇ ਛੋਲੇ-ਭਠੂਰਿਆਂ ਦਾ ਲੰਗਰ ਲਾ ਕੇ ਸੰਗਤਾਂ ਦੀ ਸੇਵਾ ਕੀਤੀ। ਮਨਰਾਜ ਸਿੰਘ ਨੱਤ ਨੇ ਪਾਣੀ ਅਤੇ ਇੰਦਰਜੀਤ ਸਿੰਘ ਮੋਗਾ ਤੇ ਗੁਰਬਖਸ਼ ਸਿੰਘ ਢਿੱਲੋਂ ਨੇ ਸੋਢੇ ਦੀਆਂ ਛਬੀਲਾਂ ਲਾਈਆਂ। ਭਾਈ ਖੁਸ਼ਵਿੰਦਰ ਸਿੰਘ ਵਲੋਂ ਲਾਏ ਗਏ ਬੂਥਾਂ ਤੋਂ ਸੰਗਤਾਂ ਨੇ ਖਰੀਦੋ-ਫਰੋਖਤ ਕਰਦਿਆਂ ਮੇਲੇ ਦਾ ਰੰਗ ਬੰਨ੍ਹਿਆ। ਭਾਈ ਅਰੁਣ ਸਿੰਘ, ਹਰਕੰਮਲ ਸਿੰਘ ਸਤਿੰਦਰ ਸਿੰਘ ਮੰਗਰ ਅਤੇ ਅੰਮ੍ਰਿਤ ਸਿੰਘ ਧਾਲੀਵਾਲ ਨੇ ਖੂਬ ਸੇਵਾ ਕੀਤੀ।

ਹਿੰਮਤ ਸਿੰਘ ਬੈਨੀਵਾਲ ਅਤੇ ਜਸਵਿੰਦਰ ਸਿੰਘ ਸੋਹਲ ਨੇ ਸੈਨ ਹੋਜ਼ੇ ਪੁਲਿਸ ਦੇ ਜਵਾਨਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦਿਤੀ। ਗੁਰਦੁਆਰਾ ਸੈਨ ਹੋਜ਼ੇ ਵੱਲੋਂ ਚਲਾਏ ਜਾਂਦੇ ਗੁਰੂ ਨਾਨਕ ਖਾਲਸਾ ਸਕੂਲ ਦੇ ਪ੍ਰਬੰਧਕਾਂ ਅਤੇ ਬੱਚਿਆਂ ਨੇ ਸ਼ਬਦ ਕੀਰਤਨ, ਬੁਆਏ ਸਕਾਟ ਪਰੇਡ ਕਰਕੇ ਸੰਗਤ ਦਾ ਧਿਆਨ ਆਪਣੇ ਵੱਲ ਖਿਚੀ ਰੱਖਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿਚ ਵੀ ਇਹ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ।









# ਜੀ ਐਚ ਜੀ ਅਕੈਡਮੀ ਦੀਆਂ ਵਿਰਾਸਤੀ ਖੇਡਾਂ ਨੇ ਲੋਕਾਂ ਦਾ ਮਨ ਮੋਹਿਆ

**ਫਰਿਜ਼ਨੋ (ਬਿਊਰੋ):** ਸਥਾਨਕ ਜੀ ਐਚ ਜੀ ਅਕੈਡਮੀ ਵਲੋਂ ਇਥੇ ਰੋਇਡਿੰਗ ਪਾਰਕ ਵਿਚ ਲੰਘੀ 15 ਮਾਰਚ ਨੂੰ ਕਰਾਏ ਗਏ ਵਿਰਾਸਤੀ ਖੇਡਾਂ ਦੇ ਮੇਲੇ ਵਿਚ ਵੱਡੀ ਗਿਣਤੀ ਵਿਚ ਬੱਚਿਆਂ ਨੇ ਹਿੱਸਾ ਲਿਆ। ਇਨ੍ਹਾਂ ਖੇਡਾਂ ਨੂੰ ਦੇਖਣ ਤੇ ਮਾਣਨ ਲਈ ਵੱਡੀ ਗਿਣਤੀ ਵਿਚ ਦਰਸ਼ਕ ਪਹੁੰਚੇ। ਦਰਸ਼ਕਾਂ ਦੀ ਭੀੜ ਨੂੰ ਵੇਖਦਿਆਂ ਸਿਟੀ ਪ੍ਰਸ਼ਾਸਨ ਨੂੰ ਤਿੰਨ ਵਜੇ ਤੋਂ ਬਾਅਦ ਕਾਰ ਪਾਰਕਿੰਗ ਨਾ ਹੋਣ ਕਰਕੇ ਪਾਰਕ ਦੇ ਗੇਟ ਬੰਦ ਕਰਨੇ ਪਏ।

ਇਨ੍ਹਾਂ ਵਿਰਾਸਤੀ ਖੇਡਾਂ ਵਿਚ ਗੁੱਲੀ ਡੰਡਾ, ਬਾਂਟੇ, ਗੀਟੇ, ਬਾਂਦਰ ਕਿੱਲਾ, ਘੋੜਾ ਕਬੱਡੀ, ਕੋਟਲਾ ਛਪਾਕੀ, ਰੱਸੀ ਟੱਪਣ, ਚਾਟੀ ਰੇਸ, ਰੱਸਾ ਕਸ਼ੀ, ਤਿੰਨ ਟੰਗੀ ਦੌੜ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਖੇਡਾਂ ਸ਼ਾਮਲ ਸਨ। ਖੇਡਾਂ ਦੀ ਸ਼ੁਰੂਆਤ ਅਰਦਾਸ ਪਿਛੋਂ ਇਕ ਬੱਚੀ ਮਨਬੀਰ ਧਾਲੀਵਾਲ ਵਲੋਂ ਅਮਰੀਕਾ ਦੇ ਕੌਮੀ ਤਰਾਨੇ ਦੇ ਗਾਇਨ ਨਾਲ ਹੋਈ। ਉਪਰੰਤ ਮਹਿੰਦਰ ਸਿੰਘ ਗਰੇਵਾਲ, ਜਗਜੀਤ ਸਿੰਘ ਥਿੰਦ, ਸੁਖਦੇਵ ਸਿੰਘ, ਗੁਰਦੀਪ ਸ਼ੇਰਗਿੱਲ, ਤਰਨਜੀਤ ਕਲੇਰ, ਬੀਬੀ ਸ਼ਗਨਦੀਪ ਵੜੈਚ ਅਤੇ ਪ੍ਰਬੰਧਕ ਕਮੇਟੀ ਵਲੋਂ ਹਵਾ ਵਿਚ ਗੁਬਾਰੇ ਉਡਾਏ ਗਏ। ਉਪਰੰਤ ਪਿਛਲੇ ਦਿਨੀਂ ਸਵਰਗ ਸਿਧਾਰ ਗਏ ਅਕੈਡਮੀ ਦੇ ਮੋਢੀ ਸ. ਤ੍ਰਿਲੋਕ ਸਿੰਘ ਸੱਗੂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।



*ਜੀ ਐਚ ਜੀ ਅਕੈਡਮੀ ਦੀਆਂ ਖੇਡਾਂ ਦੇ ਕੁਝ ਦ੍ਰਿਸ਼*

ਮੇਲੇ ਦੌਰਾਨ ਵੱਖ ਵੱਖ ਖੇਡਾਂ ਵਿਚ ਜੌਹਰ ਵਿਖਾਉਂਦਿਆਂ ਬੱਚਿਆਂ ਨੇ ਆਏ ਦਰਸ਼ਕਾਂ ਨੂੰ ਕੀਲੀ ਰੱਖਿਆ। ਨਛੱਤਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਬੱਚਿਆਂ ਨੇ ਗਤਕੇ ਦੇ ਜੌਹਰ ਵਿਖਾ ਕੇ ਦਰਸ਼ਕਾਂ ਨੂੰ ਚਕ੍ਰਿਤ ਕੀਤਾ। ਤਿੰਨ ਸਾਲ ਦੇ ਬੱਚਿਆਂ ਤੋਂ ਲੈ ਕੇ ਅੱਸੀ ਸਾਲ ਦੇ ਨੌਜਵਾਨਾਂ ਨੇ ਆਪਣੇ ਕਰਤਬ ਵਿਖਾਏ। ਜੇਤੂਆਂ ਦਾ ਮੈਡਲਾਂ ਨਾਲ ਸਨਮਾਨ ਕੀਤਾ ਗਿਆ। ਖੇਡ ਪ੍ਰੋਮੋਟਰਾਂ ਪ੍ਰੀਤਮ ਸਿੰਘ ਪਾਸਲਾ ਅਤੇ ਕੁਲਵੰਤ ਸਿੰਘ ਖਹਿਰਾ ਦੀ ਤਿਆਰ ਕੀਤੀ ਬੱਚਿਆਂ ਦੀ ਕਬੱਡੀ ਅਤੇ ਘੋੜਾ ਕਬੱਡੀ ਵੀ ਖੂਬ ਰਹੀ। ਤਰਨਜੀਤ ਕੌਰ ਕਲੇਰ ਅਤੇ ਸ਼ਗਨਦੀਪ ਧਾਲੀਵਾਲ ਵਲੋਂ ਕਰਵਾਏ ਗਏ ਮਾਂਵਾਂ ਤੇ ਧੀਆਂ ਦੇ ਰੁਮਾਲ ਚੁੱਕ ਖੇਡ ਮੁਕਾਬਲੇ ਨੇ ਵੀ ਦਰਸ਼ਕਾਂ ਦੀ ਵਾਹ ਵਾਹ ਖੱਟੀ। ਇੰਦਰਜੀਤ ਸਿੰਘ ਨਾਗਰਾ ਦੀ ਅਗਵਾਈ ਹੇਠ ਬਜ਼ੁਰਗਾਂ ਦੀ ਰੱਸਾਕਸ਼ੀ ਟੀਮ ਨੇ ਪਹਿਲਾ ਥਾਂ ਹਾਸਲ ਕੀਤਾ। ਅਕੈਡਮੀ ਦੀ ਬੈਸਟ ਜੋੜੀ ਦਾ ਖਿਤਾਬ ਪ੍ਰੀਤ ਅਤੇ ਪ੍ਰੀਤੀ ਸੁਮਨ ਦੇ ਹਿੱਸੇ ਆਇਆ। ਮਿਊਜ਼ੀਕਲ ਚੇਅਰ ਦੇ ਰੌਚਕ ਮੁਕਾਬਲੇ ਹੋਏ। ਤਰਨਜੀਤ ਅਤੇ ਸ਼ਗਨਦੀਪ ਦੀ ਅਗਵਾਈ ਹੇਠ ਗਿੱਧੇ ਦੀ ਟੀਮ ਨੇ ਗਿੱਧੇ ਦੇ ਜੌਹਰ ਵਿਖਾਏ।

ਮੰਚ ਸੰਚਾਲਨ ਗੁਰਦੀਪ ਸਿੰਘ ਸ਼ੇਰਗਿੱਲ ਨੇ ਕੀਤਾ। ਜਸਪ੍ਰੀਤ ਸਿੰਘ ਸਿੱਧੂ, ਹਰਜੋਤ ਸਿੰਘ ਅਤੇ ਇਥੇ ਜੰਮੇ ਪਲੇ ਕਈ ਬੱਚਿਆਂ ਨੇ ਖੇਡਾਂ ਦੀ ਕੁਮੈਂਟਰੀ ਕੀਤੀ।

Punjabi Pack $24.99



Hindi Elite Pack $34.99

Daily Gurbani Kirtan From Harmandir Sahib

PROMOTIONAL PRICES START AT $19.99/mo FOR 12 MONTHS NOT ELIGIBLE FOR HOPPER.

CHOOSE YOUR PACKAGE AND SAVE!

America's Top 120 — 190+ Channels $29.99*/mo

America's Top 200 — 240+ Channels $39.99*/mo

America's Top 250 — 290+ Channels $44.99*/mo

* Promotional prices for 12 months. Monthly DVR and receiver fees apply.



FREE HOPPER UPGRADE

UNBEATABLE WHOLE-HOME HD DVR

- Watch all your live and recorded TV anywhere*
- Instantly skip commercials*
- Store up to 2,000 hours of your favorite shows
- Record up to 6 different shows at the same time*

*Feature must be enabled by customer.
Available with qualifying American packages. Monthly DVR and receiver fees apply

ACT NOW AND ALSO GET:

FREE PREMIUM CHANNELS for 3 months

Offer subject to change based on premium channel availability.

FREE INSTALLATION in up to 6 rooms

FREE HD for 24 months
Available with qualifying American packages

All offers require 24-month commitment and credit qualification.

BUNDLE AND SAVE WITH DISH
Ask how you can save $10/mo.
WITH DISHNET HIGH-SPEED INTERNET

Serving the community since 1995. Call us to get the best entertainment in your house today !

Satellite Plus
We Install DISH All Over The US
1.877.593.1510

Fresno: 559.226.1510
Modesto: 559.591.1510
Bay Area: 408.260.1510
Bakersfield: 661.395.1510
Sacramento: 916.368.1510

dish AUTHORIZED RETAILER

Important Terms and Conditions: Promotional Offers: International programming requires additional $10/mo International Basic package or any America's Top package. All prices, fees ,charges, packages, programming, features, functionality and offers subject to change without notice. After 12-month promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.. Activation fee may apply. Additional Requirements: HD Free for 24 Months: Additional $10/mo HD fee waived for first 24 months Requires continuous enrollment in AutoPay with Paperless Billing. After promotional period, then-current everyday monthly price applies and is subject to change. Premium Channels: 3-month premium offer value is $165; after promotional period, then-current everyday monthly prices apply and are subject to change. Blockbuster @Home requires Internet to stream content. HD-only channels not available with select packages. Hopper Features: Auto Hop feature is only available with playback the next day of select primetime shows on ABC, CBS, FOX and NBC as part of PrimeTime Anytime feature. Both features are subject to availability. Installation/Equipment Requirements: A second dish antenna may be required to view both international and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Recording hours vary; 2000 hours based on SD programming. Equipment comparison based on equipment available from major TV providers as of 1/17/14. Watching live and recorded TV anywhere requires an Internet-connected, Sling-enabled DVR and compatible mobile device. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offers end 8/12/14. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.


ੴ ਸਤਿਗੁਰ ਪ੍ਰਸਾਦਿ ॥
SIKH CENTER OF PACIFIC COAST
2211 HIGHLAND AVE. SELMA, CA 93662, PHONE: 559 270 3272
ਵਿਸਾਖੀ ਸਮਾਗਮ 2014 ਅਤੇ 20ਵਾਂ ਵਿਸ਼ਾਲ ਨਗਰ ਕੀਰਤਨ
ਸਿੱਖ ਸੰਗਤਾਂ ਨੂੰ ਇਹ ਜਾਣਕੇ ਬੜੀ ਖੁਸ਼ੀ ਹੋਵੇਗੀ ਕਿ ਖਾਲਸੇ ਦਾ ਸਿਰਜਣਾ ਦਿਵਸ 'ਵਿਸਾਖੀ' ਦਾ ਤਿਓਹਾਰ
13 ਅਪ੍ਰੈਲ 2014 ਦਿਨ ਐਤਵਾਰ ਨੂੰ
ਸਿੱਖ ਸੈਂਟਰ ਆਫ ਪੈਸੀਫਿਕ ਕੋਸਟ, ਸੈਲਮਾ
ਵਿਖੇ ਸਮੂਹ ਸੰਗਤਾਂ ਅਤੇ ਸੈਂਟਰਲ ਵੈਲੀ ਦੇ ਲਗਭਗ ਸਾਰੇ ਗੁਰਦੁਆਰਿਆਂ ਦੇ ਸਹਿਯੋਗ ਨਾਲ
ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।
ਪ੍ਰੋ ਗ੍ਰਾ ਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ ..........11 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰ 8 ਵਜੇ
ਨਿਸ਼ਾਨ ਸਾਹਿਬ ਦੇ ਚੋਹਲਾ ਸਾਹਿਬ ਦੀ ਸੇਵਾ ..........12 ਅਪ੍ਰੈਲ ਦਿਨ ਸ਼ਨਿੱਚਰਵਾਰ ਸਵੇਰ 10 ਵਜੇ
ਅੰਮ੍ਰਿਤ ਸੰਚਾਰ.......... 12 ਅਪ੍ਰੈਲ ਦਿਨ ਸ਼ਨਿੱਚਰਵਾਰ ਦੁਪਿਹਰ 2 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ..........13 ਅਪ੍ਰੈਲ ਦਿਨ ਐਤਵਾਰ ਸਵੇਰ 8 ਵਜੇ
ਬੁਲਾਏ ਗਏ ਉੱਘੇ ਵਿਦਵਾਨਾਂ ਦੀਆਂ ਤਕਰੀਰਾਂ..........13 ਅਪ੍ਰੈਲ ਦਿਨ ਐਤਵਾਰ ਸਵੇਰ 9 ਤੋਂ 10 ਵਜੇ ਤੱਕ
ਨਗਰ ਕੀਰਤਨ.......... 13 ਅਪ੍ਰੈਲ ਦਿਨ ਐਤਵਾਰ ਸਵੇਰ 10 ਵਜੇ ਤੋਂ 1:30 ਵਜੇ ਤੱਕ
ਪੰਥ ਪ੍ਰਸਿੱਧ ਢਾਡੀ, ਕੀਰਤਨੀ ਜਥੇ ਅਤੇ
ਕਥਾਵਾਚਕ ਸੰਗਤਾਂ ਨੂੰ ਗੁਰੂ ਜਸ ਨਾਲ ਨਿਹਾਲ ਕਰਨਗੇ।
GET [ਪੰਜਾਬੀ]
Watch Program live on GET Punjabi
Dish Channel 738
ਬਹੁਤ ਸਾਰੇ ਗੁਰਦੁਆਰਿਆਂ ਦੀਆਂ ਸੰਗਤਾਂ ਵਲੋਂ ਲੰਗਰਾਂ ਦੇ ਪੰਡਾਲ ਲਗਾਏ ਜਾਣਗੇ ਜਿਸ ਦੌਰਾਨ ਗੁਰੂ ਕਾ ਲੰਗਰ ਅਟੁੱਟ ਵਰਤੇਗਾ।
ਮਿੰਨੀ ਬਜ਼ਾਰ ਵੀ ਲੱਗੇਗਾ ਜਿਥੇਂ ਸੰਗਤਾਂ ਧਾਰਮਿਕ ਅਤੇ ਰੋਜ਼ਾਨਾ ਜ਼ਰੂਰਤ ਦੀਆਂ ਵਸਤੂਆਂ ਖਰੀਦ ਸਕਣਗੀਆਂ।
ਅੰਮ੍ਰਿਤ ਅਭਿਲਾਸ਼ੀ ਬੀਬੀਆਂ ਤੇ ਵੀਰਾਂ ਨੂੰ ਕਕਾਰ ਗੁਰਦੁਆਰਾ ਸੈਲਮਾ ਵਲੋਂ ਦਰਸ਼ਨ ਭੇਂਟ ਦਿੱਤੇ ਜਾਣਗੇ।
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਿੰਘ ਕੇਸਰੀ ਦਸਤਾਰਾਂ ਸਜਾ ਕੇ ਅਤੇ ਬੀਬੀਆਂ ਕੇਸਰੀ ਚੁੰਨੀਆਂ ਲੈ ਕੇ ਨਗਰ ਕੀਰਤਨ ਵਿਚ ਸ਼ਾਮਿਲ ਹੋਣ
Media Sponsor: Radio Watno Door
ਨਗਰ ਕੀਰਤਨ ਸਬੰਧੀ ਸੰਪਰਕ
ਰਾਜਵੀਰ ਸਿੰਘ ਪੰਨੂੰ ਪ੍ਰਧਾਨ - (559) 994-9232
ਜਸ ਮਾਨ ਜਨਰਲ ਸਕੱਤਰ - (559) 960-9156
ਮਹਿੰਦਰ ਸਿੰਘ ਸੰਧਾਵਾਲੀਆ ਸਕੱਤਰ- (559) 355-4399
ਹਰਨਿੰਦਰ ਸਿੰਘ ਗਿੱਲ ਸਕੱਤਰ (559) 906-7411
ਅੰਮ੍ਰਿਤ ਸੰਚਾਰ ਸਬੰਧੀ ਸੰਪਰਕ
ਮੇਜਰ ਰਘੁਬੀਰ ਸਿੰਘ ਗਿੱਲ (559) 577-3486
ਦਵਿੰਦਰ ਸਿੰਘ ਗਿੱਲ (559) 579-8295
ਤਰਲੋਕ ਸਿੰਘ ਰੰਧਾਵਾ (559) 708-8218
ਸਟਾਲਾਂ 'ਤੇ ਦੁਕਾਨਾਂ ਸਬੰਧੀ ਸੰਪਰਕ
ਸਿੰਦਰਪਾਲ ਸਿੰਘ ਸਹੋਤਾ ਵਾਈਸ ਪ੍ਰਧਾਨ (559) 269-1088
ਸੁਖਦੇਵ ਸਿੰਘ ਧਾਲੀਵਾਲ (559) 355-3144
ਸੁਖਪਾਲ ਸਿੰਘ ਧਾਲੀਵਾਲ (559) 994-0837
ਪਵਿੱਤਰ ਸਿੰਘ ਸਹੋਤਾ (559) 930-9515
ਸੁਖਜਿੰਦਰ ਸਿੰਘ ਬੋਲਾ (559) 243-6836
ਅੰਮ੍ਰਿਤ ਸੰਚਾਰ ਅਤੇ ਨਗਰ ਕੀਰਤਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਭਾਈ ਅਮਰੀਕ ਸਿੰਘ ਹੈੱਡ ਗ੍ਰੰਥੀ ਨਾਲ ਫੋਨ ਨੰਬਰ 559 270 3272 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨਾਨਕਸ਼ਾਹੀ ਸੰਮਤ ਦੇ ਨਵੇਂ ਵਰ੍ਹੇ 'ਤੇ ਗੁਰਦੁਆਰਾ ਮਿਲਪੀਟਸ ਵਿਖੇ ਸਮਾਗਮ

**ਮਿਲਪੀਟਸ (ਬਿਊਰੋ):** ਨਵੇਂ ਚੜ੍ਹੇ ਨਾਨਕਸ਼ਾਹੀ ਸੰਮਤ 546 ਮੌਕੇ ਸਥਾਨਕ ਗੁਰਦੁਆਰਾ ਸਿੰਘ ਸਭਾ ਬੇ-ਏਰੀਆ ਵਿਖੇ ਭਾਰੀ ਦੀਵਾਨ ਸਜਾਇਆ ਗਿਆ। ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਵਰਲਡ ਸਿੱਖ ਫੈਡਰੇਸ਼ਨ ਅਤੇ ਸਥਾਨਕ ਧਾਰਮਿਕ ਜਥੇਬੰਦੀਆਂ ਦੇ ਭਰਵੇਂ ਸਹਿਯੋਗ ਨਾਲ ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਕਰਵਾਏ ਗਏ ਇਸ ਸਮਾਗਮ ਮੌਕੇ ਸੰਨ 2003 ਵਾਲਾ ਅਸਲ ਨਾਨਕਸ਼ਾਹੀ ਕੈਲੰਡਰ ਵੀ ਰਿਲੀਜ਼ ਕੀਤਾ ਗਿਆ।

ਬਾਰਹਮਾਂਹ ਦੇ ਪਾਠ ਉਪਰੰਤ ਭਾਈ ਜਗਦੇਵ ਸਿੰਘ ਦੇ ਰਾਗੀ ਜਥੇ ਅਤੇ ਫਰੀਮਾਂਟ ਦੇ ਬੱਚਿਆਂ ਨੇ ਨਿਰਧਾਰਤ ਰਾਗਾਂ ਵਿਚ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਰੂਹਾਨੀ ਰੰਗ 'ਚ ਰੰਗ ਦਿੱਤਾ। ਸਟੇਜ ਸਕੱਤਰ ਦੇ ਫਰਜ਼ ਨਿਭਾਉਂਦਿਆਂ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਜਿਥੇ ਸਮੂਹ ਸੰਗਤ ਨੂੰ ਨਵੇਂ ਵਰ੍ਹੇ ਦੀ ਵਧਾਈ ਦਿਤੀ ਉਥੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ 'ਮਿਲਗੋਭਾ ਕੈਲੰਡਰ' ਬਣਾਉਣ ਵਾਲੀਆਂ ਸਿੱਖ ਵਿਰੋਧੀ ਤਾਕਤਾਂ ਬਾਰੇ ਹਕੀਕਤ ਵੀ ਬਿਆਨ ਕੀਤੀ। ਉਨ੍ਹਾਂ ਪੂਰੀ ਦ੍ਰਿੜਤਾ ਨਾਲ ਐਲਾਨ ਕੀਤਾ ਕਿ ਮਿਲਪੀਟਸ ਦੇ ਇਸ ਗੁਰਦੁਆਰੇ ਦੇ ਨਾਲ ਨਾਲ ਗੁਰਦੁਆਰਾ ਸਿਲੀਕਾਨ ਵੈਲੀ ਸੈਂਟਾ ਕਲਾਰਾ ਅਤੇ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕ ਅਸਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਮਨਾਉਂਦੇ ਰਹਿਣਗੇ। ਪ੍ਰਬੰਧਕਾਂ ਅਨੁਸਾਰ ਇਹ ਗੁਰਦੁਆਰਾ ਪੰਥ ਪ੍ਰਵਾਣਤ ਰਹਿਤ ਮਰਯਾਦਾ ਅਤੇ ਅਸਲ ਨਾਨਕਸ਼ਾਹੀ ਕੈਲੰਡਰ ਦੀ ਪੂਰਨ ਪਾਲਣਾ ਹਿਤ ਹੀ ਸਥਾਪਤ ਕੀਤਾ ਗਿਆ ਹੈ।

ਸੰਜੀਦਾ ਮਾਹੌਲ ਵਾਲੇ ਇਸ ਸਮਾਗਮ ਮੌਕੇ ਭਾਈ ਗੁਰਿੰਦਰ ਸਿੰਘ, ਪ੍ਰੋ. ਜਸਪਾਲ ਸਿੰਘ ਸੈਣੀ, ਭਾਈ ਸਤਨਾਮ ਸਿੰਘ ਅਟਵਾਲ, ਤਰਲੋਚਨ ਸਿੰਘ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਭਾਈ ਜਸਵਿੰਦਰ ਸਿੰਘ ਜੰਡੀ ਆਦਿ ਪੰਥਕ ਬੁਲਾਰਿਆਂ ਨੇ ਅਸਲ ਨਾਨਕਸ਼ਾਹੀ ਕੈਲੰਡਰ ਦੀ ਪ੍ਰੋੜਤਾ ਦੇ ਨਾਲ ਨਾਲ ਪੰਥ ਪ੍ਰਵਾਣਤ ਰਹਿਤ ਮਰਯਾਦਾ ਦੀ ਹਿਫਾਜ਼ਤ ਲਈ ਸੰਗਤਾਂ ਨੂੰ ਸੁਚੇਤ ਕੀਤਾ। ਸਮਾਪਤੀ 'ਤੇ ਨਵੇਂ ਵਰ੍ਹੇ ਦਾ ਅਸਲ ਨਾਨਕਸ਼ਾਹੀ ਕੈਲੰਡਰ ਭਾਰੀ ਗਿਣਤੀ ਵਿਚ ਵੰਡਿਆ ਗਿਆ।



*ਸੰਗਤਾਂ ਨਾਨਕਸ਼ਾਹੀ ਸੰਮਤ ਦੇ ਨਵੇਂ ਕੈਲੰਡਰ ਨਾਲ*

## ਸਾਊਦੀ ਅਰਬ ਵਿਚ 'ਰਾਮ' ਨਾਂ 'ਤੇ ਪਾਬੰਦੀ

**ਰਿਆਧ:** ਸਾਊਦੀ ਅਰਬ ਵਿਚ ਭਾਰਤੀ ਮਾਤਾ-ਪਿਤਾ ਆਪਣੇ ਬੱਚਿਆਂ ਦਾ ਨਾਂ ਰਾਮ, ਮਾਇਆ, ਆਮਿਰ, ਰਾਮਾ ਜਾਂ ਮੱਲਿਕਾ ਨਹੀਂ ਰੱਖ ਸਕਣਗੇ। ਸਾਊਦੀ ਅਰਬ ਦੇ ਸ਼ਾਹੀ ਪਰਿਵਾਰ ਨੇ ਇਨ੍ਹਾਂ ਮਸ਼ਹੂਰ ਭਾਰਤੀ ਨਾਵਾਂ ਸਮੇਤ 50 ਨਾਵਾਂ 'ਤੇ ਸੱਭਿਆਚਾਰਕ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਦੱਸ ਕੇ ਪਾਬੰਦੀ ਲਾ ਦਿੱਤੀ ਹੈ। ਸਾਊਦੀ ਅਰਬ ਵਿਚ ਤਕਰੀਬਨ ਸੱਤ ਫੀਸਦੀ ਅਬਾਦੀ ਭਾਰਤੀ ਮੂਲ ਦੇ ਲੋਕਾਂ ਦੀ ਹੈ। ਬ੍ਰਿਟੇਨ ਵਿਚ ਵੰਡੀ ਗਈ ਇਸ ਸੂਚੀ ਵਿਚ ਲਿੰਡਾ, ਲਾਰਨ ਤੇ ਸੈਂਡੀ ਨਾਂ ਵੀ ਸ਼ਾਮਿਲ ਹਨ।

## ਹਿੰਦੂਜਾ ਭਰਾ ਅਮੀਰ ਪਰਿਵਾਰਾਂ ਦੀ ਸੂਚੀ 'ਚ ਤੀਜੇ ਨੰਬਰ 'ਤੇ

**ਲੰਡਨ:** ਹਿੰਦੂਜਾ ਭਰਾ ਬ੍ਰਿਟੇਨ ਦੇ ਸਭ ਤੋਂ ਅਮੀਰ ਪਰਿਵਾਰਾਂ ਦੀ ਸੂਚੀ 'ਚ ਤੀਜੇ ਨੰਬਰ 'ਤੇ ਆਉਂਦੇ ਹਨ। ਓਕਸਫੈਮ ਜਥੇਬੰਦੀ ਵੱਲੋਂ ਪ੍ਰਕਾਸ਼ਤ ਅਧਿਐਨ ਮੁਤਾਬਕ 'ਫੋਰਬਸ' ਰਸਾਲੇ ਦੇ ਅਮੀਰਾਂ ਦੀ ਸੂਚੀ 'ਚ ਲੰਡਨ ਆਧਾਰਤ ਸ੍ਰੀਚੰਦ ਅਤੇ ਗੋਪੀਚੰਦ ਹਿੰਦੂਜਾ ਦੀ ਸਾਂਝੀ ਦੌਲਤ 10 ਅਰਬ ਡਾਲਰ ਦੱਸੀ ਗਈ ਹੈ।

'ਦੋ ਬਰਤਾਨੀਆ ਦੀ ਕਹਾਣੀ' ਸਿਰਲੇਖ ਹੇਠ ਛਪੀ ਰਿਪੋਰਟ ਅਨੁਸਾਰ ਵੈਸਟਮਿਨਸਟਰ ਦਾ ਡਿਊਕ ਪਰਿਵਾਰ ਅਮੀਰਾਂ ਦੀ ਸੂਚੀ 'ਚ ਸਿਖਰ 'ਤੇ ਹੈ। ਇਸ ਤੋਂ ਬਾਅਦ ਡੇਵਿਡ ਅਤੇ ਸਿਮੋਨ ਰਿਊਬੇਨ ਦਾ ਨਾਮ ਆਉਂਦਾ ਹੈ। ਹਿੰਦੂਜਾ ਭਰਾ ਤੀਜੇ ਨੰਬਰ 'ਤੇ ਹਨ। ਇਸੇ ਤਰ੍ਹਾਂ ਕੈਡੋਗੈਨ ਪਰਿਵਾਰ ਚੌਥੇ ਅਤੇ ਸਪੋਰਟਸ ਡਾਇਰੈਕਟਰ ਰਿਟੇਲ ਦੇ ਮਾਲਕ ਮਾਈਕ ਐਸ਼ਲੇ ਪੰਜਵੇਂ ਨੰਬਰ 'ਤੇ ਹਨ। ਬਰਤਾਨੀਆ ਦੇ ਪੰਜ ਸਭ ਤੋਂ ਅਮੀਰ ਪਰਿਵਾਰਾਂ ਦੀ ਸਾਂਝੀ ਦੌਲਤ ਉਥੋਂ ਦੀ 20 ਫੀਸਦੀ ਗਰੀਬ ਆਬਾਦੀ ਦੀ ਆਮਦਨ ਤੋਂ ਵੱਧ ਹੈ। ਓਕਸਫੈਮ ਦੇ ਨਿਰਦੇਸ਼ਕ ਬੇਨ ਫਿਲਿਪਸ ਨੇ ਕਿਹਾ ਕਿ ਬਰਤਾਨੀਆ 'ਚ ਅਮੀਰਾਂ ਅਤੇ ਗਰੀਬਾਂ ਵਿਚਕਾਰ ਪਾੜਾ ਵਧ ਰਿਹਾ ਹੈ।


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼ ✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400



The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available



COMMERCIAL GRADE SECURITY SOLUTIONS
MORE THAN SECURITY
LICENCE PLATE READER
BILL READER
LONG RANGE
CASH REGISTER INTERFACE
HD SERIES CAMERAS
SPECIAL OFFER 4 CAMERAS WITH 4 CH DVR $1349 +Tax
SPECIAL OFFER 8 CAMERAS INSTALLATION INCLUDED $2349 +Tax
SPECIAL OFFER 12 CAMERAS INSTALLATION INCLUDED $3749 +Tax
Buy Online : www.ezchase.com
Email : commvision@sbcglobal.net
Vista CCTV TECHNOLOGY
Call Sukhpal
661-586-5080

ਆਖਰੀ ਕਿਸ਼ਤ

# ਸ਼ਹੀਦਾਨਿ-ਵਫ਼ਾ

## ਅੱਲ੍ਹਾ ਯਾਰ ਖ਼ਾਂ ਜੋਗੀ

*ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਇਕ ਸਦੀ ਪਹਿਲਾਂ 1913 ਵਿਚ ਲੰਮੀ ਨਜ਼ਮ 'ਸ਼ਹੀਦਾਨਿ ਵਫ਼ਾ' ਲਿਖੀ ਸੀ। 37 ਪੰਨਿਆਂ ਦੀ ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਘਟਨਾ ਦੀ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਨੇ ਇਹ ਨਜ਼ਮ ਨੂੰ ਮਰਸੀਏ ਦੀ ਸ਼ੈਲੀ ਵਿਚ ਲਿਖੀ ਹੈ। ਉਹ ਸ਼ਹਾਦਤ ਤੇ ਸ਼ਾਇਰੀ ਦੇ ਫ਼ਲਸਫ਼ੇ ਨੂੰ ਖ਼ੂਬ ਸਮਝਦਾ ਹੈ। ਤਾਂ ਹੀ ਤਾਂ ਉਹਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। ਉਸ ਨੇ 1915 ਵਿਚ ਸਾਕਾ ਚਮਕੌਰ ਸਾਹਿਬ ਬਾਰੇ 'ਗੰਜਿ-ਸ਼ਹੀਦਾਂ' ਨਾਂ ਦੀ ਲੰਮੀ ਨਜ਼ਮ ਵੀ ਲਿਖੀ। 'ਸ਼ਹੀਦਾਨਿ-ਵਫ਼ਾ' ਦੀ 11ਵੀਂ ਅਤੇ ਆਖਰੀ ਕਿਸ਼ਤ ਇਸ ਵਾਰ ਛਾਪੀ ਜਾ ਰਹੀ ਹੈ। -ਸੰਪਾਦਕ*

## ਐਸਾ ਨਾ ਹੋ ਕਿ ਤਖ਼ਤ ਸੇ ਤਖ਼ਤਾ ਨਸੀਬ ਹੋ।

101

ਐਸਾ ਨਾ ਹੋ ਕਿ ਤਖ਼ਤ ਸੇ ਤਖ਼ਤਾ ਨਸੀਬ ਹੋ।
ਦੁਸ਼ਮਨ ਤੁਮ੍ਹਾਰੀ ਜਾਨ ਕਾ ਹਰ ਇਕ ਹਬੀਬ ਹੋ।
ਤੁਮ ਆਲੀ-ਖ਼ਾਨਦਾਂ ਹੋ, ਸ਼ਰੀਫ਼-ਓ-ਨਜੀਬ ਹੋ।
ਦੇਖੋ ਬਚਾ ਰਹਾ ਹੂੰ ਗੜੇ ਕੇ ਕਰੀਬ ਹੋ।
ਕਯੋਂ ਰਹਮ ਕਰਕੇ ਲੇਤੇ ਹੋ ਦੋਜ਼ਖ਼ ਜਹਾਨ ਮੇਂ।
ਜੋੜੇ ਹੂਏ ਹੈ ਤੀਰ ਮੁਕੱਦਰ ਕਮਾਨ ਮੇਂ।
*(ਹਬੀਬ=ਦੋਸਤ, ਨਜੀਬ=ਅਸੀਲ)*

102

ਮਨਜ਼ੂਰ ਜਬ ਕਿ ਸਾਂਪ ਕਾ ਸਰ ਭੀ ਹੈ ਤੋੜਨਾ।
ਬੇਜਾ ਹੈ ਫਿਰ ਤੋ ਬੱਚਾ-ਏ-ਅਫਈ ਕੋ ਛੋੜਨਾ।
ਦਸਵੇਂ ਗੁਰੂ ਕਾ ਹੈ ਜੋ ਖ਼ਜ਼ਾਨਾ ਬਟੋਰਨਾ।
ਬੱਚੇ ਕੀ ਪਹਲੇ ਬਾਪ ਸੇ ਗਰਦਨ ਮਰੋੜਨਾ।
ਨਾਜ਼ਿਮ ਥਾ ਇਸ ਲਯੀਨ ਕੀ ਬਾਤੋਂ ਮੇਂ ਆ ਗਯਾ।
ਬੇਮਿਹਰ ਬੇਧਰਮ ਕੀ ਥਾ ਘਾਤੋਂ ਮੇਂ ਆ ਗਯਾ।
*(ਅਫਈ=ਸੱਪ, ਲਯੀਨ=ਲਾਹਣਤੀ)*

103

ਦੋ ਭਾਈ ਸ਼ੇਰ ਖ਼ਾਨ-ਓ-ਖ਼ਿਜ਼ਰ ਖ਼ਾਂ ਪਠਾਨ ਥੇ।
ਮਲੇਰ-ਕੋਟਲਾ ਕੇ ਜੋ ਮਸ਼ਹੂਰ ਖ਼ਾਨ ਥੇ।
ਇਕ ਰੋਜ਼ ਆ ਕੇ ਰਨ ਮੇਂ ਲੜੇ ਕੁਛ ਜਵਾਨ ਥੇ।
ਗੋਬਿੰਦ ਇਨ ਕੇ ਬਾਪ ਕੀ ਲੇ ਬੈਠੇ ਜਾਨ ਥੇ।
ਨਾਜ਼ਿਮ ਨੇ, ਸੁੱਚਾ ਨੰਦ ਨੇ ਉਨ ਸੇ ਕਹਾ ਕਿ ਲੋ।
ਬਦਲਾ ਪਿਦਰ ਕਾ ਇਨ ਕੇ ਲਹੂ ਕੋ ਬਹਾ ਕੇ ਲੋ।

104

ਕਹਨੇ ਲਗੇ ਵੁਹ ਤੁਮ ਤੋ ਨਿਹਾਯਤ ਜ਼ਲੀਲ ਹੋ।
ਨਾਮਰਦੀ ਕੀ ਬਤਾਤੇ ਜਰੀ ਕੋ ਸਬੀਲ ਹੋ।
ਮੁਖ਼ਤਾਰ ਤੁਮ ਹਮਾਰੇ ਹੋ ਯਾ ਤੁਮ ਵਕੀਲ ਹੋ?
ਨਾਹਕ ਬਯਾਨ ਕਰਤੇ ਜੋ ਬੋਦੀ ਦਲੀਲ ਹੋ।
ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।
ਮਹਫ਼ੂਸ ਰੱਖੇ ਹਮ ਕੋ ਖ਼ੁਦਾ ਐਸੇ ਪਾਪ ਸੇ।
*(ਨਿਹਾਯਤ ਜ਼ਲੀਲ=ਬਹੁਤ ਹੀ ਕਮੀਨਾ, ਜਰੀ=ਬਹਾਦਰ, ਸਬੀਲ=ਤਰੀਕਾ)*

105

ਝਾੜੂ ਸਾ ਖਾ ਕੇ ਦੋਨੋਂ ਸ਼ਰਮਸਾਰ ਹੋ ਗਏ।
ਜੱਲਾਦ ਸਾਰੇ ਕਤਲ ਸੇ ਬੇਜ਼ਾਰ ਹੋ ਗਏ।
ਜ਼ਯਾਦਾ ਦਲੇਰ ਫਿਰ ਸਿਤਮ-ਆਜ਼ਾਰ ਹੋ ਗਏ।
ਦੀਵਾਰ ਮੇਂ ਚੁਨਨੇ ਕੋ ਤੈਯਾਰ ਹੋ ਗਏ।
ਈਂਟੇਂ ਮੰਗਾਈ ਚੂਨਾ ਭੀ ਫ਼ੌਰਨ ਬਹਮ ਕੀਯਾ।
ਯਾਰਾ ਨਹੀਂ ਬਯਾਨ ਕਾ ਫਿਰ ਜੋ ਸਿਤਮ ਕੀਯਾ।
*(ਬੇਜ਼ਾਰ=ਬੇਦਿਲ, ਆਜ਼ਾਰ=ਜ਼ਾਲਿਮ, ਬਹਮ=ਇਕੱਠਾ, ਯਾਰਾ=ਤਾਕਤ)*

106

ਲਪਕੇ ਲਈਨ ਦੋਨੋਂ ਵੁਹ ਸ਼ਹਸ਼ਾਦਗਾਨ ਪਰ।
ਹਮਲਾ ਕੀਯਾ ਜ਼ਲੀਲੋਂ ਨੇ ਹਰ ਆਲੀਸ਼ਾਨ ਪਰ।
ਥਾ ਇਨ ਕਾ ਕਿੱਸਾ ਲੇ ਕੇ ਚਲੇਂ ਅਬ ਮਚਾਨ ਪਰ।
ਬੁਨਯਾਦ ਥੀ ਧਰਮ ਕੀ ਖੁਦੀ ਜਿਸ ਮਕਾਨ ਪਰ।
ਸਤਿਗੁਰ ਕੇ ਲਾਲ ਬੋਲੇ, "ਨਾ ਛੂਨਾ ਹਮਾਰੇ ਹਾਥ।
ਗੜਨੇ ਹਮ ਆਜ ਜ਼ਿੰਦਾ ਚਲੇਂਗੇ ਖ਼ੁਸ਼ੀ ਕੇ ਸਾਥ।"

107

ਹਾਥੋਂ ਮੇਂ ਹਾਥ ਡਾਲ ਕੇ ਦੋਨੋਂ ਵਹ ਨੌਨਿਹਾਲ।
ਕਹਤੇ ਹੁਏ ਜ਼ਬਾਂ ਸੇ ਬੜ੍ਹੇ ਸਤਿ ਸ੍ਰੀ ਅਕਾਲ।
ਚਿਹਰੋਂ ਪਿ ਗ਼ਮ ਕਾ ਨਾਮ ਨਾ ਥਾ ਔਰ ਨਾ ਥਾ ਮਲਾਲ।
ਜਾ ਠਹਰੇ ਸਰ ਪਿ ਮੌਤ ਕੇ ਫਿਰ ਭੀ ਨਾ ਥਾ ਖ਼ਯਾਲ।
ਜਿਸ ਦਮ ਗਲੇ ਗਲੇ ਥੇ ਵੁਹ ਮਾਸੂਮ ਗੜ ਗਏ।
ਦਿਨ ਛੁਪਨੇ ਭੀ ਨਾ ਪਾਯਾ ਕਿ ਕਾਤਿਲ ਉਜੜ ਗਏ।

108

ਦੀਵਾਰ ਕੇ ਦਬਾਓ ਸੇ ਜਬ ਹਬਸ-ਏ-ਦਮ ਹੁਆ।
ਦੌਰਾਨ-ਏ-ਖ਼ੂਨ ਰੁਕਨੇ ਲਗਾ, ਸਾਂਸ ਕਮ ਹੁਆ।
ਫ਼ਰਮਾਏ ਦੋਨੋਂ ਹਮ ਪਿ ਬਜ਼ਾਹਿਰ ਸਿਤਮ ਹੁਆ।
ਬਾਤਿਨ ਮੇਂ ਪੰਥ ਪਰ ਹੈ ਖ਼ੁਦਾ ਕਾ ਕਰਮ ਹੁਆ।
ਸਦ ਸਾਲ ਔਰ ਜੀ ਕੇ ਭੀ ਮਰਨਾ ਜ਼ਰੂਰ ਥਾ।
ਸਰ ਕੌਮ ਸੇ ਬਚਾਨਾ ਯਿਹ ਗ਼ੈਰਤ ਸੇ ਦੂਰ ਥਾ।
*(ਹਬਸ-ਏ-ਦਮ=ਦਮ ਘੁਟਣਾ, ਬਾਤਿਨ=ਅੰਦਰੂਨੀ ਤੌਰ ਤੇ, ਸਦ=ਸੌ)*

109

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ।
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ।
ਗੁਰਿਆਈ ਕਾ ਹੈਂ ਕਿੱਸਾ ਜਹਾਂ ਮੇਂ ਬਨਾ ਚਲੇ।
ਸਿੰਘੋਂ ਕੀ ਸਲਤਨਤ ਕਾ ਹੈਂ ਪੌਦਾ ਲਗਾ ਚਲੇ।
ਗੱਦੀ ਸੇ ਤਾਜ-ਓ-ਤਖ਼ਤ ਬਸ ਅਬ ਕੌਮ ਪਾਏਗੀ।
ਦੁਨੀਯਾ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ।

110

ਠੋਡੀ ਤਕ ਈਂਟੇਂ ਚੁਨ ਦੀ ਗਈਂ ਮੂੰਹ ਤਕ ਆ ਗਈਂ।
ਬੀਨੀ ਕੋ ਢਾਂਪਤੇ ਹੀ ਵੁਹ ਆਂਖੋਂ ਪਿ ਛਾ ਗਈਂ।
ਹਰ ਚਾਂਦ ਸੀ ਜਬੀਨ ਕੋ ਘਨ ਸਾ ਲਗਾ ਗਈਂ।
ਲਖ਼ਤ-ਏ-ਜਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈਂ।
ਜੋਗੀ ਜੀ ਇਸ ਕੇ ਬਾਦ ਹੁਈ ਥੋੜੀ ਦੇਰ ਥੀ।
ਬਸਤੀ ਸਰਹਿੰਦ ਸ਼ਹਰ ਕੀ ਈਂਟੋਂ ਕਾ ਢੇਰ ਥੀ।
*(ਜਬੀਨ=ਮੱਥਾ, ਘਨ=ਗ੍ਰਹਿਣ, ਲਖ਼ਤ-ਏ-ਜਿਗਰ=ਜਿਗਰ ਦੇ ਟੁਕੜੇ)*

**(ਸਮਾਪਤ)**



### ਸ਼ਾਇਰ ਦਾ ਸਿਦਕ

*ਅੱਲ੍ਹਾ ਯਾਰ ਖ਼ਾਂ ਜੋਗੀ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੇ ਬੇਹੱਦ ਪ੍ਰਭਾਵਿਤ ਕੀਤਾ। ਉਹ ਇੰਨੇ ਜ਼ਿਆਦਾ ਪ੍ਰਭਾਵਿਤ ਹੋਏ ਕਿ ਗੁਰੂ ਗੋਬਿੰਦ ਸਿੰਘ ਬਾਰੇ ਹੋਰ ਜਾਣਕਾਰੀ ਇਕੱਠੀ ਕਰ ਕੇ ਇਨ੍ਹਾਂ ਦੋ ਰਚਨਾਵਾਂ ਦੀ ਸਿਰਜਣਾ ਕੀਤੀ। ਨਾਲ ਹੀ ਉਹ ਗੁਰੂ ਦੇ ਮੁਰੀਦ ਹੋ ਗਏ। ਉਸ ਵਕਤ ਦੇ ਕੱਟੜ ਮੁਲਾਣਿਆਂ ਨੇ ਉਸ ਦਾ ਬਾਈਕਾਟ ਕਰ ਦਿੱਤਾ ਪਰ ਉਹ ਆਪਣੀ ਅਕੀਦਤ ਤੋਂ ਪਿਛੇ ਨਾ ਹਟੇ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਮਾਰਚ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-109



*ਉਸ ਪਾਣੀ ਵਿਚ ਦਿਲ ਹੁੰਦੇ ਨੇ ਮਾਂਵਾਂ ਦੇ,
ਜੋ ਪੁੱਤਰਾਂ ਤੋਂ ਵਾਰ ਕੇ ਪੀਤੇ ਹੁੰਦੇ ਨੇ!*

## ਕੈਪਸ਼ਨ ਮੁਕਾਬਲਾ-107



ਛਾਂਟ ਛਾਂਟ ਕੇ ਗੰਦਲਾਂ,
ਬੇਬੇ ਸਾਗ ਬਣਾਊਗੀ।
ਆਲਣ ਪਾ ਕੇ ਘੋਟੂਗੀ,
ਰੋਟੀ ਮੱਕੀ ਦੀ ਲਾਹੂਗੀ।
ਸਭ ਨੂੰ 'ਵਾਜਾਂ ਮਾਰ ਮਾਰ ਕੇ,
ਮੱਖਣ ਪਾ ਵਰਤਾਊਗੀ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਡੰਗਰਾਂ ਲਈ ਵੱਢ ਪੱਠਾ-ਦੱਥਾ
ਰੋਟੀ ਟੁੱਕ ਦੀ ਚਿੰਤਾ ਹੋਈ।
ਤਾਹੀਓਂ ਬੇਬੇ ਵੱਟ 'ਤੇ ਬੈਠੀ
ਗੰਦਲਾਂ ਛਿੱਲਣ ਵਿਚ ਹੈ ਖੋਈ।
ਸਰੋਂ ਦਾ ਸਾਗ ਵਿਚ ਮੱਖਣ ਦਾ ਪੇੜਾ
ਲੱਸੀ ਤੇ ਮੱਕੀ ਦੀ ਰੋਟੀ।
ਐਸਾ ਸੁਆਦ ਕਿਤੇ ਨਾ ਡਿੱਠਾ
ਭਾਵੇਂ ਹੋਵੇ ਮੀਟ ਦੀ ਬੋਟੀ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਪੋਤੇ-ਪੋਤਰੀਆਂ ਤੇ ਨੂੰਹਾਂ,
ਟੀ.ਵੀ. ਮੋਹਰੇ ਬੈਠੇ ਸਾਰੇ।
ਬਾਪੂ ਜੀ ਹੁਣੀ ਖੁੰਢ 'ਤੇ ਬੈਠੇ,
ਵੱਡੀ ਬੇਬੇ ਸਾਗ ਸਵਾਰੇ।
***-ਬੱਲੀ ਸਿੰਘ ਸੈਨ ਹੋਜ਼ੇ***

---

ਸਾਗ ਤੇ ਬੇਬੇ ਵਾਲੀ ਫੋਟੋ,
ਜਦ ਦੇਖੀ ਪ੍ਰਵਾਸੀ ਵੀਰਾਂ।
ਚੇਤੇ ਆ ਗਏ ਦੇਸੀ ਖਾਣੇ
ਲੱਸੀ, ਮੱਖਣ, ਮਿਠੀਆਂ ਖੀਰਾਂ!
***-ਫਕੀਰ ਚੰਦ ਸੈਂਪਲਾ***
***ਲਾਸ ਏਂਜਲਸ।***

---

ਨਹੀਂ ਭੁੱਲਣਾ ਇਹ
ਬੇਬੇ ਵਾਲਾ ਪਿਆਰ ਬੇਲੀਓ।
ਅਸੀਂ ਕਰੇ ਭਾਵੇਂ
ਕਿੰਨੇ ਸਮੁੰਦਰ ਪਾਰ ਬੇਲੀਓ।
ਅਸੀਂ ਰਹਿੰਦੇ ਸਾਂ ਉਦਾਸ,
ਚੇਤੇ ਕਰ ਘਰ-ਬਾਰ।
ਇਸ ਪਿਆਰ ਦੀ ਹੈ
ਪੂਰੀ ਪੂਰੀ ਮਾਰ ਬੇਲੀਓ।
***-ਪਲਵਿੰਦਰ ਸਿੰਘ ਮਿਲਪੀਟਸ***

## ਕੈਪਸ਼ਨ ਮੁਕਾਬਲਾ-106

ਸੋਚਣਾ ਵਿਰਾਸਤਾਂ ਲਈ
ਕਿਹਦੇ ਕੋਲ ਟੈਮ ਆ।
ਤਾਂਹੀਉਂ ਤਾਂ ਬਜ਼ਾਰ
ਲੋਟੂ ਠੁੱਕ ਨਾਲ ਕੈਮ ਆ!
***-ਬੱਲੀ ਸਿੰਘ, ਸੈਨ ਹੋਜ਼ੇ***

---

'ਉਤੇ-ਐਤੇ' ਵਿਚ ਰਲਾਈ
'ਏ. ਬੀ. ਸੀ.' ਮੱਕਾਰਾਂ ਨੇ।
ਖੌਰੇ ਸਾਨੂੰ ਕਿੰਨਾ ਕੁ ਛੱਟਣਾ,
ਛੱਜ ਵਿਚ ਪਾ ਬਜ਼ਾਰਾਂ ਨੇ?
***-ਫਕੀਰ ਚੰਦ ਸੈਂਪਲਾ***


## ਇਤਾਲਵੀ ਅਦਾਲਤ ਵੱਲੋਂ ਭਾਰਤ ਨੂੰ ਝਟਕਾ

**ਨਵੀਂ ਦਿੱਲੀ:** ਭਾਰਤ ਨੂੰ ਆਗਸਤਾ ਵੈਸਟਲੈਂਡ ਸੌਦੇ ਵਾਲੇ ਕੇਸ 'ਚ ਇਟਲੀ ਦੀ ਅਦਾਲਤ ਤੋਂ ਝਟਕਾ ਲੱਗਾ ਹੈ। ਇਤਾਲਵੀ ਅਦਾਲਤ ਨੇ 2360 ਕਰੋੜ ਰੁਪਏ ਤੋਂ ਵੱਧ ਦੀ ਬੈਂਕ ਗਾਰੰਟੀ ਕਢਵਾਉਣ ਤੋਂ ਭਾਰਤ ਨੂੰ ਰੋਕ ਦਿੱਤਾ ਹੈ। ਭਾਰਤ ਨੇ ਹੁਣ ਇਤਾਲਵੀ ਅਦਾਲਤ ਦੇ ਫੈਸਲੇ ਖ਼ਿਲਾਫ਼ ਅਪੀਲ ਕਰਨ ਦਾ ਐਲਾਨ ਕੀਤਾ ਹੈ। ਰੱਖਿਆ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਬੈਂਕ ਗਾਰੰਟੀ ਲਈ ਸਰਕਾਰ ਸਾਰੇ ਢੰਗ ਤਰੀਕਿਆਂ ਦੀ ਵਰਤੋਂ ਕਰੇਗੀ। ਭਾਰਤ ਨੇ ਦੇਸ਼ ਦੇ ਬੈਂਕਾਂ 'ਚ ਜਮ੍ਹਾਂ ਕਰੀਬ 240 ਕਰੋੜ ਰੁਪਏ ਦੀ ਗਾਰੰਟੀ ਪਹਿਲਾਂ ਹੀ ਲੈ ਲਈ ਹੈ ਪਰ ਇਟਲੀ ਦੇ ਬੈਂਕਾਂ 'ਚ ਜਮ੍ਹਾਂ ਪੈਸੇ ਨੂੰ ਹਾਸਲ ਕਰਨਾ ਅਜੇ ਮੁਸ਼ਕਲ ਜਾਪ ਰਿਹਾ ਹੈ। ਇਹ ਰਕਮ ਹੈਲੀਕਾਪਟਰਾਂ ਦੇ 3600 ਕਰੋੜ ਰੁਪਏ ਦੇ ਸੌਦੇ ਦੀ ਹੈ।

# ਨਾਵਲ 'ਰੁੱਤਾਂ ਲਹੂ ਲੁਹਾਣ' ਉਤੇ ਵਿਚਾਰ ਗੋਸ਼ਟੀ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਸਟਾਕਟਨ ਯੂਨਿਟ ਵੱਲੋਂ ਮਹਿੰਦਰਪਾਲ ਸਿੰਘ ਧਾਲੀਵਾਲ ਦੇ ਨਾਵਲ 'ਰੁੱਤਾਂ ਲਹੂ ਲੁਹਾਣ' ਉਪਰ ਕਰਵਾਈ ਗਈ ਵਿਚਾਰ ਗੋਸ਼ਟੀ ਦੌਰਾਨ ਕੈਲੀਫੋਰਨੀਆ ਦੇ ਨਾਮਵਰ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ।

ਗੋਸ਼ਟੀ ਦੇ ਪੇਪਰ ਸੈਸ਼ਨ ਵਿਚ ਚਾਰ ਪੇਪਰ ਪੜ੍ਹੇ ਗਏ। ਡਾ. ਸੁਰਜੀਤ ਬਰਾੜ ਦਾ ਪੇਪਰ 'ਨਕਸਲੀ ਲਹਿਰ ਦਾ ਦਸਤਾਵੇਜ਼: ਰੁੱਤਾਂ ਲਹੂ ਲੁਹਾਣ' ਮਨਦੀਪ ਗੋਰਾ ਨੇ ਪੜ੍ਹਿਆ। ਆਪਣੇ ਪੇਪਰ ਵਿਚ ਡਾ. ਬਰਾੜ ਨੇ ਨਾਵਲ ਦਾ ਵਿਸ਼ਲੇਸ਼ਣ ਕਰਦਿਆਂ ਇਸ ਨੂੰ ਬਿਲਕੁਲ ਹੱਟਵਾਂ ਤੇ ਵਿਲੱਖਣ ਕਰਾਰ ਦਿੱਤਾ। ਡਾ. ਰਾਜਿੰਦਰ ਪਾਲ ਸਿੰਘ ਬਰਾੜ ਦਾ ਪਰਚਾ 'ਰੁੱਤਾਂ ਲਹੂ ਲੁਹਾਣ ਇਤਿਹਾਸਕ ਦਾਸਤਾਨ: ਪ੍ਰਮਾਣਿਕ ਦਸਤਾਵੇਜ਼' ਪ੍ਰਿੰਸੀਪਲ ਹਰਨੇਕ ਸਿੰਘ ਨੇ ਪੇਸ਼ ਕੀਤਾ ਜਿਸ ਵਿਚ ਡਾ. ਰਾਜਿੰਦਰ ਪਾਲ ਨੇ ਕਿਹਾ ਕਿ ਇਸ ਨਾਵਲ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਪੰਜਾਬ ਦੇ ਰਾਜਸੀ ਦ੍ਰਿਸ਼ 'ਤੇ ਵਾਪਰੀਆਂ ਘਟਨਾਵਾਂ ਨੂੰ ਨਿਰੋਲ ਤਿਥੀਆਂ, ਮਿਥੀਆਂ ਜਾਂ ਨਾਂਵਾਂ-ਥਾਂਵਾਂ ਤੱਕ ਸੀਮਤ ਕਰਨ ਦੀ ਥਾਂ ਇਤਿਹਾਸਕ ਪ੍ਰਸੰਗ ਵਿਚ ਸਿਲਸਿਲੇਵਾਰ ਪੇਸ਼ ਕੀਤਾ ਹੈ। ਅਜਮੇਰ ਸਿੱਧੂ ਦਾ ਪਰਚਾ ਲੇਖਕ ਚਰਨਜੀਤ ਸਿੰਘ ਪੰਨੂ ਨੇ ਪੜ੍ਹਿਆ। ਇਸ ਪਰਚੇ ਵਿਚ ਲੇਖਕ ਨੇ ਕਿਹਾ ਕਿ ਇਸ ਨਾਵਲ ਰਾਹੀਂ ਮਹਿੰਦਰਪਾਲ ਨੇ ਜੁਝਾਰੂ ਅਤੇ ਪ੍ਰਗਤੀਸ਼ੀਲ ਸਾਹਿਤਕਾਰਾਂ ਅੰਦਰ ਪਈ ਸੁੰਨ ਅਤੇ ਜਮੂਦ ਨੂੰ ਤੋੜਨ ਦਾ ਉਪਰਾਲਾ ਕੀਤਾ ਹੈ, ਇਹ ਨਾਵਲ ਲੋਕ ਹਿਤੈਸ਼ੀ ਅਤੇ ਲੋਕ ਚੇਤਨਾ ਵਾਲੀ ਲਹਿਰ ਨਾਲ ਪੰਜਾਬੀ ਪਾਠਕ ਨੂੰ ਜੋੜੇਗਾ। ਚੌਥਾ ਪਰਚਾ 'ਰੁੱਤਾਂ ਲਹੂ ਲੁਹਾਣ: ਸੰਘਰਸ਼ ਜਾਰੀ ਰੱਖਣ ਦਾ ਪੈਗਾਮ' ਹਰਜਿੰਦਰ ਪੰਧੇਰ ਨੇ ਪੇਸ਼ ਕੀਤਾ ਜਿਸ ਵਿਚ ਉਨ੍ਹਾਂ ਨੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਮਹਿੰਦਰਪਾਲ ਧਾਲੀਵਾਲ ਦਾ ਇਹ ਨਾਵਲ ਭਾਰਤ, ਖਾਸ ਤੌਰ 'ਤੇ ਪੰਜਾਬ ਦੀ ਨਕਸਲਵਾੜੀ ਲਹਿਰ ਨੂੰ ਸਾਹਿਤਕ ਰੰਗ ਵਿਚ ਪੇਸ਼ ਕਰਦਾ ਹੈ। ਨਾਵਲਕਾਰ ਨੇ ਨਕਸਲਵਾੜੀ ਲਹਿਰ ਦੇ ਇਤਿਹਾਸ ਨੂੰ ਕਲਮਬੰਦ ਕੀਤਾ ਹੈ।




ਨਾਵਲ ਉਪਰ ਚਰਚਾ ਦਾ ਅਰੰਭ ਕਰਦਿਆਂ ਬਿੱਕਰ ਸਿੰਘ ਕੰਮੇਆਣਾ ਨੇ ਲੇਖਕ ਦੀ ਮਿਹਨਤ ਤੇ ਹਿੰਮਤ ਦੀ ਦਾਦ ਦਿੰਦਿਆਂ ਮੋਗਾ ਘੋਲ ਅਤੇ ਬੱਸ ਕਿਰਾਇਆ ਅੰਦੋਲਨ ਵਰਗੀਆਂ ਮਹਤੱਵਪੂਰਨ ਘਟਨਾਵਾਂ ਨੂੰ ਯਥਾਯੋਗ ਥਾਂ ਨਾ ਦੇਣ ਦੀ ਆਲੋਚਨਾ ਵੀ ਕੀਤੀ। ਇੰਦਰ ਸਿੰਘ ਖਾਮੋਸ਼, ਮਹਿੰਗਾ ਸਿੰਘ ਸਰਪੰਚ, ਪਿਸ਼ੌਰਾ ਸਿੰਘ ਢਿੱਲੋਂ, ਹਰਜਿੰਦਰ ਪੰਧੇਰ, ਮਹਿੰਦਰ ਪਾਲ ਧਾਲੀਵਾਲ ਅਤੇ ਪ੍ਰੋ. ਹਰਭਜਨ ਸਿੰਘ ਨੇ ਵੀ ਬਹਿਸ ਵਿਚ ਹਿੱਸਾ ਲਿਆ।

ਸਮਾਗਮ ਦੇ ਅਰੰਭ ਵਿਚ ਮਰਹੂਮ ਸ਼ਾਇਰ ਸੰਤ ਰਾਮ ਉਦਾਸੀ ਦੀ ਧੀ ਪ੍ਰਿਤਪਾਲ ਕੌਰ, ਪਿਸ਼ੌਰਾ ਸਿੰਘ ਢਿੱਲੋਂ ਅਤੇ ਕੂਲ ਪੰਜਾਬੀ ਵਿਰਸਾ ਗਰੁਪ ਸਟਾਕਟਨ ਦੀ ਮਸ਼ਹੂਰ ਕ੍ਰਾਂਤੀਕਾਰੀ ਗਾਇਕ ਜੋੜੀ ਪਰਮਜੀਤ ਤੇ ਰੇਣੂ ਸਿੰਘ ਨੇ ਇਨਕਲਾਬੀ ਗੀਤ ਗਾ ਕੇ ਨਾਵਲ ਦੀ ਸੁਰ ਨਾਲ ਮੇਲ ਖਾਂਦਾ ਢੁਕਵਾਂ ਮਾਹੌਲ ਸਿਰਜਿਆ। ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਬਲਦੇਵ ਸਿੰਘ (ਸੜਕਨਾਮਾ), ਅਮਰਜੀਤ ਚਾਹਲ ਅਤੇ ਸੁਰਿੰਦਰ ਸੋਹਲ ਆਦਿ ਵਲੋਂ ਭੇਜੇ ਗਏ ਸੰਦੇਸ਼ ਪੜ੍ਹ ਕੇ ਸੁਣਾਏ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਮਹਿੰਦਰਪਾਲ ਧਾਲੀਵਾਲ, ਇੰਦਰ ਸਿੰਘ ਖਾਮੋਸ਼, ਡਾ. ਹਰਭਜਨ ਸਿੰਘ ਸ਼ੇਰਗਿਲ ਅਤੇ ਹਰਜਿੰਦਰ ਪੰਧੇਰ ਸ਼ਾਮਲ ਸਨ। ਮੰਚ ਸੰਚਾਲਨ ਪ੍ਰੋ. ਹਰਭਜਨ ਸਿੰਘ ਨੇ ਕੀਤਾ।

ਇਸ ਸਾਹਿਤਕ ਸਮਾਗਮ ਦੇ ਦੂਜੇ ਦੌਰ ਵਿਚ ਕਵੀ ਦਰਬਾਰ ਹੋਇਆ ਜਿਸ ਦਾ ਆਗਾਜ਼ ਪ੍ਰਿਤਪਾਲ ਕੌਰ ਨੇ ਸੰਤ ਰਾਮ ਉਦਾਸੀ ਦੇ ਮਸ਼ਹੂਰ ਗੀਤ 'ਉੱਠ ਕਿਰਤੀਆ ਉੱਠ ਵੇ...' ਨਾਲ ਕੀਤਾ। ਉਸ ਤੋਂ ਬਾਅਦ ਹੋਰਨਾਂ ਤੋਂ ਇਲਾਵਾ ਪਿਸ਼ੌਰਾ ਸਿੰਘ ਢਿਲੋਂ, ਮੱਖਣ ਲੋਹਾਰ, ਹਰਪ੍ਰੀਤ ਕੌਰ, ਡਾ. ਹਰਭਜਨ ਸਿੰਘ ਸ਼ੇਰਗਿੱਲ, ਜਯੋਤੀ ਸਿੰਘ, ਰਾਜਵਿੰਦਰ ਕੌਰ ਢਿਲੋਂ, ਪਰਮਜੀਤ ਰਾਏ, ਤਾਰਾ ਸਾਗਰ, ਮਹਿੰਦਰ ਪਾਲ ਸਿੰਘ ਧਾਲੀਵਾਲ ਅਤੇ ਚਰਨਜੀਤ ਪੰਨੂੰ ਨੇ ਆਪਣੇ ਕਲਾਮ ਪੇਸ਼ ਕੀਤੇ। ਅੰਤ ਵਿਚ ਮਹਿੰਦਰਪਾਲ ਧਾਲੀਵਾਲ, ਭਜਨ ਕੌਰ ਧਾਲੀਵਾਲ, ਇੰਦਰ ਸਿੰਘ ਖਾਮੋਸ਼, ਪ੍ਰਿਤਪਾਲ ਕੌਰ, ਪਰਮਜੀਤ ਅਤੇ ਰੇਣੂੰ ਸਿੰਘ ਦੀ ਜੋੜੀ ਦਾ ਫੁੱਲਾਂ ਨਾਲ ਸਨਮਾਨ ਕੀਤਾ ਗਿਆ। ਗੋਸ਼ਟੀ ਵਿਚ ਹੋਰਨਾਂ ਤੋਂ ਇਲਾਵਾ ਸ੍ਰੀਮਤੀ ਪਰਮਜੀਤ ਭਾਨੂੰ, ਭਜਨ ਕੌਰ, ਸੁਖਬੀਰ ਕੌਰ, ਰਾਜਬੀਰ ਸਿੰਘ ਸਿੱਧੂ, ਤਤਿੰਦਰ ਕੌਰ, ਮਨਜੀਤ ਕੌਰ ਸਿੱਧੂ, ਅਮਰਜੀਤ ਸਿੰਘ ਦਰਦੀ, ਗੁੱਲਬਿੰਦਰ ਦਰਦੀ, ਹਰਜਿੰਦਰ ਕੁਮਾਰ, ਅਵਤਾਰ ਤਾਰੀ, ਮਿਸਿਜ਼ ਪੰਧੇਰ, ਪ੍ਰੋ. ਬਲਜਿੰਦਰ ਸਿੰਘ ਅਤੇ ਕੁਲਦੀਪ ਸਿੰਘ ਤੱਖਰ ਹਾਜ਼ਰ ਸਨ।

M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*

ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour
All major and minor repairs.

ਤਸੱਲੀਬਖਸ਼ ਕੰਮ
ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਹੋਂਦ ਚਿੱਲੜ ਕਾਂਡ ਦਾ ਨਿਬੇੜਾ ਮਈ 'ਚ

## ਜਾਂਚ ਕਮਿਸ਼ਨ ਦਾ ਆਖਰੀ ਪੜਾਅ



**ਚੰਡੀਗੜ੍ਹ:** ਹੋਂਦ ਚਿੱਲੜ ਕਾਂਡ ਦੀ ਸੁਣਵਾਈ ਕਰ ਰਹੇ ਰਿਟਾਇਰਡ ਜੱਜ ਟੀ.ਪੀ ਗਰਗ ਦੀ ਅਗਵਾਈ ਹੇਠਲੇ ਇਕ ਮੈਂਬਰੀ ਕਮਿਸ਼ਨ ਨੇ ਮਈ ਮਹੀਨੇ ਵਿਚ ਮਾਮਲੇ ਦੀ ਸੁਣਵਾਈ ਨਿਬੇੜਨ ਤੇ ਫ਼ੈਸਲਾ ਕਰਨ ਦੇ ਸੰਕੇਤ ਦਿੱਤੇ ਹਨ। ਕਮਿਸ਼ਨ ਨੇ ਰਿਟਾਇਰ ਹੋ ਚੁੱਕੇ ਦੋ ਪੁਲਿਸ ਅਧਿਕਾਰੀਆਂ ਨੂੰ 16 ਅਪਰੈਲ ਨੂੰ ਅਗਲੀ ਪੇਸ਼ੀ 'ਤੇ ਸੱਦਿਆ ਹੈ। ਜੱਜ ਟੀ.ਪੀ ਗਰਗ ਨੇ ਹਿਸਾਰ ਵਿਚ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ ਕਿ ਉਹ ਇਸ ਕੇਸ ਨੂੰ ਛੇਤੀ ਨਿਬੇੜਨਾ ਚਾਹੁੰਦੇ ਹਨ ਤੇ ਸੰਭਵ ਹੈ ਕਿ ਇਸ ਕੇਸ ਦਾ ਫ਼ੈਸਲਾ ਉਹ ਮਈ ਮਹੀਨੇ ਵਿਚ ਸੁਣਾ ਦੇਣ।

ਸਰਕਾਰੀ ਧਿਰ ਵੱਲੋਂ ਪੇਸ਼ ਹੋਏ ਨਾਇਬ ਤਹਿਸੀਲਦਾਰ ਸੰਜੀਵ ਕੁਮਾਰ ਨੇ ਹੋਂਦ ਚਿੱਲੜ ਪਿੰਡ ਦੀ ਜ਼ਮੀਨ ਦੀ ਕੀਮਤ ਬਾਰੇ ਸਰਕਾਰੀ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਜਿਹੜੀ ਕੀਮਤ ਪੀੜਤਾਂ ਨੇ ਦੱਸੀ ਹੈ, ਉਸ ਕੀਮਤ ਤੇ ਸਰਕਾਰੀ ਕੀਮਤ ਵਿਚ ਬਹੁਤ ਜ਼ਿਆਦਾ ਫਰਕ ਹੈ। ਸਰਕਾਰੀ ਧਿਰ ਦੇ ਵਕੀਲ ਨੇ ਕਮਿਸ਼ਨ ਨੂੰ ਦੱਸਿਆ ਕਿ ਪਟੀਸ਼ਨਰ ਉੱਤਮ ਸਿੰਘ, ਪ੍ਰੇਮ ਸਿੰਘ, ਕਰਮ ਸਿੰਘ, ਗੁਰਬਚਨ ਸਿੰਘ, ਕੁਲਵੰਤ ਕੌਰ, ਸੁਰਜੀਤ ਕੌਰ ਨਾਨਾਵਟੀ ਕਮਿਸ਼ਨ ਕੋਲ ਜਾ ਚੁੱਕੇ ਹਨ।

ਇਸ ਬਾਰੇ ਬਚਾਅ ਪੱਖ ਦੇ ਵਕੀਲ ਨੇ ਕਿਹਾ ਕਿ ਜਿਸ ਸੂਚੀ ਦੇ ਆਧਾਰ 'ਤੇ ਸਰਕਾਰੀ ਧਿਰ ਨਾਨਾਵਟੀ ਕਮਿਸ਼ਨ ਕੋਲ ਜਾਣ ਦਾ ਦਾਅਵਾ ਪੇਸ਼ ਕਰ ਰਹੀ ਹੈ, ਉਹ ਸਿਰਫ ਨਾਨਾਵਟੀ ਕਮਿਸ਼ਨ ਦੀ ਇਕ ਸੂਚੀ ਹੈ ਜਿਸ ਵਿਚ ਪਟੀਸ਼ਨਰਾਂ ਦੇ ਨਾਂ ਹਨ ਪਰ ਪਟੀਸ਼ਨਰ ਕਦੇ ਵੀ ਨਾਨਾਵਟੀ ਕਮਿਸ਼ਨ ਦੇ ਸਾਹਮਣੇ ਪੇਸ਼ ਨਹੀਂ ਹੋਏ। ਇਸ ਲਈ ਸਰਕਾਰੀ ਧਿਰ ਵੱਲੋਂ ਇਸ ਤਰ੍ਹਾਂ ਦੀ ਸੂਚੀ ਪੇਸ਼ ਕਰਨ ਦੀ ਕੋਈ ਤੁਕ ਨਹੀਂ ਬਣਦੀ। ਪੀੜਤ ਧਿਰ ਦੇ ਵਕੀਲ ਨੇ ਕਮਿਸ਼ਨ ਕੋਲੋਂ ਮੰਗ ਕੀਤੀ ਕਿ ਉਸ ਵੇਲੇ ਹੋਂਦ ਚਿੱਲੜ ਇਲਾਕੇ ਵਿਚ ਤਾਇਨਾਤ ਐਸ.ਐਚ.ਓ ਰਾਮ ਕਿਸ਼ਨ ਤੇ ਡੀ.ਐਸ.ਪੀ ਰਾਮਵੰਸ਼ ਨੂੰ ਵੀ ਸੱਦਿਆ ਜਾਵੇ। ਇਸ 'ਤੇ ਜੱਜ ਨੇ ਸੇਵਾਮੁਕਤ ਹੋ ਚੁੱਕੇ ਦੋਵੇਂ ਪੁਲਿਸ ਅਧਿਕਾਰੀਆਂ ਨੂੰ ਅਗਲੀ ਪੇਸ਼ੀ 'ਤੇ ਸੱਦਣ ਦਾ ਹੁਕਮ ਸੁਣਾ ਦਿੱਤਾ।

ਕਮਿਸ਼ਨ ਇਸ ਕੇਸ ਦੀ ਅਗਲੀ ਸੁਣਵਾਈ 16 ਅਪਰੈਲ ਨੂੰ ਕਰੇਗਾ। ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਮੁਖੀ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਕਿਹਾ ਹੈ ਕਿ ਇਸ ਮਾਮਲੇ ਦੀ ਸੁਣਵਾਈ ਤੈਅ ਸਮੇਂ ਵਿਚ ਨਹੀਂ ਹੋਈ ਜਿਸ ਕਰਕੇ ਪੀੜਤਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈ ਰਹੀਆਂ ਹਨ।

# ਪਟਨਾ ਸਾਹਿਬ ਵਿਵਾਦ ਵਿਚ ਪੰਜ ਕਮੇਟੀ ਆਗੂਆਂ ਦੀ ਜ਼ਮਾਨਤ

**ਅੰਮ੍ਰਿਤਸਰ:** ਪਟਨਾ ਹਾਈ ਕੋਰਟ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਵਾਦ ਵਿਚ ਉਥੋਂ ਦੀ ਪ੍ਰਬੰਧਕੀ ਕਮੇਟੀ ਦੇ ਪੰਜ ਆਗੂਆਂ ਸਮੇਤ ਛੇ ਵਿਅਕਤੀਆਂ ਦੀਆਂ ਅਗਾਊਂ ਜ਼ਮਾਨਤਾਂ ਮਨਜ਼ੂਰ ਕਰ ਲਈਆਂ ਹਨ। ਹਾਈ ਕੋਰਟ ਵੱਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਆਰ.ਐਸ ਗਾਂਧੀ, ਸੀਨੀਅਰ ਮੀਤ ਪ੍ਰਧਾਨ ਆਰ.ਐਸ ਜੀਤ, ਜੂਨੀਅਰ ਮੀਤ ਪ੍ਰਧਾਨ ਮਹਾਰਾਜਾ ਸਿੰਘ, ਜਨਰਲ ਸਕੱਤਰ ਚਰਨਜੀਤ ਸਿੰਘ ਤੇ ਸਕੱਤਰ ਮਹਿੰਦਰ ਸਿੰਘ ਛਾਬੜਾ ਦੀ ਜ਼ਮਾਨਤ ਮਨਜ਼ੂਰ ਕਰ ਲਈ ਗਈ ਹੈ।

ਇਨ੍ਹਾਂ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨਵ ਨਿਯੁਕਤ ਵਧੀਕ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ ਵੀ ਸ਼ਾਮਲ ਹਨ। ਇਨ੍ਹਾਂ ਤੋਂ ਬਾਅਦ ਹੁਣ ਕਾਰ ਸੇਵਾ ਵਾਲੀ ਸੰਪਰਦਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਦੀ ਜ਼ਮਾਨਤ ਪ੍ਰਵਾਨ ਹੋਣ ਖੁਣੋਂ ਰਹਿ ਗਈ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸੱਤ ਜਨਵਰੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਸੀ ਤੇ ਇਸ ਸਮਾਗਮ ਦਾ ਸਿੱਧਾ ਪ੍ਰਸਾਰਣ ਵੀ ਹੋ ਰਿਹਾ ਸੀ। ਇਸ ਮੌਕੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਤੇ ਪ੍ਰਬੰਧਕੀ ਕਮੇਟੀ ਨਾਲ ਸਬੰਧਤ ਦੂਜੀ ਧਿਰ ਵਿਚਾਲੇ ਝਗੜਾ ਹੋ ਗਿਆ ਸੀ।

ਸਿੱਟੇ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਿਰਪਾਨਾਂ ਤੇ ਹੋਰ ਹਥਿਆਰਾਂ ਦੀ ਵਰਤੋਂ ਕੀਤੀ ਗਈ ਤੇ ਕਈਆਂ ਨੂੰ ਸੱਟਾਂ ਲੱਗ ਗਈਆਂ ਸਨ। ਇਸ ਘਟਨਾ ਵਿਚ ਗਿਆਨੀ ਇਕਬਾਲ ਸਿੰਘ ਦੀ ਦਸਤਾਰ ਲੱਥ ਗਈ ਸੀ ਤੇ ਉਹ ਜ਼ਖ਼ਮੀ ਹੋ ਗਏ ਸਨ।

ਇਹ ਘਟਨਾ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਵਧੀਕ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ ਦੀ ਕੀਤੀ ਗਈ ਨਿਯੁਕਤੀ ਦੇ ਵਿਰੋਧ ਵਜੋਂ ਵਾਪਰੀ ਸੀ। ਗਿਆਨੀ ਇਕਬਾਲ ਸਿੰਘ ਇਸ ਨਿਯੁਕਤੀ ਖ਼ਿਲਾਫ਼ ਹਨ ਤੇ ਉਨ੍ਹਾਂ ਦੋਸ਼ ਲਾਇਆ ਸੀ ਕਿ ਉਨ੍ਹਾਂ ਨੂੰ ਭਰੋਸੇ ਵਿਚ ਲਏ ਬਿਨਾਂ ਹੀ ਇਹ ਨਿਯੁਕਤੀ ਕੀਤੀ ਗਈ ਹੈ।

ਇਸ ਘਟਨਾ ਤੋਂ ਬਾਅਦ ਗਿਆਨੀ ਇਕਬਾਲ ਸਿੰਘ ਦੀ ਸ਼ਿਕਾਇਤ 'ਤੇ ਇਨ੍ਹਾਂ ਵਿਅਕਤੀਆਂ ਖ਼ਿਲਾਫ਼ ਪਟਨਾ ਪੁਲਿਸ ਨੇ ਧਾਰਾ 307, 324 ਤਹਿਤ ਕੇਸ ਦਰਜ ਕੀਤਾ ਸੀ। ਹੇਠਲੀ ਅਦਾਲਤ ਨੇ ਪ੍ਰਬੰਧਕੀ ਕਮੇਟੀ ਦੇ ਇਨ੍ਹਾਂ ਆਗੂਆਂ ਦੀਆਂ ਅਗਾਊਂ ਜ਼ਮਾਨਤ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਸਨ। ਦੂਜੇ ਪਾਸੇ ਇਸ ਘਟਨਾ ਤੋਂ ਬਾਅਦ ਪ੍ਰਬੰਧਕੀ ਕਮੇਟੀ ਵੱਲੋਂ ਜਥੇਦਾਰ ਗਿਆਨੀ ਇਕਬਾਲ ਸਿੰਘ ਤੇ ਉਨ੍ਹਾਂ ਦੇ ਬੇਟੇ ਸਮੇਤ ਤਿੰਨ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਸੀ। ਪ੍ਰਬੰਧਕੀ ਕਮੇਟੀ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਵੀ ਬਣਾਈ ਗਈ ਸੀ।

# ਤਾਲਿਬਾਨ ਵੱਲੋਂ ਸਿੱਖ ਹਕੀਮ ਦੀ ਹੱਤਿਆ

**ਅੰਮ੍ਰਿਤਸਰ:** ਤਾਲਿਬਾਨ ਨੇ ਪਾਕਿਸਤਾਨ ਦੇ ਖ਼ੈਬਰ ਪਖ਼ਤੂਨਵਾ ਸੂਬੇ ਦੀ ਕਬਾਇਲੀ ਪੱਟੀ ਵਿਚ ਇਕ ਸਿੱਖ ਦੁਕਾਨਦਾਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਮ੍ਰਿਤਕ ਪਰਮਜੀਤ ਸਿੰਘ ਸ਼ਬਕਦਰ ਖੇਤਰ ਵਿਚ ਖ਼ਾਲਸਾ ਖਾਨਦਾਨੀ ਦਵਾਖਾਨਾ ਨਾਂ ਦੀ ਦੁਕਾਨ ਚਲਾਉਂਦਾ ਸੀ। ਇਸ ਦੌਰਾਨ ਇਸ ਸਿੱਖ ਹਕੀਮ ਦਾ ਮੁਸਲਿਮ ਕਰਿੰਦਾ ਜਦੋਂ ਕਾਤਲਾਂ ਨੂੰ ਰੋਕਣ ਲਈ ਅੱਗੇ ਵਧਿਆ ਤਾਂ ਉਸ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਖ਼ੈਬਰ ਪਖ਼ਤੂਨਵਾ ਸੂਬੇ ਤੋਂ ਇਮਰਾਨ ਖ਼ਾਨ ਦੀ ਸਿਆਸੀ ਪਾਰਟੀ ਤਹਿਰੀਕ-ਏ-ਇਨਸਾਫ਼ ਦੇ ਵਿਧਾਇਕ ਸਵਰਨ ਸਿੰਘ ਨੇ ਦੱਸਿਆ ਕਿ ਉਕਤ ਹੱਤਿਆ ਉਪਰੰਤ ਘੱਟ ਗਿਣਤੀ ਸਿੱਖ ਭਾਈਚਾਰੇ ਵਿਚ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ।

# ਸਰਨਾ ਭਰਾਵਾਂ ਸਮੇਤ ਅੱਠ ਜਣੇ ਤਨਖਾਹੀਏ ਕਰਾਰ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਹਰਵਿੰਦਰ ਸਿੰਘ ਸਰਨਾ, ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਆਰ. ਐਸ ਗਾਂਧੀ ਸਮੇਤ ਹੋਰ ਅਹੁਦੇਦਾਰਾਂ ਤੇ ਨਵ ਨਿਯੁਕਤ ਕੀਤੇ ਵਧੀਕ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ ਨੂੰ ਤਨਖਾਹੀਆ ਐਲਾਨ ਦਿੱਤਾ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਜਥੇਦਾਰ ਗਿਆਨੀ ਇਕਬਾਲ ਸਿੰਘ ਦੀ ਅਗਵਾਈ ਹੇਠ ਮੁੱਖ ਗ੍ਰੰਥੀ ਗਿਆਨੀ ਰਜਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਗਿਆਨੀ ਬਲਦੇਵ ਸਿੰਘ, ਮੀਤ ਗ੍ਰੰਥੀ ਗਿਆਨੀ ਦਲੀਪ ਸਿੰਘ ਤੇ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਦੀ ਮੀਟਿੰਗ ਹੋਈ ਜਿਸ ਵਿਚ ਅੱਠ ਵਿਅਕਤੀਆਂ ਨੂੰ ਵੱਖ-ਵੱਖ ਦੋਸ਼ਾਂ ਹੇਠ ਮਹਾ ਦੋਸ਼ੀ ਕਰਾਰ ਦਿੰਦਿਆਂ ਤਨਖਾਹੀਆ ਐਲਾਨਿਆ ਗਿਆ ਹੈ।

ਇਸ ਬਾਰੇ ਗਿਆਨੀ ਇਕਬਾਲ ਸਿੰਘ ਦਾ ਕਹਿਣਾ ਹੈ ਕਿ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਆਰ.ਐਸ ਗਾਂਧੀ, ਜੂਨੀਅਰ ਮੀਤ ਪ੍ਰਧਾਨ ਮਹਾਰਾਜ ਸਿੰਘ ਸੋਨੂੰ ਤੇ ਜਨਰਲ ਸਕੱਤਰ ਚਰਨਜੀਤ ਸਿੰਘ ਨੂੰ ਗ਼ੈਰ ਅੰਮ੍ਰਿਤਧਾਰੀ ਹੋਣ ਦੇ ਦੋਸ਼ ਹੇਠ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਤਖ਼ਤ ਦੀ ਪ੍ਰਬੰਧਕੀ ਕਮੇਟੀ ਜਾਂ ਗੁਰਦੁਆਰਾ ਕਮੇਟੀ ਦੇ ਮੈਂਬਰ ਗ਼ੈਰ ਅੰਮ੍ਰਿਤਧਾਰੀ ਨਹੀਂ ਹੋ ਸਕਦੇ ਪਰ ਇਹ ਤਿੰਨੋਂ ਮੈਂਬਰ ਗ਼ੈਰ ਅੰਮ੍ਰਿਤਧਾਰੀ ਹਨ। ਇਨ੍ਹਾਂ ਨੂੰ ਅੰਮ੍ਰਿਤਧਾਰੀ ਹੋਣ ਲਈ ਆਖਿਆ ਗਿਆ ਸੀ ਪਰ ਉਨ੍ਹਾਂ ਕੋਈ ਤਵੱਜੋ ਨਹੀਂ ਦਿੱਤੀ।

ਇਸੇ ਤਰ੍ਹਾਂ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਉਨ੍ਹਾਂ ਦੇ ਭਰਾ ਤੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਤੇ ਦਿੱਲੀ ਕਮੇਟੀ ਦੇ ਸਾਬਕਾ ਆਗੂ ਹਰਭਜਨ ਸਿੰਘ ਵਾਲੀਆ ਖ਼ਿਲਾਫ਼ ਸ਼ਿਕਾਇਤ ਮਿਲੀ ਸੀ ਕਿ ਉਨ੍ਹਾਂ ਪੰਥ ਵਿਚੋਂ ਛੇਕੇ ਹੋਏ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ ਆਪਣੇ ਘਰ ਸੱਦ ਕੇ ਪੰਜ ਤਖ਼ਤਾਂ ਤੋਂ ਜਾਰੀ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ। ਇਹ ਸਾਰੇ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਮੈਂਬਰ ਵੀ ਹਨ, ਜਿਥੋਂ ਸਭ ਤੋਂ ਪਹਿਲਾਂ ਰਾਗੀ ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕਿਆ ਗਿਆ ਸੀ। ਉਨ੍ਹਾਂ ਨੂੰ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਤੋਂ ਹਟਾਉਣ ਦਾ ਐਲਾਨ ਕਰਦਿਆਂ ਗਿਆਨੀ ਇਕਬਾਲ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਚੁਣੌਤੀ ਦੇਣ ਲਈ ਉਨ੍ਹਾਂ ਤਨਖਾਹੀਆ ਕਰਾਰ ਦਿੱਤਾ ਹੈ।

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਨਵਨਿਯੁਕਤ ਵਧੀਕ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ ਤੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਭੁਪਿੰਦਰ ਸਿੰਘ ਸਾਧੂ ਨੂੰ ਵੀ ਮਹਾ ਦੋਸ਼ੀ ਕਰਾਰ ਦਿੰਦਿਆਂ ਤਨਖਾਹੀਆ ਐਲਾਨਿਆ ਹੈ। ਗਿਆਨੀ ਪ੍ਰਤਾਪ ਸਿੰਘ 'ਤੇ ਦੋਸ਼ ਲੱਗਾ ਹੈ ਕਿ ਉਨ੍ਹਾਂ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਵਧੀਕ ਗ੍ਰੰਥੀ ਦੀ ਨਿਯੁਕਤੀ ਹੋਣ ਮਗਰੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਨੂੰ ਝੂਠਾ ਲਿਖਤੀ ਬਿਆਨ ਦਿੱਤਾ ਹੈ ਕਿ ਉਨ੍ਹਾਂ ਦੀ ਵਧੀਕ ਗ੍ਰੰਥੀ ਵਜੋਂ ਕੋਈ ਨਿਯੁਕਤੀ ਨਹੀਂ ਹੋਈ ਹੈ। ਹਾਲਾਂਕਿ ਸੱਤ ਜਨਵਰੀ ਨੂੰ ਵੱਖ-ਵੱਖ ਜਥੇਬੰਦੀਆਂ ਵੱਲੋਂ ਉਨ੍ਹਾਂ ਨੂੰ ਵਧੀਕ ਗ੍ਰੰਥੀ ਵਜੋਂ ਦਸਤਾਰ ਭੇਟ ਕਰਕੇ ਮਾਨਤਾ ਦਿੱਤੀ ਗਈ ਸੀ। ਭੁਪਿੰਦਰ ਸਿੰਘ ਸਾਧੂ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਵਾਪਰੀਆਂ ਘਟਨਾਵਾਂ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦਿਆਂ ਤਨਖਾਹੀਆ ਐਲਾਨਿਆ ਗਿਆ ਹੈ। ਪਟਨਾ ਸਾਹਿਬ ਵਿਚ ਵਾਪਰੀ ਘਟਨਾ ਬਾਰੇ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਕਮੇਟੀ ਇਸ ਮਾਮਲੇ ਦੀ ਜਾਂਚ ਕਰਕੇ ਆਪਣੀ ਰਿਪੋਰਟ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪ ਚੁੱਕੀ ਹੈ। ਇਸੇ ਤਰ੍ਹਾਂ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਗਠਿਤ ਤਿੰਨ ਮੈਂਬਰੀ ਕਮੇਟੀ ਵੀ ਇਸ ਮਾਮਲੇ ਦੀ ਜਾਂਚ ਕਰ ਚੁੱਕੀ ਹੈ ਪਰ ਫਿਲਹਾਲ ਉਸ ਨੇ ਆਪਣੀ ਰਿਪੋਰਟ ਨਹੀਂ ਸੌਂਪੀ ਹੈ।

## ਵਿਸ਼ਵ ਯੁੱਧ ਦੇ ਫ਼ੌਜੀਆਂ ਬਾਰੇ ਜਾਣਕਾਰੀ ਹੋਈ ਆਨਲਾਈਨ

**ਲੰਡਨ:** ਬਰਤਾਨਵੀ ਲਾਇਬ੍ਰੇਰੀ ਨੇ ਪਹਿਲੀ ਸੰਸਾਰ ਜੰਗ ਵਿਚ ਹਿੱਸਾ ਲੈਣ ਵਾਲੇ ਫ਼ੌਜੀਆਂ ਬਾਰੇ ਜਾਣਕਾਰੀ ਹੁਣ ਆਨਲਾਈਨ ਕਰ ਦਿੱਤੀ ਹੈ। ਇਸ ਜਾਣਕਾਰੀ ਵਿਚ ਬਹੁਤ ਸਾਰੀਆਂ ਤਸਵੀਰਾਂ, ਲੇਖ, ਚਿੱਠੀਆਂ ਤੇ ਹੋਰ ਦਸਤਾਵੇਜ਼ ਹਨ। ਇਨ੍ਹਾਂ ਦਸਤਾਵੇਜ਼ਾਂ ਵਿਚ ਭਾਰਤੀ, ਪੰਜਾਬੀ ਤੇ ਸਿੱਖ ਫ਼ੌਜੀਆਂ ਬਾਰੇ ਵੀ ਜਾਣਕਾਰੀ ਸ਼ਾਮਲ ਹੈ।

ਪਹਿਲੀ ਸੰਸਾਰ ਜੰਗ ਵਿਚ 12.7 ਲੱਖ ਤੋਂ ਵੱਧ ਭਾਰਤੀ ਫ਼ੌਜੀਆ ਨੇ ਹਿੱਸਾ ਲਿਆ ਸੀ। ਫਰਾਂਸ ਵਿਚ ਤਾਇਨਾਤ ਫ਼ੌਜੀਆਂ ਵਿਚੋਂ ਬਹੁਤੇ ਉੱਤਰ ਭਾਰਤੀ ਇਲਾਕੇ ਦੇ ਸਨ ਜਿਨ੍ਹਾਂ ਵਿਚ ਬਹੁਤੀ ਗਿਣਤੀ ਪੰਜਾਬੀਆਂ ਦੀ ਸੀ। ਇਨ੍ਹਾਂ ਵਿਚ ਸਿੱਖ ਤੇ ਮੁਸਲਿਮ ਫ਼ੌਜੀ ਸ਼ਾਮਲ ਸਨ। ਇਨ੍ਹਾਂ ਫ਼ੌਜੀਆਂ ਵੱਲੋਂ ਘਰਾਂ ਨੂੰ ਲਿਖੀਆਂ ਚਿੱਠੀਆਂ ਵੀ ਜਨਤਕ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿਚੋਂ ਇਕ ਰਾਮ ਸਿੰਘ ਨਾਮੀ ਫੌਜੀ ਦੀ ਚਿੱਠੀ ਸ਼ਾਮਲ ਹੈ। ਰਾਮ ਸਿੰਘ ਨੇ ਚਿੱਠੀ ਵਿਚ ਲਿਖਿਆ ਕਿ ਅਖ਼ਬਾਰਾਂ ਵਿਚ ਛਪੀ ਜਾਣਕਾਰੀ ਝੂਠੀ ਸੀ, ਜਦਕਿ ਉਨ੍ਹਾਂ ਨੂੰ ਮੋਰਚੇ ਤੋਂ 400 ਗਜ਼ ਦੀ ਦੂਰੀ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਰਾਮ ਸਿੰਘ ਨੇ ਇਹ ਵੀ ਲਿਖਿਆ ਕਿ ਜੰਗ ਬਹੁਤ ਔਖੀ ਹੈ। ਪ੍ਰਕਾਸ਼ਿਤ ਕੀਤੇ ਦਸਤਾਵੇਜ਼ਾਂ ਵਿਚ ਇੰਗਲੈਂਡ ਦੇ ਸ਼ਹਿਰ ਬ੍ਰਾਈਟਨ ਦੇ ਹਸਪਤਾਲ ਦੀਆਂ ਉਹ ਤਸਵੀਰਾਂ ਵੀ ਸ਼ਾਮਲ ਹਨ ਜਿਥੇ ਜ਼ਖ਼ਮੀ ਫ਼ੌਜੀਆਂ ਦਾ ਇਲਾਜ ਕੀਤਾ ਗਿਆ ਸੀ, ਹਿੰਦੂ ਤੇ ਸਿੱਖਾਂ ਲਈ ਵੱਖਰੇ ਤੇ ਮੁਸਲਿਮ ਫ਼ੌਜੀਆਂ ਲਈ ਵੱਖਰੇ ਰਸੋਈ ਘਰ ਬਣਾਏ ਗਏ ਸਨ। ਰਸੋਈਆਂ ਨੂੰ ਜਾਤਾਂ ਦੇ ਆਧਾਰ 'ਤੇ ਵੰਡਿਆ ਗਿਆ ਸੀ ਤੇ ਕੁੱਲ ਨੌਂ ਰਸੋਈਆਂ ਸਨ।

# ਪਾਕਿਸਤਾਨੀ ਸਿਲੇਬਸਾਂ ਵਿਚ ਸਿੱਖ ਰਾਜ ਦਾ ਜ਼ਿਕਰ ਹੀ ਨਹੀਂ!

**ਅੰਮ੍ਰਿਤਸਰ:** ਪਾਕਿਸਤਾਨ ਦੇ ਸਕੂਲਾਂ-ਕਾਲਜਾਂ ਦੇ ਸਿਲੇਬਸ ਵਿਚ ਸਿੱਖ ਧਰਮ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਬਾਰੇ ਕੋਈ ਜ਼ਿਕਰ ਨਹੀਂ ਹੈ। ਇਹ ਖੁਲਾਸਾ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਸੂਫੀਇਜ਼ਮ ਬਾਰੇ ਕੌਮਾਂਤਰੀ ਸਮਾਗਮ ਵਿਚ ਭਾਰਤ ਸਰਕਾਰ ਵੱਲੋਂ ਸ਼ਮੂਲੀਅਤ ਕਰਕੇ ਵਤਨ ਪਰਤੇ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਤਰਲੋਚਨ ਸਿੰਘ ਨੇ ਕੀਤਾ ਹੈ।



ਤਰਲੋਚਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਆਪਣਾ ਕੁੰਜੀਵਤ ਭਾਸ਼ਣ ਇਸ ਮਾਮਲੇ 'ਤੇ ਹੀ ਦਿੰਦਿਆਂ ਕਿਹਾ ਹੈ ਕਿ ਸੂਫੀਇਜ਼ਮ ਇਸਲਾਮ ਦਾ ਹੈ ਪਰ ਮੁਸਲਿਮ ਸੂਫ਼ੀ ਸੰਤ ਅਸਾਂ ਸਾਂਭ ਕੇ ਰੱਖੇ ਹਨ। ਉਨ੍ਹਾਂ ਦੀਆਂ ਕਿਤਾਬਾਂ ਛਪਵਾਈਆਂ ਹਨ ਤੇ ਉਨ੍ਹਾਂ ਦੇ ਸਿਧਾਂਤ ਦਾ ਪ੍ਰਚਾਰ ਕੀਤਾ ਜਾਂਦਾ ਹੈ। ਬਾਬਾ ਫਰੀਦ ਜੀ ਦੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਦੁਨੀਆ ਭਰ ਦੇ ਸਿੱਖ ਬਾਬਾ ਫਰੀਦ ਨੂੰ ਪੂਜਦੇ ਹਨ। ਬਾਬਾ ਫਰੀਦ ਦੇ ਨਾਂ 'ਤੇ ਯੂਨੀਵਰਸਿਟੀ ਫਰੀਦਕੋਟ ਵਿਖੇ ਬਣਾਈ ਹੈ।

ਵਿਸ਼ਵ ਪ੍ਰਸਿੱਧ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂ ਮੀਰ ਪਾਸੋਂ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਰਖਵਾਈ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਵਿਚ ਉਨ੍ਹਾਂ ਦੇ ਮੁਸਲਿਮ ਵਜ਼ੀਰ ਸਨ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕੀਤੀ ਸੀ ਤੇ ਅੰਗਰੇਜ਼ਾਂ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਸਿੱਖਾਂ ਨੇ ਅਥਾਹ ਕੁਰਬਾਨੀਆਂ ਕੀਤੀਆਂ ਸਨ। ਉਨ੍ਹਾਂ ਕਿਹਾ ਕਿ ਹਿੰਦ-ਪਾਕਿ ਵੰਡ ਹੋਇਆਂ ਤਕਰੀਬਨ 67 ਸਾਲ ਹੋ ਗਏ ਹਨ ਪਰ ਪਾਕਿਸਤਾਨ ਨੇ ਸਿੱਖਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਨੂੰ ਅਜੇ ਤੱਕ ਮਾਨਤਾ ਹੀ ਨਹੀਂ ਦਿੱਤੀ। ਤਰਲੋਚਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਬਾ-ਦਲੀਲ ਭਾਸ਼ਣ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਯੂਨੀਵਰਸਿਟੀ ਲਾਹੌਰ ਪਾਕਿਸਤਾਨ ਦੇ ਉਪ ਕੁਲਪਤੀ ਡਾ. ਮੁਜਾਹਦ ਕਾਮਰਾਨ ਨੇ ਐਲਾਨ ਕੀਤਾ ਕਿ ਸਾਡੀਆਂ ਅੱਖਾਂ ਖੁੱਲ੍ਹ ਗਈਆਂ ਹਨ ਤੇ ਉਹ ਸਿੱਖ ਧਰਮ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਬਾਰੇ ਸੈਮੀਨਾਰ ਕਰਵਾਉਣਗੇ।

## ਪੇਪਰ 'ਚ ਗੁਰੂ ਨਾਨਕ ਦੇਵ ਬਾਰੇ ਇਤਰਾਜ਼ਯੋਗ ਸ਼ਬਦ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਮੱਧ ਪ੍ਰਦੇਸ਼ ਪ੍ਰੋਫ਼ੈਸ਼ਨਲ ਐਗਜ਼ਾਮੀਨੇਸ਼ਨ ਬੋਰਡ ਵੱਲੋਂ ਪੁਲਿਸ ਸਬ-ਇੰਸਪੈਕਟਰਾਂ ਦੀ ਭਰਤੀ ਲਈ ਕਰਵਾਏ ਜਨਰਲ ਨਾਲਿਜ ਦੇ ਪੇਪਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਇਤਰਾਜ਼ਯੋਗ ਸ਼ਬਦਾਂ ਦਾ ਪ੍ਰਯੋਗ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਪ੍ਰੋਫ਼ੈਸ਼ਨਲ ਐਗਜ਼ਾਮੀਨੇਸ਼ਨ ਬੋਰਡ ਦੀ ਇਸ ਘਟੀਆ ਕਾਰਵਾਈ ਦਾ ਸਖ਼ਤ ਨੋਟਿਸ ਲੈਂਦਿਆਂ ਉਨ੍ਹਾਂ ਨੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਰੋਸ ਪੱਤਰ ਲਿਖਿਆ ਹੈ। ਪੱਤਰ ਵਿਚ ਉਨ੍ਹਾਂ ਕਿਹਾ ਕਿ ਬੋਰਡ ਵੱਲੋਂ ਕੀਤੀ ਇਸ ਘਿਨਾਉਣੀ ਹਰਕਤ ਨਾਲ ਦੇਸ਼-ਵਿਦੇਸ਼ ਵਿਚ ਵਸਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਇਸ ਕੋਝੀ ਤੇ ਘਿਨਾਉਣੀ ਹਰਕਤ ਲਈ ਜ਼ਿੰਮੇਵਾਰ ਦੋਸ਼ੀ ਵਿਅਕਤੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕਰਨ।

# ਦਾਊਦ, ਲਸ਼ਕਰ, ਇੰਡੀਅਨ ਮੁਜਾਹਦੀਨ ਤੇ ਬੱਬਰ ਖਾਲਸਾ ਵਿਚਾਲੇ ਸਬੰਧ?

**ਨਵੀਂ ਦਿੱਲੀ:** ਡਾਨ ਦਾਊਦ ਇਬਰਾਹੀਮ, ਲਸ਼ਕਰ-ਏ-ਤਾਇਬਾ, ਇੰਡੀਅਨ ਮੁਜਾਹਦੀਨ ਤੇ ਬੱਬਰ ਖਾਲਸਾ ਇੰਟਰਨੈਸ਼ਨਲ ਵਿਚਾਲੇ ਕਾਫੀ ਨੇੜਲੇ ਸਬੰਧ ਹਨ ਤੇ ਇਹ ਸਾਰੀਆਂ ਧਿਰਾਂ ਇਕ-ਦੂਜੇ ਨੂੰ ਸਹਿਯੋਗ ਦੇਣ ਲਈ ਵਚਨਬੱਧ ਹਨ। ਇਹ ਖੁਲਾਸਾ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਸਥਾਨਕ ਅਦਾਲਤ ਅੱਗੇ ਲਸ਼ਕਰ-ਏ-ਤਾਇਬਾ ਦੇ ਚੋਟੀ ਦੇ ਬੰਬ ਮਾਹਿਰ ਅਬਦੁਲ ਕਰੀਮ ਟੁੰਡਾ ਵਿਰੁੱਧ ਦਾਇਰ ਪੂਰਕ ਦੋਸ਼ ਪੱਤਰ ਵਿਚ ਕੀਤਾ ਹੈ। ਅਦਾਲਤ ਨੂੰ ਦੱਸਿਆ ਗਿਆ ਕਿ ਟੁੰਡਾ 2002 ਵਿਚ ਪਾਕਿਸਤਾਨ ਵਿਚ ਦਾਊਦ ਨੂੰ ਮਿਲਿਆ ਸੀ। ਉਸ ਦੀ ਇਹ ਮੁਲਾਕਾਤ ਬੱਬਰ ਖਾਲਸਾ ਇੰਟਰੈਨਸ਼ਨਲ ਰਾਹੀਂ ਹੋਈ ਸੀ ਤੇ ਇਸ ਮੁਲਾਕਾਤ ਦਾ ਮਕਸਦ ਭਾਰਤ ਵਿਚ ਅੱਤਵਾਦੀ ਕਾਰਵਾਈਆਂ ਕਰਨ ਬਾਰੇ ਵਿਚਾਰ ਵਟਾਂਦਰਾ ਕਰਨਾ ਸੀ। ਵਧੀਕ ਸੈਸ਼ਨ ਜੱਜ ਭਾਰਤ ਪ੍ਰਾਸ਼ਰ ਦੀ ਅਦਾਲਤ ਵਿਚ ਦਾਇਰ ਦੋਸ਼ ਪੱਤਰ ਵਿਚ ਪੁਲਿਸ ਨੇ ਕਿਹਾ ਹੈ ਕਿ 71 ਸਾਲਾ ਟੁੰਡਾ ਬੱਬਰ ਖਾਲਸਾ ਦੇ ਸ਼ੱਕੀ ਅੱਤਵਾਦੀ ਇਕਬਾਲ ਬੰਟੀ ਰਾਹੀਂ ਮਿਲਿਆ ਸੀ ਜਿਸ ਦੌਰਾਨ ਦਾਊਦ ਨੇ ਭਾਰਤ ਵਿਚ ਅੱਤਵਾਦੀ ਕਾਰਵਾਈਆਂ ਕਰਨ ਲਈ ਮਦਦ ਕਰਨ ਦਾ ਭਰੋਸਾ ਦਿੱਤਾ ਸੀ।

## ਦੋ ਭਾਰਤੀ ਵਿਦਿਆਰਥੀਆਂ ਨੂੰ ਸਾਇੰਸ ਐਵਾਰਡ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਦੋ ਵਿਦਿਆਰਥੀਆਂ ਦਾ ਨਾਮੀ ਇਨਟਲ ਸਾਇੰਸ ਟੈਲੰਟ ਸਰਚ ਐਵਾਰਡ ਨਾਲ ਸਨਮਾਨ ਕੀਤਾ ਗਿਆ ਹੈ। ਇਸ ਐਵਾਰਡ ਲਈ 10 ਮੈਂਬਰੀ ਸੂਚੀ ਵਿਚ ਭਾਰਤ ਦੇ ਆਨੰਦ ਸ੍ਰੀਨਿਵਾਸਨ ਨੂੰ ਅੱਠਵਾਂ ਜਦਕਿ ਇਕ ਹੋਰ ਭਾਰਤੀ ਸ਼ਾਨ ਦਾਤਾ ਨੂੰ ਦਸਵਾਂ ਸਥਾਨ ਮਿਲਿਆ। ਇਸ ਤਰ੍ਹਾਂ ਉਨ੍ਹਾਂ ਨੂੰ 20,000 ਅਮਰੀਕੀ ਡਾਲਰ ਦਾ ਪੁਰਸਕਾਰ ਮਿਲਿਆ।

ਪਹਿਲੇ ਨੰਬਰ 'ਤੇ ਰਹੇ ਏਰਿਕ ਐਸ ਚੇਨ ਨੂੰ ਇਕ ਲੱਖ ਅਮਰੀਕੀ ਡਾਲਰ ਦੀ ਇਨਾਮੀ ਰਕਮ ਵਾਲੇ ਪੁਰਸਕਾਰ ਨਾਲ ਸਨਮਾਨਤ ਕੀਤਾ। ਸ੍ਰੀਨਿਵਾਸਨ ਨੂੰ ਆਪਣੇ ਨੈਟਵਰਕ ਆਧਾਰਿਤ ਕੰਪਿਊਟਰ ਮਾਡਲ ਆਰ.ਐਨ.ਐਨ ਸਕੈਨ ਲਈ ਇਹ ਐਵਾਰਡ ਦਿੱਤਾ ਗਿਆ। ਜਦਕਿ ਸ਼ਾਨ ਨੂੰ ਨਿਊਕਲੀਅਰ ਅੰਕੜਿਆਂ ਨੂੰ ਸਹੀ ਤਰੀਕੇ ਨਾਲ ਸਮਝਣ ਲਈ ਬਣਾਏ ਗਏ ਯੰਤਰ ਲਈ ਪੁਰਸਕਾਰ ਨਾਲ ਨਿਵਾਜ਼ਿਆ ਗਿਆ।


# Gas Stations For Lease

**5 Gas Stations/Convenience Stores for lease**
**in Sioux City, Iowa**
**High volume gas & inside sales**
**Gas 55,000 to 60,000 gallons monthly**
**$90,000 to $120,000 monthly**
***. ਇਅਸਏ ਅਲਲ`ੋਰ ਸਨਿਗਲਏ ਸਟੋਰਏ***
*For more information*
**Inder Singh 712-299-0838**

**ਸਿਓਕਸ ਸਿਟੀ, ਆਇਓਵਾ ਵਿਚ ਵਧੀਆ ਚਲਦੇ**
**5 ਗੈਸ ਸਟੇਸ਼ਨ/ਕਨਵੀਨੀਐਂਸ ਸਟੋਰ**
**ਲੀਜ਼ ਲਈ ਉਪਲਬਧ ਹਨ**
**ਗੈਸ: 55 ਤੋਂ 60 ਹਜਾਰ ਗੈਲਨ ਮਾਸਿਕ**
**ਇਨਸਾਈਡ ਸੇਲ: 90 ਹਜਾਰ ਤੋਂ 120 ਹਜਾਰ ਡਾਲਰ ਮਾਸਿਕ**
***ਕੋਈ ਇਕ ਜਾਂ ਸਾਰੇ ਸਟੋਰ ਲੀਜ਼ ਕਰ ਸਕਦੇ ਹੋ***
**ਸੰਪਰਕ ਕਰੋ: ਇੰਦਰ ਸਿੰਘ ਫੋਨ: 712-299-0838**



# ਇੰਡੀਅਨ ਰੈਸਟੋਰੈਂਟ ਲਈ ਸਟਾਫ ਦੀ ਲੋੜ ਹੈ

**ਕੈਨਸਸ ਸਿਟੀ, ਮਿਜ਼ੋਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ, ਸਹਾਇਕ ਕੁੱਕ, ਵੇਟਰ ਤੇ ਹੈਲਪਰ ਦੀ ਲੋੜ ਹੈ**
**ਚੰਗੀ ਤਨਖਾਹ ਤੇ ਹੋਰ ਸਹੂਲਤਾਂ**

*ਸੰਪਰਕ ਕਰੋ*
**ਫੋਨ: 816-806-6065**


# ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ 2013 ਦੀ ਅਮਰੀਕੀ ਰਿਪੋਰਟ ਦੇ ਆਧਾਰ 'ਤੇ ਸ਼ਰਨ ਵਾਲੇ ਕੇਸ ਦੋਬਾਰਾ ਖੋਲੇ ਜਾ ਸਕਦੇ ਹਨ

## ਸੈਕਰਾਮੈਂਟੋ ਵਿਚ ਅਟਾਰਨੀ ਪੰਨੂ ਵਲੋਂ ਮੁਫਤ ਕਾਨੂੰਨੀ ਸਲਾਹ ਪਹਿਲੀ ਅਪ੍ਰੈਲ ਨੂੰ

ਸੈਕਰਾਮੈਂਟੋ: ਇਮੀਗ੍ਰੇਸ਼ਨ ਵਕੀਲ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਪਹਿਲੀ ਅਪ੍ਰੈਲ ਨੂੰ ਸੈਕਰਾਮੈਂਟੋ ਵਿਚ ਹੋਣਗੇ ਅਤੇ ਇਮੀਗ੍ਰੇਸ਼ਨ ਕੇਸਾਂ ਬਾਰੇ ਮੁਫਤ ਕਾਨੂੰਨੀ ਸਲਾਹ ਲੈਣ ਲਈ ਉਨ੍ਹਾਂ ਨਾਲ ਆਪਣੀ ਅਪਾਇੰਟਮੈਂਟ ਬਣਾਈ ਜਾ ਸਕਦੀ ਹੈ। ਸਿੱਖ ਭਾਈਚਾਰੇ ਦੇ ਮੈਂਬਰਾਂ ਦੇ ਸਿਆਸੀ ਸ਼ਰਨ ਬਾਰੇ ਕੇਸਾਂ ਨੂੰ ਵੱਡੀ ਗਿਣਤੀ ਵਿਚ ਪਿਛਲੇ 10 ਸਾਲਾਂ ਵਿਚ ਨਾਂਹ ਕੀਤੀ ਜਾ ਚੁਕੀ ਹੈ ਤੇ ਉਹ ਡਿਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਹਨ। ਪਰ ਐਸ ਏ ਡੀ (ਅੰਮ੍ਰਿਤਸਰ) ਦੇ ਮੈਂਬਰਾਂ ਦੀ ਜਾਨ ਨੂੰ ਕੋਈ ਖਤਰਾ ਨਹੀਂ ਦੇ ਉਲਟ ਹਾਲੀਆ ਸਟੇਟ ਰਿਪੋਰਟ ਵਿਚ ਸਪਸ਼ਟ ਪੁਸ਼ਟੀ ਕੀਤੀ ਗਈ ਹੈ ਕਿ ਉਨ੍ਹਾਂ ਉਤੇ ਪੁਲਿਸ ਤਸ਼ਦਦ ਹੋ ਰਿਹਾ ਹੈ ਤੇ ਫਰਜ਼ੀ ਹੱਤਿਆਵਾਂ ਕੀਤੀ ਜਾ ਰਹੀਆਂ ਹਨ ਇਸੇ ਆਧਾਰ 'ਤੇ ਜਿਨ੍ਹਾਂ ਦੇ ਡਿਪੋਰਟੇਸ਼ਨ ਦੇ ਆਖਰੀ ਹੁਕਮ ਹੋ ਚੁਕੇ ਹਨ, ਉਨ੍ਹਾਂ ਕੋਲ ਸਿਆਸੀ ਸ਼ਰਨ ਦੇ ਕੇਸਾਂ ਨੂੰ ਦੋਬਾਰਾ ਖੋਲਣ ਲਈ 'ਮੋਸ਼ਨ ਟੂ ਰਿਓਪਨ' ਦਾਇਰ ਕਰਨ ਦਾ ਮੌਕਾ ਹੈ। ਬਦਲੇ ਹੋਏ ਹਾਲਾਤ ਦੇ ਆਧਾਰ 'ਤੇ ਹਰ ਇਕ ਵਿਅਕਤੀ ਦੀ ਸਥਿਤੀ ਅਨੁਸਾਰ ਡਿਪੋਰਟੇਸ਼ਨ ਦੇ ਕੇਸ ਦੋਬਾਰਾ ਖੋਲ੍ਹੇ ਜਾ ਸਕਦੇ ਹਨ।

ਇਨ੍ਹਾਂ ਵਿਚੋਂ ਜ਼ਿਆਦਾਤਰ ਸਿਆਸੀ ਸ਼ਰਨ ਵਾਲੇ ਕੇਸ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਐਸ ਏ ਡੀ (ਅੰਮ੍ਰਿਤਸਰ) ਮੈਂਬਰਾਂ ਨਾਲ ਸਬੰਧਤ ਹਨ। ਬੀਤੇ ਸਮੇਂ ਵਿਚ ਸਿਆਸੀ ਸ਼ਰਨ ਬਾਰੇ ਕੇਸਾਂ ਨੂੰ ਇਸ ਆਧਾਰ 'ਤੇ ਨਾਂਹ ਕਰ ਦਿੱਤੀ ਗਈ ਸੀ ਕਿ ਸਿਆਸੀ ਹਾਲਾਤ ਸੁਧਰ ਗਏ ਹਨ ਤੇ ਐਸ ਏ ਡੀ (ਅੰਮ੍ਰਿਤਸਰ) ਦੇ ਮੈਂਬਰਾਂ ਦੀ ਜਾਨ ਨੂੰ ਕੋਈ ਖਤਰਾ ਨਹੀਂ ਜੇਕਰ ਉਨ੍ਹਾਂ ਨੂੰ ਵਾਪਸ ਭਾਰਤ ਭੇਜ ਦਿੱਤਾ ਜਾਵੇ। ਅਮਰੀਕਾ ਦੇ ਵਿਦੇਸ਼ ਮੰਤਰੀ ਜੌਨ ਕੇਰੀ ਨੇ ਬੀਤੀ 27 ਫਰਵਰੀ ਨੂੰ 'ਕੰਟਰੀ ਰਿਪੋਰਟਸ ਆਨ ਹਿਊਮਨ ਰਾਈਟਸ ਪ੍ਰੈਕਟਿਸਸ ਫਾਰ 2013' ਜਾਰੀ ਕੀਤੀ। ਜਿਸ ਵਿਚ ਇਹ ਪੁਸ਼ਟੀ ਕੀਤੀ ਗਈ ਹੈ ਕਿ ਮਨੁੱਖੀ ਅਧਿਕਾਰਾਂ ਦੀਆਂ ਸਭ ਤੋਂ ਅਹਿਮ ਸਮਸਿਆਵਾਂ ਪੁਲਿਸ ਤੇ ਸੁਰੱਖਿਆ ਬਲਾਂ ਦੀਆਂ ਜਿਆਦਤੀਆਂ ਹਨ, ਜਿਨ੍ਹਾਂ ਵਿਚ ਫਰਜ਼ੀ ਹੱਤਿਆਵਾਂ, ਤਸ਼ਦਦ ਤੇ ਬਲਾਤਕਾਰ, ਸਰਕਾਰ ਦੇ ਹਰ ਪੱਧਰ 'ਤੇ ਵਿਆਪਕ ਪੱਧਰ 'ਤੇ ਫੈਲਿਆ ਭ੍ਰਿਸ਼ਟਾਚਾਰ ਜਿਸ ਦੇ ਚਲਦਿਆਂ ਇਨਸਾਫ ਤੋਂ ਇਨਕਾਰ ਕੀਤਾ ਜਾ ਰਿਹਾ ਤੇ ਵੱਖਵਾਦੀ ਤੇ ਬਗਾਵਤੀ ਹਿੰਸਾ ਪੈਦਾ ਹੋ ਰਹੀ ਹੈ।

ਅਟਾਰਨੀ ਪੰਨੂ ਅਨੁਸਾਰ ਅਮਰੀਕੀ ਵਿਦੇਸ਼ ਵਿਭਾਗ ਵਲੋਂ ਨਵੀਂ 2013 ਦੀ ਰਿਪੋਰਟ ਜਾਰੀ ਕੀਤੀ ਗਈ ਹੈ। ਇਸ ਲਈ ਐਸ ਏ ਡੀ (ਅੰਮ੍ਰਿਤਸਰ) ਦੇ ਮੈਂਬਰ ਜੋ ਆਪਣੀ ਜਾਨ ਨੂੰ ਖਤਰਾ ਸਾਬਿਤ ਕਰ ਸਕਦੇ ਹਨ ਉਹ ਆਪਣੇ ਸਿਆਸੀ ਸ਼ਰਨ ਦੇ ਕੇਸ ਦੋਬਾਰਾ ਖੁਲ੍ਹਾ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਹਰ ਇਕ ਕੇਸ ਦੇ ਤਥ ਜਾਣਨ ਲਈ ਸਾਡੇ ਕੋਲ ਮੁਕੰਮਲ ਫਾਈਲ ਹੋਣੀ ਜ਼ਰੂਰੀ ਹੈ ਜੋ ਕਿ ਐਫ ਓ ਆਈ ਏ ਤਹਿਤ ਲਈ ਜਾ ਸਕਦੀ ਹੈ। ਹਰ ਇਕ ਕੇਸ ਦੇ ਤਥਾਂ ਦੇ ਆਧਾਰ 'ਤੇ ਹਰ ਇਕ ਲਈ ਵੱਖ ਵੱਖ ਰਾਹਤ ਉਪਲਬਧ ਹੈ ਜੇਕਰ ਉਨ੍ਹਾਂ ਖਿਲਾਫ ਡਿਪੋਰਟੇਸ਼ਨ ਦੇ ਆਖਰੀ ਆਰਡਰ ਵੀ ਹੋਏ ਹੋਣ।

ਉਨ੍ਹਾਂ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਐਸ ਏ ਡੀ (ਅੰਮ੍ਰਿਤਸਰ) ਦੇ ਕਈ ਮੈਂਬਰ ਹਾਲ ਦੇ ਸਾਲਾਂ ਵਿਚ ਆਪਣੀ ਜਾਨ ਬਚਾਉਣ ਲਈ ਭਾਰਤ ਤੋਂ ਦੌੜ ਆਏ ਹਨ। ਇਨ੍ਹਾਂ ਵਿਚੋਂ ਕਈਆਂ ਨੂੰ ਟੈਕਸਸ, ਐਰੀਜ਼ੋਨਾ ਅਤੇ ਕੁਝ ਹੋਰ ਥਾਂਵਾਂ 'ਤੇ ਹਿਰਾਸਤ ਵਿਚ ਰਖਿਆ ਹੋਇਆ ਹੈ ਤੇ ਕਈਆਂ ਨੂੰ ਹਾਲ ਵਿਚ ਰਿਹਾ ਕੀਤਾ ਗਿਆ ਹੈ। ਜੇਕਰ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਐਸ ਏ ਡੀ (ਅੰਮ੍ਰਿਤਸਰ) ਦੀ ਮੈਂਬਰੀ ਦੇ ਆਧਾਰ 'ਤੇ ਸਿਆਸੀ ਸ਼ਰਨ ਦਾ ਦਾਅਵੇਦਾਰ ਹੈ ਤਾਂ ਉਨ੍ਹਾਂ ਨਾਲ ਸੰਪਰਕ ਕਰੋ।

ਅਟਾਰਨੀ ਪੰਨੂ ਐਰੀਜ਼ੋਨਾ, ਕੈਲੀਫੋਰਨੀਆ, ਪੈਨਸਿਲਵੇਨੀਆ, ਟੈਕਸਸ, ਵਾਸ਼ਿੰਗਟਨ, ਸਿਆਟਲ, ਇੰਡੀਆਨਾ, ਇਲੀਨਾਏ, ਨਿਊ ਜਰਸੀ, ਨਿਊ ਯਾਰਕ ਅਤੇ ਹੋਰ ਸੂਬਿਆਂ ਵਿਚ ਇਮੀਗ੍ਰੇਸ਼ਨ ਕੇਸਾਂ ਦੀ ਪੈਰਵਾਈ ਕਰਦੇ ਹਨ।

**ਅਟਾਰਨੀ ਪੰਨੂ ਨਾਲ ਸੰਪਰਕ ਫੋਨ 510-796-9000 ਜਾਂ 718-672-8000 ਰਾਹੀਂ ਕੀਤਾ ਜਾ ਸਕਦਾ ਹੈ**

# ਲੋਕ ਸਭਾ ਚੋਣਾਂ ਨੇ ਅਸਮਾਨੀ ਚੜ੍ਹਾਇਆ ਭੁੱਕੀ ਦਾ ਭਾਅ

**ਬੀਕਾਨੇਰ:** ਲੋਕ ਸਭਾ ਚੋਣਾਂ ਦੇ ਐਲਾਨ ਦੇ ਨਾਲ ਹੀ ਰਾਜਸਥਾਨ ਵਿਚ ਭੁੱਕੀ ਦੇ ਠੇਕੇਦਾਰਾਂ ਨੂੰ ਚਾਅ ਚੜ੍ਹ ਗਿਆ ਹੈ। ਖਾਸਕਰ ਪੰਜਾਬ ਤੇ ਹਰਿਆਣਾ ਦੀ ਹੱਦ ਨਾਲ ਲੱਗਦੇ ਭੁੱਕੀ ਦੇ ਠੇਕੇਦਾਰਾਂ ਨੂੰ ਇਸ ਵਾਰੀ ਵੱਡੀਆਂ ਉਮੀਦਾਂ ਹਨ। ਚੋਣਾਂ ਦੇ ਐਲਾਨ ਤੋਂ ਬਾਅਦ ਰਾਜਸਥਾਨ ਵਿਚ ਭੁੱਕੀ ਦੇ ਭਾਅ ਦੁੱਗਣੇ ਤੋਂ ਵੀ ਵੱਧ ਹੋ ਗਏ ਹਨ। ਪੰਜਾਬ ਤੇ ਹਰਿਆਣਾ ਵਿਚ ਜ਼ਿਆਦਾ ਪੋਸਤ ਰਾਜਸਥਾਨ ਵਿਚੋਂ ਹੀ ਸਪਲਾਈ ਹੁੰਦਾ ਹੈ।

ਪੰਜਾਬ ਦੀ ਹੱਦ ਨੇੜਲੇ ਭੁੱਕੀ ਦੇ ਠੇਕਿਆਂ 'ਤੇ ਇਕ ਹਫ਼ਤੇ ਵਿਚ ਪ੍ਰਤੀ ਕਿਲੋ ਪੋਸਤ ਦੀ ਕੀਮਤ ਵਿਚ 400 ਤੋਂ 700 ਰੁਪਏ ਦਾ ਵਾਧਾ ਹੋ ਗਿਆ ਹੈ ਜਦੋਂ ਕਿ ਪੰਜਾਬ ਤੋਂ ਦੂਰ ਪੈਂਦੇ ਠੇਕਿਆਂ 'ਤੇ ਕੀਮਤ ਵਿਚ ਤਿੰਨ ਸੌ ਤੋਂ ਪੰਜ ਸੌ ਰੁਪਏ ਦਾ ਵਾਧਾ ਹੋਇਆ ਹੈ। ਜ਼ਿਲ੍ਹਾ ਬੀਕਾਨੇਰ ਦੇ ਪਿੰਡ ਅਰਜਨਸਰ ਦੇ ਠੇਕੇ ਬਾਹਰ ਭੁੱਕੀ ਦਾ ਭਾਅ 27 ਫਰਵਰੀ ਤੋਂ 1000 ਰੁਪਏ ਪ੍ਰਤੀ ਕਿਲੋ ਹੋਣ ਦਾ ਬੋਰਡ ਲੱਗਾ ਹੈ। ਪੰਜਾਬ ਦੇ ਮਾਲਵਾ ਖ਼ਿੱਤੇ ਵਿਚ ਪੋਸਤ ਦੀ ਖਪਤ ਜ਼ਿਆਦਾ ਹੈ।




ਪੰਜਾਬ ਵਿਚ ਪਰਚੂਨ ਵਿਚ ਭੁੱਕੀ ਦੀ ਕੀਮਤ ਹੁਣ 1700 ਰੁਪਏ ਤੋਂ ਉਪਰ ਚਲੀ ਗਈ ਹੈ। ਰਾਜਸਥਾਨ ਸਰਕਾਰ ਵੱਲੋਂ ਪੋਸਤ ਦੀ ਸਰਕਾਰੀ ਕੀਮਤ 500 ਰੁਪਏ ਪ੍ਰਤੀ ਕਿਲੋ ਤੈਅ ਕੀਤੀ ਹੋਈ ਹੈ ਜਦੋਂ ਕਿ ਠੇਕੇਦਾਰ ਭੁੱਕੀ ਪਹਿਲਾਂ ਹੀ 700 ਰੁਪਏ ਪ੍ਰਤੀ ਕਿਲੋ ਵੇਚ ਰਹੇ ਸਨ।

ਇਸ ਬਾਰੇ ਠੇਕੇਦਾਰਾਂ ਦਾ ਕਹਿਣਾ ਹੈ ਕਿ ਹੁਣ ਚੋਣਾਂ ਦਾ ਮੌਸਮ ਹੈ, ਜਿਸ ਕਾਰਨ ਪੰਜਾਬ ਤੇ ਹਰਿਆਣਾ ਵਿਚ ਭੁੱਕੀ ਦੀ ਮੰਗ ਵਧ ਗਈ ਹੈ।

ਅਰਜਨਸਰ ਦੇ ਭੁੱਕੀ ਦੇ ਠੇਕੇ ਤੋਂ ਜ਼ਿਆਦਾ ਸਪਲਾਈ ਟਰੱਕਾਂ ਵਾਲੇ ਲੈਂਦੇ ਹਨ। ਇਥੇ ਭੁੱਕੀ ਦੀ ਕੀਮਤ 700 ਤੋਂ 1000 ਰੁਪਏ ਪ੍ਰਤੀ ਕਿਲੋ ਹੋ ਗਈ ਹੈ। ਅਬੋਹਰ ਨੇੜਲੇ ਰਾਜਸਥਾਨੀ ਮਾਲਾ ਰਾਮਪੁਰਾ ਠੇਕੇ 'ਤੇ ਭੁੱਕੀ 1200 ਰੁਪਏ ਮਿਲਣ ਲੱਗੀ ਹੈ ਜਦੋਂ ਕਿ ਹਲਕਾ ਲੰਬੀ ਨਾਲ ਲੱਗਦੇ ਹਰੀਪੁਰਾ ਦੇ ਭੁੱਕੀ ਦੇ ਠੇਕੇ 'ਤੇ ਕੀਮਤ 1400 ਰੁਪਏ ਪ੍ਰਤੀ ਕਿਲੋ ਤੱਕ ਪੁੱਜ ਗਈ ਹੈ। ਸੰਗਰੀਆ ਠੇਕੇ 'ਤੇ ਭੁੱਕੀ 1300 ਰੁਪਏ ਪ੍ਰਤੀ ਕਿਲੋ ਹੋ ਗਈ ਹੈ।

ਠੇਕੇਦਾਰਾਂ ਨੇ ਦੱਸਿਆ ਕਿ ਪਹਿਲੀ ਅਪਰੈਲ ਤੋਂ ਨਵੀਆਂ ਫਰਮਾਂ ਕੋਲ ਕਾਰੋਬਾਰ ਆ ਜਾਣਾ ਹੈ ਤੇ ਉਪਰੋਂ ਚੋਣਾਂ ਹਨ ਜਿਸ ਕਰਕੇ ਪੋਸਤ ਦੇ ਭਾਅ ਇਕ ਦਮ ਵਧੇ ਹਨ। ਵੱਡੇ ਤਸਕਰਾਂ ਵੱਲੋਂ ਚੋਣਾਂ ਵਿਚ ਖਾਸ ਕਰਕੇ ਮਾਲਵਾ ਖ਼ਿੱਤੇ ਦੇ ਪਿੰਡਾਂ ਵਿਚ ਭੁੱਕੀ ਦੀਆਂ ਖੇਪਾਂ ਭੇਜੀਆਂ ਜਾਂਦੀਆਂ ਹਨ ਤਾਂ ਜੋ ਵੋਟਰ ਨੂੰ ਨਸ਼ੇ ਵੰਡੇ ਜਾ ਸਕਣ। ਆਗੂਆਂ ਵੱਲੋਂ ਕੁਰਸੀ ਖਾਤਰ ਹਰ ਤਰ੍ਹਾਂ ਦੇ ਹੱਥ-ਕੰਡੇ ਵਰਤੇ ਜਾਂਦੇ ਹਨ।

ਇਨ੍ਹਾਂ ਦਿਨਾਂ ਵਿਚ ਪੰਜਾਬ ਤੋਂ ਵੱਡੀ ਗਿਣਤੀ ਵਿਚ ਕੰਬਾਇਨਾਂ ਤੇ ਰੀਪਰ ਗੁਜਰਾਤ ਤੇ ਮੱਧ ਪ੍ਰਦੇਸ਼ ਵਿਚ ਫਸਲ ਦੀ ਕਟਾਈ ਵਾਸਤੇ ਜਾ ਰਹੇ ਹਨ। ਜਿਧਰ ਦੀ ਇਹ ਲੰਘਦੇ ਹਨ, ਉਨ੍ਹਾਂ ਸੜਕਾਂ 'ਤੇ ਪੈਂਦੇ ਠੇਕਿਆਂ 'ਤੇ ਭੁੱਕੀ ਦੀ ਸੇਲ ਵੱਧ ਗਈ ਹੈ। ਰਾਜਸਥਾਨ ਵਿਚ ਦੋ ਵਰ੍ਹਿਆਂ ਵਿਚ 160 ਕਰੋੜ ਰੁਪਏ ਦੀ ਭੁੱਕੀ ਦੀ ਗ਼ੈਰਕਾਨੂੰਨੀ ਵਿਕਰੀ ਹੋਈ ਹੈ, ਜਿਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਵੀ ਰਗੜਾ ਲੱਗਾ ਹੈ।

ਰਾਜਸਥਾਨ ਦੀ ਅਸੈਂਬਲੀ ਵਿਚ 27 ਅਗਸਤ, 2013 ਨੂੰ ਪੇਸ਼ ਹੋਈ ਆਡਿਟ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਹੈ। ਨਿਯਮਾਂ ਮੁਤਾਬਕ ਠੇਕਿਆਂ ਤੋਂ ਭੁੱਕੀ ਦੀ ਸਪਲਾਈ ਸਿਰਫ਼ ਰਾਜਸਥਾਨ ਦੇ ਕਾਰਡ ਹੋਲਡਰਾਂ ਨੂੰ ਹੋ ਸਕਦੀ ਹੈ, ਜਿਨ੍ਹਾਂ ਦੀ ਗਿਣਤੀ ਤਕਰੀਬਨ 22 ਹਜ਼ਾਰ ਹੈ ਪਰ ਜ਼ਿਆਦਾ ਪੋਸਤ ਦੋ ਨੰਬਰ ਵਿਚ ਵੇਚ ਦਿੱਤਾ ਜਾਂਦਾ ਹੈ। ਲਾਇਸੈਂਸੀ ਕਾਸ਼ਤਕਾਰਾਂ ਤੋਂ ਠੇਕੇਦਾਰ ਭੁੱਕੀ 129 ਰੁਪਏ (ਸਰਕਾਰੀ ਭਾਅ) ਵਿਚ ਖਰੀਦ ਸਕਦੇ ਹਨ ਅਤੇ ਪੰਜ ਸੌ ਰੁਪਏ ਪ੍ਰਤੀ ਕਿਲੋ ਵੇਚ ਸਕਦੇ ਹਨ।

ਉਧਰ ਪੰਜਾਬ ਪੁਲਿਸ ਦਾ ਦਾਅਵਾ ਹੈ ਕਿ ਚੋਣਾਂ ਦੇ ਮੱਦੇਨਜ਼ਰ ਹਰਿਆਣਾ ਤੇ ਰਾਜਸਥਾਨ ਦੀਆਂ ਹੱਦਾਂ 'ਤੇ ਵਿਸ਼ੇਸ਼ ਨਾਕੇਬੰਦੀ ਕੀਤੀ ਜਾ ਰਹੀ ਹੈ ਤਾਂ ਜੋ ਹੋਰ ਸੂਬਿਆਂ ਤੋਂ ਨਸ਼ਿਆਂ ਦੀ ਸਪਲਾਈ ਰੋਕੀ ਜਾ ਸਕੇ। ਰਾਜਸਥਾਨ ਵਿਚੋਂ ਨਸ਼ਿਆਂ ਦੀ ਤਸਕਰੀ ਰੋਕਣ ਵਾਸਤੇ ਪਿੰਡ ਕੰਦੂਖੇੜਾ ਵਿਚ ਪੱਕਾ ਪੁਲਿਸ ਨਾਕਾ ਲਾਇਆ ਗਿਆ ਹੈ।

# ਨਸ਼ਿਆਂ ਦੀ ਪੂਰਤੀ ਖਾਤਰ ਪਰਦੇਸੀ ਹੋ ਗਏ ਪੰਜਾਬ ਦੇ ਅਮਲੀ

**ਚੰਡੀਗੜ੍ਹ:** ਪੰਜਾਬ ਵਿਚ ਭੁੱਕੀ ਦੀ ਤੋਟ ਕਾਰਨ ਸੂਬੇ ਦੇ ਸੈਂਕੜੇ ਨਸ਼ਈਆਂ ਨੇ ਰਾਜਸਥਾਨ ਵਿਚ ਪੱਕੇ ਡੇਰੇ ਲਾਏ ਹੋਏ ਹਨ। ਰਾਜਸਥਾਨ ਦਾ ਹਨੂੰਮਾਨਗੜ੍ਹ ਜ਼ਿਲ੍ਹਾ ਅਮਲੀਆਂ ਦਾ ਕੈਂਪ ਬਣਿਆ ਹੋਇਆ ਹੈ। ਜ਼ਿਲ੍ਹਾ ਗੰਗਾਨਗਰ ਤੇ ਹਨੂੰਮਾਨਗੜ੍ਹ ਦੇ ਦਰਜਨਾਂ ਪਿੰਡਾਂ ਵਿਚ ਪੰਜਾਬੀ ਲੋਕ ਸਿਰਫ਼ ਭੁੱਕੀ ਪੋਸਤ ਕਰਕੇ ਰਹਿ ਰਹੇ ਹਨ। ਇਹ ਪੰਜਾਬੀ ਲੋਕ ਰਾਜਸਥਾਨੀ ਪਿੰਡਾਂ ਵਿਚ ਦਿਹਾੜੀਆਂ ਕਰਦੇ ਹਨ।

ਪੰਜਾਬ-ਰਾਜਸਥਾਨ ਸਰਹੱਦ 'ਤੇ ਪੈਂਦੇ ਹਰੀਪੁਰਾ ਪਿੰਡ ਵਿਚ ਦਰਜਨਾਂ ਪੰਜਾਬੀ ਠਹਿਰੇ ਹੋਏ ਹਨ। ਇਸ ਪਿੰਡ ਦੀ ਗਊਸ਼ਾਲਾ ਵਿਚ ਇਹ ਅਮਲੀ ਦਿਹਾੜੀ ਕਰਦੇ ਹਨ। ਇਥੇ ਡੇਰੇ ਲਾਈ ਬੈਠੇ ਕੁਝ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ 150 ਰੁਪਏ ਦਿਹਾੜੀ ਦੇ ਮਿਲਦੇ ਹਨ ਜਿਨ੍ਹਾਂ ਨਾਲ ਉਹ ਠੇਕੇ ਤੋਂ ਭੁੱਕੀ ਖਰੀਦ ਲੈਂਦੇ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਇਥੇ ਭੁੱਕੀ ਖੁੱਲ੍ਹੀ ਮਿਲਦੀ ਹੈ ਤੇ ਕੋਈ ਰੋਕ ਟੋਕ ਨਹੀਂ ਜਿਸ ਕਰਕੇ ਉਨ੍ਹਾਂ ਇਥੇ ਰਹਿਣਾ ਸ਼ੁਰੂ ਕਰ ਦਿੱਤਾ ਹੈ। ਉਹ ਪਿੱਛੇ ਆਪਣੇ ਪਰਿਵਾਰ ਨੂੰ ਕੁਝ ਪੈਸੇ ਵੀ ਭੇਜ ਦਿੰਦੇ ਹਨ। ਇਸ ਪਿੰਡ ਵਿਚ ਭੁੱਕੀ ਦਾ ਸਰਕਾਰੀ ਠੇਕਾ ਹੈ ਜਿਥੋਂ ਇਹ ਲੋਕ ਨਸ਼ਾ ਲੈਂਦੇ ਹਨ।

## ਸਸਤੇ ਨਸ਼ੇ ਲਈ ਰਾਜਸਥਾਨ 'ਚ ਲਾਏ ਡੇਰੇ



ਇਥੋਂ ਦੇ ਜੱਦੀ ਵਸਨੀਕਾਂ ਮੁਤਾਬਕ ਪੰਜਾਬ ਦੇ ਚਾਰ ਅਮਲੀ ਇਸ ਪਿੰਡ ਵਿਚ ਆਪਣੀ ਜਾਨ ਵੀ ਗੁਆ ਬੈਠੇ ਹਨ। ਪਿੰਡ ਦੇ ਲੋਕਾਂ ਨੇ ਹੀ ਉਨ੍ਹਾਂ ਦਾ ਸਸਕਾਰ ਕੀਤਾ ਹੈ। ਹਾਲੇ 20 ਦਿਨ ਪਹਿਲਾਂ ਹੀ ਪੰਜਾਬ ਦੇ ਇਕ ਅਮਲੀ ਦਾ ਸਸਕਾਰ ਪਿੰਡ ਵਾਲਿਆਂ ਨੇ ਕੀਤਾ ਹੈ। ਇਸ ਪਿੰਡ ਦੇ ਗੁਰੂ ਘਰ ਵਿਚ ਵੀ ਕਈ ਅਮਲੀ ਪੱਕੇ ਠਹਿਰੇ ਹੋਏ ਹਨ। ਇਹ ਅਮਲੀ ਪਿੰਡ ਵਿਚੋਂ ਡਾਲੀ ਮੰਗ ਕੇ ਲਿਆਉਂਦੇ ਹਨ। ਨਾਲ ਹੀ ਪੈਂਦੇ ਪਿੰਡ ਢਾਬਾਂ ਵਿਚ ਵੀ ਕਈ ਅਮਲੀ ਰਹਿ ਰਹੇ ਹਨ। ਪਿੰਡ ਢਾਬਾਂ ਵਿਚ ਵੀ ਭੁੱਕੀ ਦਾ ਠੇਕਾ ਹੈ।

ਸੰਗਰੀਆਂ ਮੰਡੀ ਵਿਚ ਤਾਂ ਦਰਜਨਾਂ ਪੰਜਾਬੀ ਪੱਕੇ ਰਹਿ ਰਹੇ ਹਨ। ਇਸ ਮੰਡੀ ਦੇ ਭੁੱਕੀ ਦੇ ਠੇਕੇ 'ਤੇ ਮਿਲੇ ਦੋ ਅਮਲੀਆਂ ਨੇ ਆਪਣਾ ਪਤਾ ਟਿਕਾਣਾ ਤਾਂ ਨਹੀਂ ਦੱਸਿਆ ਪਰ ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ ਚੰਗੀ ਪੈਲੀ ਸੀ ਜੋ ਨਸ਼ਿਆਂ ਵਿਚ ਹੀ ਚਲੀ ਗਈ ਹੈ। ਉਹ ਸੰਗਰੀਆਂ ਵਿਚ ਛੋਟਾ-ਮੋਟਾ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਰਾਜਸਥਾਨ ਦੇ ਸਾਦੁਲ ਸ਼ਹਿਰ ਤੇ ਪਿੰਡ ਮਾਲਾ ਰਾਮਪੁਰਾ ਵਿਚ ਵੀ ਕਾਫ਼ੀ ਪੰਜਾਬੀ ਲੋਕ ਪੱਕੇ ਤੌਰ 'ਤੇ ਵੀ ਰਹਿ ਰਹੇ ਹਨ।

ਪੰਜਾਬ ਰਾਜਸਥਾਨ ਹੱਦ 'ਤੇ ਪੈਂਦੇ ਮੁਕਤਸਰ ਜ਼ਿਲ੍ਹੇ ਦੇ ਪਿੰਡ ਕੰਦੂਖੇੜਾ ਦੇ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਦੇ ਖੇਤ ਤਾਂ ਅਮਲੀਆਂ ਦਾ ਲਾਂਘਾ ਬਣੇ ਹੋਏ ਹਨ ਜਿਸ ਕਰਕੇ ਫਸਲਾਂ ਦਾ ਨੁਕਸਾਨ ਵੀ ਹੁੰਦਾ ਹੈ। ਭੁੱਕੀ ਖਾਤਰ ਬਹੁਤੇ ਰਾਜਸਥਾਨੀ ਪਿੰਡਾਂ ਵਿਚ ਪੰਜਾਬ ਦੇ ਇਹ ਲੋਕ ਵੱਸ ਗਏ ਹਨ ਜਿਨ੍ਹਾਂ ਕਰਕੇ ਭੁੱਕੀ ਦੇ ਠੇਕੇਦਾਰਾਂ ਨੂੰ ਚੰਗੀ ਕਮਾਈ ਵੀ ਹੋ ਰਹੀ ਹੈ ਕਿਉਂਕਿ ਇਹ ਪੰਜਾਬੀ ਲੋਕ ਉਨ੍ਹਾਂ ਦੇ ਪੱਕੇ ਗਾਹਕ ਹਨ। ਪੀਲੀਆਂ ਬੰਗਾਂ ਵਿਚ ਭੁੱਕੀ ਦੇ ਠੇਕੇ ਦੇ ਆਸ-ਪਾਸ ਪੈਂਦੇ ਕਈ ਢਾਬਿਆਂ 'ਤੇ ਪੰਜਾਬ ਦੇ ਅਮਲੀ ਵੀ ਮਜ਼ਦੂਰੀ ਕਰ ਰਹੇ ਹਨ।

## ਭਾਰਤ ਚੰਦਰੇ ਗੁਆਂਢੀਆਂ ਤੋਂ ਦੁਖੀ

ਵਿਆਨਾ: ਗੁਆਂਢੀ ਮੁਲਕਾਂ ਵਿਚ ਅਫ਼ੀਮ ਤੇ ਡੋਡਿਆਂ ਦੀ ਪੈਦਾਵਾਰ ਹੱਦੋਂ ਵਧਣ ਕਾਰਨ ਭਾਰਤ ਕਾਫੀ ਫਿਕਰਮੰਦ ਹੈ। ਵਿੱਤ ਤੇ ਮਾਲੀਆ ਸਕੱਤਰ ਸੁਮਿਤ ਬੋਸ ਨੇ ਸੰਯੁਕਤ ਰਾਸ਼ਟਰ ਦਫ਼ਤਰ ਵਿਚ ਨਾਰਕੋਟਿਕ ਡਰੱਗਸ ਕਮਿਸ਼ਨ ਦੇ 57ਵੇਂ ਇਜਲਾਸ ਦੌਰਾਨ ਬੋਲਦਿਆਂ ਇਹ ਵਿਚਾਰ ਪ੍ਰਗਟਾਏ। ਉਨ੍ਹਾਂ ਕਿਹਾ ਕਿ ਭੂਗੋਲਿਕ ਪੱਖੋਂ ਭਾਰਤ ਅਫ਼ੀਮ ਤੇ ਹੈਰੋਇਨ ਦੀ ਗੈਰਕਾਨੂੰਨੀ ਪੈਦਾਵਾਰ ਕਰਨ ਵਾਲੇ ਦੋ ਮੁਲਕਾਂ ਵਿਚਕਾਰ ਫਸ ਗਿਆ ਹੈ ਤੇ ਨਸ਼ੇ ਦੀ ਤਸਕਰੀ ਲਈ ਭਾਰਤ ਨੂੰ ਜ਼ਰੀਆ ਬਣਾਉਣ ਦਾ ਮੁਲਕ 'ਤੇ ਅਸਰ ਪੈ ਰਿਹਾ ਹੈ।

ਸ੍ਰੀ ਬੋਸ ਨੇ ਕਿਹਾ ਕਿ ਨਸ਼ੇ ਦੀ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਭ ਤੋਂ ਵੱਡੀ ਚੁਣੌਤੀ ਦੇਸ਼ ਵਿਚ ਨਸ਼ੇੜੀਆਂ ਦੀ ਅਸਲ ਗਿਣਤੀ ਦਾ ਪਤਾ ਲਾਉਣਾ ਹੈ। ਨਸ਼ੇੜੀਆਂ ਦੇ ਇਲਾਜ ਲਈ ਢੁਕਵਾਂ ਪ੍ਰਬੰਧ ਕਰਨਾ ਦੂਜੀ ਸਭ ਤੋਂ ਵੱਡੀ ਚੁਣੌਤੀ ਹੈ। ਸੰਯੁਕਤ ਰਾਸ਼ਟਰ ਡਰੱਗ ਕੰਟਰੋਲ ਸਿਸਟਮ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਨਸ਼ੇ ਨਾਲ ਨਜਿੱਠਣ ਲਈ ਭਾਰਤ ਨੇ ਐਨ.ਡੀ.ਪੀ.ਐਸ ਨੂੰ ਲੈ ਕੇ ਕੌਮੀ ਨੀਤੀ ਬਣਾਈ ਹੈ। ਸੰਸਦ ਨੇ ਐਨ.ਡੀ.ਪੀ.ਐਸ ਐਕਟ, 1985 ਵਿਚ ਸੋਧਾਂ ਨੂੰ ਪ੍ਰਵਾਨਗੀ ਦੇ ਕੇ ਕਈ ਅੜਿੱਕਿਆਂ ਨੂੰ ਦੂਰ ਕੀਤਾ ਹੈ। ਸ੍ਰੀ ਬੋਸ ਨੇ ਨਸ਼ੀਲੇ ਪਦਾਰਥਾਂ ਲਈ ਆਨਲਾਈਨ ਨਿਗਰਾਨੀ ਢਾਂਚਾ ਵਿਕਸਤ ਕਰਨ ਜਿਹੇ ਉੱਦਮਾਂ ਬਾਰੇ ਜਾਣਕਾਰੀ ਦਿੱਤੀ। ਇਸ ਦੇ ਨਾਲ ਨਸ਼ੇ ਦੀ ਤਸਕਰੀ ਲਈ ਹਵਾਲਾ ਕਾਰੋਬਾਰ 'ਤੇ ਰੋਕ ਲਾਉਣ ਵਾਲੇ ਕਾਨੂੰਨ 'ਤੇ ਵੀ ਉਨ੍ਹਾਂ ਚਾਨਣਾ ਪਾਇਆ।

# ਬੀਮੇ ਦੀ ਰਕਮ ਹੜੱਪਣ ਲਈ ਰਚਿਆ ਸੜ ਕੇ ਮਰਨ ਦਾ ਡਰਾਮਾ

**ਅੰਮ੍ਰਿਤਸਰ:** ਜਨਵਰੀ ਮਹੀਨੇ ਵਿਚ ਮਾਨਾਵਾਲਾ ਨੇੜੇ ਕਾਰ ਵਿਚ ਸੜ ਕੇ ਮਰੇ ਦੋ ਵਿਅਕਤੀਆਂ ਦੇ ਜ਼ਿੰਦਾ ਹੋਣ ਦਾ ਖ਼ੁਲਾਸਾ ਹੋਣ 'ਤੇ ਪੁਲਿਸ ਨੇ ਕੇਸ ਦਰਜ ਕਰ ਲਿਆ। ਪੁਲਿਸ ਅਨੁਸਾਰ ਥਾਣਾ ਚਾਟੀਵਿੰਡ ਦੇ ਇਲਾਕੇ ਵਿਚ 22 ਜਨਵਰੀ ਨੂੰ ਕਾਰ ਵਿਚ ਦੋ ਆਦਮੀ ਜ਼ਿੰਦਾ ਸੜ ਗਏ ਸਨ। ਇਸ ਸਬੰਧੀ ਸੜ ਕੇ ਮਰਨ ਵਾਲਿਆਂ ਦੀਆਂ ਪਤਨੀਆਂ ਨੇ ਉਨ੍ਹਾਂ ਦੀ ਆਪਣੇ ਪਤੀਆਂ ਵਜੋਂ ਸ਼ਨਾਖਤ ਕਰਨ ਕਰਕੇ ਉਸ ਸਮੇਂ ਪੁਲਿਸ ਵੱਲੋਂ ਦਫ਼ਾ 174 ਤਹਿਤ ਕਾਰਵਾਈ ਅਮਲ ਵਿਚ ਲਿਆਂਦੀ ਗਈ ਸੀ।

ਹੁਣ ਖ਼ੁਲਾਸਾ ਹੋਇਆ ਹੈ ਕਿ ਇਹ ਸਾਰਾ ਡਰਾਮਾ ਬੀਮੇ ਦੀ ਰਕਮ ਹੜੱਪਣ ਦੇ ਇਰਾਦੇ ਨਾਲ ਕੀਤਾ ਗਿਆ ਸੀ। ਇਸ ਮਾਮਲੇ ਦੀ ਪੜਤਾਲ ਤੋਂ ਸਾਹਮਣੇ ਆਇਆ ਕਿ ਮ੍ਰਿਤਕ ਦੱਸੇ ਜਾਂਦੇ ਸੁਰਿੰਦਰ ਸਿੰਘ ਤੇ ਸਾਹਿਬ ਸਿੰਘ ਜ਼ਿੰਦਾ ਹਨ ਤੇ ਉਹ ਵੱਖ-ਵੱਖ ਨਾਵਾਂ 'ਤੇ ਰਹਿ ਰਹੇ ਹਨ। ਪੁਲਿਸ ਨੇ ਸਾਹਿਬ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਸ ਤੋਂ ਕੀਤੀ ਪੁੱਛਗਿੱਛ ਤੋਂ ਬਾਅਦ ਉਕਤ ਸਾਜ਼ਿਸ਼ ਵਿਚ ਸ਼ਾਮਲ ਸੁਰਿੰਦਰ ਸਿੰਘ ਉਕਤ ਦੀ ਪਤਨੀ ਜਸਬੀਰ ਕੌਰ, ਲੜਕਾ ਸੁਖਚੈਨ ਸਿੰਘ, ਨੂੰਹ ਸਰਬਜੀਤ ਕੌਰ ਪਤਨੀ ਸੁਖਚੈਨ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਕੁਝ ਬੀਮਾ ਪਾਲਸੀਆਂ ਦੇ ਅਸਲ ਦਸਤਾਵੇਜ਼ ਤੇ ਵਾਰਦਾਤ ਵਿਚ ਵਰਤੀ ਕਾਰ ਸਵਿੱਫਟ ਨੰਬਰ: ਪੀ.ਬੀ-02ਬੀ.ਪੀ.(ਟੈਂਪਰੇਰੀ) 3552 ਬਰਾਮਦ ਕੀਤੀ ਹੈ।




ਪੁਲਿਸ ਅਧਿਕਾਰੀ ਮੁਤਾਬਕ ਸੁਰਿੰਦਰ ਸਿੰਘ ਦੇ ਆਸਟਰੇਲੀਆ ਰਹਿੰਦੇ ਲੜਕਿਆਂ ਨੂੰ ਕੇਸ ਵਿਚ ਗ੍ਰਿਫਤਾਰ ਕਰਨ ਲਈ ਜ਼ਾਬਤੇ ਅਨੁਸਾਰ ਕਾਨੂੰਨੀ ਪ੍ਰਕਿਰਿਆ ਅਮਲ ਵਿਚ ਲਿਆਂਦੀ ਜਾਵੇਗੀ। ਪੁਲਿਸ ਨੂੰ ਸੂਹ ਮਿਲੀ ਸੀ ਕਿ ਉਦੋਂ ਮਰੇ ਦੱਸੇ ਵਿਅਕਤੀ ਸੁਰਿੰਦਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ 167 ਰਾਣਾ ਗਾਰਡਨ ਮਕਬੂਲਪੁਰਾ ਅੰਮ੍ਰਿਤਸਰ ਤੇ ਸਾਹਿਬ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਭੁੱਲਰ ਹਾਲ ਵਾਸੀ ਪਿੰਡ ਮਾਹਲ ਦੇ ਨਾਵਾਂ 'ਤੇ ਵੱਖ-ਵੱਖ ਬੀਮਾ ਕੰਪਨੀਆਂ ਤੋਂ ਵੱਡੀਆਂ ਰਕਮਾਂ ਦੇ ਬੀਮੇ ਕੁਝ ਮਹੀਨੇ ਪਹਿਲਾਂ ਹੀ ਹੋਏ ਸਨ।

ਦੋਹਾਂ ਦੀਆਂ ਪਤਨੀਆਂ ਵੱਲੋਂ ਆਪਣੇ ਪਤੀਆਂ ਦੇ ਬੀਮੇ ਲੈਣ ਲਈ ਬੀਮਾ ਕੰਪਨੀਆਂ ਵਿਚ ਅਪਲਾਈ ਕੀਤਾ ਗਿਆ ਸੀ।। ਮਾਮਲਾ ਸ਼ੱਕੀ ਹੋਣ 'ਤੇ ਪੁਲਿਸ ਵੱਲੋਂ ਇਸ ਦੀ ਡੂੰਘਾਈ ਨਾਲ ਪੜਤਾਲ ਕਰਨ ਲਈ ਨਿਰਦੇਸ਼ ਦਿੱਤੇ ਗਏ। ਮੁਢਲੀ ਪੜਤਾਲ ਦੌਰਾਨ ਮਾਮਲੇ ਦੇ ਰੌਚਕ ਤੱਥ ਸਾਹਮਣੇ ਆਏ ਕਿ ਉਕਤ ਮਰੇ ਦੱਸੇ ਜਾਂਦੇ ਵਿਅਕਤੀਆਂ ਦੇ ਨਾਮ ਵੱਖ-ਵੱਖ ਬੀਮਾ ਕੰਪਨੀਆਂ ਤੋਂ ਜੋ ਬੀਮੇ ਕਰਵਾਏ ਗਏ ਸਨ, ਉਨ੍ਹਾਂ ਸਬੰਧੀ ਦੂਜੀਆਂ ਬੀਮਾ ਕੰਪਨੀਆਂ ਨੂੰ ਬਿਲਕੁਲ ਜਾਣਕਾਰੀ ਨਹੀਂ ਸੀ। ਬੀਮਾ ਕਰਾਉਣ ਸਮੇਂ ਉਦੋਂ ਸੁਰਿੰਦਰ ਸਿੰਘ ਤੇ ਸਾਹਿਬ ਸਿੰਘ ਨੇ ਆਪਣੇ ਇਕ ਕੰਪਨੀ ਤੋਂ ਕਰਵਾਏ ਬੀਮੇ ਦੀ ਜਾਣਕਾਰੀ ਦੂਜੀਆਂ ਬੀਮਾ ਕੰਪਨੀਆਂ ਨੂੰ ਨਹੀਂ ਦਿੱਤੀ ਸੀ।

ਪੜਤਾਲ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਸੁਰਿੰਦਰ ਸਿੰਘ ਦੀ ਸਿਰਫ ਮਕੈਨਿਕ ਵਜੋਂ ਇਕ ਦੁਕਾਨ ਹੈ ਤੇ ਉਸ ਦਾ ਹੋਰ ਕੋਈ ਕਮਾਈ ਦਾ ਸਾਧਨ ਨਹੀਂ ਹੈ। ਸਾਹਿਬ ਸਿੰਘ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਹੈ ਤੇ ਮਕੈਨਿਕ ਦਾ ਕੰਮ ਕਰਦਾ ਹੈ ਤੇ ਉਸ ਕੋਲ ਵੀ ਆਮਦਨੀ ਦੇ ਐਸੇ ਸਾਧਨ ਨਹੀਂ ਕਿ ਉਹ ਵੱਡੀਆਂ ਰਕਮਾਂ ਦੀਆਂ ਬੀਮਾ ਪਾਲਸੀਆਂ ਕਰਵਾ ਸਕਦਾ।। ਬੀਮਾ ਕੰਪਨੀਆਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਮੁਤਾਬਕ ਸੁਰਿੰਦਰ ਸਿੰਘ ਦੇ ਨਾਮ ਉੱਥੇ ਬੀਮਾ ਕੰਪਨੀਆਂ ਤੋਂ ਕਰੀਬ ਡੇਢ ਕਰੋੜ ਰੁਪਏ ਤੇ ਸਾਹਿਬ ਸਿੰਘ ਦੇ ਨਾਮ ਉੱਤੇ ਕਰੀਬ 26 ਲੱਖ ਰੁਪਏ ਦੀਆਂ ਪਾਲਸੀਆਂ ਹੋਣੀਆਂ ਪਾਈਆਂ ਗਈਆਂ।।

## ਮੁਲਜ਼ਮਾਂ ਨੇ ਇੰਜ ਘੜੀ ਤਰਕੀਬ

ਪੁਲਿਸ ਮੁਤਾਬਕ 21 ਜਨਵਰੀ ਨੂੰ ਸੁਰਿੰਦਰ ਸਿੰਘ ਨੇ ਆਪਣੇ ਦੋਸਤ ਨਿਸ਼ਾਨ ਸਿੰਘ ਤੇ ਸਾਹਿਬ ਸਿੰਘ ਦੀ ਮਦਦ ਨਾਲ ਦੋ ਮਜ਼ਦੂਰਾਂ ਨੂੰ ਆਪਣੀ ਗੱਡੀ ਬੀਟ ਨੰਬਰ: ਪੀ.ਬੀ-02ਸੀ.ਬੀ-1670 ਵਿਚ ਅਗਵਾ ਕਰਕੇ ਉਨ੍ਹਾਂ ਨੂੰ ਜ਼ਬਰਦਸਤੀ ਸ਼ਰਾਬ ਪਿਆ ਕੇ ਬੇਹੋਸ਼ ਕਰ ਦਿੱਤਾ। ਉਸੇ ਦਿਨ ਦੀ ਦਰਮਿਆਨੀ ਰਾਤ ਨੂੰ ਉਕਤ ਬੀਟ ਕਾਰ ਵਿਚ ਉਨ੍ਹਾਂ ਦਾ ਗਲਾ ਘੁੱਟ ਕੇ ਮਾਰ ਦਿੱਤਾ ਗਿਆ। ਮਜ਼ਦੂਰਾਂ ਨੂੰ ਮਾਰਨ ਤੋਂ ਬਾਅਦ ਉਨ੍ਹਾਂ ਦੀਆਂ ਲਾਸ਼ਾਂ ਨੂੰ ਕਾਰ ਦੀਆਂ ਅਗਲੀਆਂ ਸੀਟਾਂ 'ਤੇ ਟਿਕਾ ਕੇ ਗੱਡੀ ਨੂੰ ਅੰਮ੍ਰਿਤਸਰ ਤੋਂ ਜੀ.ਟੀ. ਰੋਡ ਜਲੰਧਰ ਉਪਰ ਨੇੜੇ ਪਿੰਗਲਵਾੜਾ ਮਾਨਾਵਾਲਾ ਖੜ੍ਹੀ ਕਰਕੇ ਪੈਟਰੋਲ ਪਾ ਕੇ ਅੱਗ ਲਾ ਦਿੱਤੀ। ਘਟਨਾ ਤੋਂ ਬਾਅਦ ਤਿੰਨੇ ਜਣੇ ਸਫਾਰੀ ਗੱਡੀ ਵਿਚ ਬੈਠ ਕੇ ਭੱਜ ਗਏ ਅਤੇ ਉਦੋਂ ਤੋਂ ਹੀ ਸੁਰਿੰਦਰ ਸਿੰਘ ਤੇ ਸਾਹਿਬ ਸਿੰਘ ਰੂਪੋਸ਼ ਚਲੇ ਆ ਰਹੇ ਹਨ।। ਇਨ੍ਹਾਂ ਵੱਲੋਂ ਕੀਤੇ ਕਤਲਾਂ ਸਬੰਧੀ ਸੁਰਿੰਦਰ ਸਿੰਘ ਦੀ ਪਤਨੀ ਜਸਬੀਰ ਕੌਰ, ਭਰਾ ਅਵਤਾਰ ਸਿੰਘ, ਭਾਣਜੇ ਰਣਜੀਤ ਸਿੰਘ ਉਰਫ ਬੱਬਾ ਪੁੱਤਰ ਗੁਰਦਿਆਲ ਸਿੰਘ ਵਾਸੀ ਗੱਗੋਬੂਹਾ ਤੇ ਪੁੱਤਰ ਦੇ ਸਾਲੇ ਸੁਰਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਬਨਵਾਲੀਪੁਰ ਨੇ ਸੁਰਿੰਦਰ ਸਿੰਘ ਨੂੰ ਸਹਿਯੋਗ ਦਿੱਤਾ। ਪੁਲਿਸ ਨੂੰ ਝੂਠੀ ਇਤਲਾਹ ਦੇ ਕੇ ਦੋਨਾਂ ਮਜ਼ਦੂਰਾਂ ਦੀਆਂ ਪੂਰੀ ਤਰ੍ਹਾਂ ਸੜ ਚੁੱਕੀਆਂ ਲਾਸ਼ਾਂ ਵਿਚੋਂ ਇਕ ਦੀ ਸ਼ਨਾਖਤ ਸੁਰਿੰਦਰ ਸਿੰਘ ਵਜੋਂ ਤੇ ਦੂਜੇ ਦੀ ਸਾਹਿਬ ਸਿੰਘ ਵਜੋਂ ਕਰਵਾ ਕੇ ਉਕਤ ਘਟਨਾ 'ਤੇ ਪਰਦਾ ਪਾ ਦਿੱਤਾ ਗਿਆ ਸੀ। ਪੁਲਿਸ ਅਧਿਕਾਰੀ ਮੁਤਾਬਕ ਦੋਸ਼ੀਆਂ ਵੱਲੋਂ ਕਾਰ ਵਿਚ ਸਾੜ ਕੇ ਮਾਰੇ ਗਏ ਵਿਅਕਤੀਆਂ ਦੀ ਸ਼ਨਾਖਤ ਲਈ ਵੀ ਉਪਰਾਲੇ ਕੀਤੇ ਜਾ ਰਹੇ ਹਨ।

# ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ

### ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਅੱਸੂ ਤੋਂ ਅਗਲਾ ਮਹੀਨਾ ਕੱਤਕ ਹੈ ਜੋ ਬਦਲਦੀ ਰੁੱਤ ਦਾ ਵੀ ਸੂਚਕ ਹੈ। ਇਸ ਮਹੀਨੇ ਸਉਣੀ ਦੀ ਫਸਲ ਦੀ ਵਾਢੀ ਅਤੇ ਹਾੜੀ ਦੀ ਬਿਜਾਈ ਸ਼ੁਰੂ ਹੋ ਜਾਂਦੀ ਹੈ। ਮੌਸਮ ਵੀ ਗਰਮੀ ਤੋਂ ਸਰਦੀ ਵਿਚ ਬਦਲਨਾ ਸ਼ੁਰੂ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਆਮ ਜੀਵਨ ਵਿਚੋਂ ਖਾਸ ਕਰਕੇ ਖੇਤੀ-ਬਾੜੀ ਵਿਚੋਂ ਦ੍ਰਿਸ਼ਟਾਂਤ ਲੈ ਕੇ ਆਪਣੇ ਜੀਵਨ-ਫਲਸਫੇ ਦਾ ਪ੍ਰਕਾਸ਼ਨ ਕੀਤਾ ਹੈ। ਜਿਵੇਂ ਕੱਤਕ ਦੇ ਮਹੀਨੇ ਕਿਸਾਨ ਨੂੰ ਆਪਣੀ ਕੀਤੀ ਹੋਈ ਕਿਰਤ ਦਾ ਫਲ ਮਿਲ ਜਾਂਦਾ ਹੈ, ਇਸੇ ਤਰ੍ਹਾਂ ਹਰ ਜੀਵ ਨੂੰ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਮਿਲ ਜਾਂਦਾ ਹੈ। ਆਪਣੇ ਕੀਤੇ ਹੋਏ ਚੰਗੇ ਕਰਮਾਂ ਕਰਕੇ ਜੋ ਮਨੁੱਖ ਅਕਾਲ ਪੁਰਖ ਨੂੰ ਪਿਆਰਾ ਲੱਗ ਜਾਂਦਾ ਹੈ, ਪਰਮਾਤਮਾ ਦੇ ਪ੍ਰੇਮ ਨੂੰ ਪਾਉਣ ਵਿਚ ਸਫਲ ਹੋ ਜਾਂਦਾ ਹੈ, ਪ੍ਰਾਪਤ ਹੋਏ ਸਹਿਜ ਕਰਕੇ ਉਸ ਅੰਦਰ ਜੋ ਆਤਮਕ ਅਡੋਲਤਾ ਆ ਜਾਂਦੀ ਹੈ, ਉਸ ਨਾਲ ਉਸ ਅੰਦਰ ਸੋਝੀ ਦਾ ਦੀਵਾ ਜਗ ਪੈਂਦਾ ਹੈ, ਗਿਆਨ ਦਾ ਚਾਨਣ ਹੋ ਜਾਂਦਾ ਹੈ।

ਇਹ ਗਿਆਨ ਦਾ ਦੀਵਾ ਉਸ ਦੇ ਅੰਦਰ ਪਰਮਾਤਮਾ ਨਾਲ ਪੈਦਾ ਹੋਈ ਇੱਕਸੁਰਤਾ ਨੇ ਜਗਾਇਆ ਹੁੰਦਾ ਹੈ। ਜਿਸ ਮਨੁੱਖ ਦਾ ਅਕਾਲ ਪੁਰਖ ਨਾਲ ਮੇਲ ਹੋ ਜਾਂਦਾ ਹੈ ਉਸ ਅੰਦਰ ਆਤਮਕ ਅਨੰਦ ਪੈਦਾ ਹੁੰਦਾ ਹੈ, ਆਤਮਕ ਜੀਵਨ ਦੀ ਸੋਝੀ ਦੇਣ ਵਾਲੇ ਚਾਨਣ ਦੇ ਅਨੰਦ ਦਾ ਤੇਲ ਬਲ ਰਿਹਾ ਹੁੰਦਾ ਹੈ। ਅਜਿਹਾ ਜੀਵ ਪ੍ਰਭੂ ਮਿਲਾਪ ਦੇ ਉਤਸ਼ਾਹ ਵਿਚ ਆਤਮਕ ਅਨੰਦ ਮਾਣਦਾ ਹੈ। ਜਿਸ ਮਨੁੱਖ ਨੂੰ ਵਿਕਾਰਾਂ ਅਰਥਾਤ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਨੇ ਮਾਰ ਦਿੱਤਾ ਹੈ, ਉਸ ਮਨੁੱਖ ਦੀ ਆਤਮਕ ਮੌਤ ਹੋ ਜਾਂਦੀ ਹੈ ਅਤੇ ਉਹ ਜੀਵਨ-ਸਫ਼ਰ ਵਿਚ ਸਫ਼ਲ ਨਹੀਂ ਹੁੰਦਾ। ਪਰ ਜਿਸ ਜੀਵ ਦੇ ਮਨ ਨੂੰ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਨੇ ਵਿਕਾਰਾਂ ਵੱਲੋਂ ਮਾਰ ਦਿੱਤਾ ਹੈ ਉਹ ਮਨੁੱਖ ਵਿਕਾਰਾਂ ਤੋਂ ਬਚਿਆ ਰਹੇਗਾ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੂੰ ਅਕਾਲ ਪੁਰਖ ਆਪਣੇ ਨਾਮ ਦੀ ਦਾਤ ਬਖ਼ਸ਼ਿਸ਼ ਕਰ ਦਿੰਦਾ ਹੈ, ਆਪਣੀ ਭਗਤੀ ਵਿਚ ਲਾਉਂਦਾ ਹੈ, ਉਹ ਸਹਿਜ ਅਵਸਥਾ ਪ੍ਰਾਪਤ ਕਰ ਲੈਂਦੇ ਹਨ ਅਤੇ ਆਪਣੇ ਆਪੇ ਦਾ ਅਨੁਭਵ ਕਰਕੇ ਉਸ ਵਿਚ ਟਿਕੇ ਰਹਿੰਦੇ ਹਨ। ਉਨ੍ਹਾਂ ਅੰਦਰੋਂ ਹੋਰ ਹਰ ਤਰ੍ਹਾਂ ਦੀ ਭਟਕਣ ਖ਼ਤਮ ਹੋ ਜਾਂਦੀ ਹੈ ਅਤੇ ਅਕਾਲ ਪੁਰਖ ਨੂੰ ਮਿਲਣ ਦੀ ਤਾਂਘ ਬਣੀ ਰਹਿੰਦੀ ਹੈ। ਅਜਿਹੇ ਜੀਵ ਪਰਵਰਦਗਾਰ ਅੱਗੇ ਅਰਦਾਸ ਕਰਦੇ ਹਨ ਕਿ ਉਹ ਉਨ੍ਹਾਂ ਨੂੰ ਮਿਲੇ ਅਤੇ ਉਨ੍ਹਾਂ ਦੇ ਅੰਦਰੋਂ ਦਵੈਤ ਖ਼ਤਮ ਕਰ ਦੇਵੇ ਜੋ ਵਿਛੋੜੇ ਦਾ ਕਾਰਨ ਬਣਦੀ ਹੈ ਕਿਉਂਕਿ ਆਪਣੇ ਪ੍ਰਭੂ ਨਾਲੋਂ ਥੋੜ੍ਹੇ ਸਮੇਂ ਦਾ ਵਿਛੋੜਾ ਵੀ ਲੰਬਾ ਜਾਪਦਾ ਹੈ,

ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ॥
ਦੀਪਕੁ ਸਹਜਿ ਬਲੈ ਤਤਿ ਜਲਾਇਆ॥
ਦੀਪਕ ਰਸ ਤੇਲੋ ਧਨ ਪਿਰ ਮੇਲੋ
ਧਨ ਓਮਾਹੈ ਸਰਸੀ॥
ਅਵਗਣ ਮਾਰੀ ਮਰੈ ਨ ਸੀਝੈ
ਗੁਣਿ ਮਾਰੀ ਤਾ ਮਰਸੀ॥
ਨਾਮੁ ਭਗਤਿ ਦੇ ਨਿਜ ਘਰਿ ਬੈਠੇ
ਅਜਹੁ ਤਿਨਾੜੀ ਆਸਾ॥
ਨਾਨਕ ਮਿਲਹੁ ਕਪਟ ਦਰ ਖੋਲਹੁ
ਏਕ ਘੜੀ ਖਟੁ ਮਾਸਾ॥੧੨॥
(ਪੰਨਾ ੧੧੦੯)

ਅਗਲਾ ਮਹੀਨਾ ਮੱਘਰ ਦਾ ਹੈ ਜਦੋਂ ਸਰਦੀ ਦੀ ਰੁੱਤ ਆ ਜਾਂਦੀ ਹੈ, ਹਾੜੀ ਦੀ ਫਸਲ ਅਰਥਾਤ ਕਣਕ ਆਦਿ ਦੀ ਬਿਜਾਈ ਹੋ ਚੁੱਕੀ ਹੁੰਦੀ ਹੈ। ਮੱਘਰ ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਦਾ ਸਿਮਰਨ ਕਰਨ, ਉਸ ਦੇ ਗੁਣ ਗਾਉਣ ਵੱਲ ਸੰਕੇਤ ਕੀਤਾ ਹੈ। ਅਸਲੀ ਜੀਵਨ-ਰਸਤਾ ਉਹੀ ਹੈ ਜਦੋਂ ਮਨੁੱਖ ਅਕਾਲ ਪੁਰਖ ਦਾ ਸਿਮਰਨ ਕਰਦਿਆਂ ਜ਼ਿੰਦਗੀ ਦੇ ਸਾਰੇ ਕਾਰਜ ਕਰਦਾ ਹੈ।

ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਮੱਘਰ ਦਾ ਮਹੀਨਾ ਉਨ੍ਹਾਂ ਨੂੰ ਚੰਗਾ ਲੱਗਦਾ ਹੈ ਜਿਹੜੇ ਅਕਾਲ ਪੁਰਖ ਦੇ ਨਾਮ ਸਿਮਰਨ ਵਿਚ ਲੱਗੇ ਹੋਏ ਹਨ ਜਿਸ ਸਦਕਾ ਉਹ ਅਕਾਲ ਪੁਰਖ ਨੂੰ ਆਪਣੇ ਅੰਦਰ ਵੱਸਦਾ ਅਨੁਭਵ ਕਰ ਲੈਂਦੇ ਹਨ। ਇਹ ਅਨੁਭਵ ਗੁਣਵਾਨ, ਸਿਆਣੇ ਮਨੁੱਖਾਂ ਨੂੰ ਉਸ ਅਕਾਲ ਪੁਰਖ ਦੇ ਗੁਣ ਗਾਉਣ ਨਾਲ ਹੁੰਦਾ ਹੈ। ਇਹ ਸਾਰਾ ਸੰਸਾਰ ਚਲਾਇਮਾਨ ਹੈ, ਪਰ ਇੱਕ ਸਿਰਜਣਹਾਰ ਹੀ ਐਸੀ ਸ਼ਕਤੀ ਹੈ ਜੋ ਸਦੀਵੀ ਰਹਿਣ ਵਾਲੀ ਹੈ। ਉਹ ਅਕਾਲ ਪੁਰਖ ਚਤੁਰ, ਸਿਆਣਾ ਅਤੇ ਹਮੇਸ਼ਾ ਕਾਇਮ ਰਹਿਣ ਵਾਲੀ ਹਸਤੀ ਹੈ ਜੋ ਗੁਣਵਾਨ ਜੀਵਾਂ ਨੂੰ, ਜੋ ਉਸ ਦੇ ਗੁਣਾਂ ਨੂੰ ਯਾਦ ਕਰਦੇ ਰਹਿੰਦੇ ਹਨ, ਪਿਆਰਾ ਲੱਗਦਾ ਹੈ।

ਅਜਿਹੇ ਜੀਵਾਂ ਦੀ ਸਿਰਜਣਹਾਰ ਨਾਲ ਡੂੰਘੀ ਸਾਂਝ ਬਣ ਜਾਂਦੀ ਹੈ ਅਤੇ ਉਨ੍ਹਾਂ ਦੀ ਸੁਰਤਿ ਅਕਾਲ ਪੁਰਖ ਵਿਚ ਟਿਕੀ ਰਹਿੰਦੀ ਹੈ ਜਿਸ ਸਦਕਾ ਅਕਾਲ ਪੁਰਖ ਦੇ ਗੁਣ ਉਨ੍ਹਾਂ ਦੇ ਅੰਦਰ ਵੀ ਆ ਵੱਸਦੇ ਹਨ। ਅਕਾਲ ਪੁਰਖ ਦੀ ਰਜ਼ਾ ਵਿਚ ਇਹ ਵਰਤਾਰਾ ਉਨ੍ਹਾਂ ਮਨੁੱਖਾਂ ਨੂੰ ਚੰਗਾ ਲੱਗਣ ਲੱਗ ਪੈਂਦਾ ਹੈ। ਅਜਿਹੇ ਮਨੁੱਖਾਂ ਦੇ ਹੋਰ ਸਾਰੇ ਦੁੱਖ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਸੁਣ ਸੁਣ ਕੇ ਦੂਰ ਹੋ ਜਾਂਦੇ ਹਨ। ਗੁਰੂ ਨਾਨਕ ਕਹਿੰਦੇ ਹਨ ਕਿ ਅਜਿਹਾ ਜੀਵ ਆਪਣੀ ਪ੍ਰੇਮਾ-ਭਗਤੀ ਕਰਕੇ ਕਰਤਾ ਪੁਰਖ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ, ਉਹ ਆਪਣੇ ਦਿਲ ਦਾ ਪਿਆਰ ਅਕਾਲ ਪੁਰਖ ਅੱਗੇ ਭੇਟ ਕਰ ਦਿੰਦਾ ਹੈ,

ਮੰਘਰ ਮਾਹੁ ਭਲਾ
ਹਰਿ ਗੁਣ ਅੰਕਿ ਸਮਾਵਏ॥
ਗੁਣਵੰਤੀ ਗੁਣ ਰਵੈ
ਮੈ ਪਿਰੁ ਨਿਹਚਲੁ ਭਾਵਏ॥
ਨਿਹਚਲੁ ਚਤੁਰੁ ਸੁਜਾਣੁ ਬਿਧਾਤਾ
ਚੰਚਲੁ ਜਗਤੁ ਸਬਾਇਆ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ
ਪ੍ਰਭ ਭਾਣੇ ਤ ਭਾਇਆ॥
ਗੀਤ ਨਾਦ ਕਵਿਤ ਕਵੇ
ਸੁਣਿ ਰਾਮ ਨਾਮਿ ਦੁਖੁ ਭਾਗੈ॥
ਨਾਨਕ ਸਾਧਨ ਨਾਹ ਪਿਆਰੀ
ਅਭ ਭਗਤੀ ਪਿਰ ਆਗੈ॥੧੩॥
(ਪੰਨਾ ੧੧੦੯)

ਮੱਘਰ ਪਿੱਛੋਂ ਜਦੋਂ ਪੋਹ ਦਾ ਮਹੀਨਾ ਆਉਂਦਾ ਹੈ ਤਾਂ ਸਰਦੀ ਆਪਣੇ ਪੂਰੇ ਜੋਬਨ ਵਿਚ ਹੁੰਦੀ ਹੈ। ਇਸੇ ਦਾ ਵਰਣਨ ਗੁਰੂ ਸਾਹਿਬ ਕਰਦੇ ਹਨ ਕਿ ਪੋਹ ਦਾ ਮਹੀਨਾ ਆਉਣ ਨਾਲ ਸਰਦੀ ਵਧ ਜਾਂਦੀ ਹੈ ਅਤੇ ਕੱਕਰ (ਕੋਰਾ) ਪੈਣ ਲੱਗ ਪੈਂਦਾ ਹੈ ਜੋ ਹਰ ਤਰ੍ਹਾਂ ਦੀ ਬਨਸਪਤੀ ਦਾ ਰਸ ਸੋਖ ਲੈਂਦਾ ਹੈ। ਮਨੁੱਖ ਦੇ ਅੰਦਰੋਂ ਵੀ ਜਦੋਂ ਪਰਮਾਤਮਾ ਦੀ ਯਾਦ ਭੁੱਲ ਜਾਂਦੀ ਹੈ ਤਾਂ ਉਸ ਦੇ ਜੀਵਨ ਵਿਚੋਂ ਪ੍ਰੇਮ-ਰਸ ਸੁੱਕ ਜਾਂਦਾ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਹ ਮਨ, ਤਨ ਅਤੇ ਮੁੱਖ ਵਿਚ ਆ ਕੇ ਨਿਵਾਸ ਕਰੇ ਤਾਂ ਕਿ ਉਸ ਦਾ ਪ੍ਰੇਮ-ਰਸ ਜੀਵਨ ਨੂੰ ਹਰਿਆ ਭਰਿਆ ਬਣਾਈ ਰੱਖੇ।

ਬਾਣੀ ਅਨੁਸਾਰ ਜਿਸ ਮਨੁੱਖ ਦੇ ਮਨ ਅਤੇ ਤਨ ਵਿਚ ਉਹ ਅਕਾਲ ਪੁਰਖ ਆ ਕੇ ਨਿਵਾਸ ਕਰ ਲੈਂਦਾ ਹੈ ਜੋ ਸਾਰੇ ਸੰਸਾਰ ਦਾ ਆਸਰਾ ਹੈ, ਉਹ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਉਸ ਦੇ ਮਿਲਾਪ ਦਾ ਅਨੰਦ ਮਾਣਦਾ ਹੈ। ਉਸ ਨੂੰ ਸਾਰੇ ਸੰਸਾਰ ਵਿਚ, ਜੀਵਾਂ ਦੀਆਂ ਚਾਰੇ ਖਾਣੀਆਂ ਵਿਚ, ਹਰ ਜੀਵ ਅੰਦਰ ਉਸ ਅਕਾਲ ਪੁਰਖ ਦੀ ਜੋਤਿ ਦਾ ਅਨੁਭਵ ਹੁੰਦਾ ਹੈ, ਕਣ ਕਣ ਵਿਚ ਉਸ ਦੀ ਜੋਤਿ ਸਮਾਈ ਹੋਈ ਨਜ਼ਰ ਆਉਂਦੀ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹੋਏ ਦਰਸ਼ਨਾਂ ਦੀ ਤਾਂਘ ਪ੍ਰਗਟ ਕਰਦੇ ਹਨ, ਚੰਗੀ ਬੁੱਧ-ਮਤਿ, ਅਕਲ ਲਈ ਬੇਨਤੀ ਕਰਦੇ ਹਨ ਤਾਂ ਕਿ ਉਹ ਉਸ ਦੀ ਵਿਆਪਕਤਾ ਨੂੰ ਅਨੁਭਵ ਕਰਕੇ ਉਚੀ ਆਤਮਕ ਅਵਸਥਾ ਪ੍ਰਾਪਤ ਕਰ ਸਕਣ। ਉਹ ਫ਼ਰਮਾਉਂਦੇ ਹਨ ਕਿ ਜਿਸ ਮਨੁੱਖ ਦਾ ਪ੍ਰੇਮ ਸਿਰਜਣਹਾਰ ਨਾਲ ਬਣ ਜਾਂਦਾ ਹੈ, ਉਹ ਰੱਬ ਦਾ ਪ੍ਰੇਮੀ ਉਸ ਦੇ ਪ੍ਰੇਮ ਦੀ ਲਗਨ ਵਿਚ ਲੱਗਿਆ ਹੋਇਆ ਉਸ ਦੇ ਗੁਣਾਂ ਨੂੰ ਅਨੰਦ ਨਾਲ ਯਾਦ ਕਰਦਾ ਹੈ, ਆਤਮਕ ਅਨੰਦ ਪ੍ਰਾਪਤ ਕਰਦਾ ਹੈ,

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥
ਮਨਿ ਤਨਿ ਰਵਿ ਰਹਿਆ ਜਗਜੀਵਨੁ
ਗੁਰ ਸਬਦੀ ਰੰਗੁ ਮਾਣੀ॥
ਅੰਡਜ ਜੇਰਜ ਸੇਤਜ ਉਤਭੁਜ
ਘਟਿ ਘਟਿ ਜੋਤਿ ਸਮਾਣੀ॥
ਦਰਸਨੁ ਦੇਹੁ ਦਇਆਪਤਿ ਦਾਤੇ
ਗਤਿ ਪਾਵਉ ਮਤਿ ਦੇਹੋ॥
ਨਾਨਕ ਰੰਗਿ ਰਵੈ ਰਸਿ ਰਸੀਆ
ਹਰਿ ਸਿਉ ਪ੍ਰੀਤਿ ਸਨੇਹੋ॥੧੪॥
(ਪੰਨਾ ੧੧੦੯)

ਪੁਰਾਤਨ ਹਿੰਦੂ ਪਰੰਪਰਾ ਵਿਚ ਮਾਘ ਦੇ ਮਹੀਨੇ ਦਾਨ-ਪੁੰਨ, ਤੀਰਥ-ਇਸ਼ਨਾਨ ਕਰਨਾ ਪਵਿੱਤਰ ਸਮਝਿਆ ਜਾਂਦਾ ਹੈ। ਮੱਕਰ-ਸਕ੍ਰਾਂਤੀ ਤੇ ਪ੍ਰਯਾਗ ਆਦਿ ਤੀਰਥਾਂ 'ਤੇ ਜਾਣਾ ਅਤੇ ਇਸ਼ਨਾਨ ਕਰਨਾ ਸ਼ੁਭ ਕਰਮ ਮੰਨਿਆ ਜਾਂਦਾ ਹੈ। ਇਸੇ ਤੀਰਥ-ਇਸ਼ਨਾਨ ਦੇ ਦ੍ਰਿਸ਼ਟਾਂਤ ਰਾਹੀਂ ਗੁਰੂ ਨਾਨਕ ਆਪਣੇ ਅੰਤਰ-ਆਤਮੇ ਵਿਚ ਅਧਿਆਤਮਕ ਇਸ਼ਨਾਨ ਕਰਨ ਦੀ, ਆਪਣੇ ਅੰਦਰ ਦੇ ਤੀਰਥ ਨੂੰ, ਜਿੱਥੇ ਅਕਾਲ ਪੁਰਖ ਦਾ ਨਿਵਾਸ ਹੈ, ਪਛਾਣਨ ਦੀ ਗੱਲ ਕਰਦੇ ਹਨ। ਉਨ੍ਹਾਂ ਅਨੁਸਾਰ ਜੋ ਮਨੁੱਖ ਆਪਣੇ ਹਿਰਦੇ ਅੰਦਰਲੇ ਤੀਰਥ ਨੂੰ ਪਛਾਣ ਲੈਂਦਾ ਹੈ, ਉਹ ਪਵਿੱਤਰ ਹੋ ਜਾਂਦਾ ਹੈ। ਜੋ ਇਨਸਾਨ ਰੱਬੀ ਗੁਣਾਂ ਨੂੰ ਆਪਣੇ ਅੰਦਰ ਵਸਾ ਲੈਂਦਾ ਹੈ ਅਤੇ ਅਕਾਲ ਪੁਰਖ ਦੇ ਚਰਨਾਂ ਵਿਚ ਆਪਣੀ ਸੁਰਤ ਟਿਕਾ ਲੈਂਦਾ ਹੈ, ਉਹ ਸਹਿਜ ਅਵਸਥਾ ਪ੍ਰਾਪਤ ਕਰ ਲੈਂਦਾ ਹੈ, ਜਿੱਥੇ ਉਸ ਨੂੰ ਆਪਣਾ ਪਿਆਰਾ ਪ੍ਰੀਤਮ ਵਾਹਿਗੁਰੂ ਮਿਲ ਜਾਂਦਾ ਹੈ।

ਗੁਰੂ ਨਾਨਕ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਜੇ ਉਨ੍ਹਾਂ ਦੀ ਭਗਤੀ ਉਸ ਨੂੰ ਕਬੂਲ ਹੋ ਜਾਵੇ, ਉਸ ਦੀ ਸਿਫ਼ਤਿ-ਸਾਲਾਹ ਉਸ ਨੂੰ ਭਾਅ ਜਾਵੇ ਤਾਂ ਸਮਝਣਾ ਚਾਹੀਦਾ ਹੈ ਕਿ ਇਹ ਸਭ ਤੋਂ ਵੱਡਾ ਤੀਰਥ ਇਸ਼ਨਾਨ ਹੈ। ਉਸ ਅਕਾਲ ਪੁਰਖ ਦੇ ਚਰਨਾਂ ਵਿਚ ਲਿਵ ਲੱਗਣੀ, ਉਸ ਦੇ ਚਰਨਾਂ ਵਿਚ ਲੀਨ ਹੋ ਜਾਣਾ ਹੀ ਸਭ ਤੋਂ ਵੱਡਾ ਤ੍ਰਿਬੈਣੀ ਅਰਥਾਤ ਗੰਗਾ, ਜਮਨਾ ਅਤੇ ਸਰਸਵਤੀ ਦੇ ਮਿਲਾਪ ਵਾਲੀ ਥਾਂ ਦਾ ਤੀਰਥ-ਇਸ਼ਨਾਨ ਹੈ, ਸੱਤ ਸਮੁੰਦਰਾਂ ਦੇ ਸਮਾਏ ਹੋਣ ਦੀ ਥਾਂ ਹੈ। ਜਿਸ ਮਨੁੱਖ ਨੇ ਉਸ ਸਰਬ-ਵਿਆਪਕ ਅਕਾਲ ਪੁਰਖ, ਜੋ ਹਰ ਥਾਂ ਅਤੇ ਹਰ ਜੁਗ ਵਿਚ ਵਿਆਪਕ ਹੈ, ਦਾ ਅਨੁਭਵ ਕਰ ਲਿਆ ਹੈ, ਉਸ ਨੂੰ ਅੰਤਰ-ਆਤਮਾ ਵਿਚ ਵਸਾ ਲਿਆ ਹੈ, ਉਸ ਨੇ ਹਰ ਤਰ੍ਹਾਂ ਦੇ ਚੰਗੇ ਕਰਮ ਜਿਵੇਂ ਤੀਰਥ-ਇਸ਼ਨਾਨ, ਪੁੰਨ-ਦਾਨ ਅਤੇ ਪੂਜਾ ਪਾਠ ਕਰ ਲਿਆ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਸ ਮਨੁੱਖ ਨੇ ਅਕਾਲ ਪੁਰਖ ਦੇ ਨਾਮ ਸਿਮਰਨ ਰਾਹੀਂ ਉਸ ਦੇ ਨਾਮ ਦਾ ਰਸ ਪੀ ਲਿਆ ਹੈ, ਉਸ ਨੇ ਸਮਝ ਲਵੋ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ। ਕਹਿਣ ਤੋਂ ਭਾਵ ਹੈ ਕਿ ਲੋੜ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਦੀ ਨਹੀਂ ਬਲਕਿ ਆਪਣੇ ਅੰਦਰ ਪਰਮਾਤਮ-ਗੁਣਾਂ ਨੂੰ ਵਸਾ ਕੇ ਉਸ ਨੂੰ ਆਤਮ-ਸਾਤ ਕਰਨ ਦੀ ਹੈ,

ਮਾਘਿ ਪੁਨੀਤ ਭਈ
ਤੀਰਥੁ ਅੰਤਰਿ ਜਾਨਿਆ॥
ਸਾਜਨ ਸਹਜਿ ਮਿਲੇ
ਗੁਣ ਗਹਿ ਅੰਕਿ ਸਮਾਨਿਆ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ
ਤੁਧੁ ਭਾਵਾ ਸਰਿ ਨਾਵਾ॥
ਗੰਗ ਜਮੁਨ ਤਹ ਬੇਣੀ ਸੰਗਮ
ਸਾਤ ਸਮੁੰਦ ਸਮਾਵਾ॥
ਪੁੰਨ ਦਾਨ ਪੂਜਾ ਪਰਮੇਸੁਰ
ਜੁਗਿ ਜੁਗਿ ਏਕੋ ਜਾਤਾ॥
ਨਾਨਕ ਮਾਘਿ ਮਹਾ ਰਸੁ
ਹਰਿ ਜਪਿ ਅਠਸਠਿ ਤੀਰਥ ਨਾਤਾ॥੧੫॥

ਦੇਸੀ ਵਰ੍ਹੇ ਦਾ ਆਖ਼ਰੀ ਮਹੀਨਾ ਫੱਗਣ ਦਾ ਮਹੀਨਾ ਹੈ। ਇਹ ਕੜਾਕੇ ਦੀ ਸਰਦੀ ਤੋਂ ਬਾਅਦ ਮਿੱਠੇ, ਸੁਹਾਵਣੇ ਮੌਸਮ ਬਸੰਤ ਰੁੱਤ ਦਾ ਮਹੀਨਾ ਹੈ। ਇਸ ਮਹੀਨੇ ਫੁੱਲਾਂ ਦੀ ਬਹਾਰ ਆਈ ਹੁੰਦੀ ਹੈ। ਇਸੇ ਅਨੰਦ, ਖ਼ੁਸ਼ੀ, ਬਹਾਰ ਦੇ ਪ੍ਰਤੀਕਾਂ ਰਾਹੀਂ ਗੁਰੂ ਨਾਨਕ ਇਹ ਸਮਝਾਉਂਦੇ ਹਨ ਕਿ ਜਿਸ ਜੀਵ ਨੂੰ, ਅਕਾਲ ਪੁਰਖ ਨਾਲ ਪ੍ਰੇਮ ਹੈ, ਜਿਸ ਨੂੰ ਆਪਣੇ ਮਨ ਅੰਦਰ ਪਰਮਾਤਮਾ ਦਾ ਪ੍ਰੇਮ ਪਿਆਰਾ ਲੱਗਿਆ ਹੈ, ਚੰਗਾ ਅਤੇ ਮਿੱਠਾ ਲੱਗਿਆ ਹੈ ਉਸ ਦੇ ਮਨ ਅੰਦਰ ਹੀ ਅਸਲ ਅਨੰਦ ਪੈਦਾ ਹੋਇਆ ਹੈ, ਉਸ ਦੇ ਪ੍ਰੇਮ ਵਿਚੋਂ ਪੈਦਾ ਹੋਇਆ ਅਨੰਦ ਸਦੀਵੀ ਹੈ। ਜਿਸ ਨੇ ਆਪਣੇ ਅੰਦਰੋਂ ਆਪਾ-ਭਾਵ ਅਰਥਾਤ ਹਉਮੈ ਨੂੰ ਗੁਆ ਦਿੱਤਾ ਹੈ, ਉਹ ਮਨੁੱਖ ਸਦੀਵੀ ਅਨੰਦ ਦੀ ਪ੍ਰਾਪਤੀ ਕਰ ਲੈਂਦਾ ਹੈ, ਉਸ ਦੇ ਅੰਦਰ ਸਦਾ ਖੇੜਾ ਬਣਿਆ ਰਹਿੰਦਾ ਹੈ। ਇਸ ਹਉਂ ਨੂੰ ਦੂਰ ਕਰਨਾ ਸੌਖਾ ਕੰਮ ਨਹੀਂ ਹੈ। ਆਪਾ-ਭਾਵ ਮਨੁੱਖ ਅੰਦਰੋਂ ਉਦੋਂ ਦੂਰ ਹੁੰਦਾ ਹੈ ਜਦੋਂ ਅਕਾਲ ਪੁਰਖ ਦੀ ਮਿਹਰ ਮਨੁੱਖ ਉਤੇ ਹੁੰਦੀ ਹੈ ਤਾਂ ਉਹ ਆਪਣੇ ਅੰਦਰੋਂ ਮਾਇਆ-ਮੋਹ ਨੂੰ ਦੂਰ ਕਰਦਾ ਹੈ ਅਤੇ ਅਕਾਲ ਪੁਰਖ ਆਪਣੀ ਮਿਹਰ ਕਰਕੇ ਉਸ ਅੰਦਰ ਨਿਵਾਸ ਕਰਦਾ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਪਰਮਾਤਮਾ ਦੇ ਮਿਲਾਪ ਤੋਂ ਬਿਨਾਂ ਹੋਰ ਬਥੇਰੇ ਹਾਰ-ਸ਼ਿੰਗਾਰ ਕਰਕੇ ਦੇਖ ਲਏ ਅਰਥਾਤ ਕਰਮ-ਕਾਂਡ ਕਰ ਲਏ ਪਰ ਇਨ੍ਹਾਂ ਨਾਲ ਉਸ ਦੇ ਚਰਨਾਂ ਵਿਚ ਟਿਕਾਣਾ ਨਹੀਂ ਮਿਲਿਆ। ਜਿਸ ਉਤੇ ਅਕਾਲ ਪੁਰਖ ਦੀ ਮਿਹਰ ਹੋ ਜਾਵੇ ਅਤੇ ਜੀਵ ਉਸ ਦੇ ਦਰ 'ਤੇ ਮਨਜ਼ੂਰ ਹੋ ਜਾਵੇ ਤਾਂ ਉਸ ਵਿਚ ਹੀ ਸਾਰੇ ਹਾਰ-ਸ਼ਿੰਗਾਰ ਆ ਜਾਂਦੇ ਹਨ, ਉਸ ਨੂੰ ਆਪਣੇ ਅੰਦਰ ਹੀ ਪਰਮਾਤਮਾ ਮਿਲ ਜਾਂਦਾ ਹੈ,

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥
ਅਨਦਿਨੁ ਰਹਸੁ ਭਇਆ
ਆਪੁ ਗਵਾਇਆ॥
ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ
ਕਰਿ ਕਿਰਪਾ ਘਰਿ ਆਓ॥
ਬਹੁਤੇ ਵੇਸ ਕਰੀ ਪਿਰ ਬਾਝਹੁ
ਮਹਲੀ ਲਹਾ ਨ ਥਾਓ॥
ਹਾਰ ਡੋਰ ਰਸ ਪਾਟ ਪਟੰਬਰ
ਪਿਰਿ ਲੋੜੀ ਸੀਗਾਰੀ॥
ਨਾਨਕ ਮੇਲਿ ਲਈ ਗੁਰਿ ਅਪਣੈ
ਘਰਿ ਵਰੁ ਪਾਇਆ ਨਾਰੀ॥੧੬॥

ਆਖ਼ਰੀ ਤੁਕਾਂ ਵਿਚ ਗੁਰੂ ਨਾਨਕ ਦੇਵ ਦੱਸਦੇ ਹਨ ਕਿ ਉਸ ਮਨੁੱਖ ਲਈ ਜਿਸ ਨੇ ਆਪਣੇ ਅੰਦਰ ਪਰਮਾਤਮਾ ਨੂੰ ਅਨੁਭਵ ਕਰ ਲਿਆ ਅਤੇ ਸਹਿਜ ਅਵਸਥਾ ਵਿਚ ਆ ਗਿਆ ਹੈ, ਉਸ ਲਈ ਹਰ ਸਾਲ, ਮਹੀਨਾ, ਦਿਨ, ਘੜੀ, ਮਹੂਰਤ, ਸਾਰੇ ਪਲ ਸ਼ੁਭ ਅਤੇ ਸੁਲੱਖਣੇ ਹਨ। ਜਦੋਂ ਅਕਾਲ ਪੁਰਖ ਮਿਲ ਜਾਵੇ ਤਾਂ ਉਸ ਦੇ ਓਟ-ਆਸਰੇ ਸਾਰੇ ਕਾਰਜ ਰਾਸ ਆ ਜਾਂਦੇ ਹਨ।

ਗੁਰੂ ਸਾਹਿਬ ਆਖਦੇ ਹਨ, ਅਕਾਲ ਪੁਰਖ ਨੇ ਆਪ ਹੀ ਜੀਵ ਦੀ ਆਤਮਾ ਨੂੰ ਸੰਵਾਰਨਾ ਹੈ ਅਤੇ ਆਪ ਹੀ ਆਪਣਾ ਪ੍ਰੇਮ ਬਖ਼ਸ਼ਿਸ਼ ਕਰਨਾ ਹੈ। ਉਸ ਦੀ ਕਿਰਪਾ ਨਾਲ ਹੀ ਆਤਮਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੇ ਰਾਹੀਂ ਜਿਸ ਮਨੁੱਖ ਦੇ ਮੱਥੇ ਦੇ ਭਾਗ ਜਦੋਂ ਜਾਗ ਪੈਂਦੇ ਹਨ, ਅਕਾਲ ਪੁਰਖ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ ਅਤੇ ਉਸ ਦੀ ਹਿਰਦੇ-ਰੂਪੀ ਸੇਜ ਸੁੰਦਰ ਹੋ ਜਾਂਦੀ ਹੈ। ਅਜਿਹੇ ਵਡਭਾਗੇ ਮਨੁੱਖ ਨੂੰ ਅਕਾਲ ਪੁਰਖ ਦਿਨ-ਰਾਤ ਮਿਲਿਆ ਰਹਿੰਦਾ ਹੈ ਅਤੇ ਉਸ ਦਾ ਪਰਮਾਤਮਾ-ਰੂਪੀ ਸੁਹਾਗ ਸਦਾ ਬਣਿਆ ਰਹਿੰਦਾ ਹੈ,

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥
ਘੜੀ ਮੂਰਤ ਪਲ ਸਾਚੇ
ਆਏ ਸਹਜਿ ਮਿਲੇ॥
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ
ਕਰਤਾ ਸਭ ਬਿਧਿ ਜਾਣੈ॥
ਜਿਨਿ ਸੀਗਾਰੀ ਤਿਸਹਿ ਪਿਆਰੀ
ਮੇਲੁ ਭਇਆ ਰੰਗੁ ਮਾਣੈ॥
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ
ਗੁਰਮੁਖਿ ਮਸਤਕਿ ਭਾਗੋ॥
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ
ਹਰਿ ਵਰੁ ਥਿਰੁ ਸੋਹਾਗੋ॥੧੭॥੧॥
(ਪੰਨਾ ੧੧੦੯-੧੦)

## ਸਿਮਰਿ ਸਿਮਰਿ ਪ੍ਰਭ ਭਏ ਅਨੰਦਾ

### ਗੁਰਬਾਣੀ ਗਿਆਨ

**ਸੋਰਠਿ ਮਹਲਾ ੫**
ਸਿਮਰਿ ਸਿਮਰਿ ਪ੍ਰਭ ਭਏ ਅਨੰਦਾ
ਦੁਖ ਕਲੇਸ ਸਭਿ ਨਾਠੇ॥
ਗੁਨ ਗਾਵਤ ਧਿਆਵਤ ਪ੍ਰਭੁ ਅਪਨਾ
ਕਾਰਜ ਸਗਲੇ ਸਾਂਠੇ॥੧॥
ਜਗਜੀਵਨ ਨਾਮੁ ਤੁਮਾਰਾ॥
ਗੁਰ ਪੂਰੇ ਦੀਓ ਉਪਦੇਸਾ
ਜਪਿ ਭਉਜਲੁ ਪਾਰਿ ਉਤਾਰਾ॥ਰਹਾਉ॥
ਤੂਹੈ ਮੰਤ੍ਰੀ ਸੁਨਹਿ ਪ੍ਰਭ ਤੂਹੈ
ਸਭੁ ਕਿਛੁ ਕਰਣੈਹਾਰਾ॥
ਤੂ ਆਪੇ ਦਾਤਾ ਆਪੇ ਭੁਗਤਾ
ਕਿਆ ਇਹੁ ਜੰਤੁ ਵਿਚਾਰਾ॥੨॥
ਕਿਆ ਗੁਣ ਤੇਰੇ ਆਖਿ ਵਖਾਣੀ
ਕੀਮਤਿ ਕਹਣੁ ਨ ਜਾਈ॥
ਪੇਖਿ ਪੇਖਿ ਜੀਵੈ ਪ੍ਰਭੁ ਅਪਨਾ
ਅਚਰਜੁ ਤੁਮਹਿ ਵਡਾਈ॥੩॥
ਧਾਰਿ ਅਨੁਗ੍ਰਹੁ ਆਪਿ ਪ੍ਰਭ ਸ੍ਵਾਮੀ
ਪਤਿ ਮਤਿ ਕੀਨੀ ਪੂਰੀ॥
ਸਦਾ ਸਦਾ ਨਾਨਕ ਬਲਿਹਾਰੀ
ਬਾਛਉ ਸੰਤਾ ਧੂਰੀ॥੪॥

ਪੰਜਵੇਂ ਗੁਰਦੇਵ ਪਿਤਾ ਜੀ ਮਿਹਰਾਂ ਕਰਦੇ ਆਖ ਰਹੇ ਹਨ, ਹੇ ਮੇਰੇ ਮਿਹਰਵਾਨ ਪ੍ਰਭ ਜੀਉ! ਜੋ ਜੀਵ ਹਰ ਵੇਲੇ ਹੀ ਤੇਰੇ ਨਾਮ ਦਾ ਸਿਮਰਨ ਕਰਦੇ ਹਨ, ਉਹ ਸਦਾ ਲਈ ਹੀ ਅਨੰਦ-ਚਿਤ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਅੰਦਰੋਂ ਸਾਰੇ ਹੀ ਦੁਖ ਤੇ ਕਲੇਸ਼ ਦੂਰ ਦੌੜ ਜਾਂਦੇ ਹਨ; ਗੁਨ ਗਾਵਤ ਧਿਆਵਤ ਪ੍ਰਭੁ ਅਪਨਾ, ਹੇ ਭਾਈ! ਵੱਡੇ ਭਾਗਾਂ ਵਾਲੇ ਜੀਵ ਆਪਣੇ ਪ੍ਰੀਤਮ ਪ੍ਰਭੂ ਦੇ ਗੁਣਾਂ ਦਾ ਗਾਇਨ ਕਰ ਕਰ ਕੇ ਅਤੇ ਉਸ ਦਾ ਧਿਆਨ ਧਰ ਕੇ ਹੀ ਆਪਣੇ ਜੀਵਨ ਦੇ ਸਾਰੇ ਕੰਮ ਸਵਾਰ ਲੈਂਦੇ ਹਨ।

ਜਗਜੀਵਨ ਨਾਮੁ ਤੁਮਾਰਾ॥
ਗੁਰ ਪੂਰੇ ਦੀਓ ਉਪਦੇਸਾ
ਜਪਿ ਭਉਜਲੁ ਪਾਰਿ ਉਤਾਰਾ॥ਰਹਾਉ॥

ਰਹਾਉ ਦੀ ਪੰਕਤੀ ਵਿਚ ਸਤਿਗੁਰ ਜੀ ਆਖਦੇ ਹਨ, ਜਗਜੀਵਨ ਨਾਮੁ ਤੁਮਾਰਾ, ਹੇ ਮੇਰੇ ਸੋਹਣੇ ਪ੍ਰਭ ਜੀਉ! ਤੇਰਾ ਨਾਮ ਤਾਂ ਜਗਤ ਦੇ ਜੀਵਾਂ ਨੂੰ ਆਤਮਿਕ ਜੀਵਨ ਦੇਣ ਵਾਲਾ ਹੈ; ਗੁਰ ਪੂਰੇ ਦੀਓ ਉਪਦੇਸਾ, ਹੇ ਭਾਈ! ਸੁਣੋ! ਪੂਰੇ ਸਤਿਗੁਰ ਨੇ ਮਿਹਰ ਵਿਚ ਆ ਕੇ ਜਿਸ ਜੀਵ ਨੂੰ ਪ੍ਰਭੂ ਦੇ ਨਾਮ ਸਿਮਰਨ ਦਾ ਉਪਦੇਸ਼ ਦੇ ਦਿੱਤਾ; ਜਪਿ ਭਉਜਲ ਪਾਰਿ ਉਤਾਰਾ, ਤਾਂ ਫਿਰ ਉਹ ਵੱਡਭਾਗਾ ਜੀਵ ਪ੍ਰਭੂ ਦੇ ਨਾਮ ਨੂੰ ਜਪ ਕੇ, ਨਾਮ ਦਾ ਸਿਮਰਨ ਕਰ ਕੇ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਿਆ।

ਤੂਹੈ ਮੰਤ੍ਰੀ ਸੁਨਹਿ ਪ੍ਰਭ ਤੂਹੈ
ਸਭੁ ਕਿਛੁ ਕਰਣੈਹਾਰਾ॥
ਤੂ ਆਪੇ ਦਾਤਾ ਆਪੇ ਭੁਗਤਾ
ਕਿਆ ਇਹੁ ਜੰਤੁ ਵਿਚਾਰਾ॥੨॥

ਗੁਰਦੇਵ ਪ੍ਰਭ ਜੀ ਦੀ ਸਿਫ਼ਤ ਸਲਾਹ ਕਰਦੇ ਆਖ ਰਹੇ ਹਨ- ਤੁਹੈ ਮੰਤ੍ਰੀ ਸੁਨਹਿ ਪ੍ਰਭ ਤੁਹੈ, ਹੇ ਮਿਹਰਵਾਨ ਪ੍ਰਭ ਜੀਉ! ਤੂੰ ਆਪਣੇ ਅਟੱਲ ਰਾਜ ਦਾ ਆਪ ਹੀ ਸਲਾਹ ਦੇਣ ਵਾਲਾ ਮੰਤਰੀ ਹੈਂ ਅਤੇ ਆਪ ਹੀ ਸੁਣਨ ਵਾਲਾ ਹੈਂ; ਸਭੁ ਕਿਛੁ ਕਰਣੈਹਾਰਾ, ਪ੍ਰਭੂ ਆਪ ਹੀ ਤੂੰ ਸਭ ਕੁਝ ਕਰਨ ਕਰਾਵਣ ਵਾਲਾ ਹੈਂ; ਤੂ ਆਪੇ ਦਾਤਾ ਆਪੇ ਭੁਗਤਾ, ਪ੍ਰਭ ਜੀਉ! ਤੂੰ ਆਪ ਹੀ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈਂ ਅਤੇ ਆਪ ਹੀ ਦਾਤਾਂ ਨੂੰ ਭੋਗਣ ਵਾਲਾ ਭੀ ਹੈਂ। ਪ੍ਰਭੂ ਇਹ ਵਿਚਾਰਾ ਜੀਵ ਤਾਂ ਕੁਛ ਵੀ ਨਹੀਂ ਹੈ।

ਕਿਆ ਗੁਣ ਤੇਰੇ ਆਖਿ ਵਖਾਣੀ
ਕੀਮਤਿ ਕਹਣੁ ਨ ਜਾਈ॥
ਪੇਖਿ ਪੇਖਿ ਜੀਵੈ ਪ੍ਰਭੁ ਅਪਨਾ
ਅਚਰਜੁ ਤੁਮਹਿ ਵਡਾਈ॥੩॥

ਕਿਆ ਗੁਣ ਤੇਰੇ ਆਖਿ ਵਖਾਣੀ, ਹੇ ਮੇਰੇ ਸੰਸਾਰ ਦੇ ਰਚਨਹਾਰ ਸੁਆਮੀ! ਮੈਂ ਤੇਰੇ ਗੁਣਾਂ ਦਾ ਬਿਆਨ ਕਿਵੇਂ ਕਰ ਸਕਦਾ ਹਾਂ; ਕੀਮਤਿ ਕਹਣੁ ਨ ਜਾਈ, ਪ੍ਰਭ ਜੀਉ! ਭਲਾ ਤੇਰੀ ਮਹਾਨਤਾ ਦੀ ਕੀਮਤ ਕੋਈ ਕਿਵੇਂ ਦੱਸ ਸਕਦਾ ਹੈ, ਉਸ ਪ੍ਰਭੂ ਦੀ ਵਡਿਆਈ ਉਸ ਦਾ ਨਿਰਾਲਾਪਨ ਤੇ ਅਸਚਰਜਤਾ ਨਾਲ ਭਰਿਆ ਤੇ ਹੈਰਾਨ ਕਰ ਦੇਣ ਵਾਲਾ ਹੈ, ਪਰ ਵੱਡਭਾਗਾ ਜੀਵ ਪ੍ਰਭੂ ਦਾ ਦਰਸ਼ਨ ਕਰ ਕਰ ਕੇ ਹੀ ਜਿਉਂਦਾ ਹੈ ਅਤੇ ਉਸ ਨਾਲ ਹੀ ਜੁੜ ਜਾਂਦਾ ਹੈ।

ਧਾਰਿ ਅਨੁਗ੍ਰਹੁ ਆਪਿ ਪ੍ਰਭ ਸ੍ਵਾਮੀ
ਪਤਿ ਮਤਿ ਕੀਨੀ ਪੂਰੀ॥
ਸਦਾ ਸਦਾ ਨਾਨਕ ਬਲਿਹਾਰੀ
ਬਾਛਉ ਸੰਤਾ ਧੂਰੀ॥੪॥

ਧਾਰਿ ਅਨੁਗ੍ਰਹੁ ਆਪਿ ਪ੍ਰਭ ਸੁਆਮੀ, ਹੇ ਮੇਰੇ ਪ੍ਰਭ ਜੀਉ! ਮੇਰੇ ਸੁਆਮੀ ਜੀਉ!! ਤੂੰ ਆਪ ਹੀ ਜੀਵ ਉਤੇ ਮਿਹਰ ਕਰਦਾ ਹੈਂ; ਪਤਿ ਮਤਿ ਕੀਨੀ ਪੂਰੀ, ਤੂੰ ਜੀਵ ਨੂੰ ਮੱਤ ਵੀ ਦਿੰਦਾ ਹੈਂ, ਤੇ ਫਿਰ ਇਜ਼ਤ ਵੀ ਬਖ਼ਸ਼ਦਾ ਹੈਂ; ਸਦਾ ਸਦਾ ਨਾਨਕ ਬਲਿਹਾਰੀ, ਹੇ ਮੇਰੇ ਮਿਹਰਵਾਨ ਪ੍ਰਭ ਜੀਉ! ਇਹ ਨਾਨਕ ਤਾਂ ਆਪ ਜੀ ਤੋਂ ਸਦਾ ਸਦਾ ਹੀ ਕੁਰਬਾਨ ਜਾਂਦਾ ਹੈ, ਸਦਕੜੇ ਜਾਂਦਾ ਹੈ; ਬਾਛਉ ਸੰਤਾ ਧੂਰੀ, ਹੇ ਮੇਰੇ ਪ੍ਰਭ ਜੀਉ! ਮੈਂ ਤੇਰੇ ਦਰ ਤੋਂ ਸਦਾ ਹੀ ਤੇਰੇ ਪਿਆਰਿਆਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸਦਾ-ਜਵਾਨ ਸ਼ਹੀਦ ਭਗਤ ਸਿੰਘ

**ਸ਼ਹੀਦੀ ਦਿਨ 'ਤੇ ਵਿਸ਼ੇਸ਼**

ਮਨੁੱਖੀ ਮਨ ਦੀ ਇਕ ਗੱਲ ਬੜੀ ਅਨੋਖੀ ਹੈ। ਜੇ ਸਾਡਾ ਕੋਈ ਆਪਣਾ ਦੂਰ ਚਲਿਆ ਜਾਂਦਾ ਹੈ ਜਾਂ ਸਦੀਵੀ ਵਿਛੋੜਾ ਦੇ ਜਾਂਦਾ ਹੈ, ਸਾਡੇ ਮਨ ਵਿਚ ਉਹਦਾ ਵਿਛੜਨ ਵੇਲੇ ਦਾ ਰੂਪ ਹੀ ਉਕਰਿਆ ਰਹਿ ਜਾਂਦਾ ਹੈ। ਕਈ ਵਾਰ ਸਾਡਾ ਕੋਈ ਮਿੱਤਰ ਪਿਆਰਾ ਵੀਹ-ਤੀਹ ਸਾਲ ਮਗਰੋਂ ਅਚਾਨਕ ਮਿਲਦਾ ਹੈ ਤਾਂ ਅਸੀਂ ਉਹਦੇ ਕਾਲਿਉਂ ਚਿੱਟੇ ਹੋਏ ਵਾਲ ਦੇਖ ਕੇ ਹੈਰਾਨ ਹੁੰਦੇ ਹਾਂ, "ਉਇ ਕੀ ਹੋ ਗਿਆ ਬਈ ਤੈਨੂੰ?" ਮੈਂ ਇਹ ਗੱਲ ਇਸ ਪ੍ਰਸੰਗ ਵਿਚ ਕਹਿ ਰਿਹਾ ਹਾਂ ਕਿ ਅਸੀਂ



**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

ਕਦੀ ਨਹੀਂ ਸੋਚਿਆ, ਜੇ ਸਾਡਾ ਪਿਆਰਾ ਭਗਤ ਸਿੰਘ ਜੀਵਤ ਹੁੰਦਾ, ਅੱਜ ਉਹਦੀ ਉਮਰ ਦਾ 107ਵਾਂ ਸਾਲ ਵੀ ਅੱਧਾ ਲੰਘ ਗਿਆ ਹੁੰਦਾ! ਤੇ ਜੇ ਕੋਈ ਬਜ਼ੁਰਗ 107 ਸਾਲ ਦਾ ਹੋਵੇ, ਉਹਦੀ ਸਰੀਰਕ ਹਾਲਤ ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ। ਪਰ ਸਾਡੇ ਸਭ ਦੇ ਚੇਤਿਆਂ ਦੀਆਂ ਦੀਵਾਰਾਂ ਉਤੇ ਭਗਤ ਸਿੰਘ ਦੀ ਸਦੀਵੀ ਜਵਾਨ ਤਸਵੀਰ ਸਜੀ ਹੋਈ ਹੈ ਅਤੇ ਸਦਾ ਸਜੀ ਰਹੇਗੀ।

ਭਗਤ ਸਿੰਘ ਦੀ ਸੂਰਤ ਵਿਚ ਗੱਲ ਇਸ ਤੋਂ ਕੁਛ ਵਧੀਕ ਵੀ ਹੈ। ਇਹ ਠੀਕ ਹੈ ਕਿ ਉਹ ਸਾਡੇ ਕੋਲੋਂ ਜਾਣ ਸਮੇਂ 23 ਸਾਲ ਦਾ ਛੈਲ-ਛਬੀਲਾ ਗੱਭਰੂ ਸੀ ਪਰ ਉਹਦੀ ਜਵਾਨ ਯਾਦ ਦਾ ਕਾਰਨ ਸਿਰਫ਼ ਇਹੋ ਹੀ ਨਹੀਂ। ਉਹਦੀ ਜਵਾਨੀ ਇਸ ਤੱਥ ਨੇ ਵੀ ਸਦੀਵੀ ਬਣਾਈ ਕਿ ਉਹ ਸਿਰਫ਼ ਸਰੀਰੋਂ ਹੀ ਜਵਾਨ ਨਹੀਂ ਸੀ ਸਗੋਂ ਮਨੋਂ ਵੀ ਸਹੀ ਅਰਥਾਂ ਵਿਚ ਜਵਾਨ ਸੀ। ਉਹ ਜਵਾਨ ਮਨ ਦੇ ਸੁਫ਼ਨਿਆਂ, ਉਨ੍ਹਾਂ ਨੂੰ ਸਾਕਾਰ ਕਰਨ ਦੀਆਂ ਵਿਉਂਤਾਂ, ਇਨ੍ਹਾਂ ਵਿਉਂਤਾਂ ਨੂੰ ਅਮਲ ਵਿਚ ਲਿਆਉਣ ਵਾਲੇ ਉਤਸ਼ਾਹ ਤੇ ਜੋਸ਼ ਅਤੇ ਇਸ ਕਾਰਜ ਵਾਸਤੇ ਲੋੜੀਂਦੀ ਨਿਰਭੈਤਾ ਤੇ ਕੁਰਬਾਨੀ ਦੀ ਭਾਵਨਾ ਦਾ ਸਾਕਾਰ ਰੂਪ ਸੀ। ਜ਼ਰੂਰੀ ਨਹੀਂ, ਜਵਾਨ ਤਨ ਵਿਚ ਮਨ ਵੀ ਜਵਾਨ ਹੀ ਹੋਵੇ। ਅਸਲ ਜਵਾਨੀ ਭਗਤ ਸਿੰਘ ਵਾਂਗ ਤਨ ਦੀ ਜਵਾਨੀ ਅਤੇ ਮਨ ਦੀ ਜਵਾਨੀ ਦੇ ਸੁਮੇਲ ਨੂੰ ਹੀ ਕਿਹਾ ਜਾ ਸਕਦਾ ਹੈ।

ਭਾਰਤੀ ਮਿਥਿਹਾਸ ਵਿਚ ਅਮਰ-ਫਲ ਦਾ ਜ਼ਿਕਰ ਆਉਂਦਾ ਹੈ। ਉਹ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦਾ ਸੀ ਅਤੇ ਉਸ ਨੂੰ ਖਾ ਕੇ ਜਵਾਨ ਇਸਤਰੀ-ਪੁਰਸ਼ ਉਸੇ ਉਮਰ ਵਿਚ ਸਥਾਈ ਹੋ ਜਾਂਦੇ ਸਨ। ਸਾਡੇ ਮਨਾਂ ਵਿਚ ਵਸੇ ਹੋਏ ਭਗਤ ਸਿੰਘ ਦੇ ਸਦਾ-ਜਵਾਨ ਰੂਪ ਦਾ ਕਾਰਨ ਇਹ ਵੀ ਹੈ ਕਿ ਉਹ ਅਜਿਹਾ ਭਾਗਾਂ ਵਾਲਾ ਸੀ ਜੋ ਅਮਰ-ਫਲ ਪ੍ਰਾਪਤ ਕਰ ਸਕਿਆ ਅਤੇ ਸਦਾ ਵਾਸਤੇ ਜਵਾਨ ਬਣੇ ਰਹਿਣ ਦਾ ਵਰ ਲੈਣ ਵਿਚ ਸਫਲ ਹੋ ਗਿਆ। ਇਸ ਅਮਰ-ਫਲ ਦਾ ਮੁੱਲ ਬਹੁਤ ਭਾਰੀ ਸੀ ਜੋ ਜਾਨ ਦੀ ਕੁਰਬਾਨੀ ਦੇ ਕੇ ਤਾਰਨਾ ਪਿਆ। ਇਹ ਮੁੱਲ ਉਹਨੇ ਹੱਸ ਕੇ ਤਾਰਿਆ। ਇਕ ਸਵਾਲ ਅਕਸਰ ਪੁੱਛਿਆ ਜਾਂਦਾ ਹੈ। ਦੇਸ ਦੀ ਆਜ਼ਾਦੀ ਦੀ ਲੜਾਈ ਵਿਚ ਅਣਗਿਣਤ ਸੂਰਮੇ ਦੇਸ਼-ਭਗਤਾਂ ਨੇ ਭਾਰੀ ਕੁਰਬਾਨੀਆਂ ਕੀਤੀਆਂ, ਦੁਖਦਾਈ ਸਜ਼ਾਵਾਂ ਭੁਗਤੀਆਂ, ਤਸੀਹੇ ਝੱਲੇ ਅਤੇ ਉਨ੍ਹਾਂ ਵਿਚੋਂ ਅਨੇਕ ਸ਼ਹੀਦ ਵੀ ਹੋਏ। ਫੇਰ ਕੀ ਕਾਰਨ ਹੈ ਕਿ ਭਗਤ ਸਿੰਘ ਦਾ ਜਸ ਉਚ-ਦੁਮਾਲੜਾ ਹੈ?

ਇਸ ਦਾ ਕਾਰਨ ਉਹਦਾ ਸਿਰਫ਼ ਸ਼ਹੀਦ ਹੋਣਾ ਹੀ ਨਹੀਂ ਹੈ। ਉਹਦੀ ਸ਼ਖ਼ਸੀਅਤ ਦੇ ਅਨੇਕ ਪੱਖ ਸਨ ਜੋ ਆਪੋ ਆਪਣੀ ਥਾਂ ਮਹੱਤਵਪੂਰਨ ਸਨ। ਇਨ੍ਹਾਂ ਸਭ ਪੱਖਾਂ ਦਾ ਸੁਮੇਲ ਘੱਟ ਹੀ ਦੇਖਣ ਵਿਚ ਆਉਂਦਾ ਹੈ। ਮਿਸਾਲ ਵਜੋਂ, ਉਹਨੂੰ ਦੇਸ਼-ਭਗਤੀ ਦੀ ਸਿਖਿਆ-ਦੀਖਿਆ ਲੈਣ ਵਾਸਤੇ ਹੋਸ਼ਮੰਦ ਉਮਰ ਦਾ ਹੋਣ ਦੀ ਉਡੀਕ ਨਹੀਂ ਕਰਨੀ ਪਈ। ਇਹ ਜਜ਼ਬਾ ਤਾਂ ਉਹਦੇ ਲਹੂ ਵਿਚ ਘੁਲ ਕੇ ਉਹਦੇ ਨਾਲ ਹੀ ਜਨਮਿਆ ਸੀ। ਅਜਿਹਾ ਬਾਲ ਹੋਰ ਕੌਣ ਹੋਵੇਗਾ ਜਿਸ ਦੇ ਪਰਿਵਾਰ ਦੇ ਸਾਰੇ ਦੇ ਸਾਰੇ ਪੁਰਸ਼, ਉਹਦੇ ਪਿਤਾ ਕਿਸ਼ਨ ਸਿੰਘ ਅਤੇ 'ਪਗੜੀ ਸੰਭਾਲ ਜੱਟਾ' ਵਾਲਾ ਚਾਚਾ ਅਜੀਤ ਸਿੰਘ ਤੇ ਛੋਟਾ ਚਾਚਾ ਸਵਰਣ ਸਿੰਘ ਪੱਕੇ ਦੇਸ਼-ਭਗਤ ਹੋਣ ਅਤੇ ਉਹਦੇ ਜਨਮ ਵਾਲੇ ਦਿਨੀਂ ਅੰਗਰੇਜ਼ ਦੀ ਕੈਦ ਵਿਚੋਂ ਛੁੱਟ ਕੇ ਆਏ ਹੋਣ! ਜੇ ਮਿੱਟੀ ਵਿਚ ਉਂਗਲਾਂ ਦਾ ਹਲ਼ ਚਲਾ ਕੇ ਖੇਡ ਰਹੇ ਚਾਰ ਸਾਲ ਦੇ ਬਾਲ ਨੂੰ ਕੋਈ ਪੁੱਛੇ ਕਿ ਉਹ ਕੀ ਕਰ ਰਿਹਾ ਹੈ ਅਤੇ ਉਹ ਅੱਗੋਂ ਜਵਾਬ ਦੇਵੇ, "ਦਮੂਖਾਂ ਬੀਜ ਰਿਹਾ ਹਾਂ", ਉਹ ਬਾਲ ਸਿਰਫ਼ ਭਗਤ ਸਿੰਘ ਹੀ ਹੋ ਸਕਦਾ ਹੈ। ਜੇ ਕੁੱਲ ਬਾਰਾਂ ਸਾਲ ਦਾ ਕੋਈ ਬਾਲ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਬਾਰੇ ਸੁਣ ਕੇ ਉਥੋਂ ਸ਼ਹੀਦਾਂ ਦੇ ਲਹੂ ਨਾਲ ਭਿੱਜੀ ਮਿੱਟੀ ਪਵਿੱਤਰ ਮੰਨਦਿਆਂ ਘਰ ਲੈ ਆਇਆ ਹੋਵੇ, ਅਜਿਹਾ ਵੀ ਸਿਰਫ਼ ਭਗਤ ਸਿੰਘ ਹੀ ਕਰ ਸਕਦਾ ਹੈ। ਸਾਹਾਂ ਦੇ ਨਾਲ ਮਿਲਿਆ ਇਹੋ ਜਜ਼ਬਾ ਸੀ ਜੀਹਨੇ ਉਹਨੂੰ ਆਪਣੀ ਉਮਰ ਨਾਲੋਂ ਕਿਤੇ ਵੱਧ ਪਰਪੱਕ ਬਣਾ ਦਿੱਤਾ ਸੀ ਜਿਸ ਸਦਕਾ ਉਹ ਆਪਣੇ ਹਾਣੀਆਂ ਨਾਲੋਂ ਵੱਡੀਆਂ ਪ੍ਰਾਪਤੀਆਂ ਕਰ ਸਕਿਆ।


ਉਹ ਆਪ ਹੀ ਦੇਸ਼-ਭਗਤੀ ਦੇ ਜਜ਼ਬੇ ਵਿਚ ਰੰਗਿਆ ਹੋਇਆ ਨਹੀਂ ਸੀ ਸਗੋਂ ਚੜ੍ਹਦੀ ਉਮਰੇ ਹੀ ਨੌਜਵਾਨਾਂ ਨੂੰ ਇਸ ਰੰਗ ਵਿਚ ਰੰਗਣ ਦੇ ਮਕਸਦ ਨਾਲ ਜਥੇਬੰਦ ਕਰਨ ਲੱਗ ਪਿਆ ਸੀ। ਵਿਦਿਆਰਥੀ ਹੁੰਦਿਆਂ ਉਹਨੇ ਲਾਹੌਰ ਦੇ ਨੌਜਵਾਨਾਂ ਨੂੰ ਜਥੇਬੰਦ ਕਰਨ ਵਾਸਤੇ 'ਨੌਜਵਾਨ ਭਾਰਤ ਸਭਾ' ਬਣਾਈ। ਮਾਸਕ 'ਕਿਰਤੀ' ਨੇ ਭਾਗ ਸਿੰਘ ਕੈਨੇਡੀਅਨ ਤੇ ਸੋਹਨ ਸਿੰਘ ਜੋਸ਼ ਦੇ ਨਾਂ ਹੇਠ 12-13 ਅਪਰੈਲ 1928 ਨੂੰ ਜਲ੍ਹਿਆਂਵਾਲੇ ਬਾਗ਼ ਵਿਚ ਕਾਨਫ਼ਰੰਸ ਕਰਨ ਬਾਰੇ ਇਸ਼ਤਿਹਾਰ ਕੱਢਿਆ ਜਿਸ ਦਾ ਉਦੇਸ਼ ਇਕ ਵਿਸ਼ਾਲ ਨੌਜਵਾਨ ਜਥੇਬੰਦੀ ਕਾਇਮ ਕਰਨਾ ਸੀ। ਭਗਤ ਸਿੰਘ ਝੱਟ ਕਿਰਤੀ ਦੇ ਦਫ਼ਤਰ ਆਇਆ ਅਤੇ ਉਹਨੇ ਸਾਥੀਆਂ ਸਮੇਤ ਸਹਿਯੋਗ ਦਾ ਭਰੋਸਾ ਦਿੱਤਾ। ਇਹ ਕਾਨਫ਼ਰੰਸ ਵਿਚ ਸ਼ਾਮਲ ਹੋ ਕੇ ਦਿੱਤੇ ਉਸ ਦੇ ਸੁਝਾਅ ਸਦਕਾ ਹੀ ਸੀ ਕਿ ਨਵੀਂ ਜਥੇਬੰਦੀ ਦਾ ਨਾਂ 'ਨੌਜਵਾਨ ਭਾਰਤ ਸਭਾ' ਰਖਿਆ ਗਿਆ।

ਜਵਾਨੀ ਅਤੇ ਕੁਰਬਾਨੀ ਉਹਦੇ ਦਿਲ ਵਿਚ ਅਤੇ ਵਿਚਾਰਾਂ ਵਿਚ ਇਕਮਿਕ ਹੋ ਗਏ ਸਨ। ਜਵਾਨੀ ਵਿਚ ਕੁਰਬਾਨ ਹੋਇਆ ਹੋਣ ਕਾਰਨ ਗ਼ਦਰੀ ਕਰਤਾਰ ਸਿੰਘ ਸਰਾਭਾ ਨੂੰ ਉਹਨੇ 'ਗੁਰੂ, ਦੋਸਤ ਤੇ ਸਾਥੀ' ਮੰਨ ਕੇ ਮਨ ਵਿਚ ਬਹੁਤ ਉਚਾ ਵਸਾਇਆ ਹੋਇਆ ਸੀ ਅਤੇ ਉਹਦੀ ਤਸਵੀਰ ਜੇਬ ਵਿਚ ਪਾ ਕੇ ਰਖਦਾ ਸੀ। ਉਹ ਸਰਾਭਾ ਤੋਂ ਏਨਾ ਪ੍ਰਭਾਵਿਤ ਸੀ ਕਿ ਉਹਨੇ ਲਿਖਿਆ, "ਉਹ 19 ਸਾਲ ਦੀ ਉਮਰ ਵਿਚ ਕੀ ਕੁਛ ਕਰ ਗੁਜ਼ਰਿਆ, ਆਦਮੀ ਸੋਚ ਕੇ ਦੰਗ ਰਹਿ ਜਾਂਦਾ ਹੈ। ਏਨੀ ਦਲੇਰੀ! ਏਨਾ ਸਵੈ-ਵਿਸ਼ਵਾਸ, ਏਨਾ ਆਪਾ-ਵਾਰੂ ਜਜ਼ਬਾ ਤੇ ਏਨਾ ਅਡੋਲ ਸਿਦਕ-ਸਿਰੜ ਪਹਿਲਾਂ ਘੱਟ ਹੀ ਦੇਖਣ 'ਚ ਆਇਆ ਹੈ।"

ਭਗਤ ਸਿੰਘ ਤੇਜ਼ੀ ਨਾਲ ਕੁਛ ਕਰਨਾ ਚਾਹੁੰਦਾ ਸੀ। ਉਹ ਖੜਕੇ-ਦੜਕੇ ਦਾ ਹਾਮੀ ਸੀ। ਸਾਥੀਆਂ ਨਾਲ ਵਿਚਾਰ-ਚਰਚਾ ਕਰਦਿਆਂ ਉਹ ਆਖਦਾ, "ਸਾਡਾ ਨੌਜਵਾਨ ਗਰਮ ਖ਼ੂਨ ਏਨੀ ਲੰਮੀ ਉਡੀਕ ਨਹੀਂ ਕਰ ਸਕਦਾ।...ਇਕ ਕਾਰਨਾਮਾ ਕੁਛ ਹੀ ਦਿਨਾਂ ਵਿਚ ਏਨਾ ਪ੍ਰਚਾਰ ਕਰ ਦਿੰਦਾ ਹੈ ਜਿੰਨਾ ਇਕ ਹਜ਼ਾਰ ਪੈਂਫ਼ਲਿਟ ਵੀ ਨਹੀਂ ਕਰਦੇ।" ਇਸੇ ਕਰਕੇ ਪਹਿਲਾਂ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਲਾਲਾ ਲਾਜਪਤ ਰਾਇ ਦੀ ਮੌਤ ਦਾ ਬਦਲਾ ਲੈਣ ਲਈ ਸਾਂਡਰਸ ਨੂੰ ਮਾਰਿਆ ਅਤੇ ਮਗਰੋਂ ਸੈਂਟਰਲ ਲੈਜਿਸਲੇਟਿਵ ਅਸੈਂਬਲੀ ਵਿਚ ਫੋਕੇ ਬੰਬ ਤੇ ਪਰਚੇ ਸੁੱਟੇ। ਉਹ ਦੱਸਣਾ ਚਾਹੁੰਦੇ ਸਨ ਕਿ ਸਾਡਾ ਇਰਾਦਾ ਲੋਕਾਂ ਨੂੰ ਮਾਰਨ ਦਾ ਨਹੀਂ, ਸੁੱਤਿਆਂ ਨੂੰ ਜਗਾਉਣ ਦਾ ਤੇ ਬੋਲ਼ਿਆਂ ਨੂੰ ਸੁਣਾਉਣ ਦਾ ਹੈ।

ਅਣਥੱਕ ਜਥੇਬੰਦਕ ਹੋਣ ਦੇ ਨਾਲ ਨਾਲ ਉਹ ਮਨੁੱਖੀ ਇਤਿਹਾਸ ਦਾ, ਇਨਕਲਾਬੀ ਆਗੂਆਂ, ਲਹਿਰਾਂ ਤੇ ਇਨਕਲਾਬਾਂ ਬਾਰੇ ਪੁਸਤਕਾਂ ਦਾ, ਸਿਧਾਂਤ ਤੇ ਫ਼ਲਸਫ਼ੇ ਦਾ ਗੰਭੀਰ ਪਾਠਕ ਸੀ। ਇਸ ਸਭ ਕੁਛ ਦੇ ਆਧਾਰ ਉਤੇ ਉਹ ਹਰ ਮਸਲੇ ਬਾਰੇ ਆਪਣੇ ਸਪੱਸ਼ਟ ਵਿਚਾਰ ਬਣਾਉਣ ਦੇ ਸਮਰੱਥ ਚਿੰਤਕ ਸੀ। ਉਹ ਇਹ ਵੀ ਜਾਣ ਗਿਆ ਸੀ ਕਿ ਆਪਣੇ ਇਹ ਵਿਚਾਰ ਅਖ਼ਬਾਰਾਂ-ਰਸਾਲਿਆਂ ਰਾਹੀਂ ਲੋਕਾਂ ਤੱਕ ਪੁਜਦੇ ਕਰਨ ਦਾ ਕਿੰਨਾ ਮਹੱਤਵ ਹੈ। ਉਹ ਇਸ ਸਿੱਟੇ ਉਤੇ ਪੁੱਜਿਆ ਕਿ ਹਰ ਕਾਰਵਾਈ ਇਸ ਢੰਗ ਨਾਲ ਕੀਤੀ ਜਾਵੇ ਕਿ ਲੋਕਾਂ ਨੂੰ ਜਾਗ੍ਰਿਤ ਕਰਨ ਵਿਚ ਵੱਧ ਤੋਂ ਵੱਧ ਸਹਾਈ ਹੋ ਸਕੇ। ਇਹ ਵਿਚਾਰਾਂ ਦੀ ਸ਼ਕਤੀ ਨੂੰ ਪਛਾਣਨ ਸਦਕਾ ਹੀ ਸੀ ਕਿ ਮਗਰੋਂ ਸੈਂਟਰਲ ਲੈਜਿਸਲੇਟਿਵ ਅਸੈਂਬਲੀ ਵਿਚ ਸੁੱਟੇ ਗਏ ਪਰਚਿਆਂ ਵਿਚ ਲਿਖਿਆ ਹੋਇਆ ਸੀ, "ਬੰਦਿਆਂ ਨੂੰ ਮਾਰਨਾ ਸੌਖਾ ਹੈ, ਪਰ ਵਿਚਾਰਾਂ ਨੂੰ ਮਾਰਿਆ ਨਹੀਂ ਜਾ ਸਕਦਾ। ਵੱਡੇ ਵੱਡੇ ਸਾਮਰਾਜ ਢਹਿ ਕੇ ਢੇਰੀ ਹੋ ਗਏ, ਜਦੋਂ ਕਿ ਵਿਚਾਰ ਬਚੇ ਰਹੇ!"

ਇਸ ਘਟਨਾ ਤੋਂ ਬਹੁਤ ਪਹਿਲਾਂ ਭਗਤ



*ਸ਼ਹੀਦ ਭਗਤ ਸਿੰਘ*

ਸਿੰਘ ਨੇ 'ਕਿਰਤੀ' ਵਿਚ ਫ਼ਰਾਂਸੀਸੀ ਇਨਕਲਾਬੀ ਵਾਇਲਾਂ ਬਾਰੇ ਲਿਖੇ ਇਕ ਲੇਖ ਵਿਚ ਆਖਿਆ ਸੀ, "ਯੂਰਪ ਵਿਚ ਜ਼ੁਲਮ, ਜਬਰ ਅਤੇ ਤਸ਼ੱਦਦ ਸਾਰੀਆਂ ਹੱਦਾਂ ਟੱਪ ਗਿਆ ਸੀ।...ਇਕ ਦਿਨ ਵਾਇਲਾਂ ਫ਼ਰਾਂਸੀਸੀ ਅਸੈਂਬਲੀ ਨੂੰ ਬੰਬ ਦਾ ਨਿਸ਼ਾਨਾ ਬਣਾਉਣ ਲੱਗਿਆ ਸੀ ਕਿ ਇਕ ਇਸਤਰੀ ਨੇ ਉਹਨੂੰ ਰੋਕਣ ਦੇ ਯਤਨ ਵਿਚ ਉਹਦਾ ਹੱਥ ਹਿਲਾ ਦਿੱਤਾ।...ਉਹ ਕੁਛ ਵਧੇਰੇ ਪ੍ਰਭਾਵ ਨਾ ਪਾ ਸਕਿਆ। ਪਰ ਉਹਨੇ ਇਕ ਜ਼ੋਰਦਾਰ ਬਿਆਨ ਦਿੱਤਾ, 'ਬੋਲ਼ੇ ਕੰਨਾਂ ਨੂੰ ਸੁਣਾਉਣ ਵਾਸਤੇ ਜ਼ੋਰ ਨਾਲ ਖੜਕਾ ਕਰਨਾ ਪੈਂਦਾ ਹੈ।' ਉਹਨੇ ਇਹ ਵੀ ਕਿਹਾ ਕਿ ਉਹਨੂੰ ਕਿਸੇ ਵੀ ਸਜ਼ਾ ਦੀ ਕੋਈ ਪਰਵਾਹ ਨਹੀਂ।" ਲਗਦਾ ਹੈ, ਭਗਤ ਸਿੰਘ ਨੇ ਸੈਂਟਰਲ ਅਸੈਂਬਲੀ ਵਿਚ ਬੰਬ ਸੁੱਟਣ ਦੇ ਵਿਚਾਰ ਵਾਸਤੇ ਪ੍ਰੇਰਨਾ ਵਾਇਲਾਂ ਦੀ ਮਿਸਾਲ ਤੋਂ ਹੀ ਲਈ ਅਤੇ ਉਥੇ ਸੁੱਟੇ ਗਏ ਪਰਚੇ ਵਾਸਤੇ ਵਾਇਲਾਂ ਦੇ ਬਿਆਨ ਨੂੰ ਹੀ ਆਧਾਰ ਬਣਇਆ।

ਸਜ਼ਾ ਹੋਣ ਮਗਰੋਂ ਭਗਤ ਸਿੰਘ ਨੇ ਕੈਦ, ਮੁਕੱਦਮੇ ਅਤੇ ਮੌਤ ਦਾ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਵੱਧ ਤੋਂ ਵੱਧ ਫ਼ਾਇਦਾ ਉਠਾਇਆ। ਜਨਤਾ ਨੂੰ, ਖਾਸ ਕਰਕੇ ਨੌਜਵਾਨਾਂ ਨੂੰ ਜਾਗ੍ਰਿਤ ਕਰਨ ਲਈ ਅਤੇ ਆਜ਼ਾਦੀ ਦੀ ਲੜਾਈ ਨੂੰ ਤੇਜ਼ ਕਰਨ ਲਈ ਉਹ ਜਿੰਨਾ ਕੁਛ ਨੇਪਰੇ ਚਾੜ੍ਹ ਸਕਿਆ ਸੀ, ਅੰਤ ਸਮੇਂ ਲੇਖਾਜੋਖਾ ਕਰ ਕੇ ਉਹ ਉਸ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸੀ। ਆਪਣੀ ਇਹ ਸੰਤੁਸ਼ਟੀ ਉਹਨੇ ਫ਼ਾਂਸੀ ਲੱਗਣ ਤੋਂ ਇਕ ਦਿਨ ਪਹਿਲਾਂ, 22 ਮਾਰਚ 1931 ਨੂੰ ਕੈਦ ਵਿਚਲੇ ਆਪਣੇ ਕੁਛ ਸਾਥੀਆਂ ਨਾਲ ਸਾਂਝੀ ਕੀਤੀ, "ਮੇਰਾ ਨਾਂ ਇਨਕਲਾਬ ਦਾ ਚਿੰਨ੍ਹ ਬਣ ਗਿਆ ਹੈ।...ਮੇਰਾ ਸਥਾਨ ਏਨਾ ਉਚਾ ਹੋ ਗਿਆ ਹੈ ਕਿ ਜੇ ਮੈਂ ਜਿਉਂਦਾ ਵੀ ਰਹਾਂ, ਮੈਂ ਕਿਵੇਂ ਵੀ ਇਸ ਨਾਲੋਂ ਹੋਰ ਉਚਾ ਨਹੀਂ ਹੋ ਸਕਦਾ। ਮੇਰੇ ਨਾਲੋਂ ਵੱਧ ਸੁਭਾਗਾ ਕੌਣ ਹੋਵੇਗਾ! ਇਨ੍ਹੀਂ ਦਿਨੀਂ ਮੈਨੂੰ ਆਪਣੇ ਆਪ ਉਤੇ ਬਹੁਤ ਮਾਣ ਹੁੰਦਾ ਹੈ!"

ਉਹਦਾ ਇਹ ਮਾਣ ਕਰਨਾ ਬਿਲਕੁਲ ਵਾਜਬ ਸੀ। ਉਹਨੇ ਆਪਣੀ ਕਰਨੀ ਦੇ ਪ੍ਰਭਾਵ ਨੂੰ ਅਤੇ ਆਪਣੇ ਨਾਂ ਦੇ ਭਵਿੱਖ ਨੂੰ ਚੰਗੀ ਤਰ੍ਹਾਂ ਪਛਾਣ ਲਿਆ ਸੀ। ਉਹਦੀ ਫ਼ਾਂਸੀ ਮਗਰੋਂ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਠੀਕ ਹੀ ਕਿਹਾ ਸੀ, "ਭਗਤ ਸਿੰਘ ਨੌਜਵਾਨਾਂ ਦੀ ਨਵ-ਜਾਗ੍ਰਤੀ ਦਾ ਪ੍ਰਤੀਕ ਬਣ ਗਿਆ ਹੈ!" ਗੋਆ ਵਿਚ ਪੁਰਤਗਾਲੀਆਂ ਦੀਆਂ ਗੋਲ਼ੀਆਂ ਖਾਣ ਤੋਂ ਪਹਿਲਾਂ ਕਰਨੈਲ ਸਿੰਘ ਈਸੜੂ ਨੇ ਵੀ ਇਸੇ ਗੱਲ ਦੀ ਪੁਸ਼ਟੀ ਕੀਤੀ ਸੀ। ਪੱਤਰਕਾਰਾਂ ਨੇ ਪੁੱਛਿਆ ਕਿ ਉਹ ਕਿਹੜੀ ਸ਼ਕਤੀ ਹੈ ਜੋ ਦੂਰ ਪੰਜਾਬੋਂ ਉਹਨੂੰ ਇਥੇ ਗੋਲ਼ੀਆਂ ਦਾ ਸਾਹਮਣਾ ਕਰਨ ਲੈ ਆਈ ਹੈ? ਉਹਨੇ ਜੋਸ਼ ਨਾਲ ਜਵਾਬ ਦਿੱਤਾ, "ਅਸੀਂ ਭਗਤ ਸਿੰਘ ਦਾ ਨਾਂ ਲੈ ਕੇ ਕੋਈ ਵੀ ਕੁਰਬਾਨੀ ਕਰ ਸਕਦੇ ਹਾਂ!"

ਅੱਜ ਸਾਡਾ ਦੇਸ਼ ਤੇ ਸਮਾਜ ਜਿਸ ਹਨੇਰੇ ਵਿਚ ਪਏ ਹੋਏ ਹਨ, ਖਾਸ ਕਰਕੇ ਨੌਜਵਾਨ ਪੀੜ੍ਹੀ ਜਿਸ ਔਝੜ ਵਿਚ ਭਟਕ ਰਹੀ ਹੈ, ਉਸ ਵਿਚੋਂ ਨਿਕਲਣ ਦਾ ਇਕੋ-ਇਕ ਰਾਹ ਸਦਾ-ਜਵਾਨ ਭਗਤ ਸਿੰਘ ਦੇ ਪੈਰ-ਚਿਨ੍ਹਾਂ ਉਤੇ ਚੱਲਣਾ ਹੈ।

## ਘੋੜੀਆਂ ਸ਼ਹੀਦ ਭਗਤ ਸਿੰਘ ਦੀਆਂ

ਭਗਤ ਸਿੰਘ ਦੇ ਜਨਮ ਨੂੰ 106 ਸਾਲ ਤੇ ਲਗਭਗ 6 ਮਹੀਨੇ ਅਤੇ ਸ਼ਹੀਦੀ ਨੂੰ 82 ਸਾਲ ਬੀਤ ਗਏ ਹਨ। ਲੋਕ-ਮਨ ਵਿਚ ਪਰ ਉਹ ਨੌਜਵਾਨ ਯਾਰ-ਬੇਲੀ ਅਤੇ ਵੀਰ-ਭਰਾ ਵਾਲੀ ਭਾਵਨਾ ਹੀ ਜਗਾਉਂਦਾ ਹੈ। ਇਹ ਇਸੇ ਲੋਕ-ਭਾਵਨਾ ਦੀ ਜਿੱਤ ਹੈ ਕਿ ਉਹ ਵਿਚਾਰਧਾਰਕ ਪੱਖੋਂ ਜਿਨ੍ਹਾਂ ਫ਼ਿਰਕਾਪ੍ਰਸਤਾਂ ਅਤੇ ਹੋਰ ਫੁੱਟ-ਪਾਊਆਂ ਦਾ ਕੱਟੜ ਵਿਰੋਧੀ ਰਿਹਾ, ਵੋਟਾਂ ਦੇ ਇਸ ਰਾਜ ਵਿਚ ਜਨਤਾ ਨੂੰ ਭਰਮਾਉਣ ਵਾਸਤੇ ਉਹ ਵੀ ਭਗਤ ਸਿੰਘ ਦੇ ਨਾਂ ਦੀ ਮਾਲਾ ਜਪਦੇ ਹਨ।

ਭਗਤ ਸਿੰਘ ਵਾਸਤੇ ਦਿਲੀ ਪਿਆਰ-ਸਤਿਕਾਰ ਦੀ ਇਹ ਭਾਵਨਾ ਫ਼ਿਲਮਾਂ, ਬੁੱਤਾਂ, ਚਿੱਤਰਾਂ ਅਤੇ ਲੋਕ ਗੀਤਾਂ ਤੇ ਸਾਹਿਤਕ ਰਚਨਾਵਾਂ ਆਦਿ ਜਿਹੇ ਅਨੇਕ ਰੂਪ ਧਾਰ ਕੇ ਸਾਡੇ ਸਾਹਮਣੇ ਆਉਂਦੀ ਹੈ। ਉਹਦੀ ਅਮਰ ਕਹਾਣੀ ਅੱਧੀ ਦਰਜਨ ਤੋਂ ਵੱਧ ਹਿੰਦੀ ਤੇ ਹੋਰ ਫ਼ਿਲਮਾਂ ਵਿਚ ਪੇਸ਼ ਹੋ ਚੁੱਕੀ ਹੈ। ਨਗਰ ਨਗਰ, ਸ਼ਹਿਰ ਸ਼ਹਿਰ ਉਹਦੇ ਬੁੱਤ ਚੌਕਾਂ ਦੀ ਸ਼ੋਭਾ ਵਧਾ ਰਹੇ ਹਨ। ਜਨਤਕ ਮੰਗ ਅੱਗੇ ਝੁਕਦਿਆਂ 2008 ਦੇ ਆਜ਼ਾਦੀ ਦਿਵਸ ਨੂੰ ਉਹਦਾ 18 ਫੁੱਟ ਉਚਾ ਕਾਂਸੀ ਦਾ ਬੁੱਤ ਸੰਸਦ ਦੇ ਪਸਾਰੇ ਵਿਚ ਵੀ ਸੁਭਾਸ਼ ਚੰਦਰ ਬੋਸ ਦੇ ਬੁੱਤ ਦੇ ਨਾਲ ਸਥਾਪਤ ਕੀਤਾ ਗਿਆ ਸੀ ਅਤੇ ਉਹਦੇ ਤੇ ਦੱਤ ਦੇ ਚਿੱਤਰਾਂ ਨੂੰ ਸੰਸਦ ਭਵਨ ਦੀ ਸ਼ੋਭਾ ਬਣਾ ਦਿੱਤਾ ਗਿਆ ਸੀ। ਏਨੇ ਵਰ੍ਹਿਆਂ ਮਗਰੋਂ ਅੱਜ ਵੀ ਆਮ ਲੋਕਾਂ ਦੇ ਮਨ ਵਿਚ ਉਹਦਾ ਕਿੰਨਾ ਉਚਾ ਤੇ ਆਦਰਜੋਗ ਸਥਾਨ ਹੈ, ਇਹ ਗੱਲ ਇਸ ਤੱਥ ਤੋਂ ਜਾਣੀ ਜਾ ਸਕਦੀ ਹੈ ਕਿ 2008 ਵਿਚ ਹੀ ਜਦੋਂ ਅੰਗਰੇਜ਼ੀ ਦੇ ਪ੍ਰਸਿੱਧ ਰਸਾਲੇ 'ਇੰਡੀਆ ਟੂਡੇ' ਨੇ "ਸਭ ਤੋਂ ਮਹਾਨ ਭਾਰਤੀ" ਚੁਣਨ ਵਾਸਤੇ ਰਾਏ-ਸ਼ੁਮਾਰੀ ਕਰਵਾਈ, ਪਹਿਲਾ ਸਥਾਨ ਭਗਤ ਸਿੰਘ ਨੇ ਪ੍ਰਾਪਤ ਕੀਤਾ। ਉਹਨੂੰ ਗਾਂਧੀ ਜੀ ਅਤੇ ਨੇਤਾ ਜੀ ਸੁਭਾਸ਼ ਬੋਸ ਤੋਂ ਵੀ ਵੱਧ ਮੱਤ ਹਾਸਲ ਹੋਏ! ਇਕ ਲੋਕਗੀਤ ਦੇ ਬੋਲ ਹਨ,

ਚੜ੍ਹ ਫ਼ਾਂਸੀ 'ਤੇ ਝੂਲ ਗਏ ਲਾੜੇ,
ਪੈਜ ਪਾਲ਼ੀ ਕਸਮਾਂ ਦੀ!

ਪੁਸਤਕਾਂ ਦਾ ਉਹਨੂੰ ਬਹੁਤ ਸ਼ੌਕ ਸੀ ਅਤੇ ਉਹ ਬਹੁਤ ਤੇਜ਼-ਰਫ਼ਤਾਰ ਪਾੜ੍ਹਾ ਸੀ। ਉਹਦੀਆਂ ਪੜ੍ਹੀਆਂ ਬੇਸ਼ੁਮਾਰ ਪੁਸਤਕਾਂ ਦਾ ਅੰਦਾਜ਼ਾ ਉਹਦੀ ਜੇਲ੍ਹ ਨੋਟ-ਬੁਕ ਤੋਂ ਲਾਇਆ ਜਾ ਸਕਦਾ ਹੈ। ਉਸ ਵਿਚ ਅਣਗਿਣਤ ਪੁਸਤਕਾਂ ਵਿਚੋਂ ਹਵਾਲੇ, ਟੂਕਾਂ ਤੇ ਟਿੱਪਣੀਆਂ ਸ਼ਾਮਲ ਹਨ। ਆਪਣੇ ਅੰਤਲੇ ਸਾਹ ਤੱਕ ਉਹ ਰਸੀਆ ਪਾਠਕ ਰਿਹਾ। ਜਦੋਂ ਉਹਨੂੰ ਫ਼ਾਂਸੀ ਲਈ ਲਿਜਾਣ ਵਾਸਤੇ ਆਵਾਜ਼ ਪਈ, ਉਸ ਸਮੇਂ ਵੀ ਉਹ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਉਹਨੇ ਆਪ ਵੀ ਆਜ਼ਾਦੀ ਅੰਦੋਲਨ, ਦੇਸ਼-ਭਗਤ ਲਹਿਰਾਂ ਅਤੇ ਹੋਰ ਸਮਾਜਕ-ਰਾਜਨੀਤਕ ਵਿਸ਼ਿਆਂ ਬਾਰੇ ਬਹੁਤ ਕੁਛ ਲਿਖਿਆ। ਮਲਵਿੰਦਰਜੀਤ ਸਿੰਘ ਵੜੈਚ ਅਨੁਸਾਰ ਉਨ੍ਹਾਂ ਵਿਚੋਂ 50 ਰਚਨਾਵਾਂ ਤਾਂ ਸ਼ਹੀਦਾਂ ਬਾਰੇ ਹੀ ਹਨ ਜਿਨ੍ਹਾਂ ਵਿਚੋਂ ਬਹੁਤੀਆਂ ਮਾਸਿਕ ਰਸਾਲੇ 'ਕਿਰਤੀ' ਵਿਚ ਛਪੀਆਂ।

ਕੁਦਰਤੀ ਸੀ ਕਿ ਉਹ ਆਪ ਅਨੇਕ ਰਚਨਾਵਾਂ, ਦੁਵਰਕਿਆਂ, ਪੈਂਫ਼ਲਿਟਾਂ ਤੇ ਪੁਸਤਕਾਂ ਦਾ ਨਾਇਕ ਬਣਦਾ। ਉਹਦੀ ਕਰਨੀ ਨੂੰ ਉਜਾਗਰ ਕਰਦਿਆਂ ਅਨੇਕ ਭਾਸ਼ਾਵਾਂ ਵਿਚ ਰਚੀਆਂ ਗਈਆਂ ਕਵਿਤਾਵਾਂ, ਗੀਤਾਂ, ਨਾਟਕਾਂ ਤੇ ਨਾਵਲਾਂ ਆਦਿ ਦੀ ਤਾਂ ਕੋਈ ਗਿਣਤੀ ਹੀ ਨਹੀਂ। ਇਹ ਸਾਹਿਤਕ ਛਹਿਬਰ ਉਹਦੀ ਸ਼ਹੀਦੀ ਦੇ ਨਾਲ ਹੀ ਸ਼ੁਰੂ ਹੋਈ ਅਤੇ ਅੱਜ ਤੱਕ ਨਿਰੰਤਰ ਜਾਰੀ ਹੈ। ਸ਼ਹੀਦੀ ਦੇ ਸਮੇਂ ਪੰਜਾਬੀ, ਉਰਦੂ, ਹਿੰਦੀ, ਅੰਗਰੇਜ਼ੀ ਵਿਚ ਅਤੇ ਕਿਸੇ ਹੱਦ ਤੱਕ ਬੰਗਾਲੀ, ਮਰਾਠੀ ਤੇ ਸਿੰਧੀ ਵਿਚ ਅਜਿਹੀਆਂ ਰਚਨਾਵਾਂ ਦਾ ਹੋਣਾ ਤਾਂ ਸਮਝ ਆਉਂਦਾ ਹੈ ਪਰ ਉਹਦੀ ਕੁਰਬਾਨੀ ਦਾ ਚਾਨਣ ਤਾਂ ਇਕਦਮ ਤਾਮਿਲ, ਤੇਲਗੂ, ਕੰਨੜ ਤੇ ਗੁਜਰਾਤੀ ਤੱਕ ਵੀ ਜਾ ਪੁੱਜਿਆ ਸੀ। ਉਹਦੀ ਕਰਨੀ ਪੰਜਾਬ ਦੀ ਹਿੱਕ ਵਿਚ ਪਾਏ ਗਏ ਚੀਰ ਨੂੰ ਵੀ ਮੇਟ ਦੇਣ ਦੇ ਸਮਰੱਥ ਸਿੱਧ ਹੁੰਦੀ ਹੈ। ਮਿਸਾਲ ਵਜੋਂ, ਪਿਛੇ ਜਿਹੇ ਭਾਰਤੀ ਪੰਜਾਬ ਦਾ ਲੇਖਕ ਬਲਦੇਵ ਸਿੰਘ ਉਸ ਨੂੰ ਨਾਇਕ ਲੈ ਕੇ ਚਰਚਿਤ ਨਾਵਲ 'ਸਤਲੁਜ ਵਹਿੰਦਾ ਰਿਹਾ' ਲਿਖਦਾ ਹੈ ਅਤੇ ਪਾਕਿਸਤਾਨੀ ਪੰਜਾਬ ਦਾ ਫ਼ੱਕਰ-ਫ਼ਕੀਰ ਕਵੀ ਬਾਬਾ ਨਜ਼ਮੀ ਉਹਨੂੰ ਆਪਣਾ ਸਕਾ ਭਰਾ ਆਖਦਾ ਹੈ ਤੇ ਆਪਣਾ ਪੁੱਤਰ ਉਹਦੇ ਵਰਗਾ ਬਣਨ ਦੀ ਕਾਮਨਾ ਕਰਦਾ ਹੈ,

ਨੱਚਾਂ ਗਾਵਾਂ ਭੰਗੜੇ ਪਾਵਾਂ
ਦੇਗਾਂ ਚਾੜ੍ਹਾਂ ਰਾਤ ਦਿਨੇ।
ਮੇਰਾ ਪੁੱਤਰ
ਮੇਰੇ ਵੀਰ ਤੇ ਆਪਣੇ ਤਾਏ
ਭਗਤ ਸਿੰਘ ਦੇ
ਪੈਰਾਂ ਉਤੇ ਪੈਰ ਧਰੇ
ਮੇਰੀ ਪੂਰੀ ਆਸ ਕਰੇ!

ਲੋਕ-ਮਨ ਵਿਚ ਵਸੇ ਹੋਏ ਭਗਤ ਸਿੰਘ ਦੇ ਸਦਾ-ਜਵਾਨ ਸਰੂਪ ਦਾ ਸਭ ਤੋਂ ਖ਼ੂਬਸੂਰਤ ਕਾਵਿਕ ਪ੍ਰਗਟਾਵਾ ਭਗਤ ਸਿੰਘ ਦੀਆਂ ਘੋੜੀਆਂ ਹਨ। 'ਘੋੜੀ' ਪੰਜਾਬੀ ਗੱਭਰੂ ਦੇ ਵਿਆਹ ਸਮੇਂ ਗਾਇਆ ਜਾਂਦਾ ਗੀਤ ਹੈ। ਕੁੜੀ ਵਾਲੇ ਘਰੋਂ ਵਿਆਹ ਦੀ ਤਾਰੀਖ਼ ਦੀ 'ਸਾਹਾ ਚਿੱਠੀ' ਆਉਣ ਤੋਂ ਸ਼ੁਰੂ ਕਰ ਕੇ ਮੁੰਡੇ ਵਾਲੇ ਘਰ ਹਰ ਰਸਮ ਸਮੇਂ ਗਾਏ ਜਾਂਦੇ ਗੀਤ ਨੂੰ ਘੋੜੀ ਕਿਹਾ ਜਾਂਦਾ ਹੈ। ਇਸਤਰੀਆਂ, ਖਾਸ ਕਰਕੇ ਭੈਣਾਂ ਘੋੜੀ ਦੇ ਇਨ੍ਹਾਂ ਗੀਤਾਂ ਰਾਹੀਂ ਵਟਣਾ ਮਲ਼ਣ, ਨ੍ਹਾਈ-ਧੋਈ, ਲਾੜੇ ਨੂੰ ਤੇ ਨਾਲ ਹੀ ਘੋੜੀ ਨੂੰ ਤਿਆਰ ਕਰਨ, ਭਾਵ ਸਜਾਉਣ-ਸ਼ਿੰਗਾਰਨ ਅਤੇ ਲਾੜੇ ਨੂੰ ਘੋੜੀ ਚੜ੍ਹਾਉਣ ਵੇਲੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਦੀਆਂ ਹਨ। ਇਨ੍ਹਾਂ ਸ਼ਹਿਦ-ਸ਼ੀਰ ਮਿੱਠੇ ਲੋਕ ਗੀਤਾਂ ਦਾ ਸਥਾਨ ਬੇਸੁਰੇ ਗਾਇਕਾਂ ਅਤੇ ਕੰਨ-ਪਾੜਵੇਂ ਢੋਲ-ਬਾਜੇ ਨੂੰ ਮਿਲਣ ਤੋਂ ਪਹਿਲਾਂ ਭਗਤ ਸਿੰਘ ਦੀ ਘੋੜੀ ਘਰ ਘਰ ਗਾਈ ਜਾਂਦੀ ਸੀ। ਵਿਆਹ-ਸਾਹੇ ਤੋਂ ਬਿਨਾਂ ਵੀ ਘਰ ਦੇ ਕੰਮ-ਧੰਦੇ ਵਿਚ ਰੁੱਝੀਆਂ ਇਸਤਰੀਆਂ ਹੋਰ ਲੋਕ ਗੀਤਾਂ ਨਾਲ ਭਗਤ ਸਿੰਘ ਦੀ ਘੋੜੀ ਗਾਉਂਦੀਆਂ ਚੜ੍ਹਦੀ ਉਮਰੇ ਮੈਂ ਆਪ ਸੁਣੀਆਂ ਹੋਈਆਂ ਹਨ।

ਸ਼ਹੀਦ ਹੋਣ ਚੱਲਿਆ ਭਗਤ ਸਿੰਘ ਲੋਕ-ਮਨ ਵਿਚ ਸੋਗੀ ਭਾਵ ਪੈਦਾ ਕਰਨ ਦੀ ਥਾਂ ਸ਼ਗਨਾਂ ਨਾਲ ਘੋੜੀ-ਚੜ੍ਹਿਆ ਸਿਹਰਿਆਂ ਵਾਲਾ ਸਜਿਆ-ਧਜਿਆ ਲਾੜਾ ਸੀ ਜੋ ਮੌਤ ਲਾੜੀ ਨੂੰ ਵਰਨ ਚੱਲਿਆ ਸੀ। ਸੰਤੋਖ ਸਿੰਘ ਧੀਰ ਇਹ ਭਾਵਨਾ ਇਨ੍ਹਾਂ ਸ਼ਬਦਾਂ ਵਿਚ ਪ੍ਰਗਟ ਕਰਦਾ ਹੈ,

ਜਿਸ ਫ਼ਾਂਸੀ ਦੇ ਰੱਸੇ ਨੂੰ
ਤੂੰ ਲਾੜੀ ਵਾਂਗ ਚੁੰਮਿਆ
ਉਹ ਅਨੰਤ ਕਾਲਾਂ ਤੀਕ
ਸੁਹਾਗਣ ਬਣੀ ਰਹੇਗੀ!

ਡਾ. ਗੁਰਦੇਵ ਸਿੰਘ ਸਿੱਧੂ ਨੇ 'ਘੋੜੀਆਂ ਸ਼ਹੀਦ ਭਗਤ ਸਿੰਘ' ਨਾਂ ਦੀ ਪੁਸਤਕ ਵਿਚ ਪੰਜਾਹ ਰਚਨਾਵਾਂ ਇਕੱਠੀਆਂ ਕੀਤੀਆਂ ਹਨ। ਨੈਸ਼ਨਲ ਬੁਕ ਟਰੱਸਟ ਦੀ ਪੁਸਤਕ 'ਸ਼ਹੀਦ-ਏ-ਆਜ਼ਮ ਭਗਤ ਸਿੰਘ ਕਾਵਿ' ਵਿਚ ਕੁਛ ਲੋਕ ਗੀਤਾਂ ਤੋਂ ਇਲਾਵਾ 168 ਪੰਜਾਬੀ ਕਵਿਤਾਵਾਂ ਸ਼ਾਮਲ ਹਨ। ਕੁਛ ਘੋੜੀਆਂ ਕਵੀਆ ਦੀਆਂ ਲਿਖੀਆਂ ਹੋਈਆਂ ਹਨ ਅਤੇ ਕੁਛ ਲੋਕਗੀਤਾਂ ਵਾਂਗ ਜਜ਼ਬਿਆਂ-ਗੁੱਧੇ ਅਗਿਆਤ ਮਨਾਂ ਵਿਚੋਂ ਚਸ਼ਮੇ ਬਣ ਆਪਮੁਹਾਰੀਆਂ ਵਗੀਆਂ ਹੋਈਆਂ ਹਨ।

(ਬਾਕੀ ਅਗਲੇ ਸਫੇ 'ਤੇ)



*ਪਾਰਲੀਮੈਂਟ ਵਿਚ ਸ਼ਹੀਦ ਭਗਤ ਸਿੰਘ ਦਾ ਬੁੱਤ*

ਅਜ਼ੀਮ ਸ਼ਖਸੀਅਤਾਂ

# ਭਾਈ ਨੰਦ ਲਾਲ ਗੋਯਾ ਦੀ ਸ਼ਾਇਰੀ

***ਡਾ. ਹਰਪਾਲ ਸਿੰਘ ਪੰਨੂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਇਸ ਸੀਨੀਅਰ ਅਧਿਆਪਕ ਹਨ। ਪਾਠਕ ਉਨ੍ਹਾਂ ਦੀਆਂ ਲਿਖਤਾਂ ਪੰਜਾਬ ਟਾਈਮਜ਼ ਵਿਚ ਅਕਸਰ ਪੜ੍ਹਦੇ ਰਹਿੰਦੇ ਹਨ। ਡਾ. ਪੰਨੂ ਨੂੰ ਨਸਰ ਉਤੇ ਨਿਵੇਕਲਾ ਆਬੂਰ ਹਾਸਲ ਹੈ ਅਤੇ ਉਹ ਲਿਖਤ ਵਿਚ ਇੰਨੀ ਰਵਾਨੀ ਭਰ ਦਿੰਦੇ ਹਨ ਕਿ ਪਾਠਕ ਇਸ ਪ੍ਰਤੀ ਬੇਹੱਦ ਮੁਤੱਸਰ ਹੋ ਜਾਂਦਾ ਹੈ। ਡਾ. ਪੰਨੂ ਕਿਸੇ ਲੇਖਕ ਦੀ ਲਿਖਤ ਜਾਂ ਉਸ ਬਾਰੇ ਜਾਣਕਾਰੀ ਨੂੰ ਇੰਨੇ ਸਹਿਜ ਭਾਅ ਸ਼ਬਦਾਂ ਵਿਚ ਬੰਨਦੇ ਹਨ ਕਿ ਪਾਠਕ ਉਨ੍ਹਾਂ ਦੀ ਲਿਖਤ ਇਕੇ ਸਾਹ ਪੜ੍ਹਨ ਲਈ ਮਜਬੂਰ ਹੋ ਜਾਂਦਾ ਹੈ। ਹਥਲੇ ਲੇਖ ਵਿਚ ਉਨ੍ਹਾਂ ਦਸਮ ਪਾਤਸ਼ਾਹ ਦੇ ਦਰਬਾਰੀ ਕਵੀ ਭਾਈ ਨੰਦ ਲਾਲ ਗੋਯਾ ਬਾਰੇ ਬਹੁਮੁੱਲੀ ਜਾਣਕਾਰੀ ਪਾਠਕਾਂ ਨਾਲ ਸਾਂਝੀ ਕੀਤੀ ਹੈ। -ਸੰਪਾਦਕ***

ਪਿਤਾ ਛੱਜੂ ਮੱਲ ਦੇ ਘਰ ਭਾਈ ਨੰਦ ਲਾਲ ਦਾ ਜਨਮ 1633 ਈਸਵੀ ਵਿਚ ਹੋਇਆ। ਪਿਤਾ ਅਰਬੀ ਫਾਰਸੀ ਦੇ ਵਿਦਵਾਨ ਸਨ ਅਤੇ ਹਕੂਮਤ ਉਨ੍ਹਾਂ ਦੀ ਕਦਰਦਾਨ ਸੀ ਜਿਸ ਸਦਕਾ ਸ਼ਾਹਜ਼ਾਦਾ ਦਾਰਾ ਸ਼ੁਕੋਹ ਨੂੰ ਜਦੋਂ ਬਾਦਸ਼ਾਹ ਸ਼ਾਹ ਜਹਾਨ ਨੇ ਕੰਧਾਰ ਦੀ ਮੁਹਿੰਮ ਉਤੇ ਭੇਜਿਆ ਤਾਂ ਉਹ ਛੱਜੂ ਮੱਲ ਜੀ ਨੂੰ ਆਪਣੇ ਨਾਲ ਲੈ ਗਏ ਤੇ ਗਜ਼ਨੀ ਦਾ ਦੀਵਾਨ ਨਿਯੁਕਤ ਕੀਤਾ। ਭਾਈ ਨੰਦ ਲਾਲ ਦਾ ਬਚਪਨ ਗਜ਼ਨੀ ਵਿਚ ਬੀਤਿਆ ਤੇ ਇਥੇ ਹੀ ਉਨ੍ਹਾਂ ਅਰਬੀ ਫਾਰਸੀ ਦੀ ਤਾਲੀਮ ਆਹਲਾ ਉਸਤਾਦਾਂ ਤੋਂ ਹਾਸਲ ਕੀਤੀ।



ਪਿਤਾ ਦੀ 1652 ਈ. ਵਿਚ ਮੌਤ ਵੇਲੇ ਭਾਈ ਸਾਹਿਬ 19 ਸਾਲ ਦੇ ਸਨ। ਬਹੁਤ ਹੋਣਹਾਰ ਤੇ ਹੌਸਲੇ ਵਾਲੇ, ਜਿਸ ਸਦਕਾ ਉਚੇ ਰੁਤਬੇ ਮਿਲੇ। ਇਹ ਮਾਣ ਸਨਮਾਨ ਸ਼ਾਹ ਜਹਾਨ ਵਕਤ ਮਿਲੇ ਪਰ

**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਔਰੰਗਜ਼ੇਬ ਸ਼ੱਕੀ ਸੁਭਾਅ ਦਾ ਬੰਦਾ ਸੀ। ਭਰਾ ਦਾਰਾ ਸ਼ੁਕੋਹ ਨੂੰ ਉਸ ਨੇ ਕਤਲ ਕਰਵਾ ਦਿੱਤਾ ਤੇ ਸਿੰਘਾਸਨ ਹਾਸਲ ਕਰ ਲਿਆ। ਉਸ ਨੂੰ ਦਾਰਾ ਸ਼ੁਕੋਹ ਦੇ ਪਸੰਦੀਦਾ ਬੰਦਿਆਂ 'ਤੇ ਭਰੋਸਾ ਨਹੀਂ ਸੀ। ਜਦੋਂ ਭਾਈ ਸਾਹਿਬ ਨੂੰ ਨਜ਼ਰੰਦਾਜ ਕੀਤਾ ਜਾਣ ਲੱਗਾ ਤਾਂ ਨੌਕਰੀ ਛੱਡ ਕੇ, ਆਪਣੀ ਜਾਇਦਾਦ ਵੇਚ ਕੇ ਦੋ ਪਠਾਣਾਂ ਨੂੰ ਸੁਰੱਖਿਆ ਗਾਰਦ ਵਜੋਂ ਨਾਲ ਲੈ ਮੁਲਤਾਨ ਆ ਵਸੇ ਤੇ ਇਕ ਪਾਸੇ ਹਵੇਲੀ ਖਰੀਦ ਲਈ। ਇਹ ਪਠਾਣ ਵੀ ਇਸ ਹਵੇਲੀ ਵਿਚ ਵਸ ਗਏ। ਪਠਾਣ ਭਾਈ ਸਾਹਿਬ ਨੂੰ ਆਗਾ ਸਾਹਿਬ ਕਿਹਾ ਕਰਦੇ ਸਨ, ਲੋਕਾਂ ਨੇ ਵੀ ਉਨ੍ਹਾਂ ਨੂੰ ਆਗਾ ਕਹਿਣਾ ਸ਼ੁਰੂ ਕਰ ਦਿੱਤਾ, ਜਿਥੇ ਵਸਦੇ ਸਨ, ਉਸ ਬਸਤੀ ਦਾ ਨਾਮ ਆਗਾਪੁਰ ਪੈ ਗਿਆ। ਆਗਾ ਸ਼ਬਦ ਪਸ਼ਤੋ ਦਾ ਹੈ ਜੋ ਫਾਰਸੀ ਦੇ ਆਕਾ ਸ਼ਬਦ ਤੋਂ ਬਣਿਆ, ਆਕਾ ਮਾਇਨੇ ਮਾਲਕ।

ਬਚਪਨ ਤੋਂ ਹੀ ਸਿੱਖੀ ਵੱਲ ਆਕਰਸ਼ਿਤ ਸਨ ਪਰ ਜਿਸ ਲੜਕੀ ਨਾਲ ਸ਼ਾਦੀ ਹੋਈ ਉਹ ਸ਼ਰਧਾਵਾਨ ਨਿਤਨੇਮੀ ਸਿੱਖ ਪਰਿਵਾਰ ਦੀ ਧੀ ਸੀ ਜਿਸ ਤੋਂ ਭਾਈ ਨੰਦ ਲਾਲ ਨੇ ਹੋਰ ਡੂੰਘਾ ਅਸਰ ਕਬੂਲਿਆ। ਦੋ ਬੇਟੇ-ਵੱਡਾ ਲਖਪਤ ਰਾਇ 1673 ਈ. ਵਿਚ ਤੇ ਛੋਟਾ ਲੀਲਾ ਰਾਮ 1675 ਵਿਚ ਪੈਦਾ ਹੋਏ। ਇਉਂ ਉਨ੍ਹਾਂ ਦੇ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਤੋਂ ਕੇਵਲ ਸੱਤ ਤੇ ਨੌ ਸਾਲ ਛੋਟੇ ਸਨ। ਭਾਈ ਸਾਹਿਬ ਗੁਰੂ ਦਸਮ ਪਾਤਸ਼ਾਹ ਤੋਂ ਉਮਰ ਵਿਚ ਤੇਤੀ ਸਾਲ ਵੱਡੇ ਸਨ। ਜਦੋਂ 1708 ਵਿਚ ਦਸਮ ਪਾਤਸ਼ਾਹ ਜੋਤੀ ਜੋਤਿ ਸਮਾਏ, ਉਦੋਂ ਭਾਈ ਸਾਹਿਬ ਨਾਂਦੇੜ ਵਿਖੇ ਉਨ੍ਹਾਂ ਦੇ ਦਰਬਾਰ ਵਿਚ ਹਾਜ਼ਰ ਸਨ। ਬੁਲੰਦ ਸ਼ਾਇਰੀ ਦੇ ਨਾਲ ਨਾਲ ਉਨ੍ਹਾਂ ਸਿੱਖ ਰਹਿਤਨਾਮਾ ਵੀ ਰਚਿਆ ਜਿਸ ਵਿਚ ਖਾਲਸੇ ਨੂੰ ਵੀ ਪਰਿਭਾਸ਼ਿਤ ਕੀਤਾ ਹੈ। 1712 ਈ. ਵਿਚ ਉਨ੍ਹਾਂ ਦਾ ਮੁਲਤਾਨ ਵਿਖੇ ਦੇਹਾਂਤ ਹੋਇਆ ਹੈ।

ਉਨ੍ਹਾਂ ਦੀ ਸ਼ਾਇਰੀ ਦਾ ਦਰਜਾ ਜੇ ਮੇਲਣਾ ਹੋਵੇ ਤਾਂ ਮੱਧਕਾਲੀ ਇਰਾਨ ਦੇ ਸ਼ਾਇਰਾਂ ਰੂਮੀ, ਸਾਅਦੀ, ਸ਼ੀਰਾਜ਼ੀ ਅਤੇ ਫਿਰਦੌਸੀ ਬਰਾਬਰ ਦਾ ਹੈ। ਜੇ ਤਸ਼ਬੀਹਾਂ ਦੀ ਤੁਲਨਾ ਭਾਰਤੀ ਕਵੀਆਂ ਨਾਲ ਕਰਨੀ ਹੋਵੇ ਤਾਂ ਭਾਈ ਨੰਦ ਲਾਲ ਦੀ ਸ਼ੈਲੀ ਕਾਲੀਦਾਸ ਅਤੇ ਰਬਿੰਦਰਨਾਥ ਟੈਗੋਰ ਵਾਲਾ ਰੁਖ ਅਖਤਿਆਰ ਕਰਦੀ ਹੈ। ਸ਼ਾਇਰ ਆਪਣੇ ਸੰਸਾਰ ਵਿਚ ਆਉਣ ਦਾ ਕਾਰਨ ਦਸਦਾ ਹੈ,

ਹਵਾਇ ਬੰਦਗੀ ਆਵੁਰਦ ਦਰ ਵਜੂਦ ਮਰਾ।
ਵਗਰਨਾ ਜ਼ੌਕਿ ਚੁਨੀ ਆਮਦਨ ਨਬੂਦ ਮਰਾ।

(ਬੰਦਗੀ ਕਰਨ ਦੀ ਮਨਸ਼ਾ ਨਾਲ ਮੈਂ ਧਰਤੀ 'ਤੇ ਆਇਆ, ਇਥੇ ਆਉਣ ਦਾ ਹੋਰ ਕੋਈ ਸ਼ੌਕ ਨਹੀਂ ਸੀ।)

ਇਸ ਤੋਂ ਅਗਲੇ ਸ਼ਿਅਰ ਡੂੰਘੇ ਰਹੱਸ ਵਿਚ ਉਤਰਦੇ ਹਨ,

ਨਾਬੂਦ ਹੇਚ ਨਿਸ਼ਾਨ ਹਾ ਜ਼ਿ ਆਸਮਾਨੋ ਜ਼ਮੀਂ।
ਕਿ ਸ਼ੌਕਿ ਰੂਇ ਤੂ ਆਵੁਰਦ ਦਰ ਸਜੂਦ ਮਰਾ।

(ਉਦੋਂ ਤਾਂ ਜ਼ਮੀਨ ਅਤੇ ਅਸਮਾਨ ਦਾ ਨਾਮ ਨਿਸ਼ਾਨ ਨਹੀਂ ਸੀ ਜਦੋਂ ਤੇਰੇ ਦੀਦਾਰ ਦੇ ਸ਼ੌਕ ਨੇ ਮੈਨੂੰ ਸਜਦੇ ਵਿਚ ਡੇਗ ਦਿੱਤਾ।)

ਭਾਈ ਲਕਸ਼ਵੀਰ ਸਿੰਘ, ਜੋ ਖੁਦ ਫਾਰਸੀ ਦੇ ਲਾਮਿਸਾਲ ਸ਼ਾਇਰ ਹੋਏ ਹਨ, ਭਾਈ ਨੰਦ ਲਾਲ ਬਾਰੇ ਲਿਖਦੇ ਹਨ, "ਅਰਥਾਂ ਦੇ ਬਾਗਾਂ ਵਿਚ ਉਹ ਫੁਲ ਖਿੜਾਏ ਹਨ ਜਿਨ੍ਹਾਂ ਨੂੰ ਪਤਝੜ ਦਾ ਡਰ ਨਹੀਂ। ਹਰ ਸ਼ਿਅਰ, ਹਰ ਗਜ਼ਲ ਰੂਹਾਨੀ ਸ਼ਰਾਬ ਦਾ ਪਿਆਲਾ ਹੈ, ਆਤਮਾ ਵਿਚ ਰੱਬੀ ਪ੍ਰਾਪਤੀ ਦਾ ਸ਼ੌਕ ਪੈਦਾ ਕਰਦਾ ਹੈ। ਦੀਵਾਨ ਅੰਦਰ ਹਰੇਕ ਬੰਦ ਤਾਲੇ ਦੀ ਚਾਬੀ ਹੈ, ਜਿਸ ਰਾਹੀਂ ਰੱਬ ਦੀ ਪ੍ਰਾਪਤੀ ਦੇ ਰਸਤੇ ਖੁਲ੍ਹਦੇ ਹਨ।"


ਇਸ ਦੇ ਉਲਟ ਜਰਮਨ ਦਾਰਸ਼ਨਿਕ ਫਰਾਂਜ ਕਾਫਕਾ ਦਾ ਕਥਨ ਦੇਖੋ, "ਕਿਲੇ ਦੇ ਦਰਵਾਜ਼ੇ ਨੂੰ ਵੱਡਾ ਜੰਦਰਾ ਲੱਗਾ ਹੋਇਆ ਸੀ ਜਿਸ 'ਤੇ ਮੈਂ ਸਾਰੀ ਉਮਰ ਪਹਿਰਾ ਦਿੱਤਾ। ਜੰਦਰਾ ਨਾ ਆਪ ਖੋਲ੍ਹਿਆ, ਨਾ ਕਿਸੇ ਨੂੰ ਖੋਲ੍ਹਣ ਦਿੱਤਾ, ਆਪਣੇ ਆਪ ਇਸ ਨੇ ਖੁੱਲ੍ਹਣਾ ਨਹੀਂ ਸੀ। ਮੇਰਾ ਮਕਸਦ ਪੂਰਾ ਹੋਇਆ।" ਪੂਰਬੀ ਅਤੇ ਪੱਛਮੀ ਰਹੱਸ ਦਾ ਫਰਕ ਇਨ੍ਹਾਂ ਦੋਹਾਂ ਦੇ ਕਥਨਾਂ ਤੋਂ ਸਾਫ ਹੈ।

ਸ਼ਾਇਰੀ ਦਾ ਬੀਜ ਦਿਲ, ਰੂਹ ਅੰਦਰ ਮੌਜੂਦ ਸੀ, ਅਨੰਦਪੁਰ ਆ ਕੇ ਗੁਰੂ ਗੋਬਿੰਦ ਸਿੰਘ ਦੇ ਦੀਦਾਰ ਕੀਤੇ ਤਾਂ ਜ਼ੋਰਦਾਰ ਚਸ਼ਮਾ ਫੁੱਟ ਪਿਆ ਜੋ ਮੁੜ ਰੁਕਿਆ ਨਹੀਂ। ਗੁਰੂ ਜੀ ਬਾਰੇ ਸ਼ਿਅਰ ਹੈ,

ਮਨ ਚਿਹ ਜ਼ੱਰਾ ਮੁਸ਼ਤ-ਇ-ਅਜ਼ ਖਾਕਿ ਗਰੀਬ।
ਈਂ ਹਮਾ ਦੌਲਤ ਜ਼ੇ ਮੁਰਸ਼ਦ ਸ਼ਦ ਨਸੀਬ।

(ਮੈਂ ਓਪਰੀ ਮਿੱਟੀ ਦੀ ਮੁੱਠ ਦਾ ਕਿਣਕਾ ਹਾਂ ਜਿਸ ਦੀ ਕੋਈ ਹਸਤੀ ਨਹੀਂ। ਸਭ ਮੈਨੂੰ ਗੁਰੂ ਤੋਂ ਨਸੀਬ ਹੋਇਆ ਹੈ।)

ਉਜੈਨ ਵਾਸੀ ਕਾਲੀਦਾਸ ਨੇ ਮੇਘਦੂਤ ਵਿਚ



ਲਿਖਿਆ, ਮੇਰੀ ਉਜੈਨੀ ਏਨੀ ਸੁਹਣੀ ਕਿਉਂ ਹੈ, ਪਤਾ ਕੀਤਾ। ਇਥੇ ਜੰਗਲ ਵਿਚ ਰਿਸ਼ੀ ਤਪ ਕਰਦੇ ਸਨ। ਰੱਬ ਨੇ ਖੁਸ਼ ਹੋ ਕੇ ਉਨ੍ਹਾਂ ਨੂੰ ਮਨਚਾਹੀ ਵਸਤ ਮੰਗਣ ਲਈ ਕਿਹਾ। ਰਿਸ਼ੀਆਂ ਨੇ ਸੁਰਗ ਵਿਚੋਂ ਹਿੱਸਾ ਮੰਗਿਆ। ਸੁਰਗ ਦਾ ਇਕ ਟੋਟਾ ਕੱਟ ਕੇ ਧਰਤੀ ਉਪਰ ਭੇਜਦਿਆਂ ਰੱਬ ਨੇ ਕਿਹਾ, ਇਸ ਦਾ ਨਾਮ ਉਜੈਨੀ ਰੱਖਣਾ।

ਭਾਈ ਨੰਦ ਲਾਲ ਦੀ ਮੰਜ਼ਲ ਅਨੰਦਪੁਰ ਸਾਹਿਬ ਹੈ, ਲਿਖਦੇ ਹਨ, ਫੁਰਸਤ ਮਿਲੇ ਤਾਂ ਅਨੰਦਪੁਰ ਜਾਣਾ। ਅਨੰਦਪੁਰ ਜਾਉਗੇ ਤਾਂ ਦੇਖੋਗੇ, ਇਥੋਂ ਦੀਆਂ ਗਲੀਆਂ ਵਿਚ ਫਿਰਦੇ ਮੰਗਤੇ ਬਾਦਸ਼ਾਹੀਆਂ ਵੰਡਦੇ ਫਿਰਦੇ ਹਨ।

ਪ੍ਰੋਫੈਸਰ ਪੂਰਨ ਸਿੰਘ ਦਾ ਕਥਨ ਹੈ, ਉਚੀ ਥਾਂ ਉਸਰਿਆ ਹੋਣ ਕਰਕੇ ਦੂਰੋਂ ਜਦੋਂ ਅਨੰਦਪੁਰ ਦੇ ਦੀਦਾਰ ਹੁੰਦੇ ਹਨ ਤਾਂ ਲਗਦੈ ਜਿਵੇਂ ਅਸਮਾਨੀ ਚਾਦਰ ਦੀ ਇਕ ਕੰਨੀ ਕਿਸੇ ਨੇ ਉਪਰ ਚੁਕ ਦਿਤੀ ਹੋਵੇ ਤੇ ਅਸਮਾਨੋਂ ਪਾਰ ਦਾ ਨਜ਼ਾਰਾ ਦਿੱਸਿਆ ਹੋਵੇ। ਧਰਤੀ ਉਤਲੀ ਚੀਜ਼ ਨਹੀਂ ਹੈ ਅਨੰਦਪੁਰੀ।

ਇਸ਼ਕ ਦੀ ਦੀਵਾਨਗੀ ਦੀ ਮਿਸਾਲ ਦੇਖੀਏ,

ਗੋਯਾ ਖਾਮੋਸ਼ ਬਾਸ਼ ਕਿ ਸੌਦਾਇ ਇਸ਼ਕਿਯਾਹ
ਤਾ ਈਂ ਸਰ ਅਸਤ ਅਜ਼, ਸਰਇ ਖੁਦ ਵਾ ਨਮੀ ਕੁਨੀਮ।

(ਗੋਯਾ ਹੁਣ ਖਾਮੋਸ਼ ਰਹਿ, ਕਿਉਂਕਿ ਮਹਿਬੂਬ ਦੇ ਇਸ਼ਕ ਦਾ ਪਾਗਲਪਣ ਸਿਰ ਵਿਚ ਸਮਾਇਆ ਹੋਇਆ ਹੈ। ਜਦੋਂ ਤਕ ਸਿਰ ਰਹੇਗਾ ਸ਼ੁਦਾਅ ਨਾਲ ਰਹੇਗਾ।) ਆਪਣੀ ਸ਼ਾਇਰੀ ਬਾਰੇ ਸ਼ਾਇਰ ਦਾ ਸਵੈ-ਕਥਨ ਹੈ,

ਸ਼ੇਅਰਿ ਗੋਯਾ ਬੇਸ਼ ਅਜ਼ ਸ਼ੀਰੋ ਸ਼ਕਰ
ਮੇਵਾ ਦਰ ਹਿੰਦੁਸਤਾਂ ਬਾਸ਼ਦ ਲਜ਼ੀਜ਼।

(ਗੋਯਾ ਦੇ ਸ਼ੇਅਰ ਦੁਧ ਖੰਡ ਤੋਂ ਵੱਧ ਮਿੱਠੇ ਹਨ। ਇਹ ਹਿੰਦੁਸਤਾਨ ਦੇ ਸੁਆਦਲੇ ਮੇਵੇ ਹਨ।)

ਇਸੇ ਕਿਸਮ ਦਾ ਕਥਨ ਹਾਫਿਜ਼ ਸ਼ੀਰਾਜ਼ੀ ਦਾ ਹੈ,

ਹਾਫਿਜ਼ ਜੈ ਤੁਰਫਾ ਸ਼ਾਖ-ਇ-ਬਨਾ
ਤੀਸਤ ਕਿਲਕ ਤੂ
ਕਸ਼ਇ ਮੇਵਾ ਦਿਲ ਪਜ਼ੀਰ ਤਰ ਅਜ਼
ਸ਼ਹਿਦੋ ਸ਼ਕਰ ਅਸਤ।

(ਤੇਰੀ ਕਲਮ ਕਿਸ ਲੱਕੜ ਦੀ ਟਾਹਣੀ ਹੈ ਹਾਫਿਜ਼ ਕਿ ਇਸ ਦਾ ਫਲ ਸ਼ਹਿਦ ਅਤੇ ਖੰਡ ਨਾਲੋਂ ਮਿੱਠਾ ਹੈ।)

ਰੱਬ ਦੀ ਦਰਿਆਦਿਲੀ ਸਾਹਮਣੇ ਬੰਦਾ ਸ਼ਰਮਿੰਦਾ ਕਿਉਂ ਹੋਵੇ?

ਮਾ ਨਮੇ ਲਾ ਫੀਮ ਅਜ਼ ਜ਼ੁਹਦੋ ਰਿਆ
ਗਰ ਗੁਨਾਹਗਾਰੀਮ ਹੱਕ ਬਖਸ਼ੰਦਾ ਅਸਤ।

(ਮੈਂ ਆਪਣੀ ਪ੍ਰਹੇਜ਼ਗਾਰੀ ਅਤੇ ਬੰਦਗੀ ਦਾ ਦਿਖਾਵਾ ਨਹੀਂ ਕਰਦਾ। ਮੰਨ ਲਿਆ ਗੁਨਾਹਗਾਰ ਹਾਂ, ਤਾਂ ਕੀ, ਮਾਲਕ ਬਖਸ਼ਣਹਾਰ ਹੈ।)

ਹਰ ਕਿਸ ਜ਼ੇ ਖੁਦਾਇ ਖਵੈਸ਼ ਚੀਜ਼ ਮੀ ਖਵਾਹਦ
ਗੋਯਾ ਜ਼ੇ ਖੁਦਾ ਯਾਦਿ ਖੁਦਾ ਮੀ ਖਵਾਹਦ।

(ਜੋ ਰੱਬ ਨੂੰ ਯਾਦ ਕਰਦਾ ਹੈ ਉਹ ਇਉਂ ਹੈ ਜਿਵੇਂ ਰੱਬ ਤੋਂ ਰੱਬ ਨੂੰ ਮੰਗਦਾ ਹੋਵੇ।)

ਦੀਗਰੇ ਰਾ ਅਜ਼ ਕੁਜ਼ਾ ਆਰੇਮ ਮਾ
ਸ਼ੋਰ ਦਰ ਆਲਮ ਯਕੇ ਅਫਗੰਦਾ ਅਸਤ।

(ਕਿਸੇ ਦੂਜੇ ਰੱਬ ਦੀ ਕੀ ਲੋੜ, ਜਹਾਨ ਵਿਚ ਤਾਂ ਇਕ ਦਾ ਹੀ ਬਥੇਰਾ ਰੌਲਾ ਪਿਆ ਹੋਇਐ।)

ਨਦਾਨਿਸਤਮ ਮਨ ਅਜ਼
ਰੋਜ਼-ਇ-ਅਜ਼ਲ ਈਂ ਨਕਸ਼ਿ ਆਦਮਰਾ
ਕਿ ਨੱਕਾਸ਼ ਅਜ਼
ਬਰਾਇਬੂਦਨ-ਇ-ਖੁਦ ਖਾਨਾ ਮੀ ਸਾਜ਼ਦ।

(ਅਜ਼ਲ ਤੋਂ ਮੈਂ ਉਸ ਨਕਸ਼ੇ ਨੂੰ ਨਹੀਂ ਪਛਾਣਿਆ ਜਿਸ ਨੂੰ ਇਨਸਾਨ ਕਹਿੰਦੇ ਹਨ। ਮੈਨੂੰ ਕੀ ਪਤਾ ਸੀ ਨਕਸ਼ਾ-ਨਵੀਸ ਖੁਦ ਰਹਿਣ ਲਈ ਘਰ ਬਣਾ ਰਿਹੈ।)

ਗੁਫਤਮ ਕਿ ਜਾਂ ਦਿਹੇਮ ਇਵਜ਼ਿ ਯੱਕ ਨਿਗਾਹੇ ਤੂ
ਗੁਫਤਾ ਮਿਆਨਿ ਮਾਓਤੂ ਸੌਦਾ ਨਮੀ ਸ਼ਵਦ।

(ਅਸੀਂ ਕਿਹਾ, ਤੇਰੇ ਦੀਦਾਰ ਦੀ ਇਕ ਝਲਕ ਬਦਲੇ ਜਾਨ ਕੁਰਬਾਨ ਹਜ਼ੂਰ। ਉਹ ਬੋਲੇ, ਇਸ ਘਰ ਵਿਚ ਸੌਦੇਬਾਜ਼ੀ ਨਹੀਂ ਚਲਦੀ।)

ਪਿਆਰ ਵਿਚਲੇ ਸੰਗੀਤ ਦਾ ਵਰਣਨ ਦੇਖੋ,
ਅਸੀਂ ਮਿਲੇ ਤਾਂ ਪਿਆਰ ਕੀਤਾ,
ਵਿਛੜੇ ਤਾਂ ਬੈਠ ਗਏ ਖਾਮੋਸ਼।
ਕੋਇਲਾਂ, ਬੁਲਬੁਲਾਂ ਅਤੇ ਪਪੀਹਿਆਂ ਵਾਂਗ
ਅਸੀਂ ਚੀਕਾਂ ਨਹੀਂ ਮਾਰੀਆਂ।

ਇਸ ਸੰਗੀਤ ਦਾ ਜ਼ਿਕਰ ਹਾਫਿਜ਼ ਸ਼ੀਰਾਜੀ ਨੇ ਇਉਂ ਕੀਤਾ,

ਤੂੰ ਮਿਲਿਆ ਤਾਂ ਰੰਗ ਬਰੰਗੇ ਪੰਛੀ
ਬੰਸਰੀਆਂ ਲੈ ਕੇ ਉਤਰੇ।
ਤੂੰ ਵਿਛੁੜਿਆ ਤਾਂ ਅੱਖਾਂ ਵਿਚ
ਹੰਝੂ ਨੱਚਣ ਲੱਗੇ।
ਤੂੰ ਮਿਲਿਆ ਤਾਂ ਸੰਗੀਤ,
ਤੂੰ ਵਿਛੁੜਿਆ ਤਾਂ ਸੰਗੀਤ।

ਆਸ਼ਕਾਂ ਕੋਲ ਅਰਪਣ ਕਰਨ ਵਾਸਤੇ ਇਹ ਸੁਗਾਤ ਹੈ,

ਤਾ ਬਿਆਈ ਯਕ ਨਫਸ ਬਹਿਰੇ ਖਿਦਮਤਤ
ਚਸ਼ਮ ਗੌਹਰ ਬਾਰੇ ਮਾ ਖੁਸ਼ ਲੂ ਲਏ ਲਾਲਾ ਗ੍ਰਿਫਤ।

(ਇਸ ਉਮੀਦ ਵਿਚ ਕਿ ਤੂੰ ਕੁੱਝ ਸਮੇਂ ਲਈ ਆਏਗਾ, ਬਰਸਾਉਣ ਵਾਸਤੇ ਅੱਖਾਂ ਨੇ ਲਿਸ਼ਕਦੇ ਮੋਤੀ ਇਕੱਠੇ ਕਰ ਰੱਖੇ ਹਨ।)

ਦੋ ਚਸ਼ਮ ਕਿ ਦਰਿਆਇ ਅਜ਼ੀਮ
ਉਸ਼ ਸ਼ਾਂ ਬਵਦ ਗੋਯਾ
ਜ਼ਹਿਰ ਅਸ਼ਕਮ ਬਵਦ ਸ਼ਾਦਾਬੀਏ
ਸਦ ਬਾਗ ਬਾਗ ਈਂਜਾ।

(ਮੇਰੀਆਂ ਅੱਖਾਂ ਦੇ ਸਮੁੰਦਰ ਵਿਚੋਂ ਜਿਹੜੀਆਂ ਨਦੀਆਂ ਨਿਕਲਦੀਆਂ ਹਨ, ਉਨ੍ਹਾਂ ਨਾਲ ਸੈਂਕੜੇ ਬਾਗ ਹਰੇ ਹੋ ਜਾਂਦੇ ਹਨ।)

ਇਸੇ ਸ਼ੈਲੀ ਵਿਚ ਹਾਫਿਜ਼ ਦਾ ਸ਼ੇਅਰ ਹੈ,

ਮੈਂ ਉਜੜੇ ਦੇਸਾਂ, ਵੀਰਾਨ ਮਾਰੂਥਲਾਂ ਵਿਚ ਬਾਗ ਲਗਾਵਾਂਗਾ। ਤੁਹਾਡੇ ਉਦਾਸ ਚਿਹਰੇ ਜਦੋਂ ਮੈਂ ਹੰਝੂਆਂ ਨਾਲ ਧੋਏ, ਤੁਸੀਂ ਮੰਨ ਜਾਉਗੇ ਕਿ ਹਾਫਿਜ਼ ਉਜੜੇ ਦੇਸ ਵਸਾ ਸਕਦਾ ਹੈ।

ਮਹਿਬੂਬ ਨੂੰ ਮਿਲਣ ਦਾ ਤਰੀਕਾ ਭਾਈ ਸਾਹਿਬ ਇਉਂ ਬਿਆਨ ਕਰਦੇ ਹਨ,

ਬਸੂਏ ਗੈਰ ਮੀਫਗਨ ਨਜ਼ਰ ਕਿ ਬੇ ਬਸਰੀਸਤ।
ਤਮਾਮ ਚਸ਼ਮ ਸ਼ੂ ਸੂਏ ਦੋਸਤ ਵਾ ਮੀ ਬਾਸ਼।

(ਮਹਿਬੂਬ ਨਹੀਂ, ਹੋਰ ਜਹਾਨ ਸਾਹਮਣੇ ਹੈ ਤਾਂ ਅੰਨ੍ਹਾ ਹੋ ਜਾ। ਮਹਿਬੂਬ ਸਾਹਮਣੇ ਹੈ ਤਾਂ ਸਾਰੇ ਵਜੂਦ ਨੂੰ ਅੱਖ ਬਣਾ ਲੈ ਤੇ ਦੇਖਣੋ ਨਾ ਹਟ।)

ਫਿਰ ਆਖਦੇ ਹਨ, ਜਿਸਮ ਅਤੇ ਰੂਹ ਵਿਚਕਾਰ ਪਰਦਾ ਨਹੀਂ। ਤਾਂ ਵੀ ਜਿਸਮ ਰੂਹ ਨੂੰ ਦੇਖੇ, ਸਾਡਾ ਦਸਤੂਰ ਨਹੀਂ।

ਤੀਰਾ ਦਿਲਾਂ ਕਿ ਚਸ਼ਮਿ ਨਦਾਰੰਦ ਮੁਤਲਿਕ ਅੰਦ
ਖੁਰਸ਼ੀਦ ਹਾ ਮੁਕਾਬਿਲ-ਇ-ਰੂਏ ਤੂ ਮੀ ਕੁਨੰਦ।

(ਜੋ ਅੱਖੋਂ ਮਨਾਖੇ ਹਨ ਤੇ ਜਿਨ੍ਹਾਂ ਦੇ ਦਿਲਾਂ 'ਚ ਹਨੇਰ ਪਸਰਿਆ ਹੋਇਆ ਹੈ, ਉਹ ਤੇਰੇ ਰੌਸ਼ਨ ਚਿਹਰੇ ਦੀ ਤੁਲਨਾ ਸੂਰਜ ਨਾਲ ਕਰਦੇ ਹਨ।)

ਪਤੰਗੇ ਦੀ ਦੀਵੇ ਅਗੇ ਅਰਦਾਸ ਦੇਖੋ, ਸੰਸਾਰ ਵਿਚ ਹਨੇਰਾ ਹੈ ਮਿੱਤਰ, ਆਪਣਾ ਰੌਸ਼ਨ ਚਿਹਰਾ ਦਿਖਾ। ਦੁਨੀਆ ਨੂੰ ਤੇਰੀ ਬਹੁਤ ਲੋੜ ਹੈ, ਸਾਨੂੰ ਵੀ ਤੇਰੇ ਤੱਕ ਇਕ ਨਿਕਾ ਜਿਹਾ ਕੰਮ ਹੈ।

ਪੰਜਾਬੀ ਯੂਨੀਵਰਸਿਟੀ ਭਾਈ ਲਕਸ਼ਵੀਰ ਸਿੰਘ ਰਚਿਤ ਕਿਤਾਬ ਤਸਨੀਫਾਤਿ ਗੋਯਾ ਛਾਪ ਰਹੀ ਹੈ ਜਿਸ ਵਿਚ ਭਾਈ ਨੰਦ ਲਾਲ ਦਾ ਮੁੱਲਾਂਕਣ ਮੱਧਕਾਰੀ ਇਰਾਨੀ ਸ਼ਾਇਰਾਂ ਦੇ ਸੰਦਰਭ ਵਿਚ ਕੀਤਾ ਹੈ। ਭਾਈ ਲਕਸ਼ਵੀਰ ਸਿੰਘ ਦੀ ਕਿਤਾਬ ਮੁਨਾਜਾਤਿ ਬਾਮਦਾਦੀ (ਅੰਮ੍ਰਿਤ ਵੇਲੇ ਦੀ ਅਜ਼ਾਨ) ਛਪ ਚੁੱਕੀ ਹੈ। ਪਹਿਲੀ ਵਾਰ ਉਨ੍ਹਾਂ ਨੂੰ ਮਿਲਣ ਚੈਲ ਜਾਣਾ ਸੀ, ਪੁਛਿਆ, ਆਪਣਾ ਟਾਈਮ ਟੇਬਲ ਦੱਸੋ ਤਾਂ ਕਿ ਉਸ ਹਿਸਾਬ ਪ੍ਰੋਗਰਾਮ ਵਿਉਂਤੀਏ। ਉਨ੍ਹਾਂ ਕਿਹਾ, ਟਾਈਮਟੇਬਲ? ਲਉ ਸੁਣੋ,

ਦਿਨ ਮੇਂ ਕੁਛ ਫਿਕਰ-ਇ-ਸੁਖਨ (ਸ਼ਾਇਰੀ),
ਜ਼ਿਕਰ-ਇ-ਖੁਦਾ ਕਰਤਾ ਹੂੰ।
ਰਾਤ ਕੋ ਦਰਦ ਭਰੇ ਗੀਤ ਸੁਨਾ ਕਰਤਾ ਹੂੰ।

# ਸਦਾ-ਜਵਾਨ ਸ਼ਹੀਦ ਭਗਤ ਸਿੰਘ

*(ਪਿਛਲੇ ਸਫੇ ਤੋਂ ਜਾਰੀ )*

ਰਚਨਾਕਾਰ ਇਕ-ਦੋ ਜਾਂ ਤਿੰਨ-ਚਾਰ, ਜਿੰਨੀਆਂ ਵੀ ਅਜਿਹੀਆਂ ਰਚਨਾਵਾਂ ਪੰਜਾਬੀ, ਉਰਦੂ ਜਾਂ ਹਿੰਦੀ ਵਿਚ ਕਰਦੇ ਸਨ, ਅੰਗਰੇਜ਼ ਦੇ ਜ਼ਬਤੀ ਦੇ ਹੁਕਮ ਦੀ ਪਰਵਾਹ ਨਾ ਕਰਦਿਆਂ ਉਹ ਸਭ ਨਾਲ ਦੀ ਨਾਲ ਗੁਰਮੁਖੀ ਲਿਪੀ ਵਿਚ ਦੁਵਰਕਿਆਂ ਦੇ ਰੂਪ ਵਿਚ ਛਾਪ ਕੇ ਲੋਕਾਂ ਵਿਚ ਵੰਡ ਦਿੰਦੇ ਸਨ।

ਇਕ ਉਰਦੂ ਕਵੀ ਸੁਖਦੇਵ ਵਰਮਾ 'ਕੁੰਦਨ' ਨੇ ਜੋ ਘੋੜੀ ਸ਼ਹੀਦੀ ਦੇ ਨਾਲ ਹੀ ਲਿਖ ਕੇ ਵੰਡ ਦਿੱਤੀ ਸੀ ਅਤੇ ਸ਼ਹੀਦੀ ਤੋਂ ਸਿਰਫ਼ ਇਕ ਹਫ਼ਤਾ ਮਗਰੋਂ 30 ਮਾਰਚ 1931 ਨੂੰ ਹੀ ਜ਼ਬਤ ਕਰ ਲਈ ਗਈ ਸੀ, ਉਹਦੇ ਸ਼ੁਰੂਆਤੀ ਤੇ ਅੰਤਲੇ ਬੋਲ ਸਨ,

ਮਰਦ-ਏ-ਮੈਦਾਨ ਚਲ ਦੀਆ
ਸਰਦਾਰ ਤੇਈਸ ਮਾਰਚ ਕੋ।
ਮਾਨ ਕਰ ਫ਼ਾਂਸੀ ਗਲੇ ਕਾ ਹਾਰ
ਤੇਈਸ ਮਾਰਚ ਕੋ।...
ਹੰਸਤੇ ਹੰਸਤੇ ਜਾਨ ਦੇਤੇ
ਦੇਖ ਕਰ 'ਕੁੰਦਨ' ਇਨਹੇਂ,
ਪਸਤ ਹਿੰਮਤ ਹੋ ਗਈ ਸਰਕਾਰ
ਤੇਈਸ ਮਾਰਚ ਕੋ।

'ਕਮਾਲ' ਨਾਂ ਦੇ ਹਿੰਦੀ ਕਵੀ ਦੀ ਉਨ੍ਹਾਂ ਹੀ ਦਿਨਾਂ ਵਿਚ ਲਿਖੀ ਅਤੇ ਪ੍ਰਭੂ ਨੰਦਨ ਮਿਸ਼ਰਾ ਦੀ ਛਾਪੀ ਘੋੜੀ ਉਤੇ ਪਹਿਲੀ ਜੂਨ 1931 ਨੂੰ ਪਾਬੰਦੀ ਲਾ ਦਿੱਤੀ ਗਈ। ਉਸ ਦੇ ਅਰੰਭਿਕ ਬੋਲ ਸਨ,

ਸੁਖਦੇਵ, ਭਗਤ ਸਿੰਘ, ਰਾਜਗੁਰੂ
ਆਜ਼ਾਦੀ ਕੇ ਦੀਵਾਨੇ ਥੇ।
ਹੰਸ ਹੰਸ ਕਰ ਝੂਲੇ ਫ਼ਾਂਸੀ ਪਰ
ਭਾਰਤ ਕੇ ਮਸਤਾਨੇ ਥੇ।

ਇਨ੍ਹਾਂ ਵਿਚੋਂ ਸਭ ਤੋਂ ਮਸ਼ਹੂਰ ਤੇ ਵਧੀਆ ਘੋੜੀ ਮੇਲਾ ਰਾਮ ਤਾਇਰ ਨਾਂ ਦੇ ਲੋਕ-ਕਵੀ ਦੀ ਲਿਖੀ ਹੋਈ ਮਿਲਦੀ ਹੈ। ਜਿਥੇ ਸ਼ਹੀਦੀ ਦਾ ਦੁੱਖ-ਦਰਦ ਤਾਂ ਹੋਰ ਰਚਨਾਵਾਂ ਵਿਚੋਂ ਵੀ ਬੜੀ ਤਿੱਖੀ ਤਰ੍ਹਾਂ ਮਹਿਸੂਸ ਹੁੰਦਾ ਹੈ, ਸ਼ੁਰੂ ਤੋਂ ਅੰਤ ਤੱਕ ਵਿਆਹ ਦੀ ਘੋੜੀ ਵਾਲਾ ਮਾਹੌਲ ਇਸ ਵਿਚ ਹੀ ਨਿਵੇਕਲੇ ਤੇ ਬਹੁਤ ਖ਼ੂਬਸੂਰਤ ਰੂਪ ਵਿਚ ਨਿਭਾਇਆ ਗਿਆ ਹੈ। ਇਸ ਵਿਚ ਜਿਸ ਹਰੀ ਕਿਸ਼ਨ ਨੂੰ ਕਵੀ ਨੇ ਸਾਂਢੂ ਬਣਾਇਆ ਹੈ, ਉਸ ਨੌਜਵਾਨ ਨੇ ਲਾਹੌਰ ਵਿਚ ਯੂਨੀਵਰਸਿਟੀ ਕਾਨਵੋਕੇਸ਼ਨ ਸਮੇਂ ਅੰਗਰੇਜ਼ ਗਵਰਨਰ ਉਤੇ ਗੋਲ਼ੀ ਚਲਾ ਕੇ ਭਗਤ ਸਿੰਘ ਤੋਂ ਪਹਿਲਾਂ ਸ਼ਹੀਦੀ ਪ੍ਰਾਪਤ ਕੀਤੀ ਹੋਈ ਸੀ। ਕਹਿੰਦੇ ਹਨ, ਭਗਤ ਸਿੰਘ ਦੇ ਪਹਿਲੇ ਸ਼ਹੀਦੀ ਦਿਵਸ, 23 ਮਾਰਚ 1932 ਨੂੰ ਇਹ ਦਿਵਸ ਮਨਾਉਣ ਦੀ ਅੰਗਰੇਜ਼ ਦੀ ਮਨਾਹੀ ਦੀ ਪਰਵਾਹ ਨਾ ਕਰਦਿਆਂ ਮਾਇਰ ਨੇ ਟਾਂਗੇ ਉਤੇ ਚੜ੍ਹ ਕੇ ਆਪਣੀ ਇਹ ਰਚਨਾ ਭਰੇ ਬਾਜ਼ਾਰ ਗਾਈ ਸੀ,

ਆਵੋ ਨੀ ਭੈਣੋ ਰਲ਼ ਗਾਵੀਏ ਘੋੜੀਆਂ,
ਜੰਜ ਤੇ ਹੋਈ ਏ ਤਿਆਰ ਨੀ ਹਾਂ।
ਮੌਤ ਕੁੜੀ ਨੂੰ ਪਰਨਾਵਣ ਚੱਲਿਆ,
ਦੇਸ਼ ਭਗਤ ਸਰਦਾਰ ਨੀ ਹਾਂ।
ਫ਼ਾਂਸੀ ਦੇ ਤਖ਼ਤੇ ਵਾਲਾ ਖਾਰਾ ਬਣਾ ਕੇ,
ਬੈਠਾ ਤੂੰ ਚੌਕੜੀ ਮਾਰ ਵੇ ਹਾਂ।
ਹੰਝੂਆਂ ਦੇ ਪਾਣੀ ਭਰ ਨ੍ਹਾਵੇ ਘੜੋਲੀ,
ਲਹੂ ਦੀ ਰੱਤੀ ਮੋਹਲੀ ਧਾਰ ਵੇ ਹਾਂ।
ਫ਼ਾਂਸੀ ਦੀ ਟੋਪੀ ਵਾਲਾ ਮੁਕਟ ਬਣਾ ਕੇ,
ਸਿਹਰਾ ਤੂੰ ਬੱਧਾ ਝਾਲਰਦਾਰ ਵੇ ਹਾਂ।
ਜੰਡੀ ਤੇ ਵੱਢੀ ਲਾੜੇ ਜ਼ੋਰ ਜ਼ੁਲਮ ਦੀ,
ਸਬਰ ਦੀ ਮਾਰ ਤਲਵਾਰ ਵੇ ਹਾਂ।
ਰਾਜਗੁਰੂ ਤੇ ਸੁਖਦੇਵ ਸਰਬਾਲ੍ਹੇ,
ਚੜ੍ਹਿਆ ਤੇ ਤੂੰ ਹੀ ਵਿਚਕਾਰ ਵੇ ਹਾਂ।
ਵਾਗ-ਫੜਾਈ ਤੈਥੋਂ ਭੈਣਾਂ ਨੇ ਲੈਣੀ,
ਭੈਣਾਂ ਦਾ ਰੱਖਿਆ ਉਧਾਰ ਵੇ ਹਾਂ।
ਹਰੀ ਕਿਸ਼ਨ ਤੇਰਾ ਬਣਿਆ ਵੇ ਸਾਂਢੂ,
ਢੁੱਕੇ ਤੇ ਤੁਸੀਂ ਇਕੋ ਵਾਰ ਵੇ ਹਾਂ।
ਪੈਂਤੀ ਕਰੋੜ ਤੇਰੇ ਜਾਂਜੀ ਵੇ ਲਾੜਿਆ,
ਕਈ ਪੈਦਲ ਤੇ ਕਈ ਸਵਾਰ ਵੇ ਹਾਂ।
ਕਾਲ਼ੀਆਂ ਪੁਸ਼ਾਕਾਂ ਪਾ ਕੇ ਜੰਜ ਜੁ ਤੁਰ ਪਈ,
'ਤਾਇਰ' ਵੀ ਹੋਇਆ ਏ ਤਿਆਰ ਵੇ ਹਾਂ।

# ਗਦਰੀ ਬਾਬੇ, ਗਦਰੀ ਬਾਬੇ ਸਨ

ਵਿਚਾਰ-ਚਰਚਾ

*ਸਾਲ 2013 ਨੂੰ ਭਾਰਤੀ ਆਜ਼ਾਦੀ ਦੇ ਇਤਿਹਾਸ ਦੇ ਮਿਸਾਲੀ ਘੋਲ 'ਗਦਰ ਲਹਿਰ' ਦੇ ਸ਼ਤਾਬਦੀ ਵਰ੍ਹੇ ਵਜੋਂ ਮਨਾਇਆ ਗਿਆ ਹੈ। ਗਦਰੀਆਂ ਵੱਲੋਂ ਕੌਮੀ ਕਾਜ ਵਿਚ ਪਾਏ ਗਏ ਯੋਗਦਾਨ ਬਾਰੇ ਭਰਵੀਂ ਚਰਚਾ ਛਿੜੀ ਰਹੀ ਹੈ। ਕੁਝ ਵਿਦਵਾਨ ਗਦਰ ਲਹਿਰ ਨੂੰ ਮਹਿਜ਼ ਸਿੱਖਾਂ ਤੱਕ ਸੀਮਤ ਕਰ ਰਹੇ ਹਨ ਅਤੇ ਉਨ੍ਹਾਂ ਦੀ ਧਾਰਨਾ ਹੈ ਕਿ ਗਦਰ ਲਹਿਰ ਪਿਛੇ ਮੂਲ ਰੂਪ ਵਿਚ ਜਜ਼ਬਾ ਸਿੱਖੀ ਸੋਚ ਸੀ। ਸਿੱਖ ਚਿੰਤਕ ਸ. ਅਜਮੇਰ ਸਿੰਘ ਨੇ ਇਸੇ ਨੁਕਤਾ-ਨਿਗ੍ਹਾ ਤੋਂ ਪੁਸਤਕ 'ਗਦਰੀ ਬਾਬੇ ਕੌਣ ਸਨ?' ਲਿਖੀ ਹੈ। ਦੂਜੇ ਪਾਸੇ ਬਹੁਤ ਸਾਰੇ ਚਿੰਤਕਾਂ ਦਾ ਖਿਆਲ ਹੈ ਕਿ ਬਿਨਾ ਸ਼ੱਕ ਗਦਰੀਆਂ ਵਿਚੋਂ ਬਹੁਤੇ ਸਿੱਖ ਸਨ ਪਰ ਉਨ੍ਹਾਂ ਨੇ ਜੋ ਸੰਘਰਸ਼ ਕੀਤਾ, ਉਹ ਕਿਸੇ ਫਿਰਕੇ ਜਾਂ ਧਰਮ ਤੋਂ ਉਪਰ ਉਠ ਕੇ ਭਾਰਤ ਦੀ ਆਜ਼ਾਦੀ ਲਈ ਕੀਤਾ। ਪੰਜਾਬ ਟਾਈਮਜ਼ ਵਿਚ ਇਸ ਮੁੱਦੇ ਨੂੰ ਲੈ ਕੇ ਛਪੇ ਪਹਿਲਾਂ ਕਹਾਣੀਕਾਰ ਵਰਿਆਮ ਸਿੰਘ ਸੰਧੂ ਅਤੇ ਫਿਰ ਡਾ. ਸਰਬਜੀਤ ਸਿੰਘ ਦੇ ਲੰਬੇ ਲੇਖ ਪਾਠਕ ਪੜ੍ਹ ਚੁਕੇ ਹਨ। ਇਸੇ ਲੜੀ ਵਿਚ ਸਾਨੂੰ ਸ. ਅਭੈ ਸਿੰਘ ਦਾ ਇਹ ਲੇਖ ਪ੍ਰਾਪਤ ਹੋਇਆ ਹੈ, ਜੋ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਇਸ ਮੁੱਦੇ ਉਤੇ ਆਉਣ ਵਾਲੇ ਹੋਰ ਵਿਚਾਰਾਂ ਨੂੰ ਵੀ ਪਰਚੇ ਵਿਚ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ*

ਪਿਛਲੇ ਕੁਝ ਸਮੇਂ ਅੰਦਰ ਗ਼ਦਰ ਲਹਿਰ ਦੀ ਬਹੁਤ ਚਰਚਾ ਹੋਈ ਹੈ। ਇਸ ਦੀ ਇਤਿਹਾਸਿਕ ਭੂਮਿਕਾ ਬਾਰੇ ਸ. ਅਜਮੇਰ ਸਿੰਘ ਦੀ 320 ਸਫ਼ੇ ਦੀ ਮੋਟੀ ਕਿਤਾਬ ਦਾ ਹਵਾਲਾ ਕਈ ਚਿੰਤਕਾਂ ਨੇ ਦਿੱਤਾ ਹੈ। ਇਸ ਲੇਖ ਵਿਚ ਮੈਂ ਆਪਣੀਆਂ ਗੱਲਾਂ ਸਿਰਫ਼ ਸ. ਅਜਮੇਰ ਸਿੰਘ ਦੀ ਕਿਤਾਬ ਦੇ ਹਵਾਲੇ ਨਾਲ ਹੀ ਕਰਨੀਆਂ ਚਾਹੁੰਦਾ ਹਾਂ। ਮੇਰਾ ਇਹ ਲੇਖ ਗ਼ਦਰ ਲਹਿਰ ਬਾਰੇ ਸਮੁੱਚਾ ਮੁੱਲੰਕਣ ਨਹੀਂ, ਸਿਰਫ਼ ਸ. ਅਜਮੇਰ ਸਿੰਘ ਦੀ ਕਿਤਾਬ ਵਿਚਲੀ ਸ਼ਬਦਾਵਲੀ ਹੀ ਮੇਰਾ ਤਬਸਰਾ ਰਹੇਗਾ।

**ਸਿੱਖ ਰਵਾਇਤਾਂ ਦੀ ਪ੍ਰੇਰਨਾ:** ਜੇ ਤਾਂ ਇਤਨੀ ਕੁ ਗੱਲ ਹੋਵੇ ਕਿ ਗ਼ਦਰੀ ਬਾਬਿਆਂ ਨੂੰ ਆਪਣੇ ਮੰਤਵ ਦੀ ਪਕਿਆਈ ਵਾਸਤੇ ਸਿੱਖ ਇਤਿਹਾਸ ਵਿਚੋਂ ਉਤਸ਼ਾਹ ਮਿਲਦਾ ਰਿਹਾ, ਉਨ੍ਹਾਂ

ਅਭੈ ਸਿੰਘ
ਫੋਨ: 91-98783-75903

ਦੇ ਸਿਰੜ ਤੇ ਕੁਰਬਾਨੀ ਦੇ ਜਜ਼ਬੇ ਲਈ ਸਿੱਖ ਪਿਛੋਕੜ ਸਹਾਈ ਰਿਹਾ ਤਾਂ ਕੋਈ ਖਾਸ ਗੱਲ ਨਹੀਂ ਸੀ। ਪਰ ਅਜਮੇਰ ਸਿੰਘ ਨੇ ਤਾਂ ਗ਼ਦਰ ਲਹਿਰ ਨੂੰ ਸਿੱਖ ਲਹਿਰ ਦੀ ਹੀ ਇਕ ਕੜੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਹ ਲਿਖਦੇ ਹਨ ਕਿ "ਗਦਰੀ ਬਾਬੇ ਸਿੱਖ ਧਰਮ ਦੀਆਂ ਜੁਝਾਰੂ ਰਵਾਇਤਾਂ ਤੋਂ ਪ੍ਰੇਰਤ ਹੋ ਕੇ 'ਹੀ' ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਸ਼ਾਮਿਲ ਹੋਏ।" ਇਥੇ ਸ਼ਬਦ 'ਹੀ' ਨੂੰ ਮੈਂ ਇਸ ਕਰਕੇ ਅੰਕਤ ਕੀਤਾ ਹੈ ਕਿ ਇਹ ਪ੍ਰਭਾਵ ਪਾਉਂਦਾ ਹੈ ਕਿ ਉਨ੍ਹਾਂ ਕੋਲ ਇਸ ਸੰਗਰਾਮ ਵਿਚ ਸ਼ਾਮਿਲ ਹੋਣ ਦੀ ਇਕੋ ਇਕ ਇਹੀ ਪ੍ਰੇਰਨਾ ਸੀ। ਸਵਾਲ ਹੈ ਕਿ ਜੇ ਇਸੇ ਪ੍ਰੇਰਨਾ ਨੇ ਕੰਮ ਕਰਨਾ ਸੀ ਤਾਂ ਉਸ ਦੇ ਸਰੋਤ ਤਾਂ ਭਾਰਤ ਵਿਚ ਹੀ ਬਹੁਤ ਸਨ, ਉਨ੍ਹਾਂ ਨੂੰ ਅਮਰੀਕਾ ਜਾਣ ਦੀ ਤੇ ਉਥੋਂ ਫਿਰ ਗ਼ਦਰ ਦੀ ਖਾਤਿਰ ਵਾਪਸ ਆਉਣ ਦੀ ਕੀ ਜ਼ਰੂਰਤ ਸੀ। ਉਨ੍ਹਾਂ ਨੇ ਇਥੋਂ ਹੀ ਗ਼ਦਰ ਕਿਉਂ ਨਾ ਸ਼ੁਰੂ ਕਰ ਦਿੱਤਾ?

ਦੂਜਾ ਸਵਾਲ ਹੈ, ਸਿੱਖਾਂ ਦੀ ਵੱਡੀ ਗਿਣਤੀ ਜੋ ਅਮਰੀਕਾ ਨਹੀਂ ਗਈ ਸੀ, ਉਨ੍ਹਾਂ ਨੂੰ ਸਿੱਖ ਧਰਮ ਦੀਆਂ ਜੁਝਾਰੂ ਰਵਾਇਤਾਂ ਨੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਾਸਤੇ ਪ੍ਰੇਰਨਾ ਕਿਉਂ ਨਾ ਦਿੱਤੀ। ਕੀ ਉਹ ਇਨ੍ਹਾਂ ਰਵਾਇਤਾਂ ਤੋਂ ਜਾਣੂ ਨਹੀਂ ਸਨ? ਇਨ੍ਹਾਂ ਨੇ ਆਪ ਤਾਂ ਸੰਗਰਾਮ ਕੀ ਸ਼ੁਰੂ ਕਰਨਾ ਸੀ, ਅਮਰੀਕਾ ਤੋਂ ਆਏ ਗਦਰੀ ਬਾਬਿਆਂ ਦਾ ਵੀ ਸਾਥ ਨਹੀਂ ਦਿੱਤਾ। ਗਦਰੀ ਬਾਬਿਆਂ ਵਿਚ ਸਿੱਖਾਂ ਦੀ ਗਿਣਤੀ 90% ਹੋ ਸਕਦੀ ਹੈ ਪਰ ਸਿੱਖਾਂ ਵਿਚੋਂ ਗਦਰੀ ਬਾਬਿਆਂ ਦਾ ਸਾਥ ਦੇਣ ਵਾਲਿਆਂ ਦੀ ਗਿਣਤੀ 9% ਵੀ ਨਹੀਂ ਸੀ।

ਸਾਨੂੰ ਸੱਚਾਈ ਸਮਝਣੀ ਪਵੇਗੀ। ਜਿਸ ਪੱਛਮ ਨੂੰ ਪਾਣੀ ਪੀ ਪੀ ਕੇ ਕੋਸਣਾ ਫੈਸ਼ਨ ਬਣਿਆ ਹੋਇਆ ਹੈ, ਆਜ਼ਾਦੀ ਦੀ ਦੇਵੀ ਪਹਿਲਾਂ ਉਥੇ ਹੀ ਪ੍ਰਗਟ ਹੋਈ ਸੀ। ਗ਼ਦਰੀ ਬਾਬਿਆਂ ਨੂੰ ਆਜ਼ਾਦੀ ਦੇ ਦਰਸ਼ਨ ਹੀ ਅਮਰੀਕਾ ਜਾ ਕੇ ਹੋਏ ਤੇ ਉਥੇ ਹੀ ਅਹਿਸਾਸ ਹੋਇਆ ਕਿ ਉਨ੍ਹਾਂ ਦਾ ਮੁਲਕ ਗੁਲਾਮ ਹੈ। ਗੁਲਾਮੀ ਤੇ ਆਜ਼ਾਦੀ ਦੇ ਅਰਥਾਂ ਦਾ ਭੇਦ ਹੀ ਉਥੇ ਸੀ। ਹਾਂ, ਜਦੋਂ ਅਮਰੀਕਾ ਦੀ ਆਜ਼ਾਦੀ ਤੋਂ ਪ੍ਰੇਰਿਤ ਹੋ ਕੇ ਆਪਣੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਸ਼ਾਮਿਲ ਹੋਏ ਤਾਂ ਸਿੱਖ ਧਰਮ ਦੇ ਜੁਝਾਰੂ ਵਿਰਸੇ ਵਿਚੋਂ ਜ਼ਰੂਰ ਉਨ੍ਹਾਂ ਨੂੰ ਭਰਪੂਰ ਹਿੰਮਤ ਮਿਲੀ ਹੋਵੇਗੀ।

ਆਪਣੇ ਮੁੱਖ ਬੰਦ ਵਿਚ ਹੀ ਸ. ਅਜਮੇਰ ਸਿੰਘ ਲਿਖਦੇ ਹਨ, "ਦੂਜੀ ਏਨੀ ਹੀ ਨਿੰਦਣਯੋਗ ਬੇਇਨਸਾਫ਼ੀ ਸਿੱਖ ਕੌਮ ਦੇ ਆਗੂਆਂ ਵੱਲੋਂ ਹੋਈ ਹੈ, ਜਿਨ੍ਹਾਂ ਨੇ ਪਿਛਲੇ 50 ਸਾਲਾਂ ਤੋਂ ਗ਼ਦਰੀ ਸੂਰਮਿਆਂ ਨੂੰ ਆਪਣੀ ਯਾਦ ਵਿਚੋਂ ਲਗਾਤਾਰ ਖਾਰਜ ਹੀ ਕਰ ਦਿੱਤਾ ਹੈ।" ਉਹ ਠੀਕ ਲਿਖਦੇ ਹਨ, ਸਿਰਫ 50 ਸਾਲ ਹੀ ਨਹੀਂ, ਉਨ੍ਹਾਂ ਨੇ ਗ਼ਦਰੀ ਸੂਰਮੇ ਪਹਿਲੇ ਦਿਨ ਤੋਂ ਹੀ ਵਿਸਾਰੇ ਹੋਏ ਸਨ। ਲੇਖਕ ਦੀਆਂ ਨਜ਼ਰਾਂ ਵਿਚ ਇਹ 'ਦੂਜੀ ਨਿੰਦਣਯੋਗ ਬੇਇਨਸਾਫ਼ੀ' ਹੈ। ਪਹਿਲੀ ਬੇਇਨਸਾਫ਼ੀ ਖੱਬੇਪੱਖੀਆਂ ਵੱਲੋਂ ਇਨ੍ਹਾਂ ਨੂੰ ਨਾ ਵਿਸਾਰਨਾ ਤੇ ਇਨ੍ਹਾਂ ਦੀ ਯਾਦ ਨੂੰ ਲੋਕਾਂ ਵਿਚ ਤਾਜ਼ਾ ਰੱਖਣ ਦੀ ਸਮਝਦੇ ਹਨ। ਅਸੀਂ ਛੋਟੇ ਹੁੰਦਿਆਂ ਤੋਂ ਗਦਰੀ ਸੂਰਮਿਆਂ ਦੀਆਂ ਵਾਰਾਂ ਤੇ ਇਨ੍ਹਾਂ ਦੇ ਲਿਖੇ ਗੀਤ ਕਮਿਊਨਿਸਟ ਸਟੇਜਾਂ ਤੋਂ ਸੁਣਦੇ ਰਹੇ ਹਾਂ। ਕਾਂਗਰਸੀ ਜਲਸਿਆਂ ਵਿਚ ਵੀ ਇਨ੍ਹਾਂ ਦਾ ਜ਼ਿਕਰ ਹੁੰਦਾ ਰਿਹਾ ਪਰ ਸਿੱਖ ਸਮਾਰੋਹਾਂ ਵਿਚ ਕਦੇ ਇਨ੍ਹਾਂ ਦਾ ਜ਼ਿਕਰ ਨਹੀਂ ਹੋਇਆ, ਕਦੇ ਢਾਡੀਆਂ ਦੀਆਂ ਵਾਰਾਂ ਦਾ ਵਿਸ਼ਾ ਨਹੀਂ ਬਣੇ। ਕਾਰਣ ਕਿਸੇ ਦੀ ਅਣਗਹਿਲੀ ਨਹੀਂ, ਕਾਰਣ ਇਹ ਹੈ ਕਿ ਇਹ ਲਹਿਰ ਸਿੱਖ ਲਹਿਰ ਦਾ ਹਿੱਸਾ ਨਹੀਂ ਸੀ ਤੇ ਸਿੱਖਾਂ ਨੇ ਇਸ ਨੂੰ ਕਦੇ ਉਸ ਤਰ੍ਹਾਂ ਨਹੀਂ ਸਮਝਿਆ।


ਜੇ ਖੱਬੇਪੱਖੀ 'ਅਨਮਤੀਏ' ਵੀ ਗ਼ਦਰੀ ਸੂਰਬੀਰਾਂ ਨੂੰ ਸਿੱਖ ਲੀਡਰਾਂ ਦੀ ਤਰ੍ਹਾਂ ਹੀ ਆਪਣੀ ਯਾਦ ਵਿਚੋਂ ਵਿਸਾਰ ਦਿੰਦੇ ਤਾਂ, ਅੱਜ ਕਿਸੇ ਨੂੰ ਵੀ ਯਾਦ ਨਾ ਰਹਿੰਦੇ ਤੇ ਸ. ਅਜਮੇਰ ਸਿੰਘ ਨੂੰ ਵੀ ਉਨ੍ਹਾਂ ਬਾਰੇ ਇਤਨੀ ਮੋਟੀ ਕਿਤਾਬ ਲਿਖਣ ਦੀ ਕੋਈ ਲੋੜ ਨਾ ਪੈਂਦੀ। ਫਿਰ ਗ਼ਦਰੀ ਬਾਬਿਆਂ ਬਾਰੇ 'ਕੌਣ ਸਨ' ਨਾਲੋਂ ਅਹਿਮ ਸਵਾਲ ਹੋ ਜਾਣਾ ਸੀ 'ਕਿਹੜੇ ਗ਼ਦਰੀ ਬਾਬੇ?'

**ਅਖੌਤੀ ਸਿੱਖ ਰਾਜ ਦੇ ਖੁੱਸਣ ਦੀ ਅਖੌਤੀ ਰੰਜਸ਼:** ਗ਼ਦਰੀ ਬਾਬਿਆਂ ਵੱਲੋਂ ਸੰਗਰਾਮ ਵਿਚ ਕੁੱਦਣ ਦੀ ਦੂਜੀ ਅਹਿਮ ਪ੍ਰੇਰਨਾ ਅਜਮੇਰ ਸਿੰਘ ਨੇ ਇਹ ਦੱਸੀ ਹੈ ਕਿ ਉਨ੍ਹਾਂ ਨੂੰ ਅੰਗਰੇਜ਼ਾਂ ਖਿਲਾਫ਼ ਇਸ ਗੱਲ ਦਾ ਵੱਡਾ ਗੁੱਸਾ ਸੀ ਕਿ ਉਨ੍ਹਾਂ ਨੇ ਸਿੱਖ ਰਾਜ ਨੂੰ ਧੱਕੇ ਨਾਲ ਖੋਹ ਲਿਆ ਸੀ। ਇਥੇ ਵੀ ਪਹਿਲਾ ਸਵਾਲ ਇਹ ਹੈ ਕਿ ਇਹ ਗੁੱਸਾ ਧਰਤੀ ਦੀ ਦੂਜੀ ਨੁੱਕਰੇ, ਅਮਰੀਕਾ ਜਾ ਕੇ ਹੀ ਕਿਉਂ ਭਾਂਬੜ ਬਣਿਆ। ਦੂਜਾ, ਇਸ ਗੁੱਸੇ ਨੇ 60 ਸਾਲ ਦਾ ਸਬਰ ਕਿਉਂ ਰੱਖਿਆ? ਲਾਹੌਰ ਉਪਰ ਕਬਜ਼ੇ ਦੇ 6 ਸਾਲ ਬਾਅਦ ਹੀ ਅੰਗਰੇਜ਼ ਸਾਰੇ ਹਿੰਦੁਸਤਾਨ ਵਿਚ ਭੜਕੇ ਗਦਰ ਵਿਚ ਬੁਰੀ ਤਰ੍ਹਾਂ ਉਲਝ ਗਏ ਸਨ, ਦਿੱਲੀ ਹਾਰ ਚੁਕੇ ਸਨ। ਉਦੋਂ ਗੁੱਸਾ ਵੀ ਤਾਜ਼ਾ ਸੀ ਤੇ ਬਦਲਾ ਲੈਣ ਦਾ ਵਧੀਆ ਮੌਕਾ ਸੀ। ਹਕੀਕਤ ਇਹ ਹੈ ਕਿ ਕੋਈ ਗੁੱਸਾ ਨਹੀਂ ਸੀ। ਸਤਲੁਜ ਦੇ ਪੂਰਬ ਵਿਚ ਰਹਿੰਦੇ ਸਿੱਖਾਂ ਦਾ ਜੀਵਨ ਦੂਸਰੇ ਪਾਸੇ ਰਹਿੰਦੇ ਸਿੱਖਾਂ ਨਾਲੋਂ ਕੁਝ ਸੌਖਾ ਸੀ ਤੇ ਕੁਝ ਅਮਨ ਅਮਾਨ ਵਾਲਾ ਸੀ।

ਸਭਰਾਵਾਂ ਤੇ ਮੁਦਕੀ ਦੀ ਲੜਾਈ ਬਾਰੇ ਕਾਰਲ ਮਾਰਕਸ ਦੀ ਇਕ ਦਿਲਚਸਪ ਟਿੱਪਣੀ ਅਜਮੇਰ ਸਿੰਘ ਦੀ ਕਿਤਾਬ ਵਿਚੋਂ ਪੜ੍ਹਨ ਨੂੰ ਮਿਲੀ। ਲਿਖਿਆ ਹੈ ਕਿ ਕਾਰਲ ਮਾਰਕਸ ਨੇ ਕਿਹਾ ਸੀ, "ਜਨਰਲ ਗਫ਼ ਦੀ ਮੂਰਖਤਾ ਸੀ ਕਿ ਉਸ ਨੇ ਸਿੱਖਾਂ ਨੂੰ ਦੱਖਣ ਦੇ ਹਿੰਦੂਆਂ ਵਾਂਗ ਹੀ ਸਮਝ ਲਿਆ ਜਿਨ੍ਹਾਂ ਨੂੰ ਰਾਈਫ਼ਲ ਦਾ ਕੁੰਦਾ ਵਿਖਾ ਕੇ ਹਰਾ ਦਿੱਤਾ ਸੀ।" ਮਾਰਕਸ ਨੇ ਲਿਖਿਆ ਜਾਂ ਨਹੀਂ ਦੀ ਤਸਦੀਕ ਦੇ ਚੱਕਰ ਵਿਚ ਮੈਂ ਨਹੀਂ ਪੈਂਦਾ। ਸਿਰਫ਼ ਇਤਨਾ ਕਹਿ ਸਕਦਾ ਹਾਂ ਕਿ ਦੱਖਣ ਵਿਚ ਅੰਗਰੇਜ਼ ਮਹੀਨਿਆਂ ਤੇ ਸਾਲਾਂਬੱਧੀ ਲੜਾਈਆਂ ਵਿਚ ਉਲਝੇ ਰਹੇ ਪਰ ਦੂਜੀ ਐਂਗਲੋ ਸਿੱਖ ਜੰਗ ਚਾਰ ਦਿਨ ਦੀ ਖੇਡ ਰਹੀ। ਸ਼ਾਹ ਮੁਹੰਮਦ ਸਿੱਖ ਜਰਨੈਲਾਂ ਬਾਰੇ ਲਿਖਦਾ ਹੈ 'ਜਿਨ੍ਹਾਂ ਕਿਲੇ ਨਿਵਾਏ ਸਨ ਵੇਰ ਮੀਆਂ' ਪਰ ਉਹ ਕਿਲੇ ਨਿਪੋਲੀਅਨ ਦੇ ਕਿਲੇ ਦੇ ਮੁਕਾਬਲੇ ਕੁਝ ਵੀ ਨਹੀਂ ਸਨ ਜਿਨ੍ਹਾਂ ਨੂੰ ਨਿਵਾ ਕੇ ਅੰਗਰੇਜ਼ ਜਰਨੈਲ ਸਿੱਧੇ ਫਿਰੋਜ਼ਪੁਰ ਪਹੁੰਚੇ ਸਨ। ਉਹ ਜੰਗ ਹਿੰਦ-ਪੰਜਾਬ ਦਾ ਨਹੀਂ ਸਾਮੰਤਸ਼ਾਹੀ ਤੇ ਪੂੰਜੀਵਾਦ ਦਾ ਸੀ, ਪਰੰਪਰਾਵਾਦ ਤੇ ਆਧੁਨਿਕਤਾ ਦਾ ਸੀ। ਫ਼ੌਜਾਂ ਨੇ ਅੰਤ ਨੂੰ ਹਾਰਨਾ ਹੀ ਸੀ, ਚਾਹੇ 'ਸਰਕਾਰ' ਹੁੰਦੀ ਚਾਹੇ ਨਾ ਹੁੰਦੀ। ਹਾਂ, ਜੇ 'ਸਰਕਾਰ' ਦੇ ਹੁੰਦਿਆਂ ਫੌਜਾਂ ਹਾਰ ਜਾਂਦੀਆਂ ਤਾਂ ਉਸ ਨਾਲ ਸਤੀ ਹੋਣ ਵਾਲੀਆਂ ਚਾਰ ਰਾਣੀਆਂ ਤੇ ਪੰਜ ਦਾਸੀਆਂ ਬਚ ਜਾਣੀਆਂ ਸਨ, ਕਿਉਂਕਿ ਅੰਗਰੇਜ਼ੀ ਰਾਜ ਵਿਚ ਸਤੀ ਦੀ ਰਸਮ ਉਪਰ ਪਾਬੰਦੀ ਲੱਗ ਚੁਕੀ ਸੀ।

ਸਤੀ ਦੀ ਰਵਾਇਤ ਬਾਰੇ ਸ. ਅਜਮੇਰ ਸਿੰਘ ਲਿਖਦੇ ਹਨ ਕਿ ਸਿੱਖ ਰਵਾਇਤ ਵਿਚ ਤਾਂ ਇਸ ਦੀ ਕੋਈ ਥਾਂ ਨਹੀਂ, ਇਸ ਵਾਸਤੇ ਸਿਰਫ਼ ਰਾਜਪੂਤ ਰਾਣੀਆਂ ਹੀ ਸਤੀ ਹੋਈਆਂ। ਸਵਾਲ ਇਹ ਹੈ ਕਿ ਕੀ ਉਹ ਖਾਲਸਾ ਰਾਜ ਦੇ ਸ਼ਹਿਨਸ਼ਾਹ ਨਾਲ ਵਿਆਹ ਤੋਂ ਬਾਅਦ ਵੀ ਸਿੱਖ ਨਹੀਂ ਬਣੀਆਂ ਤੇ ਦੂਜਾ, ਕੀ ਰਣਜੀਤ ਸਿੰਘ ਦੇ ਰਾਜ ਵਿਚ ਸਭ ਕੰਮ ਸਿੱਖ ਰਵਾਇਤਾਂ ਮੁਤਾਬਕ ਹੀ ਹੁੰਦੇ ਸਨ। ਫਿਰ ਜਦੋਂ ਕਈ ਜਰਨੈਲ ਤੇ ਸ਼ਹਿਜ਼ਾਦੇ ਸਤੀ ਵਾਲਾ ਚੋਲਾ ਪਹਿਨ ਕੇ ਚਿਤਾ ਵਿਚ ਛਾਲਾਂ ਮਾਰਨ ਵਾਸਤੇ ਉਛਲਦੇ ਸਨ, ਪਤਾ ਨਹੀਂ ਸੱਚੀਮੁੱਚੀਂ ਕਿ ਡਰਾਮਾ ਕਰਦੇ ਸਨ, ਉਨ੍ਹਾਂ ਨੂੰ ਤਾਂ ਜਬਰਦਸਤੀ ਰੋਕ ਲਿਆ ਗਿਆ ਪਰ ਇਨ੍ਹਾਂ ਨੂੰ ਕਿਸੇ ਨੇ ਕਿਉਂ ਨਾ ਰੋਕਿਆ ਜੋ ਸਿੱਖ ਰਵਾਇਤਾਂ ਦੇ ਖਿਲਾਫ਼ ਜਾ ਰਹੀਆਂ ਸਨ।

ਅਜਮੇਰ ਸਿੰਘ ਨੇ ਇਕ ਮਾਸਟਰ ਚਤਰ ਸਿੰਘ ਦਾ ਜ਼ਿਕਰ ਕੀਤਾ ਹੈ ਜਿਸ ਨੇ ਖਾਲਸਾ ਕਾਲਜ, ਅੰਮ੍ਰਿਤਸਰ ਦੇ ਅੰਗਰੇਜ਼ ਪ੍ਰਿੰਸੀਪਲ ਉਤੇ ਜਾਨੀ ਹਮਲਾ ਕੀਤਾ ਸੀ। ਚਤਰ ਸਿੰਘ ਆਪਣੇ ਬਿਆਨ ਵਿਚ ਕਹਿੰਦਾ ਹੈ ਕਿ ਸਿੱਖਾਂ ਨੂੰ ਅੰਗਰੇਜ਼ਾਂ ਖਿਲਾਫ਼ ਰੰਜਸ਼ ਹੈ ਕਿ ਉਨ੍ਹਾਂ ਨੇ ਸਾਡਾ ਪੰਜਾਬ ਖੋਹ ਲਿਆ। ਅਜਮੇਰ ਸਿੰਘ ਲਿਖਦੇ ਹਨ, "ਵੇਖੋ ਸਿਰਫ਼ ਸਿੱਖਾਂ ਨੂੰ ਹੀ ਇਹ ਰੰਜਸ਼ ਜਾਗਿਆ, ਪੰਜਾਬ ਦੇ ਕਿਸੇ ਹੋਰ ਭਾਈਚਾਰੇ- ਹਿੰਦੂ ਜਾਂ ਮੁਸਲਮਾਨ ਨੂੰ ਕਿਉਂ ਨਹੀਂ?" ਪਰ ਸਿੱਖਾਂ ਨੂੰ ਵੀ ਕਿੱਥੇ ਜਾਗਿਆ। ਉਨ੍ਹਾਂ 1857 ਮੁਆਫ਼ ਕੀਤਾ, ਫਿਰ ਸਾਰਾਗੜੀ ਤੇ ਯੂਰਪ ਦੀਆਂ ਦੋ ਲੜਾਈਆਂ ਵਿਚ ਅੰਗਰੇਜ਼ਾਂ ਖਾਤਿਰ ਜਾਨਾਂ ਕੁਰਬਾਨ ਕੀਤੀਆਂ ਜਿਸ ਦੀ ਮਹਿਮਾ ਕਈ ਸਿੱਖ ਲੀਡਰ ਲੰਡਨ ਤੱਕ ਗਾਉਂਦੇ ਪਹੁੰਚਦੇ ਹਨ।




ਅਜਮੇਰ ਸਿੰਘ ਲਿਖਦੇ ਹਨ ਕਿ "ਰਾਜ ਖੁੱਸਣ ਦਾ ਹਉਕਾ ਉਨ੍ਹਾਂ ਲੋਕਾਂ ਦੇ ਹਿਰਦਿਆਂ ਵਿਚੋਂ ਹੀ ਨਿਕਲ ਸਕਦਾ ਹੈ ਜਿਨ੍ਹਾਂ ਨੇ ਆਪਣਾ ਰਾਜ ਸਥਾਪਤ ਕਰਨ ਵਾਸਤੇ ਆਪਣਾ ਖੂਨ ਵਹਾਇਆ ਹੋਵੇ" ਪਰ ਹਕੀਕਤ ਇਹ ਹੈ ਕਿ ਦੁਨੀਆ ਵਿਚ ਹਰ ਰਾਜ ਆਪਣਾ ਨਹੀਂ, ਹੋਰਨਾਂ ਦਾ ਖੂਨ ਵਹਾ ਕੇ ਹੀ ਸਥਾਪਤ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਹੋਰਾਂ ਦਾ ਖੂਨ ਵਹਾਉਂਦਿਆਂ ਆਪਣਾ ਵੀ ਡੋਲਣਾ ਪੈ ਸਕਦਾ ਹੈ।

**ਪਾਤਸ਼ਾਹੀਆਂ ਦਾ ਰੁਲਣਾ:** ਅਜਮੇਰ ਸਿੰਘ ਨੇ ਇਸ ਵਿਸ਼ੇ ਉਪਰ ਪਹਿਲਾਂ ਵੀ ਇਕ ਪੂਰੀ ਕਿਤਾਬ ਲਿਖੀ ਸੀ, 'ਕਿਸ ਬਿਧ ਰੁਲੀ ਪਾਤਸ਼ਾਹੀ' ਤੇ ਮੈਂ ਅਰਜ਼ ਕੀਤੀ ਸੀ ਕਿ ਪਾਤਸ਼ਾਹੀਆਂ ਦੀ ਟੈਂਸ਼ਨ ਨਾ ਲਵੋ, ਇਨ੍ਹਾਂ ਰੁਲਣਾ ਹੀ ਰੁਲਣਾ ਹੈ, ਕੋਈ ਅੱਜ ਰੁਲੇ ਕੋਈ ਕੱਲ੍ਹ। ਉਸ ਪਾਤਸ਼ਾਹੀ ਨੂੰ ਸਿੱਖਾਂ ਦੇ ਆਜ਼ਾਦ ਰਾਜ ਦਾ ਨਾਂ ਦੇਣਾ ਬਿਲਕੁਲ ਗ਼ਲਤ ਹੈ। ਸ਼ਖ਼ਸੀ ਹਕੂਮਤ ਤੇ ਆਜ਼ਾਦੀ ਵਿਪਰੀਤ ਸ਼ਬਦ ਹਨ।

**ਇਹ ਪ੍ਰਤੀਸ਼ਤ ਬਾਜ਼ੀ:** ਚਰਚਾ ਹੇਠਲੀ ਕਿਤਾਬ ਦੇ ਲੇਖਕ ਨੇ ਸ਼ਾਇਦ ਕਾਫ਼ੀ ਖੋਜ ਬੀਨ ਕਰਕੇ ਕੁਝ ਪ੍ਰਤੀਸ਼ਤ ਕਾਇਮ ਕੀਤੇ ਹਨ ਕਿ ਇਤਨੇ ਗਦਰੀ ਬਾਬੇ (ੳ) ਧਰਮ ਦੇ ਸਨ ਤੇ ਇਤਨੇ (ਅ) ਧਰਮ ਦੇ ਵਗੈਰਾ ਵਗੈਰਾ। ਇਸ ਕਿਤਾਬ ਵਿਚ ਬਹੁਤ ਵਾਰ ਦੁਹਰਾਇਆ ਗਿਆ ਹੈ ਕਿ ਹੱਦ ਹੋ ਗਈ ਜਦੋਂ ਸਾਫ਼ ਗਿਣਤੀ ਹੈ ਕਿ ਗ਼ਦਰੀ ਬਾਬਿਆਂ ਵਿਚੋਂ 90% ਸਿੱਖ ਸਨ ਤਾਂ ਕਿਉਂ ਪੋਚਾ ਪਾਇਆ ਗਿਆ, ਕਿਉਂ ਉਨ੍ਹਾਂ ਨੂੰ ਪੰਜਾਬੀ ਜਾਂ ਹਿੰਦੁਸਤਾਨੀ ਹੀ ਲਿਖਿਆ ਜਾਂਦਾ ਹੈ। ਅਜੇ ਅਜਮੇਰ ਸਿੰਘ ਨੇ ਇਸ ਤੋਂ ਅਗਲੀ ਗਿਣਤੀ ਨਹੀਂ ਕੀਤੀ। ਮੈਂ ਸੁਣਿਆ ਹੈ ਕਿ ਸਿੱਖ ਗ਼ਦਰੀ ਬਾਬਿਆਂ ਵਿਚੋਂ 90% ਜੱਟ ਸਨ। ਮੇਰੀ ਗੱਲ ਤਾਂ ਸੁਣੀ ਸੁਣਾਈ ਹੈ ਬਾਕੀ ਪ੍ਰਤੀਸ਼ਤਾਂ ਦੇ ਮਾਹਿਰ ਸ. ਅਜਮੇਰ ਸਿੰਘ ਹਨ, ਉਹ ਸਹੀ ਅੰਕੜਾ ਦੱਸ ਸਕਣਗੇ। ਫਿਰ ਜੇ ਸਾਫ਼ ਜ਼ਾਹਰ ਹੈ ਕਿ ਉਨ੍ਹਾਂ ਵਿਚੋਂ 90% ਜੱਟ ਸਨ ਤਾਂ ਕਿਉਂ ਨਹੀਂ ਲਿਖਿਆ ਗਿਆ, ਜੱਟਾਂ ਪ੍ਰਤੀ ਸੌੜੀ ਸੋਚ ਕਿਉਂ? ਮੈਨੂੰ ਪਤਾ ਹੈ, ਅਜਮੇਰ ਸਿੰਘ ਕੀ ਜਵਾਬ ਦੇਣਗੇ? ਕਹਿਣਗੇ 'ਕਿਉਂ ਵੰਡੀਆਂ ਪਾਉਂਦੇ ਹੋ' ਇਹ ਗ਼ਦਰੀ ਸਿਰਫ਼ ਤੇ ਸਿਰਫ਼ ਸਿੱਖ ਸਨ। ਮੈਂ ਕਹਾਂਗਾ ਕਿ ਠੀਕ ਹੈ ਕੋਈ ਵੰਡੀ ਨਹੀਂ ਪਾਉਂਦੇ, ਉਹ ਸਿਰਫ਼ ਤੇ ਸਿਰਫ਼ ਹਿੰਦੁਸਤਾਨੀ ਸਨ। ਕਿਉਂਕਿ ਜੇ ਵੰਡੀਆਂ ਪਾਉਣ ਲੱਗੇ ਤਾਂ ਇਹ ਰੁਕਦੀਆਂ ਨਹੀਂ।

ਦਰਅਸਲ ਹਰ ਬੰਦੇ ਦੇ ਇਕੋ ਵਕਤ ਕਈ ਰੁਤਬੇ ਤੇ ਵਰਗੀਕਰਣ ਹੁੰਦੇ ਹਨ। ਦੋ ਮੁਲਕਾਂ ਵਿਚਕਾਰ ਕ੍ਰਿਕਟ ਦੇ ਮੈਚ ਵੇਲੇ ਹਰ ਖਿਡਾਰੀ ਨੂੰ ਉਸ ਦੇ ਮੁਲਕ ਨਾਲ ਹੀ ਸੰਬੋਧਨ ਕੀਤਾ ਜਾਵੇਗਾ, ਹਾਲਾਂਕਿ ਉਹ ਕਿਸੇ ਖਾਸ ਪ੍ਰਾਂਤ, ਸ਼ਹਿਰ, ਧਰਮ, ਜਾਤ ਜਾਂ ਗੋਤ ਦਾ ਵੀ ਹੋ ਸਕਦਾ ਹੈ। ਅੰਤਰ-ਰਾਜੀ ਮੈਚਾਂ ਵਿਚ ਖਿਡਾਰੀਆਂ ਦਾ ਜ਼ਿਕਰ ਉਨ੍ਹਾਂ ਦੇ ਰਾਜਾਂ ਨਾਲ ਹੋਵੇਗਾ। ਇਸੇ ਤਰ੍ਹਾਂ ਅੰਗਰੇਜ਼ਾਂ ਵਿਰੁਧ ਮੁਲਕ ਦੀ ਆਜ਼ਾਦੀ ਦਾ ਮਾਮਲਾ ਹਿੰਦੁਸਤਾਨ ਦੀ ਆਜ਼ਾਦੀ ਦਾ ਸੀ ਤੇ ਇਹ ਅੰਜਾਮ ਗ਼ਦਰੀ ਬਾਬਿਆਂ ਨੇ ਬਤੌਰ ਹਿੰਦੁਸਤਾਨੀ ਕੀਤਾ ਹਾਲਾਂਕਿ ਉਨ੍ਹਾਂ ਦਾ ਸਬੰਧ ਕਿਸੇ ਇਕ ਸੂਬੇ, ਸ਼ਹਿਰ, ਇਲਾਕੇ, ਧਰਮ, ਜਾਤ ਜਾਂ ਗੋਤ ਨਾਲ ਵੀ ਹੋ ਸਕਦਾ ਹੈ।

ਮੈਨੂੰ ਪਤਾ ਹੈ ਕਿ ਅਜਮੇਰ ਸਿੰਘ ਜਾਤ ਪਾਤ ਦੀ ਪਰੰਪਰਾ ਨੂੰ ਪਸੰਦ ਨਹੀਂ ਕਰਦੇ। ਇਸ ਕਿਤਾਬ ਵਿਚ ਉਨ੍ਹਾਂ ਸਵਰਨ ਜਾਤੀ ਹਿੰਦੂਆਂ ਦੀ ਗਲਬਾ ਰੁਚੀ ਦੀ ਚਰਚਾ ਕਰਦਿਆਂ ਕਿਹਾ ਹੈ ਕਿ ਜਾਤੀ ਵੰਡ ਨੂੰ ਜਾਇਜ਼ ਠਹਿਰਾਉਂਦੀ ਕਿਤਾਬ ਨਸ਼ਟ ਕੀਤੇ ਬਗੈਰ ਜਾਤ ਪਾਤ ਖਤਮ ਨਹੀਂ ਹੋ ਸਕਦੀ ਪਰ ਲੱਗਦਾ ਨਹੀਂ ਕਿ ਜਿਹੜੇ ਲੋਕ ਜਾਤ ਪਾਤ ਨੂੰ ਮੰਨਦੇ ਹਨ, ਉਹ ਇਹ ਕਿਤਾਬ ਪੜ੍ਹ ਕੇ ਹੀ ਇਸ ਤਰ੍ਹਾਂ ਕਰਦੇ ਹਨ। ਜ਼ਿਕਰ ਅਧੀਨ ਕਿਤਾਬ ਤੋਂ ਪ੍ਰਭਾਵ ਮਿਲਦਾ ਹੈ ਕਿ ਜਾਤ-ਪਾਤ ਦਾ ਬੰਧਨ ਸਿਰਫ਼ ਹਿੰਦੂਆਂ ਵਾਸਤੇ ਹੈ, ਜਿਵੇਂ ਸਿੱਖ ਇਸ ਤੋਂ ਮੁਕਤ ਹੋਣ। ਲੇਕਿਨ ਅਸੀਂ ਜਾਤੀ ਆਧਾਰਤ ਗੁਰਦੁਆਰਿਆਂ ਦੀ ਦੁਖਦ ਹੋਂਦ ਤੋਂ ਵਾਕਿਫ਼ ਹਾਂ। ਪਿੰਡ ਪਿੰਡ ਦਰਜਨਾਂ ਲਾਊਡ ਸਪੀਕਰ ਖੜਕਦੇ ਹਨ। ਮੇਰੇ ਸ਼ਹਿਰ ਵਿਚ ਤਾਂ ਦੋ ਗੁਰਦੁਆਰਿਆਂ ਦੀ ਕੰਧ ਸਾਂਝੀ ਹੈ। ਸਿੱਖਾਂ ਅੰਦਰ ਅੰਤਰ-ਜਾਤੀ ਵਿਆਹ ਤਾਂ ਬਹੁਤ ਹੀ ਘੱਟ ਹਨ ਹਾਲਾਂਕਿ ਹਿੰਦੂ-ਸਿੱਖਾਂ ਦੇ ਆਪਸ ਵਿਚ ਵਿਆਹ ਇਸ ਤੋਂ ਕੁਝ ਵੱਧ ਹਨ। ਕਿਤਨੇ ਕਥਿਤ ਸਵਰਨ ਜਾਤੀ ਸਿੱਖਾਂ ਦੇ ਗੈਰ ਸਵਰਨ ਜਾਤੀ ਸਿੱਖਾਂ ਵਿਚ ਵਿਆਹ ਹੁੰਦੇ ਹਨ? ਇਸ ਦਾ ਸਹੀ ਪ੍ਰਤੀਸ਼ਤ ਪ੍ਰਤੀਸ਼ਤਾਂ ਦੇ ਮਾਹਿਰ ਅਜਮੇਰ ਸਿੰਘ ਵਰਗੇ ਖੋਜੀ ਹੀ ਦੱਸ ਸਕਦੇ ਹਨ, ਮੈਨੂੰ ਸਿਰਫ਼ ਇਤਨਾ ਪਤਾ ਹੈ ਕਿ ਉਹ ਇਕ ਪ੍ਰਤੀਸ਼ਤ ਤੋਂ ਘੱਟ ਹਨ ਤੇ ਉਹ ਵੀ ਆਧੁਨਿਕਤਾਵਾਦੀਆਂ ਦੇ ਹਨ ਜਿਸ ਲਫ਼ਜ਼ ਨੂੰ ਇਕ ਗਾਲ੍ਹ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ।

ਗ਼ਦਰੀ ਬਾਬਿਆਂ ਦੇ ਸਿੱਖੀ ਤੋਂ ਪ੍ਰੇਰਤ ਹੋਣ ਦੇ ਸਬੂਤ ਵਜੋਂ ਦੱਸਿਆ ਗਿਆ ਹੈ ਕਿ ਉਨ੍ਹਾਂ ਨੇ ਜੇਲ੍ਹ ਵਿਚ ਜਬਰਦਸਤੀ ਪਗੜੀਆਂ ਉਤਰਵਾ ਕੇ ਟੋਪੀਆਂ ਪਹਿਨਾਉਣ ਦਾ ਡਟਵਾਂ ਵਿਰੋਧ ਕੀਤਾ। ਚੰਗਾ ਕੀਤਾ, ਕਰਨਾ ਚਾਹੀਦਾ ਸੀ ਤੇ ਸ਼ਾਇਦ ਜੇ ਟੋਪੀਆਂ ਵਾਲਿਆਂ ਨੂੰ ਜਬਰਦਸਤੀ ਪਗੜੀ



ਸ. ਅਜਮੇਰ ਸਿੰਘ

ਬਨ੍ਹਾਉਂਦੇ ਜਾਂ ਬੋਦੀਆਂ ਵਾਲਿਆਂ ਨੂੰ ਬੋਦੀਆਂ ਕਟਵਾਉਣ ਵਾਸਤੇ ਕਹਿੰਦੇ ਤਾਂ ਇਨ੍ਹਾਂ ਉਸ ਦਾ ਵੀ ਵਿਰੋਧ ਕਰਨਾ ਸੀ। ਗ਼ਦਰੀ ਬਾਬਿਆਂ ਵੱਲੋਂ ਸਿੱਖੀ ਅਸੂਲ ਦੇ ਹਿਤ ਵਿਚ ਇਕ ਹੋਰ ਸਲਾਹੁਣਯੋਗ ਕੰਮ ਦਾ ਜ਼ਿਕਰ ਹੈ ਕਿ ਜਦੋਂ ਇਕ ਜੇਲ੍ਹ ਵਿਚ ਸਵਰਨ ਤੇ ਗੈਰ ਸਵਰਨ ਕੈਦੀਆਂ ਦੀਆਂ ਵੱਖਰੀਆਂ ਪੰਗਤਾਂ ਵੇਖੀਆਂ ਤਾਂ ਉਸ ਦਾ ਡਟਵਾਂ ਵਿਰੋਧ ਕਰਕੇ ਇਕ ਹੀ ਪੰਗਤ ਬਣਵਾਈ। ਹਾਲਾਂਕਿ ਆਧੁਨਿਕਤਾਵਾਦੀ ਤੇ 'ਅਨਮਤੀਏ' ਵੀ ਇਸੇ ਤਰ੍ਹਾਂ ਕਰਦੇ ਹਨ।

ਦਰਅਸਲ ਇਨਸਾਨਾਂ ਵਿਚ ਵੰਡੀਆਂ ਦਾ ਵੀ ਅੰਤ ਨਹੀਂ ਤੇ ਸਾਂਝਾਂ ਦਾ ਵੀ। ਅਜਿਹੇ ਲੋਕ ਵੀ ਹੋਣਗੇ ਜੋ ਕਿਸੇ ਦੁਰਘਟਨਾ ਦੀ ਖ਼ਬਰ ਵਿਚ ਵੀ ਇਹ ਪੜ੍ਹਨਾ ਪਸੰਦ ਨਹੀਂ ਕਰਦੇ ਕਿ ਕਿਤਨੀਆਂ ਸਵਾਰੀਆਂ ਦਾ ਨੁਕਸਾਨ ਹੋਇਆ ਬਲਕਿ ਇਹ ਚਾਹੁੰਦੇ ਹੋਣਗੇ ਕਿ ਪਤਾ ਤਾਂ ਲੱਗਾ ਕਿ ਕਿਤਨੇ ਕਿਸ ਧਰਮ ਦੇ ਸਨ ਤੇ ਕਿਤਨੇ ਕਿਸ ਧਰਮ ਦੇ। ਅਸਾਂ ਬਹੁਤ ਦੇਰ ਸਟੇਸ਼ਨਾਂ ਉਪਰ ਹਿੰਦੂ ਪਾਣੀ ਤੇ ਮੁਸਲਿਮ ਪਾਣੀ ਪੀਤਾ ਹੈ, ਹੁਣ ਸਿਰਫ਼ ਪਾਣੀ ਪੀਤਾ ਜਾਵੇ, ਸਾਫ਼ ਪਾਣੀ, ਐਚ. ਟੂ. ਓ.। ਹਿੰਦੂ ਪਾਣੀ ਤੇ ਮੁਸਲਿਮ ਪਾਣੀ ਦੇ ਜ਼ਮਾਨੇ ਵਿਚ ਵੀ ਲੋਕ ਸਨ ਜੋ ਕੋਈ ਵੀ ਪਾਣੀ ਆਰਾਮ ਨਾਲ ਪੀ ਲੈਂਦੇ ਸਨ। ਬੇਸ਼ੱਕ ਇਸ ਚੀਜ਼ ਦੀ ਪ੍ਰੇਰਨਾ ਕਈ ਗ੍ਰੰਥਾਂ ਵਿਚ ਵੀ ਹੋਵੇਗੀ ਪਰ ਉਹ ਲੋਗ ਅਜਿਹਾ ਸਿਰਫ਼ ਆਧੁਨਿਕਤਾਵਾਦ ਜਾਂ ਪੱਛਮੀ ਸਭਿਆਚਾਰ ਦੇ ਅਸਰ ਹੇਠ ਕਰਦੇ ਸਨ। ਉਸ ਜ਼ਮਾਨੇ ਵਿਚ ਹਿੰਦੂ ਪਾਣੀ ਦਾ ਮਤਲਬ ਹਿੰਦੂ-ਸਿੱਖ ਪਾਣੀ ਸੀ। ਹੁਣ ਜਦੋਂ ਤੀਜਾ ਘੜਾ ਰੱਖਣ ਵਾਲੇ ਪੈਦਾ ਹੋ ਰਹੇ ਸਨ ਤਾਂ ਆਧੁਨਿਕਤਾਵਾਦ ਨੇ ਕੂਲਰ ਤੇ ਟੂਟੀਆਂ ਲਗਵਾ ਦਿੱਤੀਆਂ ਨੇ ਜਾਂ ਬਿਸਲੇਰੀ ਦੀਆਂ ਬੋਤਲਾਂ।

**ਨਾਂਵਾਂ ਦੇ ਅਗੇਤਰ ਸਰਦਾਰ, ਸ੍ਰੀ ਤੇ ਭਾਈ ਵਗੈਰਾ:** ਅਜਮੇਰ ਸਿੰਘ ਨੇ ਇਹ ਮੁੱਦਾ ਵੀ ਉਠਾਇਆ ਹੈ ਕਿ ਕੁਝ ਲੋਕ ਤੰਗ ਨਜ਼ਰੀ ਕਰਕੇ ਹੀ ਸਿੱਖਾਂ ਦੇ ਨਾਂਵਾਂ ਦੇ ਅੱਗੇ ਸਰਦਾਰ ਦੀ ਬਜਾਏ ਸ੍ਰੀ ਲਿਖਦੇ ਹਨ। ਅਸਲ ਗੱਲ ਇਹ ਹੈ ਕਿ ਹੁਣ ਤਾਂ ਖੈਰ ਅਗੇਤਰ ਲਗਾਉਣ ਦਾ ਰਿਵਾਜ ਹੀ ਘੱਟਦਾ ਜਾ ਰਿਹਾ ਹੈ ਪਰ 'ਸ੍ਰੀ' ਨੂੰ ਆਮ ਤੌਰ 'ਤੇ ਸਾਂਝਾ ਜਿਹਾ ਸਮਝ ਕੇ ਲਿਖਿਆ ਜਾਂਦਾ ਹੈ ਤੇ ਆਮ ਹੀ ਵੇਖਣ ਨੂੰ ਮਿਲਦਾ ਹੈ। ਧਰਮਾਂ ਦੇ ਆਧਾਰ 'ਤੇ ਅਗੇਤਰ ਦੀ ਇਕ ਸਮੱਸਿਆ ਇਹ ਹੈ ਕਿ ਓਪਰੇ ਬੰਦੇ ਨੂੰ ਤੁਸੀਂ ਨਹੀਂ ਜਾਣ ਸਕਦੇ ਕਿ ਉਹ ਕਿਸ ਧਰਮ ਦਾ ਹੈ। ਸਾਡੇ ਭਾਸ਼ਾ ਵਿਗਿਆਨੀਆਂ ਨੂੰ ਚਾਹੀਦਾ ਹੈ ਕਿ ਸਤਿਕਾਰ ਦੇਣ ਵਾਸਤੇ ਕੋਈ ਅਗੇਤਰ ਤਲਾਸ਼ਣ ਜਿਹੜਾ ਸਭ ਧਰਮਾਂ ਤੇ ਵਿਸ਼ਵਾਸਾਂ ਵਾਲੇ ਲੋਕਾਂ ਵਾਸਤੇ ਸਾਂਝਾ ਹੋਵੇ ਅਤੇ

(ਅਗਲੇ ਸਫ਼ੇ 'ਤੇ ਜਾਰੀ)

ਉਹ ਆਦਮੀ ਤੇ ਔਰਤ ਵਾਸਤੇ ਵੀ ਵਰਤਿਆ ਜਾ ਸਕੇ। ਅੱਜ ਔਰਤ ਦੇ ਅਗੇਤਰ ਵਾਸਤੇ ਉਸ ਦੇ ਵਿਆਹੇ ਜਾਂ ਕੁਆਰੇ ਹੋਣ ਦਾ ਮੁੱਦਾ ਬਣਿਆ ਹੈ, ਇਸ ਦਾ ਵੀ ਹੱਲ ਲੱਭਿਆ ਜਾਵੇ। ਲਫ਼ਜ਼ 'ਸਾਥੀ' ਬਹੁਤ ਢੁਕਵਾਂ ਹੈ ਪਰ ਉਸ ਦੀ ਸਿਆਸੀ ਰੰਗਤ ਬਣ ਗਈ ਹੈ। ਔਰਤ ਵਾਸਤੇ ਮੈਂ ਹਮੇਸ਼ਾ 'ਬੀਬੀ' ਲਫ਼ਜ਼ ਨੂੰ ਪਹਿਲ ਦਿੰਦਾ ਹਾਂ। ਇਹ ਹਰ ਉਮਰ ਤੇ ਰਿਸ਼ਤੇ ਦੀ ਔਰਤ ਲਈ ਵਰਤਿਆ ਜਾ ਸਕਦਾ ਹੈ।

ਲਫ਼ਜ਼ ਭਾਈ ਵੀ ਠੀਕ ਹੈ ਜੇ ਮਕਬੂਲ ਹੋ ਸਕੇ। ਹਾਂ, ਮੈਂ ਸ. ਅਜਮੇਰ ਸਿੰਘ ਨੂੰ ਕਮਿਊਨਿਸਟਾਂ ਵਿਚ ਇਸ ਲਫ਼ਜ਼ ਬਾਰੇ ਤੁਅੱਸਬ ਦੇ ਸ਼ੰਕੇ ਬਾਰੇ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਵਿਚ ਪੰਜਾਬ ਦੀ ਕਮਿਊਨਿਸਟ ਪਾਰਟੀ ਦਾ ਮੁੱਖ ਦਫ਼ਤਰ ਹੈ। ਉਥੇ ਭਾਈ ਸੰਤੋਖ ਸਿੰਘ ਹਾਲ ਹੈ ਤੇ ਹਾਲ ਦੇ ਬਾਹਰ ਉਨ੍ਹਾਂ ਦੀ ਤਸਵੀਰ ਵੀ ਹੈ। ਇਸ ਤਸਵੀਰ ਦੇ ਹੇਠਾਂ 'ਭਾਈ ਸੰਤੋਖ ਸਿੰਘ' ਲਿਖਿਆ ਹੈ ਤੇ ਹਾਲ ਦਾ ਨਾਂ ਵੀ 'ਭਾਈ ਸੰਤੋਖ ਸਿੰਘ ਹਾਲ' ਹੈ, ਭਾਈ ਦੇ ਅਗੇਤਰ ਨੂੰ ਨਹੀਂ ਬਦਲਿਆ ਗਿਆ।

ਅਗੇਤਰਾਂ ਦੀ ਇਕ ਵਿਹਾਰੀ ਪ੍ਰੇਸ਼ਾਨੀ ਵੀ ਵਿਚਾਰਨ ਵਾਲੀ ਹੈ ਕਿ ਜੇ ਹਰ ਧਰਮ ਵਾਸਤੇ ਵੱਖਰਾ ਵੱਖਰਾ ਅਗੇਤਰ ਲਾਉਣਾ ਹੈ ਤਾਂ ਪੰਜ ਤੱਤ ਦੇ ਪੁਤਲਿਆਂ ਵਾਸਤੇ ਕਿਹੜਾ ਅਗੇਤਰ ਵਰਤਿਆ ਜਾ ਸਕਦਾ ਹੈ।

**ਨਾਂਵਾਂ ਦੇ ਪਿਛੇਤਰ 'ਸਿੰਘ' ਬਾਰੇ:** ਲੇਖਕ ਨੂੰ ਨਾਂਵਾਂ ਦੇ ਅਗੇਤਰ ਹੀ ਨਹੀਂ ਪਿਛੇਤਰਾਂ ਦੀ ਵੀ ਚਿੰਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੁਝ ਲੋਕਾਂ ਨੂੰ 'ਸਿੰਘ' ਦੇ ਸ਼ਬਦ ਨਾਲ ਐਲਰਜੀ ਹੈ, ਪਰ ਇਸ ਤਰ੍ਹਾਂ ਲੱਗਦਾ ਨਹੀਂ ਕਿਉਂਕਿ ਉਤਰੀ ਭਾਰਤ ਵਿਚ ਵੱਡੀ ਗਿਣਤੀ ਲੋਕਾਂ ਦੇ ਨਾਂ ਦੇ ਪਿੱਛੇ ਸਿੰਘ ਲੱਗਦਾ ਹੈ, ਸਿੱਖਾਂ ਤੋਂ ਇਲਾਵਾ ਵੀ। ਭਾਰਤ ਦੇ ਤਿੰਨ ਪ੍ਰਧਾਨ ਮੰਤਰੀ 'ਸਿੰਘ' ਹੋਏ ਹਨ। ਪੰਜਾਬ ਤੇ ਉਸ ਦੇ ਦੋਹਾਂ ਪੜੋਸੀ ਸੂਬਿਆਂ ਦੇ ਮੁੱਖ ਮੰਤਰੀ ਸਿੰਘ ਹਨ। ਗੱਲ ਸਿਰਫ਼ ਇੰਨੀ ਹੈ ਕਿ ਬਹੁਤੇ ਲੋਕਾਂ ਨੂੰ ਧਾਰਮਿਕ ਪਛਾਣ ਦੀ ਥਾਂ ਜਾਤ ਦੀ ਪਛਾਣ ਵੱਧ ਅਹਿਮ ਹੈ। ਉਨ੍ਹਾਂ ਨੇ ਆਪਣੇ ਨਾਂ ਫਲਾਣਾ ਗਿੱਲ ਤੇ ਫਲਾਣਾ ਸੰਧੂ ਜਾਂ ਫਲਾਣਾ ਸ਼ਰਮਾ ਤੇ ਫਲਾਣਾ ਚੋਪੜਾ ਕਰ ਲਏ ਹਨ। ਇਕ ਖੁਸ਼ਗਵਾਰ ਉਦਾਹਰਣ ਵੀ ਹੈ, ਪੰਜਾਬੀ ਦੇ ਇਕ ਲੇਖਕ 'ਤਰਸੇਮ ਸ਼ਰਮਾ' ਦੇ ਨਾਮ ਨਾਲ ਲਿਖਦੇ ਸਨ, ਪਹਿਲਾਂ 'ਕੁਮਾਰ' ਛੱਡਿਆ ਤੇ ਹੁਣ 'ਸ਼ਰਮਾ' ਵੀ ਛੱਡ ਕੇ 'ਤਰਸੇਮ ਬਸ਼ਰ' ਦੇ ਨਾਂ ਨਾਲ ਲਿਖਦੇ ਹਨ। ਬਸ਼ਰ ਯਾਨਿ ਇਨਸਾਨ।

ਤੁਅੱਸਬੀਆਂ ਦੀ ਇਕ ਕਥਾ ਯਾਦ ਆਈ ਹੈ। ਬਲਰਾਜ ਸਾਹਨੀ ਲਿਖਦਾ ਹੈ ਕਿ ਉਸ ਨੇ ਗੁਰੂ ਨਾਨਕ ਦੇ ਗੁਰਪੁਰਬ ਵਕਤ ਰਾਗੀ ਸਿੰਘ ਨੂੰ ਮਾਇਆ ਦਾਨ ਕੀਤੀ। ਰਾਗੀ ਸਿੰਘ ਨੇ ਦਾਨੀ ਵਾਸਤੇ ਚੜ੍ਹਦੀ ਕਲਾ ਦੀ ਅਰਦਾਸ ਕਰਦਿਆਂ ਕਿਹਾ ਕਿ 'ਇਨ੍ਹਾਂ ਦਾ ਨਾਂ ਤਾਂ ਬਲਰਾਜ ਸਿੰਘ ਹੋਣਾ ਚਾਹੀਦਾ ਸੀ।' ਬਾਅਦ ਵਿਚ ਬਲਰਾਜ ਸਾਹਨੀ ਨੇ ਕਿਹਾ ਕਿ ਇਸ ਤਰ੍ਹਾਂ ਤਾਂ ਨਾਨਕ ਦੇਵ ਦੀ ਥਾਂ 'ਤੇ ਵੀ ਸਿੰਘ ਹੋਣਾ ਚਾਹੀਦਾ ਸੀ। ਅੱਜ ਮੈਨੂੰ ਲੱਗ ਰਿਹਾ ਹੈ ਕਿ ਹਾਲਾਤ ਏਧਰ ਵੀ ਮੁੜ ਸਕਦੇ ਹਨ। ਜੇ ਮਾਤਾ ਗੁਜਰੀ ਦਾ ਨਾਂ 300 ਸਾਲ ਬਾਅਦ ਗੁਜਰ ਕੌਰ ਰੱਖਿਆ ਜਾ ਸਕਦਾ ਹੈ ਤਾਂ ਅੱਗੇ ਕੀ ਕਿਹਾ ਜਾ ਸਕਦਾ ਹੈ? ਮੈਂ ਸੁਣਿਆ ਹੈ ਕਿ ਇਕ ਸਿੱਖ ਹਿਤੈਸ਼ੀ ਲੇਖਕ ਗੁਰੂਆਂ ਦੇ ਨਾਂਵਾਂ ਪਿੱਛੇ ਦੇਵ ਲਗਾ ਕੇ ਖ਼ੁਸ਼ ਨਹੀਂ, ਇਸ ਵਾਸਤੇ ਉਹ ਸਿਰਫ਼ ਗੁਰੂ ਨਾਨਕ ਸਾਹਿਬ ਤੇ ਅਰਜਨ ਸਾਹਿਬ ਹੀ ਲਿਖਦਾ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਜਦੋਂ ਉਸ ਨੂੰ ਖਿਆਲ ਆਇਆ ਕਿ ਰਾਮ, ਅਰਜਨ ਤੇ ਕ੍ਰਿਸ਼ਨ ਹਿੰਦੂ ਨਾਟਕਾਂ ਦੇ ਪਾਤਰ ਹਨ ਤਾਂ ਪਤਾ ਨਹੀਂ ਕੀ ਪੈਂਤੜਾ ਅਖਤਿਆਰ ਕਰੇ!

**ਧਰਮ ਤੇ ਧਰਮ ਨਿਰਪੱਖਤਾ:** ਬੇਸ਼ੱਕ ਏਜੰਡਾ ਗ਼ਦਰੀ ਬਾਬਿਆਂ ਬਾਰੇ ਸੀ ਪਰ ਅਜਮੇਰ ਸਿੰਘ ਨੇ ਕਈ ਗੁੰਝਲਦਾਰ ਫਲਸਫਾਨਾ ਨੁਕਤੇ ਉਠਾਏ ਹਨ। ਮੈਂ ਇਨ੍ਹਾਂ ਨੂੰ ਸਧਾਰਣ ਤੌਰ 'ਤੇ ਵਿਚਾਰਾਂਗਾ। ਇਨ੍ਹਾਂ ਸ਼ਬਦਾਂ ਦੀਆਂ ਡੂੰਘੀਆਂ ਫਲਸਫਾਨਾ ਪਰਿਭਾਸ਼ਾਵਾਂ ਕਈ ਤਰ੍ਹਾਂ ਦੀਆਂ ਹਨ ਪਰ ਆਮ ਡਿਕਸ਼ਨਰੀ ਅਰਥਾਂ ਨਾਲ ਹੀ ਸੌਖਿਆਂ ਸਮਝਿਆ ਜਾ ਸਕਦਾ ਹੈ। ਅਜਮੇਰ ਸਿੰਘ ਕਹਿੰਦੇ ਹਨ ਕਿ ਧਰਮੀ ਬੰਦਿਆਂ ਨੂੰ ਧਰਮ ਨਿਰਪੱਖ ਕਹਿਣਾ ਇਤਰਾਜ਼ਯੋਗ ਹੈ, ਇਹ ਉਨ੍ਹਾਂ ਕੋਲੋਂ ਸਭ ਤੋਂ ਕੀਮਤੀ ਇਖਲਾਕੀ ਮਾਲੀਅਤ ਖੋਹ ਲੈਣ ਵਾਲੀ ਗੱਲ ਏ। ਲੇਕਿਨ ਸਧਾਰਨ ਅਰਥਾਂ ਵਿਚ ਵੇਖਿਆਂ ਇਕ ਧਰਮੀ ਬੰਦੇ ਵਾਸਤੇ ਧਰਮ ਨਿਰਪੱਖ ਹੋਣਾ ਫਖ਼ਰ ਵਾਲੀ ਗੱਲ ਹੋਵੇਗੀ। ਉਸ ਵਾਸਤੇ ਧਰਮੀ ਬੰਦਾ ਹੋਣ ਦਾ ਅਰਥ ਆਪਣੀਆਂ ਧਾਰਮਿਕ ਰਹਿਤਾਂ ਵਿਚ ਪੂਰਾ ਉਤਰਨਾ ਹੈ ਤੇ ਧਰਮ ਨਿਰਪੱਖਤਾ ਦਾ ਮਤਲਬ ਸਮਾਜਕ ਕਾਰ-ਵਿਹਾਰ ਵਿਚ ਹੋਰਨਾਂ ਦੇ ਧਰਮ ਵੇਖ ਕੇ ਨਾ ਲਿਹਾਜ਼ਦਾਰੀ ਵਰਤਣੀ ਤੇ ਨਾ ਵਿਤਕਰਾ ਕਰਨਾ ਹੈ। ਧਾਰਮਿਕ ਰਹੁ ਰੀਤਾਂ ਵਿਚ ਪਰਿਪੱਕ ਇਕ ਜੱਜ ਜੇ ਫੈਸਲਾ ਸੁਣਾਉਣ ਵੇਲੇ ਫਰੀਕਾਨ ਦੇ ਧਰਮਾਂ ਨੂੰ ਨਜ਼ਰ ਅੰਦਾਜ਼ ਕਰਕੇ ਤੱਥਾਂ ਮੁਤਾਬਕ ਫੈਸਲਾ ਸੁਣਾਉਂਦਾ ਹੈ ਤਾਂ ਉਹ ਧਰਮ ਨਿਰਪੱਖ ਹੈ।

ਸਮਾਜ ਵਿਚ ਇਨਸਾਨਾਂ ਦੇ ਧਰਮਾਂ ਤੋਂ ਬਾਹਰਲੇ ਰਿਸ਼ਤੇ ਹੁੰਦੇ ਹਨ। ਇਹ ਅਧਿਆਪਕ-ਵਿਦਿਆਰਥੀ, ਅਫ਼ਸਰ-ਕਰਮਚਾਰੀ, ਦੁਕਾਨਦਾਰ-ਗ੍ਰਾਹਕ, ਡਰਾਈਵਰ-ਸਵਾਰੀ ਦੇ ਰਿਸ਼ਤੇ ਹਨ। ਇਨ੍ਹਾਂ ਰਿਸ਼ਤਿਆਂ ਵਿਚ ਧਰਮਾਂ ਦਾ ਗੌਰ ਨਾ ਕਰਨਾ ਧਰਮ ਨਿਰਪੱਖਤਾ ਹੈ। ਇਕ ਸੱਚੇ ਧਰਮ ਨਿਰਪੱਖ ਬੰਦੇ ਨੇ ਨਾ ਸਿਰਫ਼ ਹਰ ਧਰਮ ਦੇ ਬੰਦੇ ਵਾਸਤੇ ਬਰਾਬਰ ਦਾ ਸਤਿਕਾਰ ਰੱਖਣਾ ਹੈ, ਉਸ ਨੇ ਉਸ ਬੰਦੇ ਨੂੰ ਵੀ ਬਰਾਬਰ ਦਾ ਸਤਿਕਾਰ ਦੇਣਾ ਹੈ ਜਿਸ ਦਾ ਕਿਸੇ ਧਰਮ ਵਿਚ ਵਿਸ਼ਵਾਸ ਨਹੀਂ। ਇਨਸਾਨਾਂ ਪ੍ਰਤੀ ਸੱਚਾਈ, ਈਮਾਨਦਾਰੀ, ਹਮਦਰਦੀ ਤੇ ਇਨਸਾਫ਼ ਦੀ ਨਜ਼ਰ ਰੱਖਣਾ ਹਰ ਧਰਮ ਵਿਚ ਦਰਜ ਹੈ। ਇਹੀ ਫਰਜ਼ ਹਰ ਸਭਿਅਕ ਵਿਅਕਤੀ, ਸਮੇਤ ਨਾਸਤਕਾਂ ਦੇ ਹਨ। ਇਸ ਵਾਸਤੇ ਜੋ ਸੱਚਾ ਧਰਮ ਨਿਰਪੱਖ ਨਹੀਂ, ਉਹ ਸੱਚਾ ਧਰਮੀ ਨਹੀਂ ਹੋ ਸਕਦਾ। ਧਰਮ ਨਿਰਪੱਖਤਾ ਦਾ ਵਿਪਰੀਤ ਸ਼ਬਦ ਕੇਵਲ ਫਿਰਕਾਪ੍ਰਸਤੀ ਹੈ। ਅਜਮੇਰ ਸਿੰਘ ਇਸ ਹੱਦ ਤੱਕ ਜਾ ਰਹੇ ਹਨ, "ਸਿੱਖ ਧਰਮ ਦੀ ਵਿਲੱਖਣਤਾ ਨੂੰ ਸਮਝੇ ਬਗੈਰ ਗ਼ਦਰੀ ਬਾਬਿਆਂ ਨੂੰ ਧਰਮ ਨਿਰਪੱਖ ਕਹਿਣਾ, ਅਮਲੀ ਰੂਪ ਵਿਚ ਉਨ੍ਹਾਂ ਨੂੰ ਸਿੱਖ ਧਰਮ ਦੇ ਵਿਰੋਧ ਵਿਚ ਖੜਾ ਕਰਨਾ ਹੈ ਤੇ ਇਸ ਤੋਂ ਵੱਡਾ ਅਨਾਚਾਰ ਉਨ੍ਹਾਂ ਪ੍ਰਤੀ ਹੋਰ ਨਹੀਂ ਹੋ ਸਕਦਾ।" ਲੇਕਿਨ ਮੇਰੇ ਖਿਆਲ ਵਿਚ ਉਨ੍ਹਾਂ ਨੂੰ ਧਰਮ ਨਿਰਪੱਖ ਨਾ ਕਹਿਣਾ ਅਨਾਚਾਰ ਹੋਵੇਗਾ।

ਸਿੱਖ ਧਰਮ ਜ਼ਰੂਰ ਵਿਲੱਖਣ ਹੈ। ਹਰ ਧਰਮ ਦੀ ਵਿਲੱਖਣਤਾ ਹੁੰਦੀ ਹੈ, ਨਹੀਂ ਤਾਂ ਇਤਨੇ ਧਰਮ ਕਿਉਂ ਬਣਦੇ। ਲੇਕਿਨ ਧਰਮ ਦੀ ਵਿਲੱਖਣਤਾ ਨਾਲ ਧਰਮ ਨਿਰਪੱਖਤਾ ਦੇ ਅਰਥ ਨਹੀਂ ਬਦਲ ਸਕਦੇ। ਨਾ ਇਹ ਹੋ ਸਕਦਾ ਹੈ ਕਿ ਧਰਮ ਨਿਰਪੱਖਤਾ ਦਾ ਵਿਹਾਰੀ ਰੂਪ ਸਿੱਖ ਧਰਮ ਵਾਲੇ ਵਾਸਤੇ ਕੁਝ ਹੋਰ ਤੇ ਹੋਰਨਾਂ ਵਾਸਤੇ ਕੁਝ ਹੋਰ ਹੋਵੇਗਾ। ਅਜਮੇਰ ਸਿੰਘ ਠੀਕ ਲਿਖਦੇ ਹਨ, "ਸਿੱਖ ਧਰਮ ਅੰਦਰ ਤੰਗ-ਨਜ਼ਰੀ, ਪੱਖ ਪਾਤ ਤੇ ਅਸਹਿਣਸ਼ੀਲਤਾ ਦਾ ਕੋਈ ਆਧਾਰ, ਕੋਈ ਵਜ੍ਹਾ ਤੇ ਕੋਈ ਜਗ੍ਹਾ ਨਹੀਂ।" ਖ਼ੁਸ਼ੀ ਦੀ ਗੱਲ ਹੈ। ਇਨ੍ਹਾਂ ਚੀਜ਼ਾ ਦੀ ਜਗ੍ਹਾ ਇਨਸਾਨੀਅਤ ਵਿਚ ਵੀ ਨਹੀਂ, ਧਰਮ ਨਿਰਪੱਖਤਾ ਵਿਚ ਵੀ ਨਹੀਂ ਤੇ ਆਧੁਨਿਕਤਾ ਵਿਚ ਬਿਲਕੁਲ ਨਹੀਂ।

**ਧਰਮ ਤੇ ਨਾਗਰਿਕਤਾ:** ਇਸ ਵਿਸ਼ੇ ਨੂੰ ਸ. ਅਜਮੇਰ ਸਿੰਘ ਨੇ ਕਈ ਸਿਰਲੇਖਾਂ ਵਿਚ ਲਿਆ ਹੈ। ਇਕ ਸਵਾਲ ਕੀਤਾ ਹੈ ਕਿ ਕੀ 'ਸਿੱਖਾਂ ਨੂੰ ਪਹਿਲਾਂ ਹਿੰਦੁਸਤਾਨੀ ਤੇ ਬਾਅਦ ਵਿਚ ਸਿੱਖ ਕਹਿਣਾ ਦਰੁਸਤ ਹੈ?' ਉਨ੍ਹਾਂ ਨੇ ਠੀਕ ਜਵਾਬ ਦਿੱਤਾ ਕਿ "ਇਹ ਦਰੁਸਤ ਨਹੀਂ।" ਮੈਂ ਸਮਝਦਾ ਹਾਂ ਕਿ ਹਰ ਇਨਸਾਨ ਪਹਿਲਾਂ ਇਨਸਾਨ ਹੀ ਹੁੰਦਾ ਹੈ, ਉਸ ਤੋਂ ਬਾਅਦ ਉਸ ਦੇ ਕਈ ਰੁਤਬੇ, ਉਸ ਦੀ ਨਾਗਰਿਕਤਾ, ਧਰਮ, ਜਾਤ, ਗੋਤ, ਕਿੱਤਾ, ਇਲਾਕਾ, ਵਿਚਾਰਧਾਰਾ ਤੇ ਭਾਸ਼ਾ-ਸਬੰਧ ਨਾਲ ਨਾਲ ਚੱਲਦੇ ਹਨ। ਹਾਂ, ਜੇ ਕੋਈ ਵਿਅਕਤੀ ਆਪਣੀ ਮਰਜ਼ੀ ਨਾਲ ਇਨ੍ਹਾਂ ਵਿਚੋਂ ਕਿਸੇ ਰੁਤਬੇ ਨੂੰ ਪਹਿਲੇ ਨੰਬਰ ਤੇ ਕਿਸੇ ਨੂੰ ਦੂਜੇ-ਤੀਜੇ 'ਤੇ ਰੱਖਣਾ ਚਾਹੁੰਦਾ ਹੈ ਤਾਂ ਉਸ ਨੂੰ ਕੋਈ ਨਹੀਂ ਰੋਕ ਸਕਦਾ। ਸਾਡੇ ਇਰਦ-ਗਿਰਦ ਦੇ ਬਹੁਤੇ ਲੋਕ ਆਪਣੀ ਗੋਤ ਤੇ ਜਾਤ ਨੂੰ ਹੀ ਪਹਿਲਾ ਨੰਬਰ ਦਿੰਦੇ ਹਨ। ਗੱਡੀਆਂ ਦੇ ਪਿੱਛੇ ਗੋਤ ਜਾਂ ਜਾਤ ਹੀ ਲਿਖੀ ਹੁੰਦੀ ਹੈ। ਜੇ ਕਿਸੇ ਨੂੰ ਕੋਈ ਪੁੱਛੇ ਕਿ "ਤੁਸੀਂ ਕੌਣ ਹੁੰਦੇ ਹੋ?" ਤਾਂ ਇਸ ਦਾ ਜਵਾਬ ਆਪਣੀ ਜਾਤ ਦੱਸ ਕੇ ਦਿੰਦੇ ਹਨ।

ਅਜਮੇਰ ਸਿੰਘ ਇਹ ਵੀ ਠੀਕ ਲਿਖਦੇ ਹਨ, "ਇਕੋ ਸਾਂਝੇ ਰਾਜ ਦੇ ਨਾਗਰਿਕ ਹੋਣਾ ਇਕ ਇਤਫ਼ਾਕ ਦੀ ਗੱਲ ਹੈ ਅਤੇ ਇਹ ਵੀ ਠੀਕ ਹੀ ਕਿਹਾ ਹੈ ਕਿ ਇਹ ਆਰਜੀ ਹੁੰਦੀ ਹੈ, ਬੰਦੇ ਦੀ ਨਾਗਰਿਕਤਾ ਬਦਲਦੀ ਰਹਿ ਸਕਦੀ ਹੈ। ਲੇਕਿਨ ਵਿਹਾਰਕ ਤੌਰ 'ਤੇ ਅੱਜ ਧਰਮ ਵੀ ਇਤਫ਼ਾਕ ਹੋ ਗਏ ਹਨ ਕਿਉਂਕਿ ਨਾਗਰਿਕਤਾ ਦੀ ਤਰ੍ਹਾਂ ਇਹ ਵੀ ਬੰਦੇ ਨੂੰ ਜਨਮ ਦੇ ਨਾਲ ਹੀ ਮਿਲ ਜਾਂਦੇ ਹਨ।" ਅਜਮੇਰ ਸਿੰਘ ਨੇ ਇਸ ਕਿਤਾਬ ਵਿਚ ਕਈ ਵਾਰ ਲਿਖਿਆ ਹੈ ਕਿ ਸਿੱਖ ਧਰਮ ਤੇ ਹੋਰ ਧਰਮਾਂ ਦੀ ਵਿਚਾਰਧਾਰਾ ਤੇ ਜੀਵਨ ਜਾਚ ਵਿਚ ਬਹੁਤ ਅੰਤਰ ਹੈ। ਯਾਨਿ ਹਰ ਧਰਮ ਦੀ ਵੱਖਰੀ ਵਿਚਾਰਧਾਰਾ ਤੇ ਨਜ਼ਰੀਆ ਹੈ। ਸਧਾਰਨ ਤੌਰ 'ਤੇ ਹੋਣਾ ਤੇ ਇਹ ਚਾਹੀਦਾ ਹੈ ਕਿ ਬੰਦੇ ਵਾਸਤੇ ਵਿਚਾਰਧਾਰਾ ਅਪਨਾਉਣ ਦੀ ਇਕ ਉਮਰ ਹੋਵੇ ਜਦੋਂ ਉਹ ਕਈ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਪੜ੍ਹ ਵਿਚਾਰ ਸਕੇ ਤੇ ਕਿਸੇ ਇਕ ਦੀ ਚੋਣ ਕਰ ਸਕੇ ਲੇਕਿਨ ਇਹ ਹੋ ਨਹੀਂ ਰਿਹਾ, ਧਰਮ ਰੂਪੀ ਵਿਚਾਰਧਾਰਾ ਤੁਹਾਨੂੰ ਜਨਮ ਵੇਲੇ ਹੀ ਮਿਲ ਜਾਂਦੀ ਹੈ, ਇਸ ਵਾਸਤੇ ਇਹ ਵੀ ਇਤਫ਼ਾਕ ਹੈ।

ਕੋਈ ਫਲਾਨੇ ਧਰਮ ਵਿਚ ਕਿਉਂ ਹੈ, ਇਸ ਦਾ ਕਾਰਨ ਇਹ ਨਹੀਂ ਹੁੰਦਾ ਕਿ ਉਸ ਨੂੰ ਉਹ ਧਰਮ ਹੋਰ ਧਰਮਾਂ ਦੇ ਮੁਕਾਬਲੇ ਚੰਗਾ ਲੱਗਾ ਹੈ, ਪਸੰਦ ਆਇਆ ਹੈ। ਇਸ ਦਾ ਇਕੋ ਇਕ ਕਾਰਨ ਹੈ ਕਿ ਉਸ ਦੇ ਪਿਤਾ ਦਾ ਧਰਮ ਵੀ ਓਹੀ ਸੀ। ਹਾਂ, ਹੁਣ ਉਸ ਨੂੰ ਪਸੰਦ ਕਰਨਾ, ਉਸ ਦੀ ਤਾਰੀਫ਼ ਕਰਨਾ ਤੇ ਉਸ ਦਾ ਪ੍ਰਚਾਰ ਕਰਨਾ ਉਸ ਦਾ ਫ਼ਰਜ ਬਣ ਜਾਂਦਾ ਹੈ। ਹਰ ਧਰਮ ਨੂੰ ਸਭ ਧਰਮਾਂ ਨਾਲੋਂ ਵਿਲੱਖਣ ਤੇ ਉਤਮ ਦੱਸਣ ਵਾਲੀਆਂ ਕਿਤਾਬਾਂ ਦੀਆਂ ਅਲਮਾਰੀਆਂ ਹੀ ਨਹੀਂ ਲਾਇਬ੍ਰੇਰੀਆਂ ਭਰੀਆਂ ਪਈਆਂ ਹਨ।

ਲੇਖਕ ਕਹਿੰਦਾ ਹੈ, 'ਭਾਰਤੀ ਹੋਣਾ ਇਕ ਇਤਫ਼ਾਕ ਹੈ ਤੇ ਸਿੱਖ ਹੋਣਾ ਭਾਗ।' ਲੇਕਿਨ ਹਰ ਭਾਗ ਇਤਫ਼ਾਕ ਹੁੰਦਾ ਹੈ। ਇਹ ਹਰ ਬੰਦੇ ਦੀ ਆਪਣੀ ਮਰਜ਼ੀ ਹੈ ਕਿ ਉਸ ਨੇ ਕਿਸ ਇਤਫ਼ਾਕ ਨੂੰ ਭਾਗ ਸਮਝਣਾ ਹੈ ਤੇ ਕਿਸ ਨੂੰ ਨਹੀਂ। ਵੈਸੇ ਇਤਫ਼ਾਕ ਉਪਰ ਖੁਸ਼ੀ ਗਮੀ ਤਾਂ ਹੋ ਸਕਦੀ ਹੈ, ਮਾਣ ਨਹੀਂ। ਜਿਹੜਾ ਕਹਿੰਦਾ ਹੈ ਕਿ ਮੈਨੂੰ ਮਾਣ ਹੈ ਭਾਰਤੀ ਹੋਣ ਤੇ ਜਾਂ ਫਲਾਣੇ ਧਰਮ ਜਾਂ ਜਾਤ ਨਾਲ ਸਬੰਧਤ ਹੋਣ 'ਤੇ ਤਾਂ ਉਸ ਨੂੰ ਇਹੀ ਕਿਹਾ ਜਾ ਸਕਦਾ ਹੈ ਕਿ ਮਾਣ ਆਪਣੀ ਖੁਦ ਦੀ ਚੋਣ, ਖੋਜ ਜਾਂ ਮਿਹਨਤ ਨਾਲ ਪ੍ਰਾਪਤ ਕੀਤੀ ਚੀਜ਼ ਉਪਰ ਹੋ ਸਕਦਾ ਹੈ, ਜਨਮ ਲੈਣ ਉਪਰ ਨਹੀਂ।

**ਧਰਮ ਤੇ ਰਾਸ਼ਟਰ:** ਰਾਸ਼ਟਰਵਾਦ ਨੂੰ ਲੈ ਕੇ ਸ. ਅਜਮੇਰ ਸਿੰਘ ਨੇ ਬਹੁਤ ਕੁਝ ਲਿਖਿਆ ਹੈ। ਇਸ ਦੀ ਤਕਨੀਕੀ ਪਰਿਭਾਸ਼ਾ ਬਹੁਤ ਗੁੰਝਲਦਾਰ ਹੈ, ਇਸ ਵਾਸਤੇ ਹੁਣ ਦੇ ਜ਼ਮਾਨੇ ਵਿਚ ਇਸ ਨੂੰ ਇਸ ਦੇ ਅਮਲੀ ਤੇ ਵਿਹਾਰੀ ਅਰਥਾਂ ਵਿਚ ਹੀ ਲਿਆ ਜਾਂਦਾ ਹੈ। ਅੱਜ ਕੌਮੀਅਤ ਤੇ ਨਾਗਰਿਕਤਾ ਇਕਮਿਕ ਹੋ ਚੁਕੇ ਹਨ। ਸਾਡੇ ਪਾਸਪੋਰਟਾਂ ਉਪਰ ਕੌਮੀਅਤ ਭਾਰਤੀ ਲਿਖੀ ਹੁੰਦੀ ਹੈ, ਅਸੀਂ ਹੋਟਲਾਂ ਵਿਚ ਜਾ ਕੇ ਕੌਮੀਅਤ ਦੇ ਖਾਨੇ ਅੱਗੇ ਭਾਰਤੀ ਲਿਖਦੇ ਹਾਂ ਜੋ ਕਿ ਅਸਲ ਵਿਚ ਸਾਡੀ ਨਾਗਰਿਕਤਾ ਹੈ। ਅੱਜ ਇਨਸਾਨ ਦੇ ਜੀਵਨ ਪ੍ਰਵਾਹ 'ਚ, ਉਸ ਦੇ ਰੁਜ਼ਗਾਰ, ਤਾਲੀਮ, ਸਿਹਤ, ਰਿਹਾਇਸ਼ੀ ਸਹੂਲਤਾਂ, ਆਵਾਜਾਈ, ਸੁਰੱਖਿਆ ਵਗੈਰਾ ਦਾ ਸਬੰਧ ਉਸ ਦੀ ਨਾਗਰਿਕਤਾ 'ਤੇ ਹੀ ਨਿਰਭਰ ਹੈ, ਹੋਰ ਕਿਸੇ ਗੱਲ 'ਤੇ ਨਹੀਂ।

ਅਜਮੇਰ ਸਿੰਘ ਨੇ ਤਾਂ ਰਾਸ਼ਟਰਵਾਦ ਨੂੰ ਬਿਲਕੁਲ ਗ਼ਲਤ, ਬੇਲੋੜੇ ਤੇ ਗੈਰ-ਵਿਹਾਰੀ ਅੰਦਾਜ਼ ਵਿਚ ਪੇਸ਼ ਕੀਤਾ ਹੈ। ਕੁਝ ਇਬਾਰਤਾਂ ਤਾਂ ਉਹ ਬਹੁਤ ਅਜੀਬ ਜਿਹੀਆਂ ਲਿਖ ਰਹੇ ਹਨ। ਕਹਿੰਦੇ ਹਨ ਕਿ 'ਇਕ ਬੰਦਾ ਇਕੋ ਵਕਤ ਸਿੱਖ ਤੇ ਰਾਸ਼ਟਰਵਾਦੀ ਨਹੀਂ ਹੋ ਸਕਦਾ ਲੇਕਿਨ ਇਕ ਹਿੰਦੂ ਆਪਣੇ ਆਪ ਵਿਚ ਹੀ ਰਾਸ਼ਟਰਵਾਦੀ ਹੋ ਸਕਦਾ ਹੈ।' ਲਿਖਦੇ ਹਨ, "ਵਰਣ-ਆਸ਼ਰਮ ਧਰਮ ਹਿੰਦੂ ਮਤ ਦਾ ਕੇਂਦਰੀ ਅਸੂਲ ਤੇ ਹਿੰਦੂ ਸਮਾਜ ਦੀ ਚੂਲ ਹੈ। ਜਾਤ ਪਾਤੀ ਆਪਣੇ ਮੂਲ ਖਾਸੇ ਤੋਂ ਹੀ ਮਾਨਵ ਦੋਖੀ ਹੈ। ਇਸ ਵਾਸਤੇ ਕੋਈ ਹਿੰਦੂ ਆਪਣੀ ਹਿੰਦੂ ਹਸਤੀ ਛੱਡ ਕੇ ਮਾਨਵਵਾਦੀ ਨਹੀਂ ਹੋ ਸਕਦਾ।" ਇਹ ਠੀਕ ਹੈ ਕਿ ਜਾਤ-ਪਾਤ ਮਾਨਵ ਦੋਖੀ ਹੈ ਤੇ ਇਹ ਹਿੰਦੂ ਸਮਾਜ ਦੀ ਚੂਲ ਵੀ ਹੋਵੇਗੀ ਪਰ ਅਜਿਹਾ ਕੁਝ ਨਹੀਂ ਕਿ ਜੋ ਜਾਤ ਪਾਤ ਤੋਂ ਇਨਕਾਰ ਕਰੇਗਾ ਉਹ ਹਿੰਦੂ ਨਹੀਂ ਰਹੇਗਾ। ਵਿਹਾਰ ਵਿਚ ਜਾਤ-ਪਾਤ ਸਿੱਖਾਂ ਵਿਚ ਵੀ ਪੂਰੀ ਤਰ੍ਹਾਂ ਕਾਇਮ ਹੈ, ਬਿਲਕੁਲ ਪੂਰੀ ਤਰ੍ਹਾਂ। ਅਤੇ ਜਿਤਨੇ ਕੁ ਸਿੱਖ ਜਾਤ-ਪਾਤ ਨੂੰ, ਮਨ ਤੇ ਵਿਹਾਰਾਂ ਵਿਚ, ਮੰਨਣ ਤੋਂ ਇਨਕਾਰੀ ਹਨ, ਓਨੇ ਕੁ ਹਿੰਦੂ ਵੀ ਇਨਕਾਰੀ ਹਨ। ਦੋਹਾਂ ਵਿਚ ਅਜਿਹਾ ਕਰਨ ਦਾ ਅਸਲ ਕਾਰਨ ਉਨ੍ਹਾਂ ਦਾ ਆਧੁਨਿਕਤਾਵਾਦ ਤੇ ਪੱਛਮੀ ਸਭਿਅਤਾ ਦੇ ਅਸਰ ਹੇਠ ਹੋਣਾ ਹੈ।

ਰਾਸ਼ਟਰਵਾਦ ਦੇ ਨਾਂ ਹੇਠ ਸ. ਅਜਮੇਰ ਸਿੰਘ ਦੇ ਕੁਝ ਬਹੁਤ ਹੀ ਭਿਆਨਕ ਕਿਸਮ ਦੇ ਅਲਫ਼ਾਜ਼ ਵੀ ਪੜ੍ਹਨ ਨੂੰ ਮਿਲੇ ਜੋ ਇਸ ਪਾਠਕ ਨੂੰ ਤਾਂ ਸੁੰਨ ਕਰ ਗਏ। ਲਿਖਦੇ ਹਨ, "ਭਾਰਤ ਵਿਚ ਕਮਿਊਨਿਸਟ ਲਹਿਰ ਦੇ ਪਤਨ ਦਾ ਸਭ ਤੋਂ ਵੱਡਾ ਕਾਰਨ ਰਾਸ਼ਟਰਵਾਦ ਬਾਰੇ ਉਨ੍ਹਾਂ ਦੀ ਗਲਤ ਸੋਚ ਦਾ ਹੋਣਾ ਹੈ।" ਹੋਵੇਗੀ ਗ਼ਲਤ ਸੋਚ ਕਿਉਂਕਿ ਮੈਂ ਕਦੇ ਵੀ 'ਰਾਸ਼ਟਰਵਾਦ' ਦੇ ਮੁੱਦੇ ਉਪਰ ਮਗ਼ਜ਼ ਖਪਾਈ ਨਹੀਂ ਕੀਤੀ। ਪਰ ਜਿਹੜੇ ਸ਼ਬਦ ਹਿਲਾ ਦੇਣ ਵਾਲੇ ਹਨ, ਉਹ ਇਸ ਤੋਂ ਅਗਲਾ ਜੁਮਲਾ ਹੈ, "ਇਹ ਸਿਧਾਂਤਕ ਕੁਰਾਹਾ ਹੀ ਪੰਜਾਬ ਅੰਦਰ ਸਿੱਖ ਖਾੜਕੂ ਸੰਘਰਸ਼ ਦੌਰਾਨ ਦਰਜਨਾਂ ਦੀ ਗਿਣਤੀ ਵਿਚ ਖੱਬੇ ਪੱਖੀ ਆਗੂਆਂ ਤੇ ਕਾਰਕੁੰਨਾਂ ਦੇ ਸਿੱਖ ਖਾੜਕੂਆਂ ਹੱਥੋਂ ਕਤਲ ਹੋ ਜਾਣ ਦੇ ਦੁਖਾਂਤ ਦਾ ਕਾਰਨ ਬਣਿਆ।" ਸ਼ੁਕਰ ਹੈ ਕਿ ਉਨ੍ਹਾਂ ਨੇ ਇਸ ਨੂੰ ਦੁਖਾਂਤ ਆਖਿਆ ਹੈ ਪਰ ਲਹਿਜ਼ਾ ਇਹ ਹੈ ਕਿ ਉਹ ਇਨ੍ਹਾਂ ਕਤਲਾਂ ਨੂੰ ਹੱਕ ਬਨਾਜਬ ਸਮਝਦੇ ਹਨ। ਇਸ ਜੁਮਲੇ ਨਾਲ ਅਜਮੇਰ ਸਿੰਘ ਨੇ ਮੇਰੇ ਵਰਗੇ ਨੂੰ ਵੀ ਰੱਬ ਚੇਤੇ ਕਰਾ ਦਿੱਤਾ। ਮੂੰਹੋਂ ਇਹੀ ਨਿਕਲਿਆ, 'ਹੇ ਰੱਬਾ, ਇਹ ਕੀ ਪੜ੍ਹ ਰਿਹਾ ਹਾਂ, ਸਿਧਾਂਤਕ ਕੁਰਾਹੇ ਦੀ ਸਜ਼ਾ, ਸਜ਼ਾਏ ਮੌਤ?'

ਹਾਲਾਂਕਿ ਇਸ ਤੋਂ ਅਗਲੇ ਸਫ਼ਿਆਂ ਵਿਚ ਅਜਮੇਰ ਲਿਖਦੇ ਹਨ, "ਸਿੱਖ ਫ਼ਲਸਫ਼ਾ ਇਕਤਾਵਾਦੀ ਨਹੀਂ ਬਹੁਵਾਦੀ ਹੈ। ਇਸ ਵਿਚ ਅਸਹਿਣਸ਼ੀਲਤਾ ਦੀ ਕੋਈ ਥਾਂ ਨਹੀਂ। ਇਹ ਦੂਸਰੇਪਣ ਨੂੰ ਸਹਿਣ ਹੀ ਨਹੀਂ ਕਰਦਾ, ਇਸ ਦਾ ਤਹਿ ਦਿਲੋਂ ਸਤਿਕਾਰ ਕਰਦਾ ਹੈ।" ਪਰ ਕੀ ਇਹ ਹੈ ਦਿਲੀ ਸਤਿਕਾਰ? ਕਿਸੇ ਬੰਦੇ ਨੂੰ ਸਿਰਫ਼ ਇਸ ਕਰਕੇ ਜਾਨੋਂ ਮਾਰ ਦੇਣਾ ਕਿ ਉਸ ਦੀ ਸਿਧਾਂਤਕ ਸੋਚ ਬੇਪਸੰਦ ਹੈ? ਫਿਰ ਕਿਸੇ ਨਿਹੱਥੇ ਬੰਦੇ ਨੂੰ ਬਿਨਾ ਸਫ਼ਾਈ ਦਾ ਮੌਕਾ ਦਿੱਤੇ, ਬਿਨਾ ਪਹਿਲਾਂ ਵਾਰ ਦਾ ਮੌਕਾ ਦਿੱਤੇ, ਦੂਰੋਂ ਖੜੋ ਕੇ ਮਾਰ ਦੇਣਾ ਕਿਧਰ ਦਾ ਖਾੜਕੂਪੁਣਾ ਹੈ? ਗਹਿਰੇ ਦੁੱਖ ਦੀ ਗੱਲ ਹੈ ਕਿ ਅਜਮੇਰ ਸਿੰਘ ਵਰਗਾ ਸਿਧਾਂਤਕਾਰ ਬੰਦਾ ਅਜਿਹੇ ਅਧਰਮੀ ਕਾਤਲਾਂ ਨੂੰ ਸਿੱਖ ਹੀ ਨਹੀਂ 'ਸਿੱਖ ਖਾੜਕੂ' ਦਾ ਰੁਤਬਾ ਦਿੰਦਾ ਹੈ। ਇਸ ਤੋਂ ਇਲਾਵਾ ਉਹ ਕਤਲਾਂ ਦਾ ਸ਼ੌਕ ਪੂਰਾ ਕਰਨ ਨੂੰ ਸੰਘਰਸ਼ ਦਾ ਨਾਮ ਦਿੰਦੇ ਹਨ।

**ਮੱਧ ਕਾਲੀਨ ਬਰਬਰਤਾ ਤੇ ਵਰਤਮਾਨ ਯੁੱਗ:** "ਗਦਰੀ ਬਾਬੇ ਕੌਣ ਸਨ" ਦੇ ਲੇਖਕ ਨੇ ਇਕ ਅਜੀਬ ਜਿਹਾ ਹਉਕਾ ਭਰਿਆ ਹੈ। ਅਖੇ, "ਅਸਲ ਸਮੱਸਿਆ ਇਹ ਹੈ ਕਿ ਆਧੁਨਿਕ ਗਿਆਨ-ਪ੍ਰਬੰਧ ਨੇ ਇਸ ਹੱਦ ਤੱਕ ਅਜਾਰੇਦਾਰੀ ਸਥਾਪਤ ਕਰ ਲਈ ਹੈ ਕਿ ਸਾਡੇ ਅੰਦਰ ਇਸ ਤੋਂ ਲਾਂਭੇ ਹਟ ਕੇ ਸੋਚਣ ਦੀ ਸ਼ਕਤੀ ਤੇ ਸਮਰੱਥਾ ਨਹੀਂ ਰਹੀ।" ਕਈ ਵਾਰ ਲੋਕ ਪੁੱਛਦੇ ਹਨ ਕਿ 'ਪਿਛਾਂਹ ਖਿਚੂ' ਸੋਚ ਕੀ ਹੁੰਦੀ ਹੈ, ਹੁਣ ਵੇਖ ਲੈਣ, ਇਹ ਜੁਮਲਾ ਉਸੇ ਦੀ ਵੰਨਗੀ ਹੈ। ਜਿਸ ਨੂੰ ਆਧੁਨਿਕ ਗਿਆਨ ਹੀ ਪਸੰਦ ਨਹੀਂ, ਉਸ ਦਾ ਕੀ ਕਰਾਂਗੇ? ਜਦੋਂ ਕਿ ਇਹ ਗਿਆਨ ਹੀ ਗਿਆਨ ਹੁੰਦਾ ਹੈ, ਇਸ ਦਾ ਵਿਪਰੀਤ ਅਗਿਆਨ ਹੈ। ਹਾਂ, ਜਿਹੜਾ ਪੁਰਾਣੇ ਜਮਾਨੇ ਵਿਚ ਪਨਪਿਆ ਗਿਆਨ ਹੈ ਉਸ ਦਾ ਇਕ ਹਿੱਸਾ ਉਦੋਂ ਆਧੁਨਿਕ ਹੋ ਸਕਦਾ ਹੈ, ਜਿਹੜਾ ਲੰਬੀ ਦੇਰ ਆਧੁਨਿਕਤਾ ਰੱਖੇਗਾ, ਉਸ ਦੀ ਮਕਬੂਲੀਅਤ ਰਹੇਗੀ, ਦੂਜੇ ਦੀ ਲੁਪਤ ਹੋ ਜਾਵੇਗੀ। ਲੇਖਕ ਦੀ ਇਸੇ ਤਰ੍ਹਾਂ ਦੀ ਇਕ ਹੋਰ ਚਿੰਤਾ ਹੈ। ਲਿਖਦੇ ਹਨ, "ਆਧੁਨਿਕ ਸੰਕਲਪਾਂ ਜਿਵੇਂ ਸਟੇਟ, ਜਮਹੂਰੀਅਤ, ਧਰਮ ਨਿਰਪੱਖਤਾ, ਤਰਕਸ਼ੀਲਤਾ ਆਦਿ ਆਦਿ ਨੇ ਸਾਡੀ ਸੋਚ ਉਪਰ ਪੂਰਨ ਗਲਬਾ ਪਾ ਲਿਆ।" ਜੇ ਸੱਚੀ ਗੱਲ ਹੋਵੇ ਤਾਂ ਲੇਖਕ ਦੇ ਮੂੰਹ ਵਿਚ ਘਿਓ-ਸ਼ੱਕਰ ਪਰ ਅਜੇ ਏਦਾਂ ਹੋਇਆ ਨਹੀਂ। ਇਹੀ ਸੰਕਲਪ ਖੁਸ਼ਹਾਲ, ਖੁਸ਼ਗਵਾਰ ਤੇ ਸੁਖਮਈ ਮਨੁੱਖੀ ਜੀਵਨ ਦਾ ਆਧਾਰ ਹਨ।

ਹੈਰਾਨੀ ਦੀ ਗੱਲ ਹੈ ਕਿ ਇਕ ਤਰਕ ਤੋਂ ਬਾਅਦ ਦੂਜਾ ਤਰਕ ਜੋੜ ਕੇ ਤਰਕਾਂ ਨਾਲ ਇਤਨੀ ਵੱਡੀ ਕਿਤਾਬ ਭਰ ਕੇ ਹੁਣ ਅਜਮੇਰ ਸਿੰਘ ਤਰਕਸ਼ੀਲਤਾ ਨੂੰ ਹੀ ਬੁਰਾਈ ਮੰਨਣ ਲੱਗ ਪਏ ਹਨ। ਤਰਕਾਂ ਤੋਂ ਬਿਨਾਂ ਗਿਆਨ ਮੁਰਦਾ ਹੈ। ਤਰਕਾਂ ਦੀ ਕਾਇਲ ਕਰਨ ਦੀ ਸ਼ਕਤੀ ਉਪਰ ਹੀ ਇਨਸਾਨੀ ਸਮਝ ਕਾਇਮ ਰਹਿ ਸਕਦੀ ਹੈ। ਤਰਕ ਦੀ ਕਸਵੱਟੀ ਤੋਂ ਦੌੜਦਾ ਹਰ ਵਿਸ਼ਵਾਸ ਅੰਧ ਵਿਸ਼ਵਾਸ ਹੈ, ਚਾਹੇ ਉਹ ਮੜੀ ਮਸਾਣ ਦਾ ਵਿਸ਼ਵਾਸ ਹੋਵੇ, ਜਾਂ ਕਿਸੇ ਧਰਮ ਦਾ, ਕਿਸੇ ਵਿਸ਼ੇਸ਼ ਫਿਲਾਸਫੀ ਦਾ ਤੇ ਚਾਹੇ ਇਨਕਲਾਬ ਦਾ ਵੀ ਕਿਉਂ ਨਾ ਹੋਵੇ?

ਅਜਮੇਰ ਸਿੰਘ ਇਸੇ ਵਿਸ਼ੇ ਉਪਰ ਇਕ ਸਵਾਲ ਕਰਦੇ ਹਨ, "ਕੀ ਇਹ ਕਿਹਾ ਤੇ ਮੰਨਿਆ ਜਾ ਸਕਦਾ ਹੈ ਕਿ ਪੂਰਵ ਆਧੁਨਿਕ ਕਾਲ ਦੇ ਸਾਰੇ ਰਾਜ ਅਤਿਆਚਾਰੀ ਤੇ ਨਿਰੰਕੁਸ਼ ਸਨ ਤੇ ਆਧੁਨਿਕ ਰਾਜ ਸਮੁੱਚੇ ਤੌਰ 'ਤੇ ਜਮਹੂਰੀ ਤੇ ਇਨਸਾਫ਼ ਪਸੰਦ?" ਇਸ ਦਾ ਜਵਾਬ ਕੋਈ ਕਿਵੇਂ ਦੇਵੇ! ਉਹ ਪਹਿਲਾਂ ਹੀ ਕਹਿ ਰਹੇ ਹਨ, "ਜੇਕਰ ਕੋਈ ਅਜਿਹਾ ਸੋਚਦਾ ਹੈ ਤਾਂ ਉਹ ਹਕੀਕਤ ਪਸੰਦ ਨਹੀਂ।" ਮੇਰੀ ਪ੍ਰੇਸ਼ਾਨੀ ਇਹ ਹੈ ਕਿ ਮੈਂ ਅਜਿਹਾ ਹੀ ਸੋਚਦਾ ਹਾਂ ਪਰ ਆਪਣੇ ਆਪ ਨੂੰ ਹਕੀਕਤ ਪਸੰਦ ਵੀ ਸਮਝਦਾ ਹਾਂ। ਇਸ ਵਾਸਤੇ ਮੈਂ ਛੋਟੀ ਜਿਹੀ ਤਰਮੀਮ ਕਰਦਾ ਹਾਂ ਕਿ ਆਧੁਨਿਕ ਰਾਜ 'ਸਮੁੱਚੇ ਤੌਰ 'ਤੇ' ਨਹੀ, 'ਆਮ ਤੌਰ 'ਤੇ' ਜਮਹੂਰੀ ਤੇ ਇਨਸਾਫ਼ ਪਸੰਦ ਹਨ।

ਇਸੇ ਧਾਰਨਾ ਦੀ ਹੋਰ ਪ੍ਰੋੜਤਾ ਲੇਖਕ ਅਗਲੇ ਵਾਕ ਵਿਚ ਕਰਦਾ ਹੈ, "ਪੂਰਵ ਆਧੁਨਿਕ ਕਾਲ ਦੇ ਕਈ ਰਾਜ, ਮਾਨਵੀ ਆਜ਼ਾਦੀ ਤੇ ਇਨਸਾਫ਼ ਦੇ ਨੁਕਤਾ ਨਜ਼ਰ ਤੋਂ ਆਧੁਨਿਕ ਰਾਜਾਂ ਨਾਲੋਂ ਕਿਤੇ ਬਿਹਤਰ ਸਨ।" ਉਨ੍ਹਾਂ ਨੂੰ ਭਾਵੇਂ ਬੁਰਾ ਲੱਗੇ ਪਰ ਇਹ ਕੋਰਾ ਵਹਿਮ ਹੈ। ਅਜਿਹਾ ਇਕ ਵੀ ਰਾਜ ਨਹੀਂ ਸੀ। ਇਹ ਤਾਂ ਕਿਹਾ ਜਾ ਸਕਦਾ ਹੈ ਕਿ ਕੋਈ ਘੱਟ ਤੇ ਕੋਈ ਵੱਧ ਦਮਨਕਾਰੀ ਸੀ, ਲੇਕਿਨ ਦਮਨ ਤੋਂ ਬਿਨਾਂ ਕੋਈ ਸ਼ਖਸੀ ਰਾਜ ਨਹੀਂ ਚੱਲ ਸਕਿਆ, ਰਾਮ ਰਾਜ ਵੀ ਨਹੀਂ, ਜੇ ਉਹ ਕਿਧਰੇ ਸੀ ਤਾਂ। 'ਮਾਨਵੀ ਆਜ਼ਾਦੀ' ਤਾਂ ਪਤਾ ਹੀ ਨਹੀਂ ਕਿਸ ਬਲਾ ਦਾ ਨਾਂ ਸੀ? ਬਸ! ਇਨਸਾਫ਼ ਦੇ ਅਰਥ ਆਪੋ ਆਪਣੇ ਸਨ। ਜਹਾਂਗੀਰ ਦੇ ਮਹਿਲ ਦੀ ਜੰਜੀਰ ਝੂਠੀ ਕਹਾਣੀ ਹੈ। ਮੱਧ ਕਾਲ ਦੇ ਸਾਰੇ ਰਾਜ ਤਲਵਾਰ ਨਾਲ ਬਣੇ, ਤਲਵਾਰ ਸਹਾਰੇ ਚੱਲੇ ਤੇ ਤਲਵਾਰ ਦੇ ਹੱਥੋਂ ਹੀ ਖ਼ਤਮ ਹੋਏ।

**ਜ਼ਿਕਰ ਨੀਲਾ ਤਾਰਾ ਦਾ:** ਇਸ ਕਿਤਾਬ ਵਿਚ ਦੋ ਜਗ੍ਹਾ 1984 ਦੇ ਸਾਕਾ ਨੀਲਾ ਤਾਰਾ ਦਾ ਵਰਣਨ ਆਇਆ ਹੈ। ਇਸ ਬਾਰੇ ਪਹਿਲਾਂ ਲਿਖੀ ਕਿਤਾਬ ਵਿਚ ਉਨ੍ਹਾਂ ਦਾਅਵਾ ਕੀਤਾ ਸੀ ਕਿ ਹੋਰਨਾਂ ਵਾਸਤੇ ਦਰਬਾਰ ਸਾਹਿਬ ਅੰਦਰ 'ਹਥਿਆਰਬੰਦ ਸਰਗਰਮੀਆਂ ਦਾ ਕੇਂਦਰ' ਚਲਾਉਣਾ ਗ਼ਲਤ ਹੋ ਸਕਦਾ ਹੈ ਪਰ ਸਿੱਖਾਂ ਵਾਸਤੇ ਇਹ ਬਿਲਕੁਲ ਵਾਜਬ ਸੀ। ਹੁਣ ਵਾਲੀ ਕਿਤਾਬ ਵਿਚ ਉਹ ਲਿਖਦੇ ਹਨ ਕਿ ਦਰਬਾਰ ਸਾਹਿਬ ਉਤੇ ਫੌਜੀ ਹਮਲੇ ਬਾਅਦ ਸਿੱਖਾਂ ਅੱਗੇ ਲੜਨ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਸਵਾਲ ਇਹ ਹੈ ਕਿ ਜੇ ਉਸ ਹਮਲੇ ਨਾਲ ਹੀ ਲੜਾਈ ਦਾ ਦੌਰ ਸ਼ੁਰੂ ਹੋਇਆ ਸੀ ਤਾਂ 'ਹਥਿਆਰਬੰਦ ਸਰਗਰਮੀਆਂ' ਕਿਸ ਗੱਲ ਦੀਆਂ ਸਨ? ਹਥਲੀ ਕਿਤਾਬ ਵਿਚ ਲੇਖਕ ਨੇ ਦਾਅਵਾ ਕੀਤਾ ਹੈ, "ਸਿੱਖ ਖਾੜਕੂ ਲਹਿਰ ਦਾ ਗ਼ਦਰ ਲਹਿਰ ਨਾਲ ਮੇਲ ਬਹਿੰਦਾ ਹੈ।" ਉਹ ਗ਼ਲਤ ਹਨ। ਜੇ ਗ਼ਦਰ ਲਹਿਰ ਬਾਰੇ ਜੋ ਕੁਝ ਸ. ਅਜਮੇਰ ਸਿੰਘ ਲਿਖਦੇ ਹਨ ਤੇ ਕਥਿਤ ਸਿੱਖ ਖਾੜਕੂ ਲਹਿਰ ਬਾਰੇ ਜੋ ਉਨ੍ਹਾਂ ਨੇ ਲਿਖਿਆ, ਉਸ ਸਾਰੇ ਨੂੰ ਵੀ ਸੱਚ ਮੰਨੀਏ ਤਾਂ ਬਿਲਕੁਲ ਜੋੜ ਨਹੀਂ ਬਹਿੰਦਾ। ਗ਼ਦਰੀ ਬਾਬੇ ਜਾਨ ਤਲੀ 'ਤੇ ਰੱਖ ਕੇ ਫੌਜੀ ਬੈਰਕਾਂ ਵਿਚ ਘੁੰਮਦੇ ਰਹੇ, ਉਨ੍ਹਾਂ ਨੇ ਕਿਸੇ ਗੁਰਦੁਆਰਾ ਸਾਹਿਬ ਵਿਚ 'ਹਥਿਆਰਬੰਦ ਸਰਗਰਮੀਆਂ ਦਾ ਕੇਂਦਰ' ਨਹੀਂ ਖੋਲ੍ਹਿਆ ਸੀ ਤੇ ਨਾ ਹੀ ਕਿਸੇ ਪਵਿੱਤਰ ਇਤਿਹਾਸਕ ਇਮਾਰਤ ਦੇ ਓਹਲੇ ਸ਼ਰਨ ਲਈ ਸੀ। ਉਨ੍ਹਾਂ ਕਿਸੇ ਤੁਰੇ ਜਾਂਦੇ ਨਿਹੱਥੇ ਬੰਦੇ ਨੂੰ ਸਿਰਫ਼ ਇਸ ਕਰਕੇ ਨਹੀਂ ਕਤਲ ਕਰ ਦਿੱਤਾ ਸੀ ਕਿ ਉਸ ਦੀ ਰਾਸ਼ਟਰਵਾਦ ਪ੍ਰਤੀ ਸੋਚ ਦਰੁਸਤ ਨਹੀਂ, ਨਾ ਹੀ ਉਨ੍ਹਾਂ ਬੱਸਾਂ ਵਿਚੋਂ ਸਵਾਰੀਆਂ ਉਤਾਰ ਕੇ ਮਾਰੀਆ ਤੇ ਨਾ ਹੀ ਨਹਿਰ ਦੇ ਕੰਢੇ ਸੁੱਤੇ ਮਜ਼ਦੂਰਾਂ ਨੂੰ ਔਰਤਾਂ ਤੇ ਬੱਚਿਆਂ ਸਮੇਤ ਗੋਲੀਆਂ ਨਾਲ ਭੁੰਨਿਆ ਸੀ।

ਫਿਰ ਗ਼ਦਰੀ ਬਾਬੇ ਕੌਣ ਸਨ? ਹੁਣ ਤੱਕ ਅਸੀਂ ਜੋ ਗੱਲਾਂ ਕਰਦੇ ਰਹੇ ਹਾਂ ਉਹ ਗ਼ਦਰੀ ਬਾਬਿਆਂ ਦੇ ਏਜੰਡੇ ਤੋਂ ਤਿਲਕਵੀਆਂ ਸਨ। ਕਿਉਂਕਿ ਇਹ ਗੱਲਾਂ ਸ. ਅਜਮੇਰ ਸਿੰਘ ਨੇ ਗ਼ਦਰੀ ਬਾਬਿਆਂ ਦੀ ਪਹਿਚਾਣ ਦੀ ਚਰਚਾ ਦੇ ਬਹਾਨੇ ਆਪਣੀ ਕਿਤਾਬ ਵਿਚ ਕੀਤੀਆਂ ਸਨ, ਇਸ ਕਰਕੇ ਇਨ੍ਹਾਂ ਬਾਰੇ ਮੈਂ ਆਪਣਾ ਪੱਖ ਜ਼ਰੂਰ ਰੱਖਣਾ ਚਾਹੁੰਦਾ ਸਾਂ। ਮੈਂ ਸ਼ੁਰੂ ਵਿਚ ਕਿਹਾ ਸੀ ਕਿ ਮੇਰੀ ਜ਼ਿਆਦਾ ਉਤਸੁਕਤਾ ਜ਼ਿਕਰ ਹੇਠਲੀ ਕਿਤਾਬ ਵਿਚ ਪੇਸ਼ ਸਬਦਾਵਲੀ ਬਾਰੇ ਹੈ ਜੋ ਮੈਨੂੰ ਕੁਝ ਕਹਿਣ ਵਾਸਤੇ ਕਹਿ ਰਹੀ ਹੈ। ਜਿੱਥੋਂ ਤੱਕ ਗ਼ਦਰ ਲਹਿਰ, ਉਸ ਦੇ ਪਿਛੋਕੜ ਤੇ ਸਬਕਾਂ ਦਾ ਮਾਮਲਾ ਹੈ, ਮੈਂ

***ਰਾਸ਼ਟਰਵਾਦ ਦੇ ਨਾਂ ਹੇਠ ਸ. ਅਜਮੇਰ ਸਿੰਘ ਦੇ ਕੁਝ ਬਹੁਤ ਹੀ ਭਿਆਨਕ ਕਿਸਮ ਦੇ ਅਲਫ਼ਾਜ਼ ਵੀ ਪੜ੍ਹਨ ਨੂੰ ਮਿਲੇ ਜੋ ਇਸ ਪਾਠਕ ਨੂੰ ਤਾਂ ਸੁੰਨ ਕਰ ਗਏ। ਲਿਖਦੇ ਹਨ, "ਭਾਰਤ ਵਿਚ ਕਮਿਊਨਿਸਟ ਲਹਿਰ ਦੇ ਪਤਨ ਦਾ ਸਭ ਤੋਂ ਵੱਡਾ ਕਾਰਨ ਰਾਸ਼ਟਰਵਾਦ ਬਾਰੇ ਉਨ੍ਹਾਂ ਦੀ ਗਲਤ ਸੋਚ ਦਾ ਹੋਣਾ ਹੈ।" ਹੋਵੇਗੀ ਗ਼ਲਤ ਸੋਚ ਕਿਉਂਕਿ ਮੈਂ ਕਦੇ ਵੀ 'ਰਾਸ਼ਟਰਵਾਦ' ਦੇ ਮੁੱਦੇ ਉਪਰ ਮਗ਼ਜ਼ ਖਪਾਈ ਨਹੀਂ ਕੀਤੀ। ਪਰ ਜਿਹੜੇ ਸ਼ਬਦ ਹਿਲਾ ਦੇਣ ਵਾਲੇ ਹਨ, ਉਹ ਇਸ ਤੋਂ ਅਗਲਾ ਜੁਮਲਾ ਹੈ, "ਇਹ ਸਿਧਾਂਤਕ ਕੁਰਾਹਾ ਹੀ ਪੰਜਾਬ ਅੰਦਰ ਸਿੱਖ ਖਾੜਕੂ ਸੰਘਰਸ਼ ਦੌਰਾਨ ਦਰਜਨਾਂ ਦੀ ਗਿਣਤੀ ਵਿਚ ਖੱਬੇ ਪੱਖੀ ਆਗੂਆਂ ਤੇ ਕਾਰਕੁੰਨਾਂ ਦੇ ਸਿੱਖ ਖਾੜਕੂਆਂ ਹੱਥੋਂ ਕਤਲ ਹੋ ਜਾਣ ਦੇ ਦੁਖਾਂਤ ਦਾ ਕਾਰਨ ਬਣਿਆ।"***

*(ਬਾਕੀ ਅਗਲੇ ਸਫੇ 'ਤੇ)*

**ਚਰਚਾ-ਦਰ-ਚਰਚਾ**

# ਪੰਨੂੰ ਅਤੇ ਪਰਾਗ ਦੀਆਂ ਟਿੱਪਣੀਆਂ ਦਾ ਪ੍ਰਤੀਕਰਮ

ਪੰਜਾਬ ਟਾਈਮਜ਼ ਦੇ ਅੰਕ 10 ਵਿਚ ਛਪੇ ਮੇਰੇ ਲੇਖ 'ਗੁਰਦਿਆਲ ਬੱਲ ਦੇ ਸਿਆਸੀ ਚਿੰਤਨ ਦੀਆਂ 'ਗੁੱਝੀਆਂ ਰਮਜ਼ਾਂ' ਦੇ ਪ੍ਰਤੀਕਰਮ ਵਜੋਂ ਪ੍ਰਿੰ. ਅਮਰਜੀਤ ਪਰਾਗ ਅਤੇ ਪ੍ਰੋ. ਹਰਪਾਲ ਸਿੰਘ ਪੰਨੂੰ ਦੀਆਂ ਟਿੱਪਣੀਆਂ ਛਪੀਆਂ ਹਨ। ਦੋਹਾਂ ਨੇ ਬੱਲ ਦੀ ਪੁਸ਼ਤਪਨਾਹੀ ਕਰਦਿਆਂ ਮੇਰੇ ਵੱਲੋਂ ਕੀਤੀ ਬੱਲ ਦੀ ਆਲੋਚਨਾ ਨੂੰ ਗੈਰ-ਜ਼ਿੰਮੇਵਾਰਾਨਾ ਕਰਾਰ ਦੇਣ ਦਾ ਜਤਨ ਕੀਤਾ ਹੈ। ਪ੍ਰੋ. ਪੰਨੂੰ ਨੇ ਤਾਂ ਮੇਰੀ ਲਿਖਤ ਸੈਂਸਰ ਨਾ ਕੀਤੇ ਜਾਣ ਦਾ ਵੀ ਦੋਸ਼ ਲਾਇਆ ਹੈ।

ਪ੍ਰਿੰ. ਪਰਾਗ ਦਾ ਇਤਰਾਜ਼ ਹੈ, 'ਪ੍ਰਭਸ਼ਰਨਬੀਰ ਨੇ ਬਲ ਦੇ ਲੇਖ ਦੇ ਕੇਂਦਰੀ ਵਿਸ਼ੇ ਨਾਲ ਜੁੜੇ ਪਹਿਲੂਆਂ ਬਾਰੇ ਉਕਾ ਕੋਈ ਗੱਲ ਨਹੀਂ ਕੀਤੀ। ਵਿਚਾਰ-ਚਰਚਾ ਦਾ ਇਹ ਢੰਗ ਇੰਜ ਹੀ ਹੈ ਜਿਵੇਂ ਕਿਸੇ ਵਕਤਾ ਨੇ ਨਿਹੰਗ ਸਿੰਘਾਂ ਦੀ ਇਤਿਹਾਸਕ ਬਹਾਦਰੀ ਦਾ ਜ਼ਿਕਰ ਕੀਤਾ ਹੋਵੇ ਤੇ ਉਸ ਉਪਰ ਟਿੱਪਣੀਕਾਰ ਨਿਹੰਗਾਂ ਵੱਲੋਂ 21ਵੀਂ ਸਦੀ 'ਚ ਆਪਣੇ ਵਾਹਨਾਂ ਅੱਗੇ ਝੋਟੇ ਜੋੜਨ ਤੇ ਵੱਡੀਆਂ ਦਸਤਾਰਾਂ ਬੰਨ੍ਹਣ ਦੇ ਮਿਹਣੇ ਮਾਰਨ ਲੱਗ ਪਵੇ।' ਉਨ੍ਹਾਂ ਨੇ ਜਾਣ ਬੁੱਝ ਕੇ ਇਹ ਗੱਲ ਨਜ਼ਰ ਅੰਦਾਜ਼ ਕੀਤੀ ਜਾਪਦੀ ਹੈ ਕਿ ਮੈਂ ਆਪਣੇ ਲੇਖ ਦੇ ਪਹਿਲੇ ਪੈਰੇ ਵਿਚ ਹੀ ਕਿਹਾ ਸੀ, "ਇਸ ਲੇਖ ਦਾ ਮਕਸਦ ਉਨ੍ਹਾਂ (ਬੱਲ) ਦੀਆਂ ਇਰਾਨ ਬਾਰੇ ਟਿੱਪਣੀਆਂ ਦੀ ਪੜਚੋਲ ਕਰਨ ਤੱਕ ਸੀਮਤ ਹੈ।" ਪਰਾਗ ਸਾਹਿਬ ਮੇਰੇ 'ਤੇ 'ਬਲ ਦੇ ਲੇਖ ਦੇ ਕੇਂਦਰੀ ਵਿਸ਼ੇ ਨਾਲ ਜੁੜੇ ਪਹਿਲੂਆਂ ਬਾਰੇ ਉਕਾ ਕੋਈ ਗੱਲ' ਨਾ ਕਰਨ ਦਾ ਇਤਰਾਜ਼ ਲਾ ਕੇ ਅਤੇ ਨਾਲ ਹੀ ਨਿਹੰਗ ਸਿੰਘਾਂ ਦੀ ਕੁਥਾਵੀਂ ਮਿਸਾਲ ਦੇ ਕੇ ਪਾਠਕਾਂ ਦੇ ਅੱਖੀਂ ਘੱਟਾ ਪਾਉਣ ਦਾ ਜਤਨ ਕਰ ਰਹੇ ਹਨ ਜਦੋਂ ਕਿ ਮੈਂ ਪਹਿਲਾਂ ਹੀ ਸਪੱਸ਼ਟ ਕਰ ਚੁੱਕਾ ਸਾਂ ਕਿ ਮੇਰਾ ਮਕਸਦ ਬੱਲ 'ਦੀਆਂ ਇਰਾਨ ਬਾਰੇ ਟਿੱਪਣੀਆਂ ਦੀ ਪੜਚੋਲ ਤੱਕ ਸੀਮਤ ਹੈ।' ਅਜਿਹਾ ਕਰਨਾ ਪ੍ਰਿੰ. ਪਰਾਗ ਵਰਗੇ ਪ੍ਰੌਢ ਵਿਦਵਾਨ ਲਈ ਕਿੰਨਾ ਕੁ ਸਹੀ ਹੈ, ਇਹ ਪਾਠਕਾਂ 'ਤੇ ਛਡਦੇ ਹਾਂ।

ਅਜ਼ਰ ਨਫੀਸੀ ਦੀ ਅਮਰੀਕੀ ਸਾਮਰਾਜਵਾਦੀਆਂ ਨਾਲ ਸਾਂਝ-ਭਿਆਲੀ ਬਾਰੇ ਮੇਰੇ ਇਤਰਾਜ਼ ਦਾ ਜੁਆਬ ਉਨ੍ਹਾਂ ਇਹ ਕਹਿ ਕੇ ਦੇਣ ਦੀ ਕੋਸ਼ਿਸ਼ ਕੀਤੀ ਹੈ, "ਲੇਖਕਾਂ-ਚਿੰਤਕਾਂ-ਮਹਾਂਪੁਰਖਾਂ ਦੇ ਜੀਵਨ ਸੰਦਰਭਾਂ ਵਿਚ ਵੱਡੇ ਕੂਹਣੀ ਮੋੜ ਆਉਂਦੇ ਰਹਿੰਦੇ ਹਨ।" ਉਹ ਸ਼ਾਇਦ ਇਹ ਭੁਲ ਰਹੇ ਹਨ ਕਿ ਅਜ਼ਰ ਨਫੀਸੀ ਦੀ ਜ਼ਿੰਦਗੀ ਵਿਚ ਅਜਿਹਾ ਕੋਈ ਮੋੜ ਨਹੀਂ ਆਇਆ। ਜੇ ਉਹ ਅਜਿਹੇ ਕਿਸੇ ਮੋੜ ਬਾਰੇ ਜਾਣਦੇ ਹਨ ਤਾਂ ਉਨ੍ਹਾਂ ਆਪਣੇ ਲੇਖ ਵਿਚ ਇਹ ਪਾਠਕਾਂ ਨਾਲ ਸਾਂਝਾ ਕਿਉਂ ਨਹੀਂ ਕੀਤਾ? ਅਜ਼ਰ ਨਫੀਸੀ ਇੱਕੋ ਵੇਲੇ ਅਮਰੀਕੀ ਸਾਮਰਾਜਵਾਦੀਆਂ ਨਾਲ ਵੀ ਖੜ੍ਹਦੀ ਹੈ ਅਤੇ ਆਪਣੇ ਮਨੁੱਖਤਾਵਾਦੀ ਹੋਣ ਦਾ ਦਾਅਵਾ ਵੀ ਕਰਦੀ ਹੈ। ਇਸ ਨੂੰ ਮੋੜ ਨਹੀਂ ਕਿਹਾ ਜਾ ਸਕਦਾ, ਦੰਭੀ ਸਵੈ-ਵਿਰੋਧ ਕਿਹਾ ਜਾ ਸਕਦੈ।

ਹੈਰਾਨੀ ਦੀ ਗੱਲ ਹੈ ਕਿ ਪਰਾਗ ਸਾਹਿਬ ਹਿੰਸਾ ਦੇ ਖਿਲਾਫ ਉਪਦੇਸ਼ ਤਾਂ ਪੂਰੇ ਜੋਸ਼ ਨਾਲ ਦਿੰਦੇ ਹਨ ਪਰ ਬੱਲ ਸਾਹਿਬ ਦੇ ਚਹੇਤੇ ਲੇਖਕ ਮੁਹੰਮਦ ਮੋਹਾਦੇਸਿਨ ਦੀ ਜੁੰਡਲੀ ਵੱਲੋਂ ਅਮਰੀਕੀ ਸਾਮਰਾਜਵਾਦੀਆਂ ਦੇ ਢਹੇ ਚੜ੍ਹ ਕੇ ਕੀਤੀ ਗਈ ਹਿੰਸਾ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਨ। ਅਜੀਬ ਦਿਆਨਤਦਾਰੀ ਹੈ।

ਪ੍ਰੋ. ਪੰਨੂੰ ਦਾ ਇਤਰਾਜ਼ ਹੈ, "ਪ੍ਰਭਸ਼ਰਨਬੀਰ ਨੂੰ ਨਫੀਸੀ ਵਿਰੁਧ ਗੁੱਸਾ ਹੈ ਕਿ ਉਹ ਅਮਰੀਕਾ ਪੱਖੀ ਹੈ। ਹਾਂ, ਉਹ ਅਮਰੀਕਾ ਪੱਖੀ ਹੈ। ਜਿਹੜੇ ਬਾਗੀ ਮੌਲਵੀਆਂ ਦੇ ਰਾਜ ਦੀ ਥਾਂ ਗਣਤੰਤਰ ਚਾਹੁੰਦੇ ਹਨ ਤੇ ਯੁੱਧ ਲੜ ਰਹੇ ਹਨ, ਉਹ ਅਮਰੀਕਾ ਤੋਂ ਮਦਦ ਕਿਉਂ ਨਾ ਲੈਣ? ਜਦੋਂ ਸੁਭਾਸ਼ ਚੰਦਰ ਬੋਸ ਨੂੰ ਅਹਿਸਾਸ ਹੋਇਆ ਕਿ ਮਹਾਤਮਾ ਗਾਂਧੀ ਵਾਲੇ ਤਰੀਕਿਆਂ ਨਾਲ ਅੰਗਰੇਜ਼ ਆਜ਼ਾਦੀ ਨਹੀਂ ਦੇਣਗੇ, ਉਸ ਨੇ ਜਪਾਨ ਦੀ ਮਦਦ ਕੀਤੀ ਅਤੇ ਬਦਲੇ ਵਿਚ ਮਦਦ ਲਈ। ਕੀ ਨਾਜ਼ੀ ਗੱਠਜੋੜ ਨਾਲ ਸੁਲਾਹ ਕਰਕੇ ਮਦਦ ਲੈਣੀ ਗੱਦਾਰੀ ਸੀ? ਭਾਰਤੀ ਸਟੇਟ ਤੋਂ ਤੰਗ ਆ ਕੇ ਅਨੇਕਾਂ ਸਿੱਖਾਂ ਨੇ ਪੱਛਮੀ ਦੇਸ਼ਾਂ 'ਚ ਸਿਆਸੀ ਪਨਾਹ ਲਈ ਹੈ, ਉਹ ਕਸੂਰਵਾਰ ਕਿਵੇਂ ਹੋਏ?"

ਮੇਰਾ ਨਫੀਸੀ ਦੀ ਸਿਫਤ ਬਾਰੇ ਇਤਰਾਜ਼ ਇਹ ਸੀ ਕਿ ਇੱਕ ਪਾਸੇ ਤਾਂ ਬੱਲ ਸਾਹਿਬ ਮਾਰਕਸਵਾਦੀ ਹੋਣ ਦਾ ਦਾਅਵਾ ਕਰਦੇ ਹਨ ਤੇ ਦੂਸਰੇ ਪਾਸੇ ਅਮਰੀਕੀ ਸਾਮਰਾਜਵਾਦੀਆਂ ਦੇ ਜੋਟੀਦਾਰਾਂ ਦੇ ਸੋਹਲੇ ਗਾਉਂਦੇ ਹਨ। ਪੰਨੂੰ ਨੇ ਤਾਂ ਹਿੱਕ ਠੋਕ ਕੇ ਕਹਿ ਦਿੱਤਾ ਹੈ ਕਿ 'ਹਾਂ, ਉਹ ਅਮਰੀਕਾ ਪੱਖੀ ਹੈ। ਜਿਹੜੇ ਬਾਗੀ ਮੌਲਵੀਆਂ ਦੇ ਰਾਜ ਦੀ ਥਾਂ ਗਣਤੰਤਰ ਚਾਹੁੰਦੇ ਹਨ ਤੇ ਯੁੱਧ ਲੜ ਰਹੇ ਹਨ, ਉਹ ਅਮਰੀਕਾ ਤੋਂ ਮਦਦ ਕਿਉਂ ਨਾ ਲੈਣ?' ਪਰ ਮੇਰੀ ਉਤਸੁਕਤਾ ਇਸ ਗੱਲ ਵਿਚ ਹੈ ਕਿ ਕੀ ਬੱਲ ਸਾਹਿਬ ਵੀ ਇਹ ਗੱਲ ਏਨੀ ਹੀ ਜੁਰੱਅਤ ਨਾਲ ਕਹਿ ਸਕਣਗੇ? ਨਫੀਸੀ ਨੇ ਅਮਰੀਕੀ ਜੰਗਬਾਜ਼ਾਂ ਨਾਲ ਸਾਂਝ ਪਾਈ। ਇਹ ਉਸ ਦੀ ਆਪਣੀ ਚੋਣ ਹੈ। ਜਿਵੇਂ ਜੇ ਕੋਈ ਭਾਰਤ ਵਿਚ ਆਰ.ਐਸ.ਐਸ. ਅਤੇ ਮੋਦੀ ਲਾਣੇ ਨਾਲ ਸਾਂਝ ਪਾਵੇਗਾ ਤਾਂ ਉਸ ਦੀ ਦਿਆਨਤਦਾਰੀ ਤੇ ਸ਼ੱਕ ਉਠਣਾ ਸੁਭਾਵਿਕ ਹੈ। ਨਫੀਸੀ ਅਮਰੀਕੀ ਜੰਗਬਾਜ਼ਾਂ ਤੋਂ ਦੂਰੀ ਬਣਾ ਕੇ ਵੀ ਖੜ੍ਹ ਸਕਦੀ ਸੀ ਪਰ ਅਜਿਹਾ ਨਾ ਕਰ ਸਕਣ ਪਿੱਛੇ ਉਸ ਦੀ ਕੀ ਮਜਬੂਰੀ ਹੈ? ਇਹ ਤਾਂ ਉਹ ਹੀ ਜਾਣੇ। ਮੈਨੂੰ ਸਮਝ ਨਹੀਂ ਲੱਗ ਰਹੀ ਕਿ ਬੱਲ ਸਾਹਿਬ ਇਰਾਨੀ ਮੁਲਾਣਿਆਂ ਦਾ ਵਿਰੋਧ ਕਰਨ ਵਾਲੇ ਉਨ੍ਹਾਂ ਲੇਖਕਾਂ ਦੀ ਹੀ ਸਿਫਤ ਕਿਉਂ ਕਰਦੇ ਹਨ ਜੋ ਅਮਰੀਕੀ ਸਾਮਰਾਜਵਾਦ ਦੇ ਸਮਰਥਕ ਹਨ। ਜੇ ਉਨ੍ਹਾਂ ਨੂੰ ਇਰਾਨੀ ਮੁਲਾਣਿਆਂ 'ਤੇ ਗੁੱਸਾ ਹੈ ਤਾਂ ਉਹ ਉਨ੍ਹਾਂ ਲੇਖਕਾਂ ਦੀਆਂ ਕਿਤਾਬਾਂ ਦੀ ਪ੍ਰਸ਼ੰਸਾ ਵੀ ਤਾਂ ਕਰ ਸਕਦੇ ਹਨ ਜਿਹੜੇ ਇਰਾਨੀ ਮੁਲਾਣਿਆਂ ਦੇ ਕੱਟੜਵਾਦ ਅਤੇ ਅਮਰੀਕੀ ਸਾਮਰਾਜਵਾਦੀਆਂ ਦੀ ਨਿਰਦਈ ਸਿਆਸਤ-ਦੋਹਾਂ ਦੇ ਵਿਰੋਧੀ ਹਨ। ਬੱਲ ਸਾਹਿਬ ਦੀ ਕੀ ਮਜਬੂਰੀ ਸੀ ਕਿ ਉਨ੍ਹਾਂ ਨੇ ਅਮਰੀਕੀ ਸਾਮਰਾਜਵਾਦੀਆਂ ਦੀ ਹੱਥ-ਠੋਕੀ ਬਣਨ ਵਾਲੀ ਅਜ਼ਰ ਨਫੀਸੀ ਨੂੰ ਹੀ ਚੁਣਿਆ?

ਰਹੀ ਗੱਲ ਸੁਭਾਸ਼ ਚੰਦਰ ਬੋਸ ਦੀ, ਉਸ ਨੂੰ ਗੱਦਾਰ ਤਾਂ ਨਹੀਂ ਕਿਹਾ ਜਾ ਸਕਦਾ ਪਰ ਉਸ ਦੀ ਜਪਾਨੀਆਂ ਨਾਲ ਸਾਂਝ ਇੱਕ ਇਤਿਹਾਸਕ ਗਲਤੀ ਜ਼ਰੂਰ ਸੀ ਜਿਸ ਨੇ ਅਜ਼ਾਦੀ ਦੀ ਲਹਿਰ ਦਾ ਵੀ ਨੁਕਸਾਨ ਹੀ ਕੀਤਾ। ਅਜ਼ਾਦ ਹਿੰਦ ਫੌਜ ਦੇ ਇੱਕ ਹੋਰ ਜਰਨੈਲ ਮੋਹਨ ਸਿੰਘ ਨੇ ਇਹ ਗੱਲ 1942 ਵਿਚ ਹੀ ਜਾਣ ਲਈ ਸੀ ਕਿ ਜਪਾਨੀ ਉਨ੍ਹਾਂ ਨੂੰ ਸਿਰਫ ਮੋਹਰਿਆਂ ਦੇ ਤੌਰ 'ਤੇ ਵਰਤ ਰਹੇ ਹਨ ਅਤੇ ਅਜ਼ਾਦੀ ਦੀ ਪ੍ਰਾਪਤੀ ਲਈ ਸੰਜੀਦਗੀ ਨਾਲ ਹਮਾਇਤ ਨਹੀਂ ਕਰ ਰਹੇ। ਇਸੇ ਕਰਕੇ ਉਸ ਨੂੰ ਜਪਾਨੀਆਂ ਨੇ ਗ੍ਰਿਫਤਾਰ ਕਰ ਲਿਆ ਸੀ। 1944 ਵਿਚ ਜਦੋਂ ਬੋਸ ਅੰਡੇਮਾਨ ਨਿਕੋਬਾਰ ਆਇਆ ਤਾਂ ਉਥੋਂ ਦੇ ਲੋਕਾਂ ਨੇ ਉਸ ਨੂੰ ਮਿਲ ਕੇ ਦੱਸਣ ਦੀ ਕੋਸ਼ਿਸ਼ ਕੀਤੀ ਕਿ ਜਪਾਨੀ ਉਨ੍ਹਾਂ ਉਤੇ ਬਹੁਤ ਜ਼ੁਲਮ ਕਰ ਰਹੇ ਹਨ ਪਰ ਕਾਮਯਾਬ ਨਾ ਹੋ ਸਕੇ। ਬੋਸ ਦੇ ਦੌਰੇ ਦੌਰਾਨ ਜਪਾਨੀ ਡਾ. ਦੀਵਾਨ ਸਿੰਘ ਨੂੰ ਉਥੋਂ ਦੀ ਜੇਲ੍ਹ ਵਿਚ ਤਸੀਹੇ ਦੇ ਕੇ ਕਤਲ ਕਰ ਰਹੇ ਸਨ ਪਰ ਬੋਸ ਨੂੰ ਇਸ ਬਾਰੇ ਕੁਝ ਪਤਾ ਨਾ ਲੱਗ ਸਕਿਆ। ਤਾਕਤ ਦੇ ਭੁੱਖੇ ਦਰਿੰਦਿਆਂ ਨਾਲ ਸਾਂਝ ਪਾਉਣੀ ਕਦੇ ਵੀ ਲਾਹੇਵੰਦ ਨਹੀਂ ਹੁੰਦੀ। ਨਾਲੇ ਇੱਕ ਲੇਖਕ ਨੂੰ ਫੌਜੀ ਜਰਨੈਲ ਨਾਲ ਮਿਲਾਉਣਾ ਵੀ ਨਾ-ਇਨਸਾਫੀ ਹੈ। ਲੇਖਕ ਦਾ ਧਰਮ ਤਾਂ ਔਖੇ ਤੋਂ ਔਖੇ ਹਾਲਾਤ ਵਿਚ ਵੀ ਆਪਣੀ ਨੈਤਿਕ ਬੁਲੰਦੀ ਨੂੰ ਕਾਇਮ ਰੱਖਣਾ ਹੀ ਹੁੰਦਾ ਹੈ।

ਪ੍ਰੋ. ਪੰਨੂੰ ਨੇ ਪੱਛਮੀ ਦੇਸ਼ਾਂ ਵਿਚ ਸਿਆਸੀ ਸ਼ਰਣ ਲੈਣ ਵਾਲੇ ਸਿੱਖਾਂ ਦੀ ਮਿਸਾਲ ਵੀ ਨਫੀਸੀ ਦੇ ਪੈਂਤੜੇ ਨੂੰ ਜਾਇਜ਼ ਠਹਿਰਾਉਣ ਲਈ ਵਰਤੀ ਹੈ। ਪੱਛਮੀ ਦੇਸ਼ਾਂ ਵਿਚ ਸਿਆਸੀ ਸ਼ਰਣ ਇਸ ਲਈ ਮਿਲਦੀ ਹੈ ਕਿ ਇਨ੍ਹਾਂ ਦੇਸ਼ਾਂ ਨੇ ਸੰਯੁਕਤ ਰਾਸ਼ਟਰ ਦੇ ਸਮਝੌਤਿਆਂ ਉਤੇ ਸਹੀ ਪਾਈ ਹੈ ਜਿਸ ਕਾਰਣ ਇਹ ਸ਼ਰਨਾਰਥੀਆਂ ਦੀ ਮਦਦ ਕਰਨ ਦੇ ਪਾਬੰਦ ਹਨ। ਸਿਆਸੀ ਸ਼ਰਣ ਅਦਾਲਤਾਂ ਰਾਹੀਂ ਮਿਲਦੀ ਹੈ ਨਾ ਕਿ ਖਾਸ ਸਿਆਸੀ ਪਾਰਟੀਆਂ ਰਾਹੀਂ। ਨਫੀਸੀ ਬਾਰੇ ਮੇਰਾ ਇਤਰਾਜ਼ ਇਹ ਨਹੀਂ ਕਿ ਉਹ ਅਮਰੀਕਾ ਵਿਚ ਰਹਿੰਦੀ ਹੈ ਸਗੋਂ ਇਹ ਸੀ ਕਿ ਉਹ ਅਮਰੀਕਾ ਵਿਚਲੀਆਂ ਜਮਹੂਰੀ ਧਿਰਾਂ ਨੂੰ ਨਜ਼ਰ-ਅੰਦਾਜ਼ ਕਰਕੇ ਜੰਗਬਾਜ਼ਾਂ ਨਾਲ ਸਾਂਝ ਪਾਉਂਦੀ ਹੈ। ਜਿਵੇਂ ਭਾਰਤ ਵਿਚ ਰਹਿਣ ਵਾਲੇ ਹਰੇਕ ਵਿਅਕਤੀ ਨੂੰ ਮਨੁੱਖਤਾ ਦਾ ਦੁਸ਼ਮਣ ਨਹੀਂ ਕਿਹਾ ਜਾ ਸਕਦਾ ਪਰ ਜੇ ਕੋਈ ਇੱਥੇ ਰਹਿ ਕੇ ਇੰਦਰਾ ਗਾਂਧੀ ਜਾਂ ਮੋਦੀ ਵਰਗੇ ਕਿਸੇ ਲੀਡਰ ਦਾ ਸਮਰਥਕ ਬਣਦਾ ਹੈ ਤਾਂ ਉਹ ਜ਼ਰੂਰ ਹੀ ਮਨੁੱਖਤਾ ਦਾ ਦੁਸ਼ਮਣ ਗਿਣਿਆ ਜਾਵੇਗਾ। ਨਫੀਸੀ ਨੇ ਵੀ ਉਨ੍ਹਾਂ ਲੋਕਾਂ ਨਾਲ ਸਾਂਝ ਪਾਈ ਜੋ ਇਰਾਕ ਅਤੇ ਅਫਗਾਨਿਸਤਾਨ ਵਿਚ ਲੱਖਾਂ ਬੇਦੋਸ਼ਿਆਂ ਦੇ ਕਤਲਾਂ ਦੇ ਦੋਸ਼ੀ ਹਨ। ਬੱਲ ਸਾਹਿਬ ਵਰਗੇ ਮਾਰਕਸਵਾਦ ਦੀ ਡੌਂਡੀ ਪਿੱਟਣ ਵਾਲੇ 'ਵਿਦਵਾਨਾਂ' ਨੂੰ ਇਸ ਤਰ੍ਹਾਂ ਦੇ ਪ੍ਰਸ਼ਨਾਂ ਦੇ ਸਨਮੁੱਖ ਕਰਨਾ ਜੇ ਗੁਨਾਹ ਹੈ, ਤਾਂ ਮੈਂ ਖੁਸ਼ੀ-ਖੁਸ਼ੀ ਇਹ ਗੁਨਾਹ ਕਬੂਲ ਕਰਦਾ ਹਾਂ।

*-ਪ੍ਰਭਸ਼ਰਨਬੀਰ ਸਿੰਘ*
*prabhsharanbir@gmail.com*

# ਗਦਰੀ ਬਾਬੇ, ਗਦਰੀ ਬਾਬੇ ਸਨ

*(ਪਿਛਲੇ ਸਫੇ ਦੀ ਬਾਕੀ)*

ਆਪਣੀ ਗੱਲ ਕਰਨੀ ਚਾਹੁੰਦਾ ਹਾਂ।

ਇਸ ਦੀ ਕਹਾਣੀ ਦਾ ਸੰਖੇਪ ਅਰੰਭ ਇਸ ਤਰ੍ਹਾਂ ਹੈ ਕਿ ਅੰਗਰੇਜ਼ ਸਾਮਰਾਜ ਦੇ ਗੁਲਾਮ ਕਈ ਮੁਲਕਾਂ ਵਿਚੋਂ ਇਕ ਮੁਲਕ ਹਿੰਦੁਸਤਾਨ ਦੇ ਕੁਝ ਨਾਗਰਿਕ ਅਮਰੀਕਾ ਪਹੁੰਚੇ। ਉਸ ਵਕਤ ਹਿੰਦੁਸਤਾਨ ਵਿਚੋਂ ਸਾਮੰਤਸ਼ਾਹੀ ਖ਼ਤਮ ਹੋ ਚੁਕੀ ਸੀ ਪਰ ਉਸ ਦੀ ਰਹਿੰਦ ਖੂੰਹਦ ਵੱਡੀ ਹੱਦ ਤੱਕ ਕਾਇਮ ਸੀ। ਪੂੰਜੀਵਾਦ ਦੀ ਸ਼ੁਰੂਆਤ ਅਜੇ ਨਹੀਂ ਸੀ ਹੋਈ, ਇਸ ਵਾਸਤੇ ਜਮਹੂਰੀ ਨਿਜ਼ਾਮ ਦੀ ਕੋਈ ਲੋਅ ਨਹੀਂ ਸੀ। ਆਬਾਦੀ ਵਿਚ ਸਾਮੰਤਸ਼ਾਹੀ ਸਭਿਆਚਾਰ ਚੱਲ ਰਿਹਾ ਸੀ ਤੇ ਉਸੇ ਦੀ ਸੋਚ ਭਾਰੂ ਸੀ। ਇਸ ਸੋਚ ਦਾ ਇਕ ਪ੍ਰਗਟਾਵਾ ਇਹ ਗਹਿਰਾ ਵਿਸ਼ਵਾਸ ਸੀ ਕਿ ਤਲਵਾਰਾਂ ਦੇ ਜ਼ੋਰ ਨਾਲ ਰਾਜੇ ਬਦਲਦੇ ਰਹਿੰਦੇ ਹਨ ਤੇ ਜਿਸ ਰਾਜੇ ਨੇ ਜ਼ੋਰ ਨਾਲ ਰਾਜ ਹਾਸਿਲ ਕੀਤਾ ਹੈ, ਰਾਜ ਕਰਨਾ ਉਸ ਦਾ ਹੱਕ ਹੈ। ਗੁਲਾਮੀ ਜਾਂ ਆਜ਼ਾਦੀ ਦਾ ਕੋਈ ਸੰਕਲਪ ਨਹੀਂ ਸੀ।

1857 ਦੇ ਗ਼ਦਰ ਦੀ ਵੀ ਲੋਕਾਂ ਵਿਚ ਇਤਨੀ ਕੁ ਹੀ ਯਾਦ ਸੀ ਕਿ ਕੁਝ ਦੇਸੀ ਰਾਜਿਆਂ ਤੇ ਅੰਗਰੇਜ਼ੀ ਫੌਜ ਦੇ ਸਿਪਾਹੀਆਂ ਦੀ ਬਗਾਵਤ ਸੀ। ਗੁੜਗਾਵਾਂ, ਹਾਂਸੀ ਤੇ ਕਾਨਪੁਰ ਵਰਗੀਆਂ ਕੁਝ ਥਾਂਵਾਂ ਛੱਡ ਕੇ ਆਬਾਦੀ ਦਾ ਉਸ ਗ਼ਦਰ ਨਾਲ ਕੋਈ ਸਬੰਧ ਨਹੀਂ ਸੀ। ਮੇਰਠ ਦੇ ਬਾਗ਼ੀ ਸਿਪਾਹੀ ਜਾਣਦੇ ਸਨ ਕਿ ਫੌਜੀ ਕਿਸੇ ਰਾਜੇ ਵਾਸਤੇ ਹੀ ਲੜ ਸਕਦੇ ਹਨ, ਇਸ ਵਾਸਤੇ ਉਨ੍ਹਾਂ ਨੇ ਝਿਜਕਦਿਆਂ ਬਹਾਦਰ ਸ਼ਾਹ ਜ਼ਫਰ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਐਲਾਨ ਕਰਵਾ ਦਿੱਤਾ। ਝਾਂਸੀ ਦੀ ਰਾਣੀ ਸਣੇ ਜੋ ਵੀ ਰਾਜੇ-ਮਹਾਰਾਜੇ ਗਦਰ ਵਿਚ ਸ਼ਾਮਿਲ ਹੋਏ ਉਨ੍ਹਾਂ ਦਾ ਨਿਸ਼ਾਨਾ ਆਪਣਾ ਤਖ਼ਤ ਸੀ, ਭਾਰਤ ਦੀ ਆਜ਼ਾਦੀ ਨਹੀਂ। ਗ਼ਦਰ ਦੇ ਸ਼ਬਦੀ ਅਰਥ ਹੱਲਾ ਗੁੱਲਾ ਤੇ ਖ਼ੂਨ ਖ਼ਰਾਬਾ ਹੈ, 1857 ਵਿਚ ਜੋ ਹੋਇਆ, ਉਹ ਇਹੀ ਸੀ, ਉਹ ਭਾਰਤ ਦੀ ਪਹਿਲੀ ਜੰਗੇ ਆਜ਼ਾਦੀ ਨਹੀਂ ਸੀ।

ਇਹ ਹਵਾਲਾ ਇਸ ਕਰਕੇ ਦਿੱਤਾ ਗਿਆ ਹੈ ਕਿ ਜਿਨ੍ਹਾਂ ਗ਼ਦਰੀ ਬਾਬਿਆਂ ਦੀ ਗੱਲ ਕਰ ਰਹੇ ਹਾਂ, ਉਨ੍ਹਾਂ ਆਪਣੀ ਲਹਿਰ ਦਾ ਨਾਂ ਉਸੇ ਗ਼ਦਰ ਤੋਂ ਲਿਆ। ਤੇ ਬਦਕਿਸਮਤੀ ਨਾਲ ਤਰੀਕਾ ਕਾਰ ਵੀ ਉਹੀ ਚੁਣਿਆ। ਇਸ ਦਾ ਵੱਡਾ ਕਾਰਨ ਇਹ ਕਿ ਉਨ੍ਹਾਂ ਦੇ ਜ਼ਿਹਨ ਵਿਚ ਹਿੰਦੁਸਤਾਨ ਦੇ ਲੋਕਾਂ ਨੂੰ ਸੰਗਠਿਤ ਕਰਕੇ ਲੋਕ ਅੰਦੋਲਨ ਦੀ ਕੋਈ ਰੂਪ ਰੇਖਾ ਨਹੀਂ ਸੀ। ਸਾਮੰਤਸ਼ਾਹੀ ਸੋਚ ਸਿਰਫ਼ ਹਥਿਆਰਾਂ ਨਾਲ ਹੀ ਰਾਜ ਦੀ ਤਬਦੀਲੀ ਦੀ ਸੰਭਾਵਨਾ ਵੇਖਦੀ ਹੈ।

ਗ਼ਦਰੀ ਬਾਬਿਆਂ ਨੇ ਵੱਡੀਆਂ ਮਿਹਨਤਾਂ ਕੀਤੀਆਂ, ਤਕਲੀਫ਼ਾਂ ਝੱਲੀਆਂ, ਜ਼ਿੰਦਗੀਆਂ ਲਗਾਈਆਂ, ਸਾਰੀਆਂ ਕਮਾਈਆਂ ਇਸੇ ਕੰਮ 'ਤੇ ਲਗਾ ਦਿੱਤੀਆਂ। ਪਰ ਕਿਹੜੇ ਕੰਮ 'ਤੇ? ਹਥਿਆਰ ਇਕੱਠੇ ਕਰਨ ਤੇ ਫੌਜੀ ਛਾਉਣੀਆਂ ਦੇ ਚੱਕਰ ਲਗਾਉਣ ਵਿਚ। ਉਹ ਸਿਰਫ਼ ਫ਼ੌਜੀਆਂ ਨੂੰ ਹੀ ਬਗਾਵਤ ਵਾਸਤੇ ਤਿਆਰ ਕਰਨ ਉਪਰ ਜ਼ੋਰ ਲਗਾਉਂਦੇ ਰਹੇ ਤੇ ਲੱਗਦਾ ਇਹ ਹੈ ਕਿ ਕੁਝ ਜਗ੍ਹਾ ਫੌਜੀ ਇਨ੍ਹਾਂ ਨਾਲ ਹੂੰ ਹਾਂ ਤਾਂ ਕਰਦੇ ਰਹੇ ਪਰ ਤਿਆਰ ਕੋਈ ਨਹੀਂ ਹੋਇਆ। ਤੇ ਲੋਕਾਂ ਨੂੰ ਇਨ੍ਹਾਂ ਤਿਆਰ ਹੋਣ ਵਾਸਤੇ ਕਿਹਾ ਹੀ ਨਹੀ, ਉਨ੍ਹਾਂ ਤੋਂ ਤਾਂ ਕਦੇ ਚੰਦਾ ਵੀ ਨਹੀਂ ਮੰਗਿਆ, ਤੇ ਪੈਸਿਆਂ ਵਾਸਤੇ ਡਾਕੇ ਮਾਰੇ।

ਜੇ ਤਾਂ ਜੇ ਹੀ ਹੁੰਦੀ ਹੈ, ਕਦੇ ਹੱਥ ਨਹੀਂ ਆਉਂਦੀ ਪਰ ਇਤਿਹਾਸਕ ਤਬਸਰਿਆਂ ਵਿਚ ਇਹ ਵਰਤੋਂ ਵਿਚ ਆਉਂਦੀ ਹੈ। ਇਸ ਵਾਸਤੇ ਕਹਿਣਾ ਪਵੇਗਾ ਕਿ ਜੇ ਕਿਤੇ ਇਹ ਅਣਥੱਕ ਸੂਰਬੀਰ ਫੌਜੀ ਛਾਉਣੀਆਂ ਦੇ ਚੱਕਰ ਕੱਟਣ ਦੀ ਬਜਾਏ ਲੋਕਾਂ ਨੂੰ ਸੰਗਠਤ ਕਰਨ ਵੱਲ ਜਾਂਦੇ ਤੇ ਉਨ੍ਹਾਂ ਵੇਲਿਆਂ ਵਿਚ ਜਿਤਨੇ ਕੁ ਵੀ, ਸੀਮਤ ਜਿਹੇ ਹੀ ਸਹੀਂ, ਪੁਰ ਅਮਨ ਤੇ ਜਮਹੂਰੀ ਅੰਦੋਲਨਾਂ ਦੇ ਤਰੀਕੇਕਾਰ ਸਨ, ਵਰਤਦੇ ਤਾਂ ਨਤੀਜੇ ਹੋਰ ਹੋ ਸਕਦੇ ਸਨ। ਦੁੱਖ ਦੀ ਗੱਲ ਹੈ ਕਿ ਅੰਗਰੇਜ਼ ਸਾਮਰਾਜ ਨੂੰ ਇਕ ਵਾਰ ਹਿਲਾ ਕੇ ਰੱਖ ਦੇਣ ਵਾਲੀ 'ਨਾ-ਮਿਲਵਰਤਨ ਲਹਿਰ' ਦੇ ਸ਼ੁਰੂ ਹੋਣ ਤੋਂ ਐਨ ਪਹਿਲਾਂ ਹੀ ਗਦਰ ਦੀ ਗੂੰਜ ਖਾਮੋਸ਼ੀ ਅਖ਼ਤਿਆਰ ਕਰ ਗਈ। ਉਸ ਤੋਂ ਵੀ ਵੱਡਾ ਦੁੱਖ ਇਹ ਹੈ ਕਿ ਦਿਲ ਵਿਚ ਮੁਲਕ ਦੀ ਆਜ਼ਾਦੀ ਦੀ ਇਤਨੀ ਜਬਰਦਸਤ ਤਾਂਘ ਰੱਖਣ ਵਾਲੇ ਅਣਥੱਕ ਸੂਰਮੇ, ਮਾਯੂਸੀ ਦੇ ਆਲਮ ਤਹਿਤ, ਆਜ਼ਾਦੀ ਦੇ ਸੰਗਰਾਮ 'ਚ ਆਪਣਾ ਹਿੱਸਾ ਵੀ ਨਾ ਪਾ ਸਕੇ।

ਲਗਭਗ ਸੌ ਸਾਲ ਤੱਕ ਇਨ੍ਹਾਂ ਸੂਰਮਿਆਂ ਦੀ ਯਾਦ ਨੂੰ ਸਿਰਫ਼ ਖੱਬੇ ਪੱਖੀ ਲਹਿਰਾਂ ਹੀ ਜ਼ਿੰਦਾ ਰੱਖਦੀਆਂ ਰਹੀਆਂ। ਹੁਣ ਹੋਰ ਲੋਕ ਵੀ, ਇਨ੍ਹਾਂ ਪ੍ਰਤੀ ਖਾਸ ਅਪਣੱਤ ਨਾਲ, ਸ਼ਾਮਿਲ ਹੋਏ ਹਨ, ਖੁਸ਼ ਆਮਦੀਦ। ਇਨ੍ਹਾਂ ਦੀ ਯਾਦ ਨੂੰ ਸ਼ਰਦਾ ਪੂਰਵਕ ਕਾਇਮ ਰੱਖਣ ਦੀ ਜ਼ਰੂਰਤ ਹੈ, ਤਰਕ ਆਧਾਰਤ ਇਤਿਹਾਸਕ ਤਜਰਬਿਆਂ ਸਮੇਤ।

**ਕਾਵਿ-ਜਗਤ**

## ਭਗਤ ਸਿੰਘ ਤੇਰੀ ਕੁਰਬਾਨੀ

ਧਰੂ ਤਾਰੇ ਵਾਂਗੂ ਚਮਕਦਾ ਰਹੇਗਾ
ਨਾਮ ਤੇਰਾ ਸਰਦਾਰ ਭਗਤ ਸਿੰਘ।
ਭਾਰਤ ਦੇਸ਼ ਦੀ ਅਜ਼ਾਦੀ ਲਈ ਤੂੰ
ਜਿੰਦ ਦਿੱਤੀ ਸੀ ਵਾਰ ਭਗਤ ਸਿੰਘ।

ਅਜ਼ਾਦੀ ਖਾਤਰ ਹੱਸ ਹੱਸ ਕੇ ਤੂੰ
ਫਾਂਸੀ ਦੇ ਤਖਤੇ 'ਤੇ ਚੜ੍ਹਿਆ ਸੀ।
ਜ਼ਾਲਮ ਅੰਗਰੇਜ਼ ਹਕੂਮਤ ਨਾਲ
ਆਖਰੀ ਦਮ ਤਕ ਲੜਿਆ ਸੀ।
ਭਾਰਤ ਦੀ ਅਜ਼ਾਦੀ ਦਾ ਸੁਪਨਾ
ਕੀਤਾ ਤੂੰ ਸਾਕਾਰ ਭਗਤ ਸਿੰਘ।

ਅਜ਼ਾਦੀ ਦੇ ਲਈ ਤੂੰ ਆਪਣਾ
ਸਾਰਾ ਜੀਵਨ ਲੇਖੇ ਲਾ ਦਿੱਤਾ।
ਭਾਰਤ ਦੇਸ਼ ਦੀ ਆਨ ਸ਼ਾਨ ਲਈ
ਤੂੰ ਆਪਣਾ ਖ਼ੂਨ ਵਹਾ ਦਿੱਤਾ।
ਆਪਣੀ ਦੇ ਕੇ ਸ਼ਹੀਦੀ ਤੂੰ
ਭਾਰਤ ਕੀਤਾ ਅਜ਼ਾਦ ਭਗਤ ਸਿੰਘ।

ਬੰਬ ਲਿਜਾ ਕੇ ਅਸੈਂਬਲੀ ਵਿਚ
ਜਦੋਂ ਤੂੰ ਜਾ ਕੇ ਸੁੱਟਿਆ ਸੀ।
ਡਰ ਦੇ ਮਾਰੇ ਗੋਰਾ ਸੀ ਕੰਬ ਗਿਆ
ਜਾਨ ਬਚਾ ਕੇ ਲੁਕਿਆ ਸੀ।
ਹਿਲਾ ਕੇ ਰੱਖ ਦਿੱਤੀ ਸੀ ਤੂੰ
ਅੰਗਰੇਜ਼ ਦੀ ਸਰਕਾਰ ਭਗਤ ਸਿੰਘ।

ਭਗਤ ਸਿੰਘ ਤੇਰੀ ਕੁਰਬਾਨੀ ਦਾ
ਕਰਜ ਚੁਕਾਇਆ ਨਹੀਂ ਜਾ ਸਕਦਾ।
ਤੂੰ ਜੋ ਕਰ ਗਿਆ ਦੇਸ਼ ਕੌਮ ਲਈ
ਕਦੇ ਭੁਲਾਇਆ ਨਹੀਂ ਜਾ ਸਕਦਾ।
ਸੰਸਾਰ ਦੇ ਇਤਿਹਾਸ ਵਿਚ ਤੇਰੀ
ਮਿਸਾਲ ਰਹੇਗੀ ਬਰਕਰਾਰ ਭਗਤ ਸਿੰਘ।

ਦੇਸ਼ ਲਈ ਜੋ ਜਾਨ ਵਾਰਦੇ
ਅਮਰ ਸ਼ਹੀਦ ਅਖਵਾਉਂਦੇ ਨੇ।
ਸਦੀਆਂ ਤੋਂ ਗੀਤ ਉਨ੍ਹਾਂ ਦੇ
ਸੰਸਾਰ ਵਿਚ ਗਾਏ ਜਾਂਦੇ ਨੇ।
ਇਹ ਜੱਗ ਸਦੀਆਂ ਤੱਕ ਤੈਨੂੰ
ਕਰਦਾ ਰਹੇਗਾ ਯਾਦ ਭਗਤ ਸਿੰਘ।

*-ਦਿਲਪ੍ਰੀਤ ਮਾਨ*
*ਕਲੋਵਿਸ, ਕੈਲੀਫੋਰਨੀਆ।*
*ਫੋਨ: 559-291-7116*

---

## ਵੱਜਿਆ ਬਿਗਲ ਚੋਣਾਂ ਦਾ

ਵੱਜਿਆ ਬਿਗਲ ਜੀ ਚੋਣਾਂ ਦਾ,
ਵਧ ਗਈ ਏ ਲੀਡਰਾਂ ਦੀ ਭੱਜ-ਦੌੜ ਲੋਕੋ।
ਪਾ ਵਰਦੀਆਂ ਤੁਰ ਪਏ ਲੋਕਾਂ ਵੱਲ,
ਨਾਲੇ ਰੁੱਸਿਆਂ ਤਾਈਂ ਮਨਾਉਣ ਲੋਕੋ।

ਕਹਿੰਦੇ ਬੇਰੁਜ਼ਗਾਰੀ ਮਿਟਾ ਦੇਣੀ,
ਸਾਰੀ ਦੁਨੀਆਂ ਖੁਸ਼ਹਾਲ ਬਣਾ ਦੇਣੀ,
ਜੋ ਸੁਣੇ ਸੀ ਪੰਜ ਸਾਲ ਪਹਿਲਾਂ,
ਵਾਅਦੇ ਓਹੀਓ ਉਹ ਦੁਹਰਾਉਣ ਲੋਕੋ।

ਕੋਈ ਚਾਚਾ ਜੀ ਕੋਈ ਤਾਇਆ ਜੀ,
ਕੋਈ ਭੂਆ ਫੁੱਫੜ ਬਣਾਇਆ ਜੀ,
ਜਿਹੜੇ ਵੇਖੇ ਨਹੀਂ ਸੀ ਅੱਜ ਤਾਈਂ,
ਗੂੜ੍ਹੇ ਰਿਸ਼ਤੇ ਉਹ ਬਣਾਉਣ ਲੋਕੋ।

ਕਦੋਂ ਖਾਂਦੇ ਨੇ ਕਦੋਂ ਪੀਂਦੇ ਨੇ,
ਖੌਰੇ ਕਿਹੜੇ ਆਸਰੇ ਉਹ ਜਿਓਂਦੇ ਨੇ,
ਅਖਾੜੇ ਨਾ ਲਾਏ ਚਮਕੀਲੇ ਨੇ,
ਸਟੇਜਾਂ ਜਿੰਨੀਆਂ ਉਹ ਲਾਉਣ ਲੋਕੋ।

ਮੂੰਹ ਭੋਲੇ ਜਿਹੇ ਬਣਾ ਆ ਜਾਂਦੇ,
ਹਜ਼ਾਰਾਂ ਮਜ਼ਬੂਰੀਆਂ ਫਿਰ ਸੁਣਾ ਜਾਂਦੇ,
ਪੁਰਾਣੇ ਵਾਅਦੇ ਕਿਤੇ ਲੁਕਾ ਜਾਂਦੇ,
ਦਿਨੇ ਦਿਹਾੜੇ ਉਲੂ ਬਣਾਉਣ ਲੋਕੋ।

ਪਤਾ ਨਹੀਂ ਪੈਸੇ ਕਿਥੋਂ ਆਉਣੇ ਨੇ,
ਪਰ ਪਿੰਡ 'ਨਿਊ ਯਾਰਕ' ਬਣਾਉਣੇ ਨੇ,
ਕਰਨਗੇ ਕੋਈ ਹੱਥ ਦੀ ਸਫ਼ਾਈ,
ਖੇਡ ਜਾਦੂ ਦੇ ਐਸੇ ਦਿਖਾਉਣ ਲੋਕੋ।

ਕਹਿੰਦੇ ਨਸ਼ਿਆਂ ਨਾਲ ਨਸ਼ੇ ਲੜਾ ਦੇਣੇ,
ਲੜਾ ਕੇ ਹੀ ਮਾਰ ਮੁਕਾ ਦੇਣੇ,
ਨਵੀਂ ਖੋਜ ਕੀਤੀ ਸਾਡੇ ਲੀਡਰਾਂ ਨੇ,
ਅੱਗ ਨਾਲ ਅੱਗ ਬੁਝਾਉਣ ਲੋਕੋ।

ਕੋਈ ਚੋਗਾ ਨਸ਼ਿਆਂ ਦਾ ਪਾਉਂਦਾ ਏ,
ਕੋਈ ਲਾਲਚ ਹੋਰ ਦਿਖਾਉਦਾ ਏ,
ਵੇਖੋ ਕਿਹੜਾ-ਕਿਹੜਾ ਫਸਦਾ ਏ,
ਜਾਲ ਸਾਰੇ ਸ਼ਿਕਾਰੀ ਵਿਛਾਉਣ ਲੋਕੋ।

ਕੋਈ ਲੈਕਚਰ ਏਦਾਂ ਸੁਣਾਉਂਦਾ ਏ,
ਜਿਵੇ ਬੈਲ-ਗੱਡੀਆਂ ਭਜਾਉਂਦਾ ਏ,
ਕੱਢਣ ਗਾਹਲਾਂ ਚੀਖ ਦੂਜਿਆਂ ਨੂੰ,
ਸੋਹਲੇ ਉਚੀ ਆਪਣੇ ਸੁਣਾਉਣ ਲੋਕੋ।

ਕੀ ਧਰਮਰਾਜ ਨਾਲ ਇਨ੍ਹਾਂ ਦੀ ਯਾਰੀ ਏ,
ਜਾਂ ਜਮਦੂਤ ਹੀ ਕੋਈ ਆੜੀ ਏ,
ਜਿਉਂਦਿਆਂ ਨਾ ਰਾਸ਼ਣ ਕਾਰਡ ਬਣਦਾ,
ਵੋਟਾਂ ਮਰਿਆਂ ਦੀਆਂ ਪਵਾਉਣ ਲੋਕੋ।

ਰੌਣਕ-ਮੇਲਾਂ 'ਦਵਿੰਦਰਾ' ਵਾਹਵਾ ਏ,
ਭਾਵੇਂ ਫੋਕੀ ਹੀ ਵਾਹਵਾ, ਸ਼ਾਵਾ ਏ,
ਫਸ ਗਏ ਜਦੋਂ ਸਿੰਗ ਕੁੰਢੀਆਂ ਦੇ,
ਵੇਖਾਂਗੇ ਫਿਰ ਹੈ ਜਿੱਤਦਾ ਕੌਣ ਲੋਕੋ।

*-ਦਵਿੰਦਰ ਸਿੰਘ ਸੇਖੋਂ*
*ਫੋਨ: 913-735-4661*

---

## ਮਾਲਕ ਦੀ ਰਜ਼ਾ

ਮਾਲਕ ਆਪਣੀ ਰਜ਼ਾ 'ਚ ਰੱਖੀਂ।
ਤੱਤੀ ਵਾਹ ਤੋਂ ਬਚਾ ਕੇ ਰੱਖੀਂ।
ਸੱਚ ਦੇ ਰਾਹ 'ਤੇ ਹਮੇਸ਼ਾ ਚੱਲਾਂ,
ਮੰਦਾ ਬੋਲ ਕਿਸੇ ਨੂੰ ਨਾ ਬੋਲਾਂ।
ਹਰ ਰੋਜ਼ ਅੰਮ੍ਰਿਤ ਵੇਲੇ ਉਠਾਂ,
ਤੇਰਾ ਚਿਹਰਾ ਰੋਜ਼ ਹੀ ਡਿੱਠਾਂ।
ਫਿਰ ਉਠ ਕੇ ਕੰਮ ਧੰਦੇ ਲੱਗ ਜਾਵਾਂ,
ਲੱਖ-ਲੱਖ ਤੇਰਾ ਸ਼ੁਕਰ ਮਨਾਵਾਂ।
ਸੱਚ ਦਾ ਸਾਥ ਕਦੇ ਨਾ ਛੱਡਾਂ,
ਕਿਸੇ ਅੱਗੇ ਪੱਲਾ ਕਦੇ ਨਾ ਅੱਡਾਂ।
ਕਦੇ ਕਿਸੇ ਦਾ ਦਿਲ ਨਾ ਦੁਖਾਵਾਂ,
ਮੰਗਾਂ ਸਦਾ ਇਹੀ ਦੁਆਵਾਂ।
ਮਾਲਕ ਆਪਣੀ ਰਜ਼ਾ 'ਚ ਰੱਖੀਂ
ਤੱਤੀ ਵਾਹ ਤੋਂ ਬਚਾ ਕੇ ਰੱਖੀਂ।

*-ਜਸਦੀਪ ਸਿੰਘ ਖੰਨਾ*

## ਕਹਾਣੀ

# ਸੂਰਨੀ

**ਜਨਾਬ ਅਫ਼ਜ਼ਲ ਅਹਿਸਾਨ ਰੰਧਾਵਾ ਪੱਛਮੀ ਪਾਕਿਸਤਾਨ ਦਾ ਉਹ ਕਹਾਣੀਕਾਰ ਹੈ ਜਿਸ ਨੇ ਪੰਜਾਬ ਦੇ ਪੇਂਡੂ ਜੀਵਨ ਬਾਰੇ ਬਹੁਤ ਹੀ ਨਸੀਫ ਕਹਾਣੀਆਂ ਲਿਖੀਆਂ ਹਨ। ਉਸ ਦਾ ਇਕ ਕਹਾਣੀ ਸੰਗ੍ਰਿਹ 'ਰੰਨ, ਤਲਵਾਰ ਤੇ ਘੋੜਾ' ਕਈ ਸਾਲ ਪਹਿਲਾਂ ਗੁਰਮੁਖੀ ਲਿਪੀ ਵਿਚ ਛਪਿਆ ਸੀ ਜਿਸ ਵਿਚਲੀਆਂ ਉਸ ਦੀਆਂ ਕਹਾਣੀਆਂ ਪੁਰਾਣੇ ਪੰਜਾਬ ਦੇ ਅਸਲੀ ਪੇਂਡੂ ਸਭਿਆਚਾਰ ਦਾ ਅਕਸ ਪੇਸ਼ ਕਰਦੀਆਂ ਹਨ। ਉਹ ਮਨੁੱਖੀ ਮਨ ਦੀਆਂ ਪਰਤਾਂ ਬਹੁਤ ਹੀ ਖ਼ੂਬਸੂਰਤੀ ਨਾਲ ਫਰੋਲਦਾ ਹੈ। ਹਥਲੀ ਕਹਾਣੀ ਵਿਚ ਵੀ ਉਸ ਨੇ ਮਨੁੱਖੀ ਮਨ ਦੀਆਂ ਡੂੰਘਾਣਾਂ ਦੀ ਥਾਹ ਪਾਉਣ ਦੀ ਕੋਸ਼ਿਸ਼ ਕੀਤੀ ਹੈ। -ਸੰਪਾਦਕ**

ਅਫ਼ਜ਼ਲ ਅਹਿਸਨ ਰੰਧਾਵਾ

ਚੌਥੇ ਬੰਦੇ ਪੁੱਛਿਆ, "ਹੰਗੂਰਾ ਕੌਣ ਦੇਵੇਗਾ?"

"ਮੈਂ," ਪੰਜਵੇਂ ਆਖਿਆ, "ਹੰਗੂਰਾ ਦੇਣ ਦੀ ਵਾਰੀ ਮੇਰੀ ਏ।"

ਚੌਥੇ ਬੰਦੇ ਖੰਘੂਰਾ ਮਾਰ ਕੇ ਜਿਵੇਂ ਸੰਘ ਸਾਫ਼ ਕੀਤਾ।

ਪਹਿਲਾ ਬੰਦਾ ਜਿਹੜਾ ਦੂਜੇ ਤੇ ਤੀਜੇ ਵਾਂਗ ਆਪਣੀ ਗੱਲ ਸੁਣਾ ਕੇ ਆਪਣੇ ਇਮਤਿਹਾਨ ਵਿਚੋਂ ਲੰਘ ਚੁੱਕਿਆ ਸੀ, ਚੌਥੇ ਦੇ ਸਵਾਲ ਤੇ ਫੇਰ ਉਹ ਖੰਘੂਰਾ ਮਾਰ ਕੇ ਸੰਘ ਸਾਫ਼ ਕਰਨ 'ਤੇ ਨਿੰਮ੍ਹਾ ਜਿਹਾ ਹੱਸ ਪਿਆ। ਚੌਥੇ ਦਾ ਸਵਾਲ ਹੀ ਅਧੂਰਾ ਜਿਹਾ ਸੀ। ਕਿਉਂ ਜੁ ਕਹਾਣੀ ਵਿਚ ਹੰਗੂਰਾ ਦੇਣ ਦੀ ਲੋੜ ਹੀ ਕੋਈ ਨਹੀਂ ਸੀ। ਹੰਗੂਰਾ ਤੇ ਕਹਾਣੀ ਸੁਣਨ ਵਾਲੇ ਨੂੰ ਜਗਾਈ ਰੱਖਣ ਲਈ ਹੁੰਦਾ ਏ, ਤੇ ਉਹ ਸਾਰੇ ਪੂਰੀਆਂ ਅੱਖਾਂ ਖੋਲ੍ਹ ਕੇ ਜਾਗ ਰਹੇ ਸਨ। ਫੇਰ ਵੀ ਉਨ੍ਹਾਂ ਇਹ ਮਿੱਥ ਲਿਆ ਹੋਇਆ ਸੀ ਕਿ ਕਿਹਨੂੰ ਕੌਣ ਹੰਗੂਰਾ ਭਰੇਗਾ। ਜਿਵੇਂ ਪਹਿਲੇ ਦਾ ਦੂਜੇ, ਦੂਜੇ ਦਾ ਤੀਜੇ, ਤੀਜੇ ਦਾ ਚੌਥੇ ਦੇ ਹੰਗੂਰਾ ਦਿਤਿਉਂ ਬਿਨਾਂ ਈ ਕੰਮ ਚੱਲ ਗਿਆ, ਓਵੇਂ ਹੀ ਚੌਥੇ ਦਾ ਹੰਗੂਰਾ ਪੰਜਵੇਂ ਦੇਣਾ ਸੀ। ਮਿੱਥੀ ਹੋਈ ਗੱਲ ਨੂੰ ਫੇਰ ਪੁੱਛਣ ਦੀ ਕੀ ਲੋੜ? ਤੇ ਖੰਘੂਰਾ ਕਿਉਂ?

ਖੰਘੂਰੇ ਦੀਆਂ ਕਈ ਕਿਸਮਾਂ ਤੇ ਕਈ ਮਾਅਨੇ ਹੁੰਦੇ ਨੇ। ਖੰਘੂਰਾ ਆਪਣੇ ਹੋਣ ਦਾ ਐਲਾਨ ਕਰਨ ਲਈ ਮਾਰਿਆ ਜਾਂਦਾ ਏ। ਕਿਸੇ ਵੇਲੇ ਧੀਆਂ ਭੈਣਾਂ ਵਾਲੇ ਵਿਹੜੇ ਵੜਨ ਵਾਲਾ ਖੰਘੂਰਾ ਮਾਰ ਕੇ ਆਪਣੇ ਆਉਣ ਦਾ ਕੁੰਡਾ ਖੜਕਾਉਂਦਾ ਏ। ਕਿਸੇ ਵੇਲੇ ਮੁੰਡੇ-ਖੁੰਡੇ ਟੁਰੀਆਂ ਜਾਂਦੀਆਂ ਮੁਟਿਆਰਾਂ ਦਾ ਧਿਆਨ ਆਪਣੇ ਵੱਲ ਕਰਵਾਣ ਲਈ ਖੰਘੂਰੇ ਰਾਹੀਂ ਆਵਾਜ਼ ਮਾਰਦੇ ਨੇ। ਕਿਸੇ ਵੇਲੇ ਸ਼ਰੀਕ ਸ਼ਰੀਕ ਨੂੰ ਬੋਲਿਓਂ ਬਗੈਰ ਚੱਘਣ ਲਈ ਖੰਘੂਰੇ ਦੀ ਡਾਂਗ ਮਾਰ ਦੇਂਦੇ ਨੇ। ਕਿਸੇ ਵੇਲੇ ਪਿੰਡੇ ਨੂੰ ਅੱਡੀ ਨਾ ਲੱਗਣ ਦੇਣ ਵਾਲੀ ਆਪਣੀ ਘੋੜੀ ਨੂੰ, ਸਵਾਰ ਖੰਘੂਰੇ ਦੀ ਅੱਡੀ ਲਾ ਲੈਂਦੇ ਤੇ ਹਾਲੀ ਕਿਸੇ ਵੇਲੇ ਆਪਣੇ ਬਹੁਤ ਸੁਥਰੇ ਵਗਣ ਵਾਲੇ ਢੱਗਿਆਂ ਉਤੇ ਟਿਚਕਾਰੀ ਤੇ ਪਰਾਣੀ ਦੀ ਥਾਂ ਖੰਘੂਰਾ ਵਰਤ ਲੈਂਦੇ ਨੇ। ਕਦੇ-ਕਦੇ ਰਾਗੀ ਗਾਉਣ ਲੱਗਿਆਂ ਖੰਘੂਰੇ ਦੇ ਗਜ਼ ਨਾਲ ਸੰਘ ਦੀ ਗਾਉਣ ਵਾਲੀ ਨਾਲੀ ਸਾਫ਼ ਕਰ ਲੈਂਦੇ ਨੇ। ਪਰ ਚੌਥੇ ਬੰਦੇ ਦੇ ਓਸ ਖੰਘੂਰੇ ਦਾ ਹੋਰ ਹੀ ਮਤਲਬ ਸੀ-ਆਪਣੇ ਅੰਦਰ ਦੀਆਂ ਲੁਕੀਆਂ ਹੋਈਆਂ ਕਹਾਣੀਆਂ ਦੇ ਖੋਭੇ 'ਚੋਂ ਦੀ ਆਪਣੇ ਜੁੱਤੀ ਵਾਲੇ ਪੈਰ ਸਾਫ਼ ਲੈ ਕੇ ਨਿਕਲਣ ਲਈ ਇਕ ਵੱਡਾ ਹੰਭਲਾ ਸੀ। ਜਾਂ ਉਹ ਖੰਘੂਰਾ ਉਹਦੇ ਅੰਦਰ ਦੇ ਭੇਤ ਸੰਦੂਕ ਦਾ ਜਿੰਦਰਾ ਟੁੱਟਣ ਦੀ ਆਵਾਜ਼ ਸੀ। ਜਾਂ ਫੇਰ ਸ਼ਾਇਦ ਗੱਲ ਕਰਨ ਵਾਲਾ ਖੰਘੂਰੇ ਰਾਹੀਂ ਆਪਣਾ ਹੌਸਲਾ ਇਕੱਠਾ ਕਰ ਰਿਹਾ ਸੀ। ਤਾਂ ਜੁ ਉਹ ਦਲੇਰੀ ਨਾਲ ਗੱਲ ਸ਼ੁਰੂ ਕਰ ਸਕੇ। ਇਹ ਸਹੀ ਫ਼ੈਸਲਾ ਕਿ ਉਸ ਖੰਘੂਰੇ ਦਾ ਅਸਲ ਮਤਲਬ ਕੀ ਸੀ, ਬਹੁਤ ਮੁਸ਼ਕਲ ਕੰਮ ਏ। ਪਰ ਇਹ ਗੱਲ ਤੇ ਪੱਕੀ ਸੀ ਜੇ ਗੱਲ ਕਰਨ ਵਾਲੇ ਉਤੇ ਉਹ ਵੇਲਾ ਭਾਰੀ ਸੀ ਤੇ ਉਹਨੂੰ ਏਸ ਔਖ ਵਿਚ ਫਸਿਆ ਵੇਖ ਕੇ ਈ ਪਹਿਲਾ ਬੰਦਾ ਹੱਸਿਆ ਸੀ। ਬੰਦਾ ਪਤਾ ਨਹੀਂ ਕਿਉਂ ਦੂਜਿਆਂ ਨੂੰ ਔਖ ਵਿਚ ਵੇਖ ਕੇ ਖੁਸ਼ ਹੁੰਦਾ ਏ?

ਉਹ ਪੰਜ ਸ਼ਿਕਾਰੀ ਦੋਸਤ, ਉਸ ਰਾਤ, ਉਸ ਬੇਲੇ ਵਿਚ ਬੈਠੇ ਆਪਣੀ ਆਪਣੀ ਹੱਡ ਬੀਤੀ ਦਾ ਇਕ-ਇਕ ਨਵਾਂ ਟੁਕੜਾ ਸੁਣਾ ਰਹੇ ਸਨ ਜਿਹੜਾ ਅੱਗੇ ਕਦੇ ਉਨ੍ਹਾਂ ਦੇ ਅੰਦਰੋਂ ਬਾਹਰ ਨਹੀਂ ਸੀ ਨਿਕਲਿਆ। ਹਰ ਬੰਦੇ ਦੇ ਅੰਦਰ ਦਾ ਇਕ-ਇਕ ਨਵਾਂ ਨਕੋਰ ਸੱਚ! ਤੇ ਏਸ ਈ ਵਜ੍ਹਾ ਤੋਂ ਉਨ੍ਹਾਂ ਪੰਜਾਂ ਸ਼ਿਕਾਰੀਆਂ ਤੇ ਉਨ੍ਹਾਂ ਦੀਆਂ ਕਹਾਣੀਆਂ ਦੇ ਕਿਸੇ ਵੀ ਕਿਰਦਾਰ ਦਾ ਨਾਂ ਲਿਖਣਾ ਮੁਨਾਸਬ ਤੇ ਵਾਜਬ ਨਹੀਂ। ਅਸੀਂ ਉਨ੍ਹਾਂ ਪੰਜਾਂ ਬੰਦਿਆਂ ਨੂੰ ਪਹਿਲਾ, ਦੂਜਾ, ਤੀਜਾ, ਚੌਥਾ ਤੇ ਪੰਜਵਾਂ ਨੰਬਰ ਦੇਣੇ ਆਂ ਤੇ ਉਨ੍ਹਾਂ ਦੀਆਂ ਕਹਾਣੀਆਂ ਦੇ ਕਿਰਦਾਰਾਂ ਲਈ ਅਲਿਫ਼-ਬੇ, ਜੀਮ ਜਿਹੇ ਫ਼ਰਜ਼ੀ ਨਾਂ ਵਰਤਾਂਗੇ।

ਉਹ ਪੋਹ ਦੀ ਐਸੀ ਰਾਤ ਸੀ, ਜਿਹਦੇ ਵਿਚ ਚੰਨ ਨਹੀਂ ਚੜ੍ਹਦਾ, ਰਾਤ ਹਨੇਰੀ ਤੇ ਰੱਜ ਕੇ ਠੰਢੀ ਸੀ। ਕੱਕਰ ਨਜ਼ਰੀਂ ਤਾਂ ਨਹੀਂ ਸੀ ਆਉਂਦਾ, ਪਰ ਉਤੇ ਪੈਂਦਾ ਜਾਪਦਾ ਸੀ। ਝਿਲ-ਮਿਲ ਝਿਲ-ਮਿਲ ਕਰਦੇ ਵੱਡੇ-ਛੋਟੇ ਤਾਰਿਆਂ ਨਾਲ ਅਸਮਾਨ ਏਨਾ ਭਰਿਆ ਤੇ ਲੱਦਿਆ ਹੋਇਆ ਸੀ ਕਿ ਉਨ੍ਹਾਂ ਦੇ ਭਾਰ ਨਾਲ ਝੁਕ ਕੇ ਬਹੁਤ ਨੀਵਾਂ ਆ ਗਿਆ ਲਗਦਾ। ਵੱਡੇ ਜੰਗਲ ਦੇ ਨਾਲ ਦੇ ਬੇਲੇ ਵਿਚ ਇਕ ਸਾਫ਼ ਪੱਧਰੀ ਥਾਂ 'ਤੇ ਉਹ ਲੋਕ ਅੱਗ ਦਾ ਵੱਡਾ ਸਾਰਾ ਭਾਂਬੜ ਬਾਲ ਕੇ ਉਹਦੇ ਆਲੇ-ਦੁਆਲੇ ਬੈਠੇ ਹੋਏ ਸਨ। ਰਾਤ ਦੇ ਪਹਿਲੇ ਪਹਿਰ ਏਸ ਦੀ ਅੱਗ ਉਤੇ ਉਨ੍ਹਾਂ ਆਪਣਾ ਮਾਰਿਆ ਹੋਇਆ ਸ਼ਿਕਾਰ ਭੁੰਨਿਆ, ਖਾਧਾ ਤੇ ਏਸ ਹੀ ਅੱਗ ਦਵਾਲੇ ਬਹਿ ਕੇ ਬੇਲੇ ਵਿਚ ਸ਼ਿਕਾਰ ਦੀ ਉਹ ਠੰਢੀ ਸੀਤ ਰਾਤ, ਜਾਗ ਕੇ ਕੱਟਣ ਲਈ ਬਾਤਾਂ ਪਾ ਰਹੇ ਸਨ। ਇਹੋ ਜਿਹੀਆਂ ਰਾਤਾਂ, ਬਾਤਾਂ ਪਾਉਣ ਤੇ ਸੁਣਨ ਲਈ ਬਹੁਤ ਮੁਨਾਸਬ ਹੁੰਦੀਆਂ ਨੇ ਤੇ ਸ਼ਿਕਾਰੀ ਭਾਵੇਂ ਕਿਸੇ ਮੁਲਕ, ਕਿਸੇ ਉਮਰ, ਕਿਸੇ ਤਰ੍ਹਾਂ ਦੇ ਹੋਣ ਆਪਣੀਆਂ ਕਹਾਣੀਆਂ ਬਹੁਤ ਵਧਾ ਚੜ੍ਹਾ ਕੇ ਸੁਣਾਉਣ ਦੇ ਸ਼ੌਕੀਨ ਹੁੰਦੇ ਨੇ ਤੇ ਜੇ ਉਹ ਆਪਣੇ ਸ਼ਿਕਾਰ ਦੀਆਂ ਕਹਾਣੀਆਂ ਸੁਣਾਉਣ ਤੇ ਆ ਜਾਣ ਫੇਰ ਤੇ ਉਹ ਸਹੀ ਮਾਅਨਿਆਂ ਵਿਚ ਗੱਪਾਂ ਦੀ ਥਾਂ ਗਪੌੜ ਛਡਦੇ ਨੇ। ਆਪਣੀਆਂ ਇਨ੍ਹਾਂ ਸਿਫ਼ਤਾਂ ਤੋਂ ਉਹ ਵੀ ਵਾਕਫ਼ ਲਗਦੇ ਨੇ। ਤਾਂ ਹੀ ਤੇ ਉਨ੍ਹਾਂ ਹੱਡ-ਬੀਤੀ ਤੇ ਉਹਦੇ ਨਾਲ ਨਵੀਂ ਨਕੋਰ ਸੱਚ ਦੀ ਸ਼ਰਤ ਵੀ ਲਾ ਦਿੱਤੀ ਤੇ ਇਹ ਵੀ ਕਿ ਕਹਾਣੀ ਸ਼ਿਕਾਰੀ ਦੇ ਸ਼ਿਕਾਰ ਵਾਲੇ ਮਾਅਰਕਿਆਂ ਦੀ ਨਾ ਹੋਵੇ।

ਅੱਧਖੜ ਉਮਰਾਂ ਦੇ ਫਿਰਨ-ਟੁਰਨ ਵਾਲੇ ਸ਼ਿਕਾਰੀ ਤੇ ਮਜਲਸੀ ਬੰਦਿਆਂ ਕੋਲ ਕਿੰਨਾ ਕੁ ਐਸਾ ਸੱਚ ਰਹਿ ਗਿਆ ਹੁੰਦਾ ਏ, ਜਿਹੜਾ ਉਹ ਕਿਧਰੇ ਨਾ ਕਿਧਰੇ ਵਿਖਾ ਨਾ ਬੈਠੇ ਹੋਣ! ਸੁਣਾ ਨਾ ਬੈਠੇ ਹੋਣ! ਪਰ ਤਾਂ ਵੀ ਹਰ ਬੰਦੇ ਦੇ ਅੰਦਰ ਇਕ ਭੇਤ-ਸੰਦੂਕ ਜ਼ਰੂਰ ਹੁੰਦਾ ਏ ਜਿਹਦੇ ਵਿਚ ਕੁਝ ਅਜਿਹੇ ਸੱਚ ਹੁੰਦੇ ਨੇ ਜਿਹੜੇ ਕਦੇ ਬਾਹਰ ਦਾ ਮੂੰਹ ਨਹੀਂ ਵੇਖ ਸਕਦੇ, ਸਗੋਂ ਉਹ ਬੰਦਾ ਉਨ੍ਹਾਂ ਸੱਚਾਂ ਨੂੰ ਆਪਣੇ ਆਪ ਤੋਂ ਵੀ ਲੁਕਾ-ਲੁਕਾ ਕੇ ਰੱਖਦਾ ਏ...ਕਦੇ ਬਾਹਰ ਨਹੀਂ ਕੱਢਦਾ ਜਾਂ ਕੱਢ ਨਹੀਂ ਸਕਦਾ। ਉਸ ਰਾਤ ਅਜਿਹੇ ਸੱਚ ਹੀ ਕੋਠਿਆਂ ਹੁੰਦਿਆਂ ਮੂੰਹਾਂ ਵਿਚੋਂ ਨਿਕਲ ਨਿਕਲ ਕੇ ਅੱਗ ਵਿਚ ਡਿੱਗ ਰਹੇ ਸਨ। ਖੌਰੇ ਏਸ ਕਰਕੇ ਹੀ ਕਹਾਣੀ ਸੁਣਾਉਣ ਵਾਲਾ ਹਰ ਬੰਦਾ ਸੋਚ-ਸੋਚ ਕੇ, ਸਹਿਮ-ਸਹਿਮ ਕੇ, ਡਰ-ਡਰ ਕੇ ਬਹੁਤ ਥੋੜ੍ਹਿਆਂ-ਥੋੜ੍ਹਿਆਂ ਲਫ਼ਜ਼ਾਂ ਵਿਚ ਇਕ-ਇਕ ਕਹਾਣੀ ਸੁਣਾ ਰਿਹਾ ਸੀ।

ਉਂਵ ਤਾਂ ਬੰਦਾ ਆਪਣੇ-ਆਪ ਦਾ ਵੀ ਪੂਰਾ ਭੇਤੀ ਨਹੀਂ ਹੁੰਦਾ, ਇੰਵ ਉਹ ਸਾਰੇ ਵੀ ਇਕ ਦੂਜੇ ਦੇ ਬਹੁਤ ਭੇਤੀ ਤੇ ਨਹੀਂ ਸਨ। ਉਦਾਂ ਉਹ ਪੰਜੇ ਬਹੁਤ ਚੰਗੇ ਤੇ ਗੂੜ੍ਹੇ ਯਾਰ ਸਨ। ਨੰਬਰ ਇਕ, ਦੋ ਤੇ ਤਿੰਨ ਦੂਰ-ਦੁਰਾਡੇ ਦੇ ਤਿੰਨ ਹੋਰ ਹੋਰ ਜ਼ਿਲ੍ਹਿਆਂ ਦੇ ਰਹਿਣ ਵਾਲੇ ਤੇ ਨੰਬਰ ਚਾਰ ਤੇ ਪੰਜ ਇਕ ਤਹਿਸੀਲ ਦੇ ਦੋ ਨੇੜੇ-ਨੇੜੇ ਪਿੰਡਾਂ ਦੇ ਵਸਨੀਕ ਸਨ। ਇਕ ਨੰਬਰ ਦੀ ਦੂਜੀ ਘਰ ਵਾਲੀ ਦੇ ਪੇਕੇ ਪੰਜ ਨੰਬਰ ਦੇ ਪਿੰਡ ਵਿਚ ਸਨ। ਖੌਰੇ ਏਸ ਲਈ ਹੀ ਚਾਰ ਨੰਬਰ ਤੇ ਪੰਜ ਨੰਬਰ ਇਕ ਦੂਜੇ ਦਾ ਬਹੁਤ ਆਦਰ ਭਾ ਕਰਦੇ। ਹਰ ਵਰ੍ਹੇ ਸਿਆਲ ਵਿਚ ਦਸ ਪੰਦਰਾਂ ਦਿਨ ਉਹ ਸਾਰੇ ਨੰਬਰ ਪੰਜ ਦੇ ਪ੍ਰਾਹੁਣੇ ਹੁੰਦੇ ਤੇ ਇਕੱਠੇ ਸ਼ਿਕਾਰ ਖੇਡਦੇ। ਸ਼ਿਕਾਰ ਦੇ ਇਹ ਦਿਨ ਉਹ ਗੱਪਾਂ ਲਾਉਣ ਦੇ ਨਾਲ-ਨਾਲ ਆਪਣੇ-ਆਪਣੇ ਦੁੱਖ-ਸੁੱਖ ਵੀ ਇਕ ਦੂਜੇ ਨਾਲ ਫ਼ਰੋਲਦੇ।

ਪਹਿਲੋਂ ਉਹ ਛੇ ਸਨ। ਪਰ ਪੰਦਰਾਂ ਵਰ੍ਹੇ ਪਹਿਲੋਂ ਛੇ ਨੰਬਰ ਦੇ ਮਰਨ ਦੇ ਬਾਅਦ ਉਹ ਪੰਜ ਰਹਿ ਗਏ। ਮਰਨ ਵਾਲਾ ਛੇ ਨੰਬਰ, ਚਾਰ ਨੰਬਰ, ਚਾਰ ਤੇ ਪੰਜ ਨੰਬਰ ਦੇ ਪਿੰਡਾਂ ਦੇ ਵਿਚਕਾਰ ਇਕ ਪਿੰਡ ਦੇ ਰਹਿਣ ਵਾਲਾ ਸੀ ਤੇ ਚਾਰ ਨੰਬਰ ਦਾ ਲੰਗੋਟੀਆ ਯਾਰ ਸੀ। ਪੰਜੇ ਸ਼ਿਕਾਰੀ ਉਹਨੂੰ ਮੂੰਹ ਚਿਤ ਲੱਗਣ ਵਾਲਾ ਇਕ ਦਲੇਰ, ਅੱਛਾ ਸ਼ਿਕਾਰੀ ਤੇ ਚੰਗੇ ਖਾਂਦੇ ਪੀਂਦੇ ਘਰ ਦਾ ਜਵਾਨ ਤੇ ਆਪਣਾ ਬਹੁਤ ਪਿਆਰਾ ਯਾਰ ਸਮਝਦੇ ਸਨ। ਹਰ ਵਰ੍ਹੇ ਜਦੋਂ ਉਹ ਸਾਰੇ ਸਿਆਲ ਦੇ ਇਨ੍ਹਾਂ ਦਿਨਾਂ ਵਿਚ ਇਕੱਠੇ ਹੁੰਦੇ, ਮਰਨ ਵਾਲਾ ਛੇ ਨੰਬਰ ਕਿਸੇ ਨਾ ਕਿਸੇ ਤਰ੍ਹਾਂ, ਕਿਸੇ ਨਾ ਕਿਸੇ ਬਹਾਨੇ, ਕਿਸੇ ਨਾ ਕਿਸੇ ਗੱਲ ਰਾਹੀਂ, ਉਨ੍ਹਾਂ ਦੇ ਵਿਚ ਆ ਵੜਦਾ।

ਨੰਬਰ ਚਾਰ ਸ਼ਿਕਾਰੀ ਦਰਮਿਆਨੇ ਜਿਹੇ ਕੱਦ, ਛੀਂਟਕੇ ਜੁੱਸੇ, ਤੇਜ਼ ਤਿੱਖੇ ਨਕਸ਼ਾਂ ਵਾਲਾ, ਇਕ ਅੱਧਖੜ ਜਿਹੀ ਉਮਰ ਦਾ ਸੀ। ਉਹਦੇ ਸਾਂਵਲੇ ਰੰਗ ਦੇ ਚਿਹਰੇ ਤੇ ਚੀਚਕ ਦੇ ਦਾਗ, ਅੱਗ ਦੀ ਲੋਅ ਵਿਚ ਤਾਰਿਆਂ ਵਾਂਗ ਚਮਕਦੇ ਸਨ। ਉਸ ਫੇਰ ਇਕ ਖੰਘੂਰਾ ਮਾਰਿਆ ਤੇ ਆਪਣੀ ਬਾਰਾਂ ਬੋਰ ਦੀ ਦੋਨਾਲੀ ਖੋਲ੍ਹੀ। ਐਸ.ਜੀ. ਦੇ ਦੋ ਕਾਰਤੂਸ ਬੰਦੂਕ 'ਚੋਂ ਕੱਢ ਕੇ ਬੰਦੂਕ ਬੰਦ ਕਰਕੇ ਆਪਣੇ ਕੋਲ ਕੰਬਲ ਤੇ ਰੱਖੀ। ਕਾਰਤੂਸ ਕੋਲ ਪਏ ਹੋਏ ਝੋਲੇ ਵਿਚ ਪਾ ਕੇ ਝੋਲੇ ਦਾ ਮੂੰਹ ਬੰਦ ਕਰਕੇ ਪਰ੍ਹਾਂ ਦੋਨਾਲੀ ਦੇ ਕੋਲ ਰੱਖ ਦਿੱਤਾ। ਬਾਕੀ ਬੰਦੇ ਉਹਦੇ ਉਤੇ ਨਜ਼ਰਾਂ ਜਮਾਈ ਬੈਠੇ ਸਨ। ਜੰਗਲ ਬੇਲਿਆਂ ਵਿਚ ਸ਼ਿਕਾਰ ਖੇਡਣ ਵਾਲੇ ਦਿਨ ਨੂੰ ਆਮ ਤੌਰ 'ਤੇ ਰਾਤ ਖ਼ਾਸ ਕਰਕੇ, ਹਰ ਵੇਲੇ ਬੰਦੂਕਾਂ ਭਰ ਕੇ ਰੱਖਦੇ ਨੇ। ਪਤਾ ਨਹੀਂ ਕਿਧਰੋਂ ਸ਼ਿਕਾਰ ਨਿਕਲ ਪਏ, ਕਿਧਰ ਨੂੰ ਟੁਰ ਪਏ, ਕਿਧਰੋਂ ਉਤੇ ਆ ਚੜ੍ਹੇ, ਤਾਂ ਵੀ ਆਬਾਦੀ ਤੋਂ ਕੋਹਾਂ ਦੂਰ, ਜੰਗਲੀ ਜਾਨਵਰਾਂ ਨਾਲ ਭਰੇ ਹੋਏ ਬੇਲੇ ਵਿਚ, ਉਤੋਂ ਅਤਿ ਹਨੇਰੀ ਰਾਤ ਨੂੰ ਉਸ ਵੇਲੇ ਪਤਾ ਨਹੀਂ ਕਿਉਂ, ਨੰਬਰ ਚਾਰ ਨੇ ਆਪਣੀ ਦੋਨਾਲੀ 'ਚੋਂ ਕਾਰਤੂਸ ਕੱਢ ਛੱਡੇ। ਨਹੀਂ ਤੇ ਉਹ ਸਾਰੇ ਤੇ ਸ਼ਿਕਾਰ ਦੇ ਦਿਨਾਂ ਵਿਚ ਰਾਤ ਦਿਨ ਸਦਾ ਭਰੀਆਂ ਤੇ ਤਿਆਰ ਬੰਦੂਕਾਂ ਹੱਥਾਂ ਵਿਚ ਰੱਖਦੇ ਹੁੰਦੇ।

**"ਉਹਨੂੰ ਬੜਾ ਪਤਾ ਸੀ, ਉਹਨੂੰ ਬੜਾ ਪਤਾ ਸੀ!" ਚਾਰ ਨੰਬਰ ਫੇਰ ਰੋਣ ਲੱਗ ਪਿਆ ਤੇ ਬੋਲਿਆ, "ਪਹਿਲੇ ਦਿਨ ਉਹਦੇ ਅੱਗੇ ਲੱਗ ਕੇ ਮੈਂ ਟੁਰਿਆ...ਪਹਿਲੀ ਵਾਰ ਮੈਂ ਉਹਨੂੰ ਰਾਹੋਂ ਕੁਰਾਹੇ ਪਾਇਆ...ਪਹਿਲੀ ਵਾਰ ਮੈਂ ਭਰੀ ਬੰਦੂਕ ਕੂੰਢਾਂ ਵਾਂਗ ਫੜੀ। ਉਹਦੀਆਂ ਬਾਜ਼ ਵਰਗੀਆਂ ਅੱਖੀਆਂ ਸਭ ਕੁਝ ਵੇਖ ਜਾਂਚ ਰਹੀਆਂ ਸਨ। ਪਰ ਉਤੋਂ ਉਹ ਹੱਸ ਰਿਹਾ ਸੀ। ਕੀ ਤੁਹਾਡਾ ਖ਼ਿਆਲ ਏ, ਉਹ ਬਾਲ ਸੀ ਕੋਈ, ਜਿਸ ਨੇ ਮੈਨੂੰ ਜਾਣ ਕੇ ਤਿਲ੍ਹਕਦਿਆਂ ਤੇ ਨਾਲੀ ਸਿੱਧੀ ਉਹਦੇ ਦਿਲ ਵੱਲ ਕਰਕੇ ਘੋੜਾ ਦਬਦਿਆਂ ਨਾ ਵੇਖਿਆ ਹੋਏਗਾ? ਉਸ ਡਿੱਗਦਿਆਂ ਮੈਨੂੰ ਕਿਹਾ ਸੀ, "ਓਏ ਟਕੇ ਦੀ ਰੰਨ ਤੋਂ ਯਾਰ ਮਾਰ ਘੱਤਿਆ ਈ, ਉਸ ਤੈਨੂੰ ਵੀ ਚਾਰ ਦਿਨ ਹੰਢਾ ਕੇ ਕਿਸੇ ਯਾਰ ਤੋਂ ਮਰਵਾ ਦੇਣਾ ਏ। ਓਏ ਬਚੀਂ ਉਸ ਰੰਨ ਤੋਂ ਮੂਰਖਾ, ਤੇ ਫੇਰ ਮੇਰਾ ਬੰਦੂਕ ਚਲਾਉਣ ਵਾਲਾ ਹੱਥ ਚੁੰਮ ਕੇ ਉਸ ਮੈਨੂੰ ਮੁਆਫ਼ ਕਰ ਦਿੱਤਾ ਸੀ।"**

ਰਾਤ ਚੁੱਪ ਸੀ। ਉਨ੍ਹਾਂ ਦੇ ਦਵਾਲੇ ਝਾੜੀਆਂ, ਸਰੂਟੇ, ਕਰੂਟੇ, ਬੂਟੇ ਦਰੱਖਤ ਤੇ ਉਨ੍ਹਾਂ ਵਿਚ ਲੁਕੀ ਹੋਈ ਹਰ ਸ਼ੈਅ ਗਹਿਰੀ ਨੀਂਦ ਸੁੱਤੀ ਲੱਗਦੀ। ਜੰਗਲ ਬੇਲੇ ਦੀ ਰਾਤ ਵਿਚ ਇਕ ਉਹ ਘੜੀ ਵੀ ਆਉਂਦੀ ਏ ਜਦੋਂ ਜੰਗਲ ਬੇਲੇ ਵਿਚ ਉਗਣ ਵਾਲੀ ਤੇ ਉਹਦੇ ਵਿਚ ਰਹਿਣ ਵਾਲੀ ਹਰ ਚੀਜ਼ ਚੁੱਪ ਕਰ ਜਾਂਦੀ ਏ। ਇਹ ਉਹ ਘੜੀ ਸੀ। ਕਿਤੋਂ ਬੀਂਡੇ ਦੇ ਬੋਲਣ ਦੀ ਆਵਾਜ਼ ਵੀ ਨਹੀਂ ਆ ਰਹੀ ਸੀ। ਬੱਸ ਅੱਗ ਵਿਚ ਬਲਦੀਆਂ ਲੱਕੜਾਂ ਦੀ ਨਿੰਮੀ-ਨਿੰਮੀ ਸੂੰ-ਸੂੰ ਤੇ ਭਾਂਬੜ ਦੀਆਂ ਹੇਠਾਂ ਉਤਾਂਹ ਹੁੰਦੀਆਂ ਲਾਟਾਂ ਦੇ ਬੇਮਾਲੂਮ ਜਿਹੇ ਬੇ-ਆਵਾਜ਼ ਰਾਗ ਨਾਲ ਪੰਜਾਂ ਬੰਦਿਆਂ ਦੇ ਸਾਹ ਲੈਣ ਦੀ ਆਵਾਜ਼ ਆ ਰਹੀ ਸੀ। ਆਲੇ-ਦੁਆਲੇ ਚੁੱਪ-ਚਾਂ ਸੀ। ਚਾਰ ਨੰਬਰ ਨੇ ਤੀਸਰੀ ਵਾਰ ਖੰਘੂਰਾ ਮਾਰਿਆ। ਅੱਗ ਵਿਚ ਭਖਦੇ, ਲਿਸ਼ਕਦੇ ਉਹਦੇ ਚਿਹਰੇ ਤੋਂ ਲੱਗਦਾ ਜਿਵੇਂ ਉਹ ਗੱਲ ਕਰਨ ਲਈ ਹੌਸਲਾ ਤੇ ਮੁਨਾਸਬ ਲਫ਼ਜ਼ ਲੱਭਣ ਦੀ ਅਜ਼ੀਅਤ ਦਾ ਸ਼ਿਕਾਰ ਹੋਵੇ।

ਅਖ਼ੀਰ ਉਸ ਇਕ ਲੰਮਾ ਸਾਹ (ਜਿਹੜਾ ਹੌਕੇ ਨਾਲ ਰਲਦਾ ਮਿਲਦਾ ਸੀ) ਲਿਆ ਤੇ ਹੌਲੀ ਹੌਲੀ ਕਹਿਣ ਲੱਗਾ, "ਉਹ ਯਾਰੋਂ ਵੱਧ ਮੇਰਾ ਭਰਾ ਸੀ। ਸਾਡੇ ਵਿਚ ਕਦੇ ਕੋਈ ਸ਼ੈਅ ਨਹੀਂ ਸੀ ਆਈ, ਨਹੀਂ ਸੀ ਆ ਸਕਦੀ। ਰਾਤ ਦਿਨ ਅਸੀਂ ਇਕੱਠੇ ਰਹਿੰਦੇ, ਮੌਜਾਂ ਲੁੱਟਦੇ। ਸਾਡੇ ਵਿਚੋਂ ਦੀ ਤੇ ਹਵਾ ਵੀ ਨਾ ਲੰਘ ਸਕਦੀ। ਉਹਨੂੰ ਦੁਨੀਆਂ ਦੀ ਨਜ਼ਰ ਨੇ ਖਾ ਲਿਆ ਤੇ ਮੇਰੀ ਅਕਲ 'ਤੇ ਪੱਥਰ ਪੈ ਗਏ। ਹੁਣ ਹੱਥਾਂ 'ਤੇ ਚੱਕ ਵੱਢਣ ਨਾਲ ਕੀ ਹਾਸਲ?"

ਗੱਲ ਕਰਦਾ-ਕਰਦਾ ਉਹ ਇਕ ਦਮ ਚੁੱਪ ਹੋ ਗਿਆ। ਜਿਵੇਂ ਗੱਲ ਉਹਦੇ ਸੰਘ ਵਿਚ ਅੜ ਗਈ ਹੋਵੇ। ਚਾਰੇ ਸੁਣਨ ਵਾਲੇ ਟਿਕ-ਟਿਕੀ ਲਾਏ ਉਹਦੇ ਮੂੰਹ ਵੱਲ ਵੇਖਣ ਡਹੇ ਸਨ ਤੇ ਉਹ ਅੱਗ ਦੇ ਭਾਂਬੜ ਵਿਚ ਵੇਖੀ ਜਾ ਰਿਹਾ ਸੀ, ਜਿਵੇਂ ਕਹਾਣੀ ਅੱਗ ਵਿਚੋਂ ਲੱਭ ਰਿਹਾ ਹੋਵੇ। ਹੰਗੂਰਾ ਦੇਣ ਵਾਲਾ ਉਥੇ ਹਾਜ਼ਰ ਹੀ ਨਾ ਲੱਗਦਾ। ਕੁਝ ਚਿਰ ਚੁੱਪ ਰਹਿਣ ਮਗਰੋਂ ਕਹਾਣੀ ਸੁਣਾਉਣ ਵਾਲਾ ਫਿਰ ਬੋਲਿਆ,

"ਇਕ ਦਿਨ ਮੁਰਗਾਬੀਆਂ ਮਾਰ ਕੇ ਉਹ ਤੇ ਮੈਂ ਛੰਭ ਤੇ ਪਿਛਾਂਹ ਪਿੰਡ ਨੂੰ ਜਾ ਰਹੇ ਸਾਂ। ਆਮ ਰਾਹ ਅਸੀਂ ਲੰਮਾ ਕਰਕੇ ਛੱਡ ਦਿੱਤਾ ਤੇ ਪੈਲੀਆਂ ਵਿਚੋਂ ਦੀ ਸਿੱਧੇ ਪਿੰਡ ਨੂੰ ਪੈ ਗਏ। ਸਿਆਲ ਦੇ ਦਿਨ ਸਨ। ਚੜ੍ਹਦੇ ਸੂਰਜ ਦੀ ਨਿੰਮੀ-ਨਿੰਮੀ ਧੁੱਪ ਦੇ ਬਾਵਜੂਦ ਡੰਡੀਆਂ ਦੇ ਆਲੇ-ਦੁਆਲੇ ਦਾ, ਤੇ ਵੱਟਾਂ ਉਤੋਂ ਦਾ ਘਾਹ ਤ੍ਰੇਲ ਨਾਲ ਭਿੱਜਿਆ ਪਿਆ ਸੀ। ਮੈਂ ਅੱਗੇ ਸਾਂ ਤੇ ਉਹ ਮੇਰੇ ਪਿੱਛੇ ਪਿੱਛੇ ਦੋ ਹੱਥਾਂ ਦੀ ਵਿੱਥ 'ਤੇ। ਮੇਰੀ ਭਰੀ ਹੋਈ ਬੰਦੂਕ ਮੇਰੇ ਮੋਢੇ ਉਤੇ ਸੀ। ਬੰਦੂਕ ਦੇ ਬੱਟ ਉਤੇ ਮੇਰਾ ਹੱਥ ਸੀ ਤੇ ਨਾਲੀ ਪਿਛਾਂਹ ਨੂੰ ਸੀ। ਜਿਹੜੀ ਵੱਟ ਤੋਂ ਅਸੀਂ ਉਸ ਵੇਲੇ ਲੰਘ ਰਹੇ ਸਾਂ, ਉਹਦੇ ਦੋਹਾਂ ਪਾਸਿਆਂ 'ਤੇ ਕਮਾਦ ਸੀ, ਸਿਵਾਏ ਆਸਮਾਨ ਦੇ ਉਥੋਂ ਹੋਰ ਕਿਸੇ ਬੰਨੇ ਕੁਝ ਨਜ਼ਰੀਂ ਨਾ ਆਉਂਦਾ। ਵੱਟ ਦੇ ਤ੍ਰੇਲ ਨਾਲ ਭਿੱਜੇ ਘਾਹ ਤੋਂ ਜਿਉਂ ਮੇਰਾ ਪੈਰ ਤਿਲਕਿਆ ਤੇ ਮੇਰੇ ਸੰਭਲਦਿਆਂ ਸੰਭਲਦਿਆਂ ਅਫ਼ਰਾ-ਤਫ਼ਰੀ ਵਿਚ ਕਿਤੇ ਘੋੜੇ ਤੇ ਮੇਰਾ ਹੱਥ ਜਾ ਪਿਆ, ਬੰਦੂਕ ਚਲ ਗਈ। ਚਾਰ ਨੰਬਰ ਦੇ ਕਾਰਤੂਸ ਨੇ ਇਕ ਹੱਥ ਦੀ ਵਿੱਥ ਤੋਂ ਮੇਰੇ ਯਾਰ ਦਾ ਸੀਨਾ ਛਾਣਨੀ ਕਰ ਦਿੱਤਾ...ਰੱਸੀ ਨਾਲ ਬੱਝੀਆਂ ਮੁਰਗਾਬੀਆਂ ਤੇ ਬੰਦੂਕ ਉਹਦੇ ਹੱਥੋਂ ਨਿਕਲ ਕੇ ਦੂਰ ਜਾ ਡਿੱਗੀਆਂ, ਤੇ ਉਹ ਭੋਏਂ 'ਤੇ ਜਾ ਪਿਆ। ਉਹ ਮੇਰੇ ਸਾਹਮਣੇ ਡਿੱਗਾ ਹੋਇਆ, ਛੱਰਾ ਵੱਜੇ ਹੋਏ ਤਿੱਤਰ ਵਾਂਗ, ਲੋਟ-ਪੋਟ ਹੋਣ ਲੱਗ ਪਿਆ।" "ਇਹ ਤੇ ਛੇ ਨੰਬਰ ਦੀ ਕਹਾਣੀ ਏ।" ਨੰਬਰ ਦੋ ਭੁੜਕ ਪਿਆ, "ਤੇ ਅਸਾਂ ਸਾਰਿਆਂ ਏਨੀ ਵਾਰ ਸੁਣੀ ਏ ਕਿ ਇਹਦਾ ਇਕ-ਇਕ ਹਰਫ਼ ਅਸੀਂ ਜਾਣਦੇ ਆਂ। ਕਿਵੇਂ ਫੇਰ ਤੂੰ ਦੌੜ ਕੇ ਪਿੰਡ ਅਪੜਿਓਂ, ਕਿਵੇਂ ਛੇ ਕੋਹ ਪੈਂਡੇ ਦੇ ਸਾਰੇ ਰਾਹ ਉਹਦਾ ਲਹੂ ਵਗਦਾ ਰਿਹਾ, ਕਿਵੇਂ ਹਸਪਤਾਲ ਪੁਲਸ ਆ ਗਈ, ਕਿਵੇਂ ਉਹ ਪੁਲਸ ਨਾਲ ਦੋ ਗੱਲਾਂ ਕਰਕੇ ਈ ਮਰ ਗਿਆ, ਭਰੀ ਹੋਈ ਬੰਦੂਕ ਨੂੰ ਬੇ-ਇਹਤਿਆਤੀ ਨਾਲ ਫੜਨ ਦੀ ਵਜ੍ਹਾ ਤੋਂ ਕਿਵੇਂ ਹੀਰੇ ਵਰਗਾ ਯਾਰ, ਯਾਰ ਦੇ ਹੱਥੋਂ ਮਰ ਗਿਆ।"

"ਨਿੱਕੀ ਜਿਹੀ ਗ਼ਲਤੀ ਨਾਲ ਕਿੱਡਾ ਵੱਡਾ ਹਾਦਸਾ ਹੋ ਗਿਆ।" ਨੰਬਰ ਚਾਰ ਚੀਕ ਪਿਆ। ਨੰਬਰ ਚਾਰ ਦੇ ਚੀਕਣ ਤੇ ਪਤਾ ਨਹੀਂ ਉਹ ਸਾਰੇ ਹੱਸ ਪਏ, ਸਿਵਾਏ ਪੰਜ ਨੰਬਰ ਦੇ, ਜਿਹੜਾ ਬੜੇ ਧਿਆਨ ਨਾਲ ਚਾਰ ਨੰਬਰ ਵੱਲ ਵੇਖ ਰਿਹਾ ਸੀ।

ਤਿੰਨ ਨੰਬਰ ਪਹਿਲੀ ਵਾਰ ਬੋਲਿਆ, "ਪੁਲਸ ਨੇ ਵੀ ਉਹਦੀ ਮੌਤ ਹਾਦਸਾਤੀ ਲਿਖੀ ਤੇ ਦੁਨੀਆਂ ਵੀ ਇਹੋ ਜਾਣਦੀ ਏ ਤੇ ਇਹਦੇ ਵਿਚ ਗ਼ਲਤ ਕੀ ਏ? ਚਿੱਟੇ ਦਿਨ ਹੋਸ਼ ਹਵਾਸ ਵਿਚ ਸੌ ਬੰਦੇ ਤੇ ਪੁਲਸ ਦੇ ਰੂਬਰੂ ਛੇ ਨੰਬਰ ਨੇ ਆਪ ਆਖਿਆ ਸੀ ਕਿ ਮੇਰਾ ਯਾਰ ਤਿਲ੍ਹਕ ਨਾ ਪੈਂਦਾ ਤੇ ਬੰਦੂਕ ਨਾ ਚਲਦੀ। ਇਹਦੇ ਵਿਚ ਕਿਸੇ ਦਾ ਵੀ ਦੋਸ਼ ਨਹੀਂ, ਨਾ ਉਹਦਾ, ਨਾ ਬੰਦੂਕ ਦਾ।"

"ਛੇ ਨੰਬਰ ਨੇ ਜਾਣ ਕੇ ਝੂਠ ਬੋਲਿਆ ਸੀ ਮਰਦਿਆਂ...ਇਹ ਹਾਦਸਾਤੀ ਮੌਤ ਨਹੀਂ ਸੀ। ਇਹ ਈ ਤੇ ਮੈਂ ਕਲਪ ਰਿਹਾ ਆਂ। ਇਹ ਕਤਲ ਸੀ, ਸਿੱਧਾ ਤੇ ਸਾਫ਼ ਕਤਲ," ਚਾਰ ਨੰਬਰ ਨੇ ਰੋਣ ਹਾਕੀ ਚੀਕ ਮਾਰੀ।

"ਛੇ ਨੰਬਰ ਝੂਠ ਨਹੀਂ ਸੀ ਮਾਰਿਆ ਕੋਈ!" ਇਕ ਨੰਬਰ ਬੇ-ਸਬਰੀ ਤੇ ਗੁੱਸੇ ਨਾਲ ਆਖਿਆ, "ਤੂੰ ਝੂਠ ਮਾਰ ਰਿਹਾ ਏਂ ਹੁਣ! ਗੱਲ ਨੂੰ ਚਾੜ੍ਹਨ ਲਈ ਪਤਾ ਨਹੀਂ ਤੂੰ ਕੀ ਝੂਠ ਦੇ ਪੁਲੰਦੇ ਬੰਨ੍ਹ ਰਿਹਾ ਏਂ!"

"ਢੱਠੇ ਖੂਹ ਵਿਚ ਪਵੋ...ਤੁਸੀਂ ਸਾਰੇ ਆਪ ਬੇਈਮਾਨ ਤੇ ਝੂਠੇ ਓ!" ਚਾਰ ਨੰਬਰ ਇਕੋ ਵਾਰ ਜ਼ੋਰ ਜ਼ੋਰ ਦੀ ਰੋਣ ਲੱਗ ਪਿਆ।

ਉਸ ਆਪਣਾ ਮੂੰਹ ਗੋਡਿਆਂ ਵਿਚ ਦੇ ਲਿਆ। ਉਹ ਰੋਈ ਜਾਂਦਾ ਤੇ ਉਹਦਾ ਸਾਰਾ ਜਿਸਮ ਹਿੱਲੀ ਜਾਂਦਾ।

ਅੱਗ ਦੇ ਆਲੇ-ਦੁਆਲੇ ਬੈਠੇ ਸਾਰੇ ਬੰਦੇ ਹੈਰਾਨ ਪ੍ਰੇਸ਼ਾਨ ਹੋ ਕੇ ਚੁੱਪ ਹੋ ਗਏ, ਉਹ ਠਠੰਬਰ ਗਏ, ਚਾਰ ਨੰਬਰ ਦੀ ਗੱਲ ਤੋਂ ਨਹੀਂ, ਉਹਦੇ ਰੋਣ ਤੋਂ, ਉਹਦੀਆਂ ਅੱਖਾਂ ਵਿਚੋਂ ਵੱਗਦੇ ਹੋਏ ਸੱਚ ਤੋਂ...! ਚੌਂਹ ਵਿਚੋਂ ਤਿੰਨ ਬੰਦੇ ਤੇ ਉਹਦੀਆਂ ਗੱਲਾਂ ਨੂੰ ਮਖੌਲ ਹੀ ਸਮਝ ਰਹੇ ਸਨ ਪਰ ਉਹਦਾ ਰੋਣ ਕੁਝ ਹੋਰ ਈ ਦੱਸ ਰਿਹਾ ਸੀ ਜਿਹੜੇ ਬੰਦੇ ਦਾ ਉਨ੍ਹਾਂ ਪਿਛਲੇ ਵੀਹਾਂ ਵਰ੍ਹਿਆਂ ਵਿਚ ਕਿੱਧਰੇ ਅੱਥਰੂ ਵੱਗਦਾ ਨਹੀਂ ਸੀ ਵੇਖਿਆ ਉਹ ਬਾਲਾਂ ਵਾਂਗ ਬੁਕ ਬੁਕ ਰੋ ਰਿਹਾ ਸੀ। ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਕੀ ਕਰਨ?

"ਅਸੀਂ ਸੁਣਨੇ ਆਂ ਤੂੰ ਗੱਲ ਕਰ ਪਰ ਰੱਬ ਦੇ ਵਾਸਤੇ ਪਹਿਲੋਂ ਇਹ ਸਵਾਣੀਆਂ ਵਾਂਗ ਰੋਣਾ ਬੰਦ ਕਰ।" ਇਕ ਨੰਬਰ ਨੇ ਆਖਿਆ।

ਕੋਈ ਘੜੀ ਕੁ ਪਿੱਛੋਂ ਉਹਦਾ ਜਿਸਮ ਹਿਲਣੋਂ ਹਟ ਗਿਆ ਤੇ ਉਹਦਾ ਰੋਣ ਬੰਦ ਹੋ ਗਿਆ। ਉਸ ਅੱਥਰੂਆਂ ਨਾਲ ਭਰਿਆ ਚਿਹਰਾ ਗੋਡਿਆਂ ਵਿਚੋਂ ਉਤਾਂਹ ਚੁਕ ਕੇ ਸਾਰਿਆਂ ਵੱਲ ਵਾਰੋ-ਵਾਰੀ ਆਪਣੀਆਂ ਕੋਲਿਆਂ ਵਾਂਗ ਬਲਦੀਆਂ ਅੱਖਾਂ ਨਾਲ ਵੇਖਿਆ। ਇਕ ਲੰਮਾ ਸਾਹ ਲੈ ਕੇ ਉਹ ਕਹਿਣ ਲੱਗਾ, "ਮੈਂ ਖ਼ੁਦਾ ਨੂੰ ਹਾਜ਼ਰ ਜਾਣ ਕੇ ਆਖਦਾ ਆਂ ਕਿ ਉਹ ਗ਼ਲਤੀ ਨਾਲ ਨਹੀਂ ਸੀ ਮਰਿਆ, ਮੈਂ ਮਸੀਤੇ ਚੜ੍ਹਨ ਲਈ ਤਿਆਰ ਆਂ ਕਿ ਘੋੜਾ ਡਿੱਗਣ ਲੱਗਿਆਂ ਆਪਣੇ ਆਪ ਨਹੀਂ ਸੀ ਦੱਬਿਆ ਗਿਆ, ਮੈਂ ਜਾਣ ਕੇ ਦੱਬਿਆ ਸੀ।...ਮੈਂ ਉਹਨੂੰ ਮਾਰਨਾ ਚਾਹੁੰਦਾ ਸਾਂ। ਮੈਂ ਉਹਨੂੰ ਮਾਰ ਦਿੱਤਾ, ਬੱਸ!"

ਚਾਰੇ ਬੰਦੇ ਕੰਬ ਗਏ...ਕਾਫ਼ੀ ਦੇਰ ਤਕ ਕੋਈ ਕੁਝ ਨਾ ਬੋਲਿਆ। ਖੌਰੇ ਸੱਚ ਦੀ ਦਹਿਸ਼ਤ ਨੇ ਉਨ੍ਹਾਂ ਤੋਂ ਬੋਲਣ ਦੀ ਤਾਕਤ ਖੋਹ ਲਈ ਸੀ।

"ਪਰ ਕਿਉਂ?" ਬੜੇ ਚਿਰ ਪਿੱਛੋਂ ਇਕ ਨੰਬਰ ਬੋਲਣ ਦੇ ਕਾਬਲ ਹੋ ਸਕਿਆ ਲੱਗਦਾ। ਚਾਰ ਨੰਬਰ ਨੇ ਆਪਣੀ ਚਾਦਰ ਦੀ ਡੱਬ ਨਾਲ ਆਪਣਾ ਅੱਥਰੂਆਂ ਭਰਿਆ ਮੂੰਹ ਪੂੰਝਿਆ ਤੇ ਹੌਲੀ ਜਿਹੀ ਕਹਿਣ ਲੱਗਾ, "ਉਹਦੇ ਤੇ ਮੇਰੇ ਵਿਚ ਇਕ ਰੰਨ ਆ ਗਈ ਸੀ।"

"ਕਿਹੜੀ ਰੰਨ?" ਦੋ ਤੇ ਤਿੰਨ ਨੰਬਰ ਨੇ ਇਕੱਠਿਆਂ ਈ ਪੁੱਛਿਆ, ਪਿਛਲੇ 15 ਵਰ੍ਹਿਆਂ ਵਿਚ ਪਹਿਲੀ ਵਾਰ ਛੇ ਨੰਬਰ ਦੀ ਕਹਾਣੀ ਵਿਚ ਕੋਈ ਰੰਨ ਆ ਵੜੀ ਸੀ। ਕਦੇ ਕਦੇ ਤੇ ਪਿੰਡਾਂ 'ਚ ਕਿਸੇ ਮਰਦ ਤੇ ਰੰਨ ਦਾ ਮਾਮਲਾ ਐਸਰਾਂ ਵੀ ਢੱਕਿਆ ਛੁਪਿਆ ਰਹਿ ਜਾਂਦਾ ਏ, ਜਿਸ ਤਰ੍ਹਾਂ ਸੰਘਣੀ ਫ਼ਸਲ ਹੇਠ ਜ਼ਮੀਨ ਨਜ਼ਰ ਈ ਨਹੀਂ ਆਉਂਦੀ।

"ਇਹ ਨਹੀਂ ਦੱਸਣਾ! ਭਾਵੇਂ ਤੁਸੀਂ ਮੈਨੂੰ ਗੋਲੀ ਮਾਰ ਦਿਓ।" ਉਸ ਕਿਹਾ ਤੇ ਉਠ ਕੇ ਖਲੋ ਗਿਆ। ਬੜੇ ਹੌਸਲੇ ਤੇ ਬੜੀ ਤਸੱਲੀ ਨਾਲ ਕਹਿਣ ਲੱਗਾ, "ਮੈਂ ਆਪਣੀ ਬੰਦੂਕ ਵਿਚੋਂ ਕਾਰਤੂਸ ਕੱਢ ਛੱਡੇ ਨੇ ਤੇ ਹੁਣ ਮੈਂ ਨਿਹੱਥਾ ਤੁਹਾਡੇ ਸਾਹਮਣੇ ਖੜ੍ਹਾ ਆਂ...ਤੁਹਾਡੇ ਵਿਚੋਂ ਕੋਈ ਆਪਣੇ ਯਾਰ ਦਾ ਬਦਲਾ ਲੈਣ ਲਈ ਜੇ ਮੈਨੂੰ ਗੋਲੀ ਮਾਰਨਾ ਚਾਹੁੰਦਾ ਏ ਤਾਂ ਮੈਂ ਹਾਜ਼ਰ ਆਂ, ਮਾਰੋ ਮੈਨੂੰ ਗੋਲੀ!"

ਸਾਰਿਆਂ ਨੂੰ ਜਿਵੇਂ ਸੱਪ ਸੁੰਘ ਗਿਆ ਸੀ। ਉਹ ਚੁੱਪ-ਚਾਪ ਸਾਹ ਘੁੱਟੀ ਬੈਠੇ ਸਾਹਮਣੇ

(ਅਗਲੇ ਸਫ਼ੇ 'ਤੇ ਜਾਰੀ)

# ਚਲਦੀਆਂ ਲੂਆਂ 'ਚ ਕਰੇ ਕੋਈ ਬੋਹੜ ਵਾਲੀ ਛਾਂ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਚਾਰ ਸਾਲ ਪਹਿਲਾਂ ਬਜ਼ੁਰਗ ਬਾਬੇ ਈਸ਼ਰ ਸਿੰਘ ਨਾਲ ਮੁਲਾਕਾਤ ਹੋਈ। ਉਹ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਰੱਖਣ ਵਾਲੇ ਅਜਿਹੇ ਨੇਕ ਇਨਸਾਨ ਹਨ ਜਿਨ੍ਹਾਂ ਦੇ ਦਰਸ਼ਨਾਂ ਨਾਲ ਬੰਦਾ ਜਿਉਣ ਦਾ ਮਕਸਦ ਸਮਝ ਲੈਂਦਾ ਹੈ। ਮਿਲਣੀਆਂ ਦੌਰਾਨ ਉਨ੍ਹਾਂ ਆਪਣੇ ਜੀਵਨ ਅਤੇ ਪਰਿਵਾਰ ਬਾਰੇ ਦੱਸਿਆ। ਪਿਛਲੇ ਸਾਲ ਉਹ ਆਪਣੀਆਂ ਦੋਹਾਂ ਪੋਤਰੀਆਂ ਦਾ ਵਿਆਹ ਪੰਜਾਬ ਵਿਚ ਕਰ ਕੇ ਆਏ ਹਨ। ਹੁਣ ਜਦੋਂ ਦੋਵੇਂ ਪੋਤ-ਜਵਾਈ ਇਥੇ ਆ ਗਏ, ਤਾਂ ਮੈਨੂੰ ਬਾਬਾ ਜੀ ਦੇ ਘਰ ਜਾਣ ਦਾ ਮੌਕਾ ਮਿਲਿਆ। ਦੋਵੇਂ ਪੋਤ-ਜਵਾਈ ਤਿਆਰ-ਬਰ-ਤਿਆਰ ਖਾਲਸਾ ਸਰੂਪ ਹਨ। ਬਾਬਾ ਜੀ ਦੱਸਦੇ ਸੀ,

ਮੈਨੂੰ ਬਚਪਨ ਤੋਂ ਹੀ ਗੁਰੂ ਘਰ ਸੇਵਾ ਕਰਨ ਅਤੇ ਬਾਣੀ ਪੜ੍ਹਨ ਦਾ ਬਹੁਤ ਸ਼ੌਕ ਸੀ। ਬਾਪ ਵੀ ਇਕੱਲਾ ਪੁੱਤ ਸੀ, ਅਗਾਂਹ ਮੈਂ ਵੀ ਇਕੱਲਾ ਹੀ ਸੀ। ਜਵਾਨੀ ਵਿਚ ਪੈਰ ਰੱਖਿਆ ਤਾਂ ਸਿਰ ਤੋਂ ਪਿਤਾ ਦਾ ਹੱਥ ਚੁੱਕਿਆ ਗਿਆ। ਮੈਂ ਅਤੇ ਮਾਂ ਪਿਛੇ ਰਹਿ ਗਏ। ਕਮਾਈ ਦਾ ਸਾਧਨ ਚਾਰ ਏਕੜ ਜ਼ਮੀਨ ਸੀ। ਮਾਂ ਨੇ ਭਰਾਵਾਂ ਵਰਗਾ ਸਾਥ ਦਿੰਦਿਆਂ ਖੇਤੀ ਵਿਚ ਹੱਥ ਵਟਾਇਆ। ਮਾਂ ਵੀ ਗੁਰਸਿੱਖ ਪਰਿਵਾਰ ਦੀ ਧੀ ਸੀ। ਮਾਂ ਨੂੰ ਤਾਂ ਬਹੁਤੀ ਬਾਣੀ ਮੂੰਹ ਜ਼ੁਬਾਨੀ ਕੰਠ ਸੀ। ਮਾਂ ਦੀ ਸਿੱਖਿਆ ਨੇ ਮੇਰੇ ਅੰਦਰ ਵੀ ਸਿੱਖ ਮਰਿਆਦਾ ਦਾ ਬੀਜ ਬੀਜ ਦਿੱਤਾ। ਜ਼ਮੀਨ ਬੇਸ਼ਕ ਥੋੜ੍ਹੀ ਸੀ ਪਰ ਬਰਕਤ ਬਥੇਰੀ ਸੀ। ਮਾਂ ਸ਼ਰਧਾ ਮੁਤਾਬਕ ਦਾਨ ਵੀ ਕਰਦੀ। ਜੇ ਕੋਈ ਮੰਗਤਾ ਦਰ 'ਤੇ ਆ ਜਾਂਦਾ, ਤਾਜ਼ਾ ਪ੍ਰਸ਼ਾਦਾ ਬਣਾ ਕੇ ਛਕਾਉਂਦੀ। ਮਾਂ ਨੇ ਕਿਸੇ ਨੂੰ ਕਦੇ ਪੈਸਾ ਦਾਨ ਨਹੀਂ ਸੀ ਕੀਤਾ। ਨਾ ਕਦੇ ਦਰ ਆਏ ਨੂੰ ਖਾਲੀ ਮੋੜਿਆ ਸੀ। ਫਿਰ ਇਕ ਦਿਨ ਮਾਂ ਕੇਸਗੜ੍ਹ ਸਾਹਿਬ ਤੋਂ ਅੰਮ੍ਰਿਤ ਪਾਨ ਕਰਵਾ ਲਿਆਈ।

ਫਿਰ ਮਾਂ ਕਹਿੰਦੀ, ਗੁਰਸਿੱਖ ਨੂੰਹ ਲਿਆਉਣੀ ਹੈ। ਉਸ ਸਮੇਂ ਆਹ ਨਵੇਂ ਜ਼ਮਾਨੇ ਦੀ ਏਡੀ ਮਾਰ ਨਹੀਂ ਸੀ ਪਈ। ਮਾਂ ਨੂੰ ਛੇਤੀ ਹੀ ਇਕ ਗੁਰਸਿੱਖ ਪਰਿਵਾਰ ਦੀ ਪੜ੍ਹੀ-ਲਿਖੀ ਧੀ ਮਿਲ ਗਈ। ਵਿਆਹ ਤੋਂ ਪਹਿਲਾਂ ਮੈਂ ਅਤੇ ਮਾਂ ਨੇ ਘਰੇ ਸਹਿਜ ਪਾਠ ਅਰੰਭ ਕਰ ਕੇ, ਮੰਗਣੇ ਵਾਲੇ ਦਿਨ ਸੰਪੂਰਨਤਾ ਦਾ ਭੋਗ ਪਾਇਆ ਤੇ ਦੂਜੇ ਦਿਨ ਪੰਜ ਬੰਦੇ ਜਾ ਕੇ ਅਨੰਦ ਕਾਰਜ ਕਰਵਾ ਲਿਆਏ। ਉਦੋਂ ਅੱਜ ਵਾਂਗ ਰੇਡੀਓ ਟੀ.ਵੀ. 'ਤੇ ਗੁਰਬਾਣੀ ਨਹੀਂ ਸੀ ਸੁਣੀ ਜਾਂਦੀ ਸਗੋਂ ਆਪਣੇ ਮੁੱਖ ਤੋਂ ਪੜ੍ਹੀ ਜਾਂਦੀ ਸੀ ਤੇ ਦੂਜਿਆਂ ਨੂੰ ਸੁਣਾਈ ਜਾਂਦੀ ਸੀ। ਜੇ ਬਾਣੀ ਪੜ੍ਹਦਿਆਂ ਮੇਰੇ ਕੋਲੋਂ ਕੰਨਾ, ਟਿੱਪੀ, ਵੱਧ ਘੱਟ ਲੱਗ ਜਾਣਾ, ਤਾਂ ਮਾਂ ਨੇ ਝੱਟ ਕਹਿ ਦੇਣਾ, "ਪੁੱਤਰ ਜੀ! ਦੁਬਾਰਾ ਪੜ੍ਹੋ।" ਮਾਂ ਕੰਮ ਕਰਦੀ ਵੀ ਪੂਰਾ ਧਿਆਨ ਬਾਣੀ ਸੁਣਨ ਵਿਚ ਰੱਖਦੀ ਸੀ। ਵਾਹਿਗੁਰੂ ਦੀ ਕ੍ਰਿਪਾ ਨਾਲ ਪਹਿਲਾਂ ਪੁੱਤਰ ਤੇ ਫਿਰ ਧੀ ਦੀ ਦਾਤ ਮਿਲ ਗਈ।

ਪੁੱਤਰ ਸ਼ਮਸ਼ੇਰ ਸਿੰਘ ਇੰਜੀਨੀਅਰਿੰਗ ਦੀ ਡਿਗਰੀ ਕਰਨ ਲੱਗ ਪਿਆ। ਗਰੀਬ ਪਰਿਵਾਰ ਲਈ ਇਹ ਬਹੁਤ ਖੁਸ਼ੀ ਦੀ ਗੱਲ ਸੀ। ਧੀ ਰਾਣੀ ਦਸ ਜਮਾਤਾਂ ਪੜ੍ਹ ਕੇ ਹਟ ਗਈ। ਸਾਡੇ ਵਾਂਗ ਹੀ ਸਾਡੇ ਦੋਵੇਂ ਬੱਚੇ ਸਿੱਖੀ ਸਰੂਪ ਵਿਚ ਹੀ ਰਹਿੰਦੇ। ਸ਼ਮਸ਼ੇਰ ਸਿੰਘ ਦੀ ਪੜ੍ਹਾਈ ਖਤਮ ਹੋਈ ਤਾਂ ਕਿਸੇ ਨੇ ਰਿਸ਼ਤੇ ਦੀ ਦੱਸ ਪਾਈ ਕਿ ਕੁੜੀ ਅਮਰੀਕਾ ਤੋਂ ਆਈ ਹੈ। ਕੁੜੀ ਵਾਲੇ ਗੁਰਸਿੱਖ ਪਰਿਵਾਰ ਦੀ ਭਾਲ ਵਿਚ ਸਨ। ਬੱਸ, ਦੋ ਗੁਰਸਿੱਖ ਪਰਿਵਾਰਾਂ ਦਾ ਮੇਲ ਹੋ ਗਿਆ। ਬੜੇ ਸਾਦੇ ਢੰਗ ਨਾਲ ਵਿਆਹ ਦੀਆਂ ਰਸਮਾਂ ਪੂਰੀਆਂ ਕੀਤੀਆਂ। ਨੂੰਹ ਰਾਣੀ ਬਖਸ਼ੀਸ਼ ਕੌਰ ਨੂੰ ਪੰਜ ਤਖ਼ਤਾਂ ਦੇ ਦਰਸ਼ਨ ਕਰਵਾਏ। ਫਿਰ ਉਸ ਨੇ ਇਥੇ ਆ ਕੇ ਸ਼ਮਸ਼ੇਰ ਸਿੰਘ ਦੇ ਪੇਪਰ ਭਰ ਦਿੱਤੇ। ਮਾਂ ਹਮੇਸ਼ਾਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਸੁਖਮਨੀ ਸਾਹਿਬ ਦੇ ਪਾਠ ਕਰਦੀ ਰਹਿੰਦੀ। ਸੱਚ ਜਾਣਿਓ...ਸਾਡੇ ਘਰ ਅੱਜ ਤੱਕ ਟੈਲੀਵਿਜ਼ਨ ਨਹੀਂ ਆਇਆ; ਇਥੇ ਬੇਸ਼ੱਕ ਦੋ ਟੈਲੀਵਿਜ਼ਨ ਹਨ ਪਰ ਪਿੰਡ ਮਾਂ ਨੇ ਟੈਲੀਵਿਜ਼ਨ ਨਹੀਂ ਲੱਗਣ ਦਿੱਤਾ। ਹੋਰ ਸਮਾਂ ਲੰਘਿਆ ਤਾਂ ਸ਼ਮਸ਼ੇਰ ਸਿੰਘ ਦੀ ਅਮਰੀਕਾ ਦੀ ਤਿਆਰੀ ਹੋਣ ਲੱਗ ਗਈ। ਮਾਂ ਨੇ ਤੁਰਨ ਲੱਗਿਆਂ ਕਿਹਾ, 'ਪੁੱਤਰ! ਪਰਦੇਸਾਂ ਨੂੰ ਚੱਲਿਆਂ, ਵਾਹਿਗੁਰੂ ਨੇ ਜਿਥੇ ਚੋਗ ਖਿਲਾਰੀ ਹੈ, ਉਥੇ ਚੁਗਣੀ ਪੈਣੀ ਹੈ। ਪੁੱਤ ਤੇ ਪੋਤਰੇ ਕਮਾਈ ਕਰਨ ਨੂੰ ਹੀ ਪਰਦੇਸੀ ਤੋਰੀਦੇ ਨੇ, ਪਰ ਸਾਨੂੰ ਮਾਇਆ ਦੀ ਜ਼ਰੂਰਤ ਨਹੀਂ, ਸਾਨੂੰ ਲੋੜ ਹੈ ਦਸਮੇਸ਼ ਪਿਤਾ ਵੱਲੋਂ ਬਖ਼ਸ਼ੀ ਸਿੱਖੀ ਅਤੇ ਅੰਮ੍ਰਿਤ ਦੀ ਦਾਤ ਨੂੰ ਸਾਂਭਣ ਦੀ। ਦਾਹੜਾ ਤੇ ਦਸਤਾਰ ਤਨ ਤੋਂ ਪਰ੍ਹੇ ਨਾ ਕਰੀਂ। ਹਮੇਸ਼ਾ ਭਾਈ ਮਨੀ ਸਿੰਘ ਨੂੰ, ਭਾਈ ਤਾਰੂ ਸਿੰਘ ਨੂੰ, ਭਾਈ ਮਤੀ ਦਾਸ ਨੂੰ ਯਾਦ ਕਰੀਂ, ਜਿਨ੍ਹਾਂ ਨੇ ਸਿੱਖੀ ਨੂੰ ਪਿਆਰ ਕੀਤਾ ਤੇ ਕੁਰਬਾਨੀ ਦੇਣ ਨੂੰ ਪਹਿਲ ਸਮਝੀ।' ਮਾਂ ਨੇ ਫਿਰ ਫਤਿਹ ਬੁਲਾ ਕੇ ਸ਼ਮੇਸ਼ਰ ਸਿੰਘ ਨੂੰ ਤੋਰ ਦਿੱਤਾ।

ਇਥੇ ਆ ਕੇ ਵੀ ਕਈ ਵਾਰ ਅਜਿਹੇ ਦਿਨ ਆਏ ਕਿ ਨੌਕਰੀ ਲਈ ਦਾਹੜਾ ਤੇ ਦਸਤਾਰ ਅੜਿੱਕਾ ਬਣਨ ਲੱਗੇ, ਪਰ ਸ਼ਮੇਸ਼ਰ ਸਿੰਘ ਨੂੰ ਦਾਦੀ ਦੇ ਕਹੇ ਬੋਲ ਯਾਦ ਸਨ। ਵਾਹਿਗੁਰੂ ਅੱਗੇ ਅਰਦਾਸ ਕੀਤੀ ਤਾਂ ਅਜਿਹੀ ਕੰਪਨੀ ਵਿਚ ਕੰਮ ਮਿਲ ਗਿਆ ਜਿਸ ਦਾ ਮਾਲਕ ਸਿੱਖ ਅਤੇ ਸਿੱਖ ਇਤਿਹਾਸ ਤੋਂ ਚੰਗੀ ਤਰ੍ਹਾਂ ਜਾਣੂ ਸੀ। ਗੁਰਬਾਣੀ ਦਾ ਪੱਲਾ ਸ਼ਮੇਸ਼ਰ ਸਿੰਘ ਨੇ ਇਥੇ ਆ ਕੇ ਵੀ ਨਹੀਂ ਛੱਡਿਆ। ਅਸੀਂ ਵੀ ਇਹੀ ਕਹਿੰਦੇ ਕਿ ਸਾਨੂੰ ਨਾ ਜ਼ਮੀਨ ਦੀ ਲੋੜ ਹੈ ਨਾ ਕੋਠੀ ਕਾਰਾਂ ਦੀ; ਤੂੰ ਆਪਣੀ ਨੇਕ ਕਮਾਈ ਕਰ ਦਾਨ ਪੁੰਨ ਕਰ, ਤੇ ਵੱਧ ਤੋਂ ਵੱਧ ਸਮਾਂ ਗੁਰਬਾਣੀ ਪੜ੍ਹਿਆ ਕਰ। ਦੋ ਦੋ ਸਿਫਟਾਂ ਲਾ ਕੇ ਸਾਨੂੰ ਡਾਲਰ ਇਕੱਠੇ ਕਰਨ ਦੀ ਲੋੜ ਨਹੀਂ। ਫਿਰ ਦੋ ਸਾਲ ਬਾਅਦ ਸ਼ਮਸ਼ੇਰ ਸਿੰਘ ਪਿੰਡ ਗਿਆ। ਮਾਂ ਦੇਖ ਕੇ ਬਾਗੋ ਬਾਗ ਹੋ ਗਈ ਕਿ ਉਹਦੇ ਪੋਤਰੇ ਨੇ ਦਸਮੇਸ਼ ਪਿਤਾ ਦੀ ਇਕ ਵੀ ਨਿਸ਼ਾਨੀ ਤਨੋ ਮਨੋ ਨਹੀਂ ਸੀ ਵਿਸਾਰੀ। ਸ਼ਮਸ਼ੇਰ ਸਿੰਘ ਮਹੀਨਾ ਪਿੰਡ ਰਹਿ ਕੇ ਵਾਪਸ ਆ ਗਿਆ।

ਬਖ਼ਸ਼ੀਸ਼ ਕੌਰ ਮਾਂ ਬਣਨ ਵਾਲੀ ਸੀ ਤਾਂ ਸ਼ਮਸ਼ੇਰ ਸਿੰਘ ਨੇ ਆਪਣੀ ਮਾਂ ਦੇ ਪੇਪਰ ਭਰਨ ਲਈ ਕਿਹਾ। ਮਾਂ ਅੱਗਿਓਂ ਕਹਿੰਦੀ, ਮੈਨੂੰ ਨੂੰਹ ਰਾਣੀ ਧੀ ਤੋਂ ਵੀ ਵੱਧ ਪਿਆਰੀ ਹੈ ਪਰ ਮੈਂ ਤੇਰੀ ਦਾਦੀ ਨੂੰ ਛੱਡ ਕੇ ਨਹੀਂ ਆ ਸਕਦੀ। ਤੁਸੀਂ ਬਖ਼ਸ਼ੀਸ਼ ਦੀ ਮਾਂ ਨੂੰ ਬੁਲਾ ਲਓ। ਸ਼ਮਸ਼ੇਰ ਸਿੰਘ ਦੇ ਘਰ ਧੀ ਨੇ ਜਨਮ ਲਿਆ। ਫਿਰ ਅਸੀਂ ਆਪਣੀ ਧੀ ਦਾ ਵਿਆਹ ਵੀ ਅਮਰੀਕਾ ਹੀ ਕਰ ਦਿੱਤਾ। ਉਹ ਵੀ ਗੁਰਸਿੱਖ ਪਰਿਵਾਰ ਸੀ। ਸਾਡਾ ਜਵਾਈ ਵੀ ਸ਼ਮਸ਼ੇਰ ਦੀ ਕੰਪਨੀ ਵਿਚ ਕੰਮ ਕਰਦਾ ਸੀ। ਸ਼ਮਸ਼ੇਰ ਸਿੰਘ ਨੇ ਕਈ ਵਾਰ ਸਾਨੂੰ ਇਥੇ ਸੱਦਣ ਦੀ ਕੋਸ਼ਿਸ਼ ਕੀਤੀ ਪਰ ਮੈਂ ਆਪਣੀ ਮਾਂ ਦੀਆਂ ਅੱਖਾਂ ਤੋਂ ਪਰ੍ਹੇ ਨਹੀਂ ਸੀ ਹੋਣਾ ਚਾਹੁੰਦਾ, ਨਾ ਹੀ ਮਾਂ ਨੂੰ ਅੱਖੋਂ ਪਰ੍ਹੇ ਕਰ ਸਕਦਾ ਸੀ ਪਰ ਮਾਂ ਇਕ ਦਿਨ ਅੰਮ੍ਰਿਤ ਵੇਲੇ ਦੀਆਂ ਬਾਣੀਆਂ ਪੜ੍ਹ ਕੇ ਪੰਜ ਭੂਤਕ ਸਰੀਰ ਤਿਆਗ ਗਈ। ਅਸੀਂ ਸਸਕਾਰ ਤਾਂ ਉਸੇ ਦਿਨ ਹੀ ਕਰ ਦਿੱਤਾ ਸੀ, ਪਰ ਭੋਗ ਵਾਲੇ ਦਿਨ ਸ਼ਮਸ਼ੇਰ ਸਿੰਘ ਹੋਰੀਂ ਸਾਰੇ ਪਹੁੰਚ ਗਏ। ਭੋਗ ਵਾਲੇ ਦਿਨ ਸਾਰੇ ਨਗਰ ਦੇ ਮਨ ਵਿਚ ਇਹੀ ਖਿਆਲ ਸਨ ਕਿ ਅਮਰੀਕਾ ਵਾਲੇ ਦਾਨ ਪੁੰਨ ਬਹੁਤ ਕਰਨਗੇ ਪਰ ਸ਼ਮਸ਼ੇਰ ਸਿੰਘ ਨੇ ਦਾਦੀ ਦੇ ਕਹੇ ਬੋਲਾਂ 'ਤੇ ਪਹਿਰਾ ਦਿੱਤਾ। ਉਹ ਕਹਿੰਦੀ ਹੁੰਦੀ ਸੀ ਕਿ ਗਰੀਬ ਦਾ ਮੂੰਹ ਹੀ ਗੁਰੂ ਕੀ ਗੋਲਕ ਹੁੰਦੀ ਹੈ। ਗਰੀਬ ਪਰਿਵਾਰ ਨੂੰ ਜਿਸ ਕਿਸੇ ਚੀਜ਼ ਦੀ ਜ਼ਰੂਰਤ ਸੀ, ਉਸ ਨੂੰ ਪੂਰਾ ਕੀਤਾ। ਗਰੀਬ ਦੀ ਧੀ ਨੂੰ ਪੜ੍ਹਾਉਣ ਦਾ ਖਰਚਾ ਚੁੱਕਿਆ ਤੇ ਬਿਮਾਰ ਨੂੰ ਇਲਾਜ ਲਈ ਪੈਸੇ ਦਿੱਤੇ। ਇਹ ਸਾਰਾ ਕੁਝ ਅੱਜ ਤੱਕ ਵੀ ਚਲਦਾ ਆ ਰਿਹਾ ਹੈ। ਫਿਰ ਸ਼ਮਸ਼ੇਰ ਸਿੰਘ ਨੇ ਦੁਬਾਰਾ ਸਾਨੂੰ ਕਿਹਾ, ਪਿਤਾ ਜੀ! ਇਸ ਵਾਰ ਤੁਸੀਂ ਤੇ ਮਾਂ, ਬਖ਼ਸ਼ੀਸ਼ ਕੌਰ ਕੋਲ ਜ਼ਰੂਰ ਆਓ। ਵਾਹਿਗੁਰੂ ਨੇ ਕ੍ਰਿਪਾ ਕੀਤੀ, ਅਸੀਂ ਆਪਣਾ ਘਰ ਕਿਸੇ ਗਰੀਬ ਪਰਿਵਾਰ ਨੂੰ ਸੰਭਾਲ ਕੇ ਇਥੇ ਆ ਗਏ। ਥੋੜ੍ਹੇ ਦਿਨਾਂ ਬਾਅਦ ਹੀ ਦੂਜੀ ਪੋਤੀ ਨੇ ਜਨਮ ਲਿਆ। ਘਰ ਦੇ ਕਿਸੇ ਜੀਅ ਨੇ ਮਨ ਖਰਾਬ ਨਹੀਂ ਕੀਤਾ ਕਿ ਫਿਰ ਕੁੜੀ ਹੋ ਗਈ ਹੈ, ਸਗੋਂ ਦਸਮੇਸ਼ ਪਿਤਾ ਅੱਗੇ ਇਹੀ ਅਰਦਾਸ ਕੀਤੀ ਕਿ ਬੱਚੀਆਂ ਨੂੰ ਗੁਰਸਿੱਖੀ ਜੀਵਨ ਬਖ਼ਸ਼ਣ।

ਬੱਚੀਆਂ ਵੀ ਵੱਡੀਆਂ ਹੋਣ ਲੱਗੀਆਂ। ਸਕੂਲ ਦੀ ਪੜ੍ਹਾਈ ਸ਼ੁਰੂ ਹੋ ਗਈ। ਗੁਰਸਿੱਖੀ ਦੀ ਪੜ੍ਹਾਈ ਮੈਂ ਘਰ ਸ਼ੁਰੂ ਕਰ ਦਿੱਤੀ। ਹਾਈ ਸਕੂਲ ਤੱਕ ਦੋਵੇਂ ਸਿਰ 'ਤੇ ਦਸਤਾਰ ਸਜਾਉਣ ਲੱਗ ਗਈਆਂ। ਸਕੂਲੀ ਪੜ੍ਹਾਈ ਵਿਚ ਵੀ ਉਹ ਬਹੁਤ ਅੱਗੇ ਲੰਘਦੀਆਂ ਗਈਆਂ। ਫਿਰ ਮੈਂ ਉਨ੍ਹਾਂ ਨੂੰ ਅੰਮ੍ਰਿਤ ਛਕਣ ਲਈ ਕਿਹਾ। ਉਹ ਝੱਟ ਤਿਆਰ ਹੋ ਗਈਆਂ। ਵਿਸਾਖੀ ਦੇ ਦਿਹਾੜੇ 'ਤੇ ਅਸੀਂ ਉਨ੍ਹਾਂ ਨੂੰ ਕੇਸਗੜ੍ਹ ਸਾਹਿਬ ਤੋਂ ਅੰਮ੍ਰਿਤ ਪਾਨ ਕਰਵਾ ਲਿਆਏ।

ਇਕ ਦਿਨ ਪਾਰਕ ਵਿਚ ਬੈਠੇ ਸੀ, ਤਾਂ ਮੈਨੂੰ ਇਕ ਬੰਦਾ ਕਹਿੰਦਾ, "ਈਸ਼ਰ ਸਿਆਂ! ਪੋਤੀਆਂ ਨੂੰ ਅੰਮ੍ਰਿਤ ਛਕਾ ਲਿਆਇਆਂ, ਪੋਤ-ਜਵਾਈ ਗੁਰੂ ਸਿੱਖ ਕਿਥੋਂ ਲੱਭੇਂਗਾ? ਸਾਰਾ ਪੰਜਾਬ ਤਾਂ ਨਸ਼ਿਆਂ ਨੇ ਖਾ ਲਿਆ ਹੈ।" ਮੈਂ ਉਸ ਨੂੰ ਜਵਾਬ ਦਿੱਤਾ, "ਵੀਰ ਤੈਨੂੰ ਫਿਕਰ ਕਰਨ ਦੀ ਲੋੜ ਨਹੀਂ, ਸਿੱਖੀ ਖੰਡੇ ਦੀ ਧਾਰ ਵਿਚੋਂ ਪੈਦਾ ਹੋਈ ਹੈ, ਇਹ ਖ਼ਤਮ ਨਹੀਂ ਹੋ ਸਕਦੀ।"

ਦੋਹਾਂ ਪੋਤੀਆਂ ਨੂੰ ਮੈਂ ਗੁਰਬਾਣੀ ਦੀ ਵਿਆਖਿਆ ਵਾਲੀਆਂ ਸੈਂਚੀਆਂ ਲਿਆ ਕੇ ਪੜ੍ਹਾਈਆਂ। ਉਨ੍ਹਾਂ ਉਤੇ ਅਮਰੀਕਾ ਦਾ ਮਾਹੌਲ ਇਕ ਦਿਨ ਵੀ ਭਾਰੂ ਨਹੀਂ ਹੋਇਆ, ਸਦਾ ਸਿੱਖੀ ਦਾ ਪ੍ਰਚਾਰ ਕੀਤਾ। ਉਨ੍ਹਾਂ ਦੀ ਪੜ੍ਹਾਈ ਖ਼ਤਮ ਹੋਈ, ਤਾਂ ਅਸੀਂ ਵਿਆਹ ਬਾਰੇ ਸੋਚਣ ਲੱਗੇ। ਇਥੇ ਵੀ ਲੜਕੇ ਦੇਖੇ ਪਰ ਗੱਲ ਨਾ ਬਣੀ। ਪੰਜਾਬ ਗਏ। ਉਥੇ ਰਿਸ਼ਤੇਦਾਰਾਂ, ਸੱਜਣਾਂ-ਮਿੱਤਰਾਂ ਨੂੰ ਕਿਹਾ। ਕਈ ਗੁਰਸਿੱਖ ਪਰਿਵਾਰਾਂ ਦੇ ਮੁੰਡਿਆਂ ਦੀ ਦੱਸ ਪਈ। ਉਨ੍ਹਾਂ ਪਰਿਵਾਰਾਂ ਨਾਲ ਮੇਲ-ਮਿਲਾਪ ਕੀਤਾ ਤਾਂ ਸਾਡੀ ਗੱਲ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਕੋਲ ਇਕ ਪਿੰਡ ਵਿਚ ਇਕ ਗਰੀਬ ਕਿਰਸਾਨ ਦੇ ਇਕਲੌਤੇ ਪੁੱਤ ਨਾਲ ਬਣ ਗਈ ਜਿਹੜਾ ਸਿੱਖੀ ਸਰੂਪ ਵਿਚ ਤਿਆਰ-ਬਰ-ਤਿਆਰ ਸੀ, ਤੇ ਯੂਨੀਵਰਸਿਟੀ ਤੱਕ ਪਹਿਲੇ ਨੰਬਰ 'ਤੇ ਆਉਂਦਾ ਰਿਹਾ ਸੀ, ਪਰ ਪੰਜਾਬ ਦੀ ਮਾੜੀ ਸਿਆਸਤ ਕਾਰਨ ਨੌਕਰੀ ਨਹੀਂ ਸੀ ਮਿਲ ਸਕੀ। ਰਿਸ਼ਵਤ ਦੇਣ ਲਈ ਉਹਦੇ ਕੋਲ ਲੱਖਾਂ ਰੁਪਏ ਨਹੀਂ ਸਨ।

ਅਸੀਂ ਆਪਣੀ ਵੱਡੀ ਪੋਤੀ ਦਾ ਰਿਸ਼ਤਾ ਉਥੇ ਕਰ ਦਿੱਤਾ। ਫਿਰ ਛੋਟੀ ਪੋਤੀ ਲਈ ਮੁੰਡੇ ਦੀ ਦੱਸ ਮਾਛੀਵਾੜੇ ਦੇ ਲਾਗਲੇ ਪਿੰਡ ਪਈ। ਉਥੇ ਵੀ ਗੁਰੂ ਦਾ ਸਿੱਖ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ, ਤੇ ਤਿਆਰ-ਬਰ-ਤਿਆਰ ਸਿੰਘ। ਚੰਗੀ ਪੜ੍ਹਾਈ ਕੀਤੀ ਹੋਈ। ਉਸ ਦਾ ਪਿਤਾ ਅਧਿਆਪਕ ਸੀ, ਮਾਤਾ ਘਰੇਲੂ ਸੁਆਣੀ। ਵਾਹਿਗੁਰੂ 'ਤੇ ਅਥਾਹ ਭਰੋਸਾ ਰੱਖਣ ਵਾਲੀ। ਦੋਹਾਂ ਥਾਂਵਾਂ 'ਤੇ ਰਿਸ਼ਤੇ ਪੱਕੇ ਹੋਣ ਤੋਂ ਬਾਅਦ ਸਾਦੇ ਢੰਗ ਨਾਲ ਵਿਆਹ ਕੀਤੇ। ਦੋਵਾਂ ਵਿਆਹਾਂ ਦੀ ਪਾਰਟੀ ਵਜੋਂ ਅਸੀਂ ਆਪਣੇ ਪਿੰਡ ਦੇ ਰਾਮਦਾਸੀਆ ਗੁਰਦੁਆਰੇ ਵਿਚ ਅਖੰਡ ਪਾਠ ਕਰਵਾ ਕੇ ਤਿੰਨ ਦਿਨ ਗੁਰੂ ਦਾ ਲੰਗਰ ਲਾਇਆ। ਇਸੇ ਤਰ੍ਹਾਂ ਪੋਤ-ਜਵਾਈਆਂ ਨੇ ਆਪਣੇ ਪਿੰਡ ਕੀਤਾ। ਨਾ ਮੈਰਿਜ ਪੈਲੇਸ ਬੁਕ ਕਰਵਾਇਆ, ਨਾ ਸ਼ਰਾਬ ਦਾ ਪਰਮਿਟ ਖਰੀਦਿਆ, ਤੇ ਨਾ ਕਿਸੇ ਨੇ ਸਾਨੂੰ ਕਿਹਾ ਕਿ ਆਹ ਕਿਹੋ ਜਿਹੇ ਵਿਆਹ ਕੀਤੇ ਨੇ। ਬੱਸ, ਫਾਲਤੂ ਪੈਸੇ ਖਰਚਣ ਨਾਲੋਂ ਗਰੀਬਾਂ ਦਾ ਢਿੱਡ ਭਰਨ ਨੂੰ ਪਹਿਲ ਦਿੱਤੀ। ਫਿਰ ਦੋਵੇਂ ਸਿੰਘ ਇਥੇ ਆ ਗਏ, ਤੁਹਾਡੇ ਸਾਹਮਣੇ ਹੀ ਹਨ।...ਬਾਬਾ ਜੀ ਨੇ ਆਪਣੀ ਗੱਲ ਮੁਕਾਈ।

ਮੈਨੂੰ ਬਾਬਾ ਜੀ ਤੇ ਉਸ ਦੀਆਂ ਪੋਤੀਆਂ ਇਸ ਕਰ ਕੇ ਯਾਦ ਆਈਆਂ, ਕਿਉਂਕਿ ਪਿਛਲੇ ਮਹੀਨੇ ਮੇਰੇ ਨਾਲ ਜੋ ਵਾਪਰਿਆ, ਉਹ ਲਿਖਣ ਲੱਗਾ ਹਾਂ। ਸਟੋਰ 'ਤੇ ਕੈਸ਼ੀਅਰ ਵਜੋਂ ਕੰਮ ਕਰ ਰਿਹਾ ਸੀ। ਅਠਾਰਾਂ ਉਨੀ ਸਾਲ ਦੀ ਕੁੜੀ, ਇਕ ਕਾਲੇ ਮੁੰਡੇ ਨਾਲ ਅੰਦਰ ਆਈ। ਉਸ ਨੇ ਆਉਂਦਿਆਂ ਹੀ ਸਿਗਰਟ ਮੰਗੀ। ਮੈਂ ਉਸ ਦੀ ਉਮਰ ਦਾ ਪਰੂਫ ਲੈਣ ਲਈ ਆਈ.ਡੀ. ਕਾਰਡ ਮੰਗ ਲਿਆ। ਜਦੋਂ ਉਸ ਦਾ ਨਾਂ ਪੜ੍ਹਿਆ, ਫਲਾਣੀ ਕੌਰ; ਗੁੱਸਾ ਅੱਖਾਂ ਵਿਚ ਆ ਗਿਆ। ਜਦੋਂ ਆਈ.ਡੀ. ਕਾਰਡ ਦੇਖ ਕੇ ਉਸ ਵੱਲ ਤੱਕਿਆ, ਤਾਂ ਉਹ ਆਪਣੇ ਗਲ ਵਿਚ ਪਾਏ ਖੰਡੇ ਨੂੰ ਘੁੰਮਾ ਰਹੀ ਸੀ ਜੋ ਸੋਨੇ ਦੀ ਜ਼ੰਜੀਰ ਨਾਲ ਲਟਕ ਰਿਹਾ ਸੀ। ਮੇਰੇ ਦੇਖਦਿਆਂ ਦੇਖਦਿਆਂ ਉਸ ਕਾਲੇ ਨੇ ਮੱਚੀ ਲੱਕੜ ਵਰਗੇ ਆਪਣੇ ਬੁੱਲ੍ਹ ਉਸ ਕੁੜੀ ਦੀ ਗਰਦਨ 'ਤੇ ਰੱਖ ਦਿੱਤੇ।

ਮੇਰੀਆਂ ਮੁੱਠੀਆਂ ਮਿਚ ਗਈਆਂ। ਕੁੜੀ ਨੇ ਮੇਰੇ ਚਿਹਰੇ 'ਤੇ ਆਏ ਗੁੱਸੇ ਨੂੰ ਭਾਂਪਦਿਆਂ ਕਿਹਾ, "ਅੰਕਲ ਜੀ! ਫਿਕਰ ਨਾ ਕਰੋ, ਇਹ ਮੇਰਾ ਮੰਗੇਤਰ ਹੈ। ਅਸੀਂ ਜਲਦੀ ਵਿਆਹ ਕਰਵਾ ਲੈਣਾ ਹੈ।" ਮੈਂ ਆਪਣੇ ਗੁੱਸੇ ਨੂੰ ਪੀਂਦਿਆਂ ਉਸ ਨੂੰ ਸਿਗਰਟ ਦੇ ਦਿੱਤੀ ਤੇ ਉਨ੍ਹਾਂ ਨੇ ਬਾਹਰ ਜਾ ਕੇ ਧੂੰਏਂ ਦੇ ਬੱਦਲ ਉਡਾ ਦਿੱਤੇ। ਫਿਰ ਉਹ ਕੁੜੀ ਕਾਲੇ ਨਾਲ ਆਉਂਦੀ ਰਹੀ। ਇਕ ਦਿਨ ਉਹ ਇਕੱਲੀ ਸਟੋਰ 'ਤੇ ਆਈ ਤਾਂ ਮੈਂ ਪਿਆਰ ਨਾਲ ਪੁੱਛਿਆ ਕਿ ਤੂੰ ਕਾਲਾ ਮੰਗੇਤਰ ਕਿਉਂ ਬਣਾਇਆ ਹੈ? ਕੁੜੀ ਨੇ ਦੱਸਿਆ, "ਅੰਕਲ ਜੀ! ਮੇਰੇ ਡੈਡ ਕੋਲ ਸਟੋਰ ਹਨ। ਮੈਂ ਅਤੇ ਮੇਰਾ ਭਰਾ ਇਥੇ ਹੀ ਜੰਮੇ ਤੇ ਵੱਡੇ ਹੋਏ ਹਾਂ। ਸਾਡੇ ਕੋਲ ਵੱਡਾ ਘਰ ਹੈ, ਵਧੀਆ ਕਾਰਾਂ ਹਨ ਪਰ ਇਹ ਸਭ ਦਿਖਾਵਾ ਹੈ। ਮੰਮੀ ਸਵੇਰੇ ਅੱਠ ਵਜੇ ਜਾ ਕੇ ਸਟੋਰ ਖੋਲ੍ਹ ਲੈਂਦੀ ਹੈ, ਡੈਡ ਬਾਰਾਂ ਵਜੇ ਉਠ ਕੇ ਸਟੋਰ 'ਤੇ ਚਲਿਆ ਜਾਂਦਾ ਹੈ। ਮੰਮੀ ਸ਼ਾਮੀਂ ਆਉਂਦੀ ਹੈ, ਰੋਟੀ ਬਣਾ ਕੇ ਫਿਰ ਮੁੜ ਜਾਂਦੀ ਹੈ। ਫਿਰ ਦੋਵੇਂ ਕਦੋਂ ਆਉਂਦੇ ਹਨ, ਸਾਨੂੰ ਪਤਾ ਨਹੀਂ ਲੱਗਦਾ। ਇਹ ਉਦੋਂ ਤੋਂ ਹੋ ਰਿਹਾ ਹੈ, ਜਦੋਂ ਤੋਂ ਅਸੀਂ ਸੁਰਤ ਸੰਭਾਲੀ ਹੈ। ਸਾਨੂੰ ਮਾਂ ਬਾਪ ਦੇ ਪਿਆਰ ਦਾ ਪਤਾ ਹੀ ਨਹੀਂ। ਪੰਜਾਬੀ ਮੁੰਡਾ ਜਾਂ ਕੁੜੀ ਵੀ ਸਾਡੇ ਲਈ ਸਮਾਂ ਨਹੀਂ ਕੱਢ ਪਾਉਂਦੇ। ਇਹ ਕਾਲਾ ਮੇਰੇ ਨਾਲ ਚੌਵੀ ਘੰਟੇ ਰਹਿੰਦਾ ਹੈ। ਬਹੁਤ ਪਿਆਰ ਕਰਦਾ ਹੈ। ਆਪਣਿਆਂ ਨਾਲੋਂ ਕਈ ਗੁਣਾ ਚੰਗਾ ਹੈ।"

"ਤੇਰੇ ਦਾਦਾ-ਦਾਦੀ ਜਾਂ ਨਾਨਾ-ਨਾਨੀ ਤੁਹਾਡੇ ਕੋਲ ਨਹੀਂ ਰਹਿੰਦੇ?" ਮੈਂ ਵਿਚੋਂ ਟੋਕਿਆ।

"ਨਾਨਾ-ਨਾਨੀ ਮਰ ਚੁੱਕੇ ਹਨ। ਦਾਦਾ-ਦਾਦੀ ਹਨ, ਉਨ੍ਹਾਂ ਨੂੰ ਮਾਂ ਇਥੇ ਰਹਿਣ ਨਹੀਂ ਦਿੰਦੀ। ਉਹ ਇੰਡੀਆ ਹੀ ਰਹਿੰਦੇ ਹਨ।" ਕੁੜੀ ਨੇ ਅੱਖਾਂ ਭਰ ਲਈਆਂ। ਮੈਂ ਸੋਚਣ ਲੱਗ ਪਿਆ ਕਿ ਕਸੂਰ ਇਨ੍ਹਾਂ ਬੱਚਿਆਂ ਦਾ ਨਹੀਂ, ਉਨ੍ਹਾਂ ਮਾਪਿਆਂ ਦਾ ਹੈ ਜੋ ਅਮੀਰੀ ਦੀ ਕਲਗੀ ਮੱਥੇ 'ਤੇ ਲਾਉਣ ਲਈ ਆਪਣੇ ਬੱਚਿਆਂ ਨੂੰ ਗੌਲਦੇ ਨਹੀਂ। ਜਦੋਂ ਬੱਚੇ ਆਪਣੀ ਮਰਜ਼ੀ ਦਾ ਰਾਹ ਚੁਣ ਲੈਂਦੇ ਹਨ, ਫਿਰ ਪੱਲੇ ਪਛਤਾਵਾ ਰਹਿ ਜਾਂਦਾ ਹੈ। ਲੋੜ ਹੈ ਬਜ਼ੁਰਗਾਂ ਨੂੰ ਸਾਂਭਣ ਦੀ, ਤੇ ਉਨ੍ਹਾਂ ਤੋਂ ਸਿੱਖਿਆ ਲੈਣ ਦੀ। ਜੇ ਹਰ ਘਰ ਵਿਚ ਬਾਬਾ ਈਸ਼ਰ ਸਿੰਘ ਵਰਗਾ ਬਜ਼ੁਰਗ ਹੋਵੇ, ਤਾਂ ਬੱਚੇ ਆਪਣੇ ਆਪ ਸਹੀ ਰਾਹ ਪੈ ਜਾਂਦੇ ਹਨ। ਰੱਬ ਰਾਖਾ।

# ਸੂਰਨੀ

(ਪਿਛਲੇ ਸਫੇ ਦੀ ਬਾਕੀ)

ਆਕੜ ਕੇ ਖਲੋਤੇ ਨੰਬਰ ਚਾਰ ਦੇ ਭੂਤ ਨੂੰ ਦੇਖਦੇ ਰਹੇ ਤੇ ਜਿਵੇਂ ਉਸ ਇਕ ਘੜੀ ਪਲ ਵਿਚ ਈ 15 ਵਰ੍ਹੇ ਲੰਘ ਗਏ। ਅੰਦਰ ਖੌਲਦੇ ਸੱਚ ਤੇ ਹੱਥੋਂ ਨਿਕਲੀ ਜਾਂਦੀ ਨਮੋਸ਼ੀ, ਸ਼ਰਮਿੰਦਗੀ, ਗੁੱਸੇ ਤੇ ਆਪਣੇ ਆਪ ਨੂੰ ਨਫ਼ਰਤ ਕਰਦੀ ਜ਼ੁਬਾਨ ਵਿਚੋਂ ਵੀ ਨੰਬਰ ਚਾਰ ਨੇ ਉਸ ਰੰਨ ਦਾ ਨਾਂ ਨਾ ਦੱਸਿਆ।

(ਇਕ ਮਰਦ ਨਮੋਸ਼ੀ ਤੋਂ ਤੇ ਇਕ ਵੱਸਦਾ ਘਰ ਤਬਾਹੀ ਬਰਬਾਦੀ ਤੋਂ ਬਚ ਗਿਆ) ਖੌਰੇ ਏਸੇ ਪਾਰੋਂ ਨੰਬਰ ਪੰਜ ਨੂੰ ਹਯਾਤੀ ਵਿਚ ਪਹਿਲੀ ਵਾਰ ਉਹਦੇ ਤੇ ਪਿਆਰ ਆਇਆ ਤੇ ਉਸ ਉਹਨੂੰ ਬਾਹੋਂ ਫੜ ਕੇ ਥੱਲੇ ਬਿਠਾ ਦਿੱਤਾ ਤੇ ਉਹਨੂੰ ਆਪਣੀ ਭਾਰੀ ਤੇ ਜਚੀ ਤੁਲੀ 'ਵਾਜ਼ ਵਿਚ ਕਹਿਣ ਲੱਗਾ, "ਜੇ ਉਸ ਆਪ ਤੈਨੂੰ ਮੁਆਫ ਕਰ ਛੱਡਿਆ ਸੀ ਤੇ ਅੱਲ੍ਹਾ ਵੀ ਤੈਨੂੰ ਮੁਆਫ ਕਰੇ। ਅਸਾਂ ਤੈਨੂੰ ਕੀ ਆਖਣਾ ਏ।" ਪੰਜ ਨੰਬਰ ਦੀ ਏਸ ਗੱਲ 'ਤੇ ਸਾਰੇ ਜਾਗ ਪਏ ਲੱਗਦੇ ਸਨ।

"ਉਸ ਇਹਨੂੰ ਮੁਆਫ ਕੀ ਕਰਨਾ ਸੀ? ਉਸ ਵਿਚਾਰੇ ਨੂੰ ਤੇ ਮਰਨ ਤੀਕ ਪਤਾ ਵੀ ਨਹੀਂ ਚੱਲਿਆ ਹੋਣਾ ਕਿ ਉਹਦਾ ਯਾਰ ਜਾਣ ਕੇ ਉਹਦੇ ਲਹੂ ਨਾਲ ਨਹਾਤਾ ਏ।" ਇਕ ਨੰਬਰ ਦੂਰ ਕਿਧਰੇ ਹਨੇਰਿਆਂ ਵਿਚ ਵੇਖਦਾ ਹੋਇਆ ਕਹਿਣ ਲੱਗਾ।

"ਉਹਨੂੰ ਬੜਾ ਪਤਾ ਸੀ, ਉਹਨੂੰ ਬੜਾ ਪਤਾ ਸੀ!" ਚਾਰ ਨੰਬਰ ਫੇਰ ਰੋਣ ਲੱਗ ਪਿਆ ਤੇ ਬੋਲਿਆ, "ਪਹਿਲੇ ਦਿਨ ਉਹਦੇ ਅੱਗੇ ਲੱਗ ਕੇ ਮੈਂ ਟੁਰਿਆ...ਪਹਿਲੀ ਵਾਰ ਮੈਂ ਉਹਨੂੰ ਰਾਹੋਂ ਕੁਰਾਹੇ ਪਾਇਆ...ਪਹਿਲੀ ਵਾਰ ਮੈਂ ਭਰੀ ਬੰਦੂਕ ਕੁੰਦਾਂ ਵਾਂਗ ਫੜੀ। ਉਹਦੀਆਂ ਬਾਜ਼ ਵਰਗੀਆਂ ਅੱਖੀਆਂ ਸਭ ਕੁਝ ਵੇਖ ਜਾਚ ਰਹੀਆਂ ਸਨ। ਪਰ ਉਤੋਂ ਉਹ ਹੱਸ ਰਿਹਾ ਸੀ। ਕੀ ਤੁਹਾਡਾ ਖਿਆਲ ਏ, ਉਹ ਬਾਲ ਸੀ ਕੋਈ, ਜਿਸ ਨੇ ਮੈਨੂੰ ਜਾਣ ਕੇ ਤਿਲਕਦਿਆਂ ਤੇ ਨਾਲੀ ਸਿੱਧੀ ਉਹਦੇ ਦਿਲ ਵੱਲ ਕਰਕੇ ਘੋੜਾ ਦਬਦਿਆਂ ਨਾ ਵੇਖਿਆ ਹੋਏਗਾ? ਉਸ ਡਿੱਗਦਿਆਂ ਮੈਨੂੰ ਕਿਹਾ ਸੀ, "ਓਏ ਟਕੇ ਦੀ ਰੰਨ ਤੋਂ ਯਾਰ ਮਾਰ ਘੱਤਿਆ ਈ, ਉਸ ਤੈਨੂੰ ਵੀ ਚਾਰ ਦਿਨ ਹੰਢਾ ਕੇ ਕਿਸੇ ਯਾਰ ਤੋਂ ਮਰਵਾ ਦੇਣਾ ਏ। ਉਏ ਬਚੀਂ ਉਸ ਰੰਨ ਤੋਂ ਮੂਰਖਾ, ਤੇ ਫੇਰ ਮੇਰਾ ਬੰਦੂਕ ਚਲਾਉਣ ਵਾਲਾ ਹੱਥ ਚੁੰਮ ਕੇ ਉਸ ਮੈਨੂੰ ਮੁਆਫ ਕਰ ਦਿੱਤਾ ਸੀ।"

ਘੜੀ ਕੁ ਉਹ ਸਾਰੇ ਚੁੱਪ-ਚਾਪ ਪੱਥਰ ਹੋਏ ਬੈਠੇ ਰਹੇ। ਰਾਤ ਬੇਲੇ ਵਿਚ ਕਬਰਿਸਤਾਨ ਵਾਂਗ ਸੋਗ ਤੇ ਚੁੱਪ ਸੀ। ਚੌਥੇ ਦੀ ਕਹਾਣੀ ਮੁੱਕ ਚੁੱਕੀ ਸੀ, ਅੱਗੋਂ ਪੰਜਵੇਂ ਦੀ ਵਾਰੀ ਸੀ।

ਅਚਾਨਕ ਰਾਤ ਦੀ ਚੁੱਪ ਸੂਰਾਂ ਦੇ ਘੁਰ ਘੁਰ ਤੇ ਟੁਰਨ ਦੀ 'ਵਾਜ ਨਾਲ ਪਾਟ ਗਈ। ਉਨ੍ਹਾਂ ਦੇ ਕੋਲੋਂ ਦੀ ਸੂਰਾਂ ਦਾ ਇਕ ਇੱਜੜ ਘੁਰ ਘੁਰ ਕਰਦਾ ਇਕ ਦੂਜੇ ਵਿਚ ਮੂੰਹ ਦੇਈ ਲੰਘ ਕੇ ਅਗਾਂਹ ਟੁਰ ਗਿਆ। ਪੰਜਾਂ ਸ਼ਿਕਾਰੀਆਂ ਵਿਚੋਂ ਕਿਸੇ ਵੀ ਸੂਰਾਂ ਵਲ ਧਿਆਨ ਨਾ ਦਿੱਤਾ। ਇੰਜ ਲੱਗਦਾ ਸੀ ਜਿਵੇਂ ਏਸ ਵੇਲੇ ਵਿਚ ਉਹ ਸੂਰ ਮਾਰਨ ਲਈ ਰਾਤ ਨਹੀਂ ਸਨ ਰੁਕੇ...।

ਪੰਜਵੇਂ ਸ਼ਿਕਾਰੀ ਕਿਹਾ, "ਮੇਰੀ ਕਹਾਣੀ ਬਹੁਤ ਨਿੱਕੀ ਏ, ਦੋ ਫਿਕਰਿਆਂ ਦੀ ਤੇ ਪਹਿਲੀ ਕਹਾਣੀ ਦੇ ਨਾਲ ਈ ਬੱਧੀ ਜੁੜੀ ਏ। ਏਸ ਕਰਕੇ ਮੈਂ ਹੁਣੇ ਸੁਣਾ ਕੇ ਗੱਲ ਮੁਕਾਉਣਾ ਤੇ ਆਪਣੀ ਵਾਰੀ ਦੇ ਕੇ ਵਿਹਲਾ ਹੋ ਕੇ ਸੌਣਾ ਚਾਹੁੰਦਾ ਹਾਂ।"

ਪਹਿਲੋਂ ਕਿਸੇ ਨੇ ਹੁੰਗਾਰਾ ਨਾ ਦਿੱਤਾ। ਫੇਰ ਸਾਰੇ ਇਕੋ ਵਾਰ ਹਾਂ ਹਾਂ ਕਰਨ ਲੱਗ ਪਏ।

ਉਸ ਆਖਿਆ, "ਮੇਰੀ ਕਹਾਣੀ ਬੱਸ ਏਨੀ ਕੁ ਏ, ਭਈ ਏਦੂੰ ਪਹਿਲੇ ਕਹਾਣੀ ਵਾਲੀ ਜਿਹੜੀ ਰੰਨ ਨੇ ਯਾਰ ਹੱਥੋਂ ਯਾਰ ਮਰਵਾਇਆ ਉਹ ਆਪਣੇ ਵਿਆਹ ਤੋਂ ਪਹਿਲੋਂ ਕਈ ਵਰ੍ਹੇ ਮੇਰੇ ਹੱਥੋਂ ਚਾਰ ਨੰਬਰ ਨੂੰ ਮਰਵਾਣ ਦਾ ਬੇ-ਹਿਸਾਬ ਚਾਰਾ ਲਾਉਂਦੀ ਰਹੀ, ਪਰ ਉਹ ਕਾਮਯਾਬ ਨਾ ਹੋ ਸਕੀ। ਕਿਉਂ ਜੁ ਮੈਂ ਸਮਝਨਾ ਆਂ ਪਈ ਰੰਨ ਭਾਵੇਂ ਮੋਰਿਆਂ ਨਾਲ ਭਰੀ ਹੋਈ ਘਰ-ਘਰ ਫਿਰਨ ਵਾਲੀ ਟੀਨ ਦੀ ਛਾਨਣੀ ਹੋਵੇ ਤੇ ਭਾਵੇਂ ਇਕ ਘਰ ਵਿਚ ਪਈ ਹੋਈ ਪਾਸੇ ਦੀ ਸੋਨੇ ਦੀ ਭੜੋਲੀ...ਰੰਨ ਦੇ ਪੋਟੇ ਚੜ੍ਹ ਕੇ ਕਿਸੇ ਯਾਰ ਨੂੰ ਨਿਹੱਕ ਮਾਰ ਦੇਣਾ ਬਹੁਤ ਵੱਡਾ ਪਾਪ ਏ। ਦੁਨੀਆਂ ਦੀ ਸਭ ਤੋਂ ਸੋਹਣੀ ਰੰਨ ਵੀ ਯਾਰ ਦੀ ਜੁੱਤੀ ਦੇ ਬਰਾਬਰ ਨਹੀਂ ਹੁੰਦੀ।"

"ਅੱਗੋਂ? ਫੇਰ?" ਕਈ ਇਕੱਠੇ ਹੀ ਬੋਲ ਪਏ।

"ਮੇਰੀ ਕਹਾਣੀ ਖ਼ਤਮ ਹੋ ਗਈ," ਪੰਜਵੇਂ ਤਸੱਲੀ ਨਾਲ ਕਿਹਾ।

"ਨਾਂ? ਨਾਂ? ਉਹਦਾ ਨਾਂ?"

ਇਕ ਦੋ ਤਿੰਨ ਇਕੱਠੇ ਬੋਲ ਪਏ, "ਹੱਡ ਬੀਤੀ ਸੁਣਾਉਣ ਵਿਚ ਸੱਚ ਬੋਲਣ ਦੀ ਸ਼ਰਤ ਏ। ਕਹਾਣੀ ਮੁਕੰਮਲ ਕਰੋ ਤੇ ਉਸ ਰੰਨ ਦਾ ਨਾਂ ਦੱਸੋ, ਜੋ ਦੋ ਕਹਾਣੀਆਂ ਵਿਚ ਜੁੜੀ ਹੋਈ ਏ।"

ਨੰਬਰ ਚਾਰ ਦਾ ਰੰਗ ਉਡ ਗਿਆ। ਉਸ ਕਹਾਣੀ ਸੁਣਾਉਣ ਵਾਲੇ ਵੱਲ ਇਉਂ ਵੇਖਿਆ ਜਿਵੇਂ ਗੋਲੀ ਲੱਗਿਆ ਹਿਰਨ, ਹਲਾਲ ਕਰਨ ਵਾਲੇ ਸ਼ਿਕਾਰੀ ਵੱਲ ਵੇਖਦਾ ਏ।

ਇਕ ਨੰਬਰ ਦਾ ਮੂੰਹ ਗੁੱਸੇ ਨਾਲ ਸੁਰਖ ਹੋ ਗਿਆ। ਉਹਦੀਆਂ ਰਗਾਂ ਫੁੱਲ ਗਈਆਂ ਤੇ ਉਸ ਪੂਰੇ ਜ਼ੋਰ ਨਾਲ ਗੁੱਸੇ, ਨਫ਼ਰਤ ਤੇ ਕਰਾਹਤ ਭਰੀ ਅਵਾਜ਼ ਵਿਚ ਕਿਹਾ।

"ਕੰਜਰੀ, ਕੁੱਤੀ, ਗੰਦੀ, ਸੂਰਨੀ...ਗੋਲੀ ਦੇ ਲਾਇਕ ਰੰਨਾ। ਉਹਦਾ ਨਾਂ ਵੀ ਦੱਸੋ ਤੇ ਏਸ ਤੋਂ ਪਹਿਲੋਂ ਕਿ ਉਹ ਬੰਦੇ ਖਾਣੀ ਕਿਸੇ ਹੋਰ ਯਾਰ ਨੂੰ ਖਾ ਜਾਏ ਉਹਨੂੰ ਸੁੱਥਣ ਵਿਚ ਗੋਲੀ ਮਾਰ ਕੇ ਪਾਰ ਲੰਘਾ ਦਿਓ।"

"ਉਹਦਾ ਨਾਂ? ਉਹਦਾ ਨਾਂ?" ਚਾਰ ਚੁਫੇਰੇ ਤੋਂ ਇਸਰਾਰ ਵਧੀ ਜਾਂਦਾ। ਚਾਰ ਨੰਬਰ ਦਾ ਰੰਗ ਫੇਰ ਕਾਲਾ ਸਿਆਹ ਹੋ ਗਿਆ।

ਕਹਾਣੀ ਸੁਣਾਉਣ ਵਾਲੇ ਨੇ ਆਪਣੇ ਹੱਥ ਅੱਗ ਦੇ ਏਨੇ ਨੇੜੇ ਕਰ ਦਿੱਤੇ ਕਿ ਉਹ ਸੜਨ ਲਗ ਪਏ। ਉਸ ਹੌਲੀ ਜਿਹਾ ਕਿਹਾ, "ਕਿਸੇ ਦੀ ਧੀ ਭੈਣ ਨੂੰ ਛੱਟਣ ਦਾ ਪਾਪ ਮੇਰੇ ਸਿਰ ਉਤੇ...ਉਸ ਨੇਕ ਬਖ਼ਸ਼ ਦਾ ਨਾਂ 'ਜੀਮ' ਏ, ਉਹ 'ਬੇ' ਪਿੰਡ ਦੇ 'ਅਲਫ' ਦੀ ਧੀ ਸੀ। ਦਸ ਵਰ੍ਹੇ ਹੋਏ ਉਹਦਾ ਵਿਆਹ ਹੋਇਆ ਤੇ ਤੀਸਰੇ ਦਿਨ ਉਹ ਮਰ ਗਈ। ਹੁਣ ਪੁੱਛੋਗੇ ਇਹ 'ਬੇ' ਪਿੰਡ ਕਿੱਥੇ ਕੁ ਏ? ਮੇਰੇ ਪਿੰਡੋਂ ਪਹਾੜ ਵੱਲ ਦਸ ਕੋਹ ਦੀ ਵਿੱਥ 'ਤੇ।"

"ਮਰ ਗਈ," ਕਹਿ ਕੇ ਪਤਾ ਨਹੀਂ ਕਿਉਂ ਨੰਬਰ ਇਕ, ਦੋ ਤੇ ਤਿੰਨ ਜ਼ੋਰ ਜ਼ੋਰ ਦੀ ਹੱਸਣ ਲਗ ਪਏ। ਹਾਸੇ ਦੇ ਸ਼ੋਰ ਵਿਚ ਕਿਸੇ ਵੀ ਚਾਰ ਨੰਬਰ ਨੂੰ ਸੁਖ ਦਾ ਲੰਮਾ ਸਾਹ ਲੈਂਦਿਆਂ ਨਾ ਸੁਣਿਆ।

ਹੁਣ ਇਹ ਇਕ ਨੰਬਰ ਨੂੰ ਕਿਵੇਂ ਪਤਾ ਲੱਗ ਸਕਦਾ ਸੀ ਕਿ ਉਦੋਂ ਉਹਦੇ ਤਿੰਨ ਬੱਚਿਆਂ ਦੀ ਮਾਂ, ਦਸ ਵਰ੍ਹੇ ਪਹਿਲੋਂ ਉਹਦੇ ਨਾਲ ਵਿਆਹੀ ਜਾਣ ਵਾਲੀ, ਉਹਦੀ ਪਿਆਰੀ ਦੂਜੀ ਘਰ ਵਾਲੀ 'ਕਾਫ਼' ਹੀ ਅਸਲ ਵਿਚ ਉਹ ਨੇਕ ਬਖ਼ਤ ਏ ਜਿਹਦਾ ਨਾਂ ਆਖ਼ਰੀ ਕਹਾਣੀ ਸੁਣਾਉਣ ਵਾਲੇ ਨੇ ਜੀਮ ਦੱਸਿਆ ਸੀ।

ਤੁਹਾਨੂੰ ਇਹ ਦੱਸਣਾ ਬਾਕੀ ਰਹਿੰਦਾ ਏ ਪਈ ਪੰਜਵਾਂ ਸ਼ਿਕਾਰੀ ਏਸ ਕਹਾਣੀ ਦੇ ਲਿਖਣ ਵਾਲਾ ਖ਼ੁਦ ਸੀ।

# ਇਹ ਤਾਂ ਟੱਟੀ ਹੈ!

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਇੱਕ ਘਸੇ-ਪਿਟੇ ਲਤੀਫੇ ਨਾਲ ਗੱਲ ਸ਼ੁਰੂ ਕਰਨ ਦੀ ਗੁਸਤਾਖੀ ਕਰ ਰਿਹਾ ਹਾਂ। ਇਕ ਆਦਮੀ ਸੜਕ 'ਤੇ ਤੁਰਿਆ ਜਾਂਦਾ ਸੀ ਤਾਂ ਉਸ ਨੂੰ ਇੱਕ ਥਾਂ ਟੱਟੀ ਜਿਹੀ ਦਿਖਾਈ ਦਿੱਤੀ। ਉਹ ਸੰਭਲ ਕੇ ਪਾਰ ਲੰਘ ਗਿਆ ਪਰ ਸੋਚੀਂ ਪੈ ਗਿਆ ਕੀ ਇਹ ਸੱਚਮੁੱਚ ਟੱਟੀ ਹੀ ਹੋਵੇਗੀ? ਚਲੋ ਮੁੜ ਕੇ ਦੇਖਦੇ ਹਾਂ। ਫਿਰ ਉਸ ਨੂੰ ਲੱਗਾ, ਨਹੀਂ ਇਹ ਟੱਟੀ ਨਹੀਂ ਹੈ ਤੇ ਆਪਣੇ ਰਾਹ ਪੈ ਗਿਆ। ਥੋੜੀ ਦੇਰ ਬਾਅਦ ਉਸ ਦੇ ਮਨ ਵਿਚ ਫਿਰ ਆਇਆ ਕਿ ਸ਼ਾਇਦ ਉਹ ਟੱਟੀ ਹੀ ਸੀ, ਮੈਂ ਚੱਜ ਨਾਲ ਨਹੀਂ ਦੇਖਿਆ। ਇਸ ਵਾਰ ਮੁੜ ਕੇ ਉਹ ਨੇੜਿਓਂ ਤੱਕਦਾ ਹੈ ਤੇ ਫਿਰ ਫੈਸਲਾ ਕਰਦਾ ਹੈ ਕਿ ਨਹੀਂ ਮੈਨੂੰ ਭੁਲੇਖਾ ਹੀ ਲੱਗਾ ਹੈ, ਇਹ ਟੱਟੀ ਨਹੀਂ ਹੈ। ਇਸ ਤਰ੍ਹਾਂ ਦੋ-ਤਿੰਨ ਵਾਰ ਹੋਰ ਕਰਨ ਤੋਂ ਬਾਅਦ ਫਿਰ ਇਕ ਵਾਰੀ ਦੇਖਣ ਚਲੇ ਜਾਂਦਾ ਹੈ। ਆਖਿਰ ਉਸ ਨੇ ਸੋਚਿਆ ਕਿ ਕਿਉਂ ਨਾ ਫੈਸਲਾਕੁਨ ਨਤੀਜੇ 'ਤੇ ਪੁੱਜਣ ਲਈ ਇਸ ਨੂੰ ਚਖ ਕੇ ਦੇਖਿਆ ਜਾਵੇ। ਸੋ, ਉਸ ਨੇ ਅਜਿਹਾ ਹੀ ਕੀਤਾ। ਟੱਟੀ ਚਖਣ ਤੋਂ ਬਾਅਦ ਇਕ ਦਮ ਥੂਅ ਕਰਦਾ ਉਹ ਆਪੇ ਵਿਚ ਬੋਲਿਆ, "ਉਹ! ਇਹ ਤਾਂ ਟੱਟੀ ਹੈ, ਚੰਗਾ ਹੋਇਆ ਕਿਤੇ ਪੈਰਾਂ ਨੂੰ ਨਹੀਂ ਲੱਗ ਗਈ।"

ਮੰਨੂ ਸਿਮ੍ਰਤੀ ਵਿਚ ਜਿਨ੍ਹਾਂ ਗੱਲਾਂ ਦੀ ਮਨਾਹੀ ਕੀਤੀ ਗਈ ਹੈ, ਉਨ੍ਹਾਂ ਵਿਚੋਂ ਇਕ ਰਾਹ ਵਿਚ ਟੱਟੀ ਫਿਰਨਾ ਵੀ ਹੈ, ਸ਼ਾਇਦ ਇਸ ਦੀ ਕੋਈ ਸਜ਼ਾ ਵੀ ਦੱਸੀ ਗਈ ਹੈ। ਪਰ ਸਾਡੇ ਸ਼ੇਰ ਦੇ ਬੱਗੇ ਅਜੇ ਵੀ ਇਹ ਕਾਰਾ ਰਾਹਾਂ ਦੇ ਕਿਨਾਰਿਆਂ 'ਤੇ ਕਰਨ ਤੋਂ ਬਾਜ਼ ਨਹੀਂ ਆਉਂਦੇ। ਹੁਣ ਤਾਂ ਗੱਲ ਬਹੁਤ ਅੱਗੇ ਵਧ ਚੁੱਕੀ ਹੈ, ਰੇਲਾਂ ਦੀਆਂ ਪਟੜੀਆਂ ਵੀ ਇਸ ਦੀਆਂ ਸ਼ਿਕਾਰ ਹੋ ਚੁੱਕੀਆਂ ਹਨ। ਪਤਾ ਨਹੀਂ ਜੰਗਲ ਪਾਣੀ ਦੀ ਥਾਂ ਰੇਲਪਾਣੀ ਸ਼ਬਦ ਕਿਉਂ ਨਹੀਂ ਬਣਿਆ।

ਕਈ ਵਾਰੀ ਇਹ ਗੱਲ ਦੁਹਰਾਈ ਜਾ ਚੁੱਕੀ ਹੈ ਕਿ ਕਿਸੇ ਵੀ ਸ਼ਬਦ ਦੇ ਨਿਰਮਾਣ ਪਿਛੇ ਕੋਈ ਇਕ ਭਾਵ ਹੀ ਕੰਮ ਕਰ ਰਿਹਾ ਹੁੰਦਾ ਹੈ। ਦੂਜੀ ਗੱਲ ਇਹ ਹੈ ਕਿ ਕਈ ਕਾਰਨਾਂ ਕਰਕੇ ਅਸਭਿਅ, ਅਸ਼ਲੀਲ ਤੇ ਸ਼ਰਮਨਾਕ ਸਮਝੀਆਂ ਜਾਂਦੀਆਂ ਹਰਕਤਾਂ ਜਾਂ ਵਿਚਾਰਾਂ ਨੂੰ ਦਰਸਾਉਣ ਲਈ ਘੁਮਾ ਫਿਰਾ ਕੇ ਗੱਲ ਕੀਤੀ ਜਾਂਦੀ ਹੈ। ਕਈ ਵਾਰੀ ਤਾਂ ਦੂਜੀ ਭਾਸ਼ਾ ਦੀ ਹੀ ਵਰਤੋਂ ਕਰ ਲਈ ਜਾਂਦੀ ਹੈ। ਮੇਰੇ ਸੁਣਨ ਵਿਚ ਆਇਆ ਹੈ ਕਿ ਕਈ ਲੋਕ ਆਪਣੇ ਜਵਾਈ ਦਾ ਤੁਆਰਫ਼ ਕਰਾਉਣ ਲੱਗਿਆਂ ਕਹਿੰਦੇ ਹਨ, "ਇਹ ਮੇਰਾ ਦਾਮਾਦ ਹੈ।" ਤੇ ਸਾਲੇ ਦਾ ਪਰਿਚੈ "ਬਰਦਰ ਇਨ ਲਾਅ" ਕਹਿ ਕੇ ਕੀਤਾ ਜਾਂਦਾ ਹੈ। ਟੱਟੀ ਜਾਣ ਨੂੰ ਆਮ ਤੌਰ 'ਤੇ ਟਾਇਲਟ, ਲੈਟਰੀਨ ਜਾਂ ਬਾਥ ਰੂਮ ਜਾਣਾ ਕਹਿ ਲਿਆ ਜਾਂਦਾ ਹੈ। ਲੈਟਰੀਨ ਆਈ ਜਾਂ ਬਾਥਰੂਮ ਆਇਆ ਵੀ ਆਮ ਕਹਿੰਦੇ ਸੁਣਿਆ ਹੈ। ਇਥੋਂ ਤੱਕ ਕਿ ਟੱਟੀਆਂ ਲੱਗਣ ਨੂੰ ਵੀ ਟਾਇਲਟਾਂ ਲੱਗੀਆਂ ਆਮ ਕਹਿੰਦੇ ਹਨ। ਇਸ ਕੰਮ ਲਈ ਹੋਰ ਸ਼ਬਦ ਹਨ-ਜੰਗਲ ਪਾਣੀ ਜਾਣਾ, ਝਾੜੇ ਜਾਣਾ, ਬਾਹਰ ਜਾਣਾ, ਹੱਗਣਾ। ਟੱਟੀ ਆਉਣ ਨੂੰ ਪੇਂਡੂ ਔਰਤਾਂ ਆਮ ਹੀ ਬਾਹਰ ਆਇਆ ਕਹਿੰਦੀਆਂ ਹਨ। ਬੱਚਿਆਂ ਲਈ ਅੰਗਰੇਜ਼ੀ ਸ਼ਬਦ ਪੌਟੀ ਚੱਲ ਪਿਆ ਹੈ। ਕਈ ਵਾਰੀ ਤਾਂ ਸਿਆਣੇ ਵੀ ਪੌਟੀ ਆਈ ਜਾਂ ਪੌਟੀਆਂ ਲੱਗ ਗਈਆਂ ਕਹਿ ਦਿੰਦੇ ਹਨ। ਕੁਝ ਹੋਰ ਪ੍ਰਗਟਾਅ ਜੋ ਆਮ ਤੌਰ 'ਤੇ ਬੋਲਚਾਲ ਵਿਚ ਘਟ ਪਰ ਲਿਖਤ ਵਿਚ ਵਧੇਰੇ ਵਰਤੇ ਜਾਂਦੇ ਹਨ, ਉਹ ਹਨ-ਪਾਖਾਨਾ, ਸੰਡਾਸ, ਵਿਸ਼ਟਾ, ਮਲ ਤਿਆਗ। ਕੁਝ ਖਿਝਮਈ ਸੰਦਰਭਾਂ ਵਿਚ ਗੂੰਹ ਤੋਂ ਵੀ ਕੰਮ ਲਿਆ ਜਾਂਦਾ ਹੈ। ਫਿਰ ਵੀ ਇਹ ਨੋਟ ਕੀਤਾ ਗਿਆ ਹੈ ਕਿ ਟੱਟੀ ਸ਼ਬਦ ਕਈ ਪੜ੍ਹੇ ਲਿਖੇ



ਜਾਂ ਅਖੌਤੀ ਸ਼ਿਸ਼ਟ ਲੋਕ ਵੀ ਖੁਲ੍ਹ ਕੇ ਵਰਤ ਲੈਂਦੇ ਹਨ। ਅੱਜ ਅਸੀਂ ਟੱਟੀ ਸ਼ਬਦ ਦੀ ਟੱਟੀ ਕਢਣੀ ਹੈ। ਸਾਡੇ ਦਿਮਾਗ ਵਿਚ ਟੱਟੀ ਤੋਂ ਮੁਰਾਦ ਉਹ ਅੰਤਮ ਉਤਪਾਦ ਹੈ ਜੋ ਮੂੰਹ ਤੋਂ ਸ਼ੁਰੂ ਹੋ ਕੇ ਪੇਟ ਦੀਆਂ ਕਈ ਘੁੰਮਣਘੇਰੀਆਂ ਖਾਂਦਾ ਤੇ ਪੌਸ਼ਟਿਕ ਤੇ ਪਾਚਕ ਤੱਤਾਂ ਤੋਂ ਵਿਰਵਾ ਹੁੰਦਾ ਆਖਿਰ ਗੁਦਾ ਰਾਹੀਂ ਇਕ ਫੋਕਟ ਦੇ ਰੂਪ ਵਿਚ ਬਾਹਰ ਮੂੰਹ ਕਢਦਾ ਹੈ। ਇਸ ਨੂੰ ਵਿਸ਼ਟਾ ਵੀ ਕਿਹਾ ਜਾਂਦਾ ਹੈ। ਪਰ ਵਾਸਤਵ ਵਿਚ ਇਸ ਦੇ ਮੁਢਲੇ ਅਰਥ ਅਜਿਹੇ ਨਹੀਂ ਹਨ।

ਮਹਾਨ ਕੋਸ਼ ਨੇ ਬਜਾ ਫਰਮਾਇਆ ਹੈ, 1. "ਖਸ, ਬਾਂਸ, ਸਰਕੁੜੇ ਆਦਿ ਦੀ ਕੰਧ ਅਥਵਾ ਪੜਦਾ, ਟਟਿਆ 2. ਪਾਖਾਨੇ ਬੈਠਣ ਲਈ ਕੀਤੀ ਹੋਈ ਓਟ।" ਸਪਸ਼ਟ ਹੈ ਕਿ ਟੱਟੀ ਮੁਢਲੇ ਰੂਪ ਵਿਚ ਘਾਹ ਫੂਸ ਜਾਂ ਬਾਂਸ ਆਦਿ ਦਾ ਬਣਿਆ ਓਟਾ ਹੈ ਜਿਸ ਦੇ ਪਰਦੇ ਵਿਚ ਮਲ ਤਿਆਗ ਕੀਤਾ ਜਾਂਦਾ ਸੀ। ਇਕ ਮੁਹਾਵਰੇ ਵਿਚ ਟੱਟੀ ਦੇ ਇਹ ਮੁਢਲੇ ਅਰਥ ਸਹੀ ਹੁੰਦੇ ਹਨ, ਟੱਟੀ ਦੀ ਆੜ ਵਿਚ ਸ਼ਿਕਾਰ ਕਰਨਾ ਮਤਲਬ ਓਹਲਾ ਕਰਕੇ ਵਾਰ ਕਰਨਾ।

ਗੁਰੂ ਗ੍ਰੰਥ ਸਾਹਿਬ ਵਿਚ ਟਾਟੀ ਦੇ ਰੂਪ ਵਿਚ ਇਹ ਸ਼ਬਦ ਦੋ ਵਾਰੀ ਇਨ੍ਹਾਂ ਹੀ ਅਰਥਾਂ ਵਿਚ ਆਇਆ ਹੈ। ਭਗਤ ਕਬੀਰ ਫਰਮਾਉਂਦੇ ਹਨ, "ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥" ਭਗਤ ਰਵਿਦਾਸ ਨੇ ਵੀ ਇਹ ਸ਼ਬਦ ਵਰਤਿਆ ਹੈ, "ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥" ਇਸ ਤਰ੍ਹਾਂ ਟੱਟੀ ਜਾਂ ਟਾਟੀ ਸ਼ਬਦ ਘਾਹ ਫੂਸ ਦਾ ਹਲਕਾ ਜਿਹਾ ਛੱਪਰ ਸਾਬਿਤ ਹੁੰਦਾ ਹੈ। ਸੋ, ਸ਼ੁਰੂ ਵਿਚ ਟੱਟੀ ਜਾਣਾ ਦਾ ਮਤਲਬ ਮਲ ਤਿਆਗ ਲਈ ਇਸ ਪਰਦੇ ਅੰਦਰ ਜਾਣਾ ਸੀ। ਕਈ ਲੋਕਾਂ ਨੇ ਖਸਖਸ ਦੀ ਟੱਟੀ ਜ਼ਰੂਰ ਦੇਖੀ/ਸੁਣੀ ਹੋਵੇਗੀ। ਇਹ ਇਕ ਫੱਟੀਆਂ ਦਾ ਚੌਖਟਾ ਹੁੰਦਾ ਹੈ ਜਿਸ ਵਿਚ ਖਸ ਨਾਂ ਦਾ ਖੁਸ਼ਬੂਦਾਰ ਘਾਹ ਤੁੰਨਿਆ ਹੁੰਦਾ ਹੈ। ਇਸ ਨੂੰ ਅੱਜ ਕੱਲ੍ਹ ਦੇ ਕੂਲਰਾਂ ਵਾਂਗ ਬਾਰੀਆਂ 'ਤੇ ਲਾਇਆ ਜਾਂਦਾ ਸੀ ਤੇ ਘੜੀ ਮੁੜੀ ਇਸ 'ਤੇ ਪਾਣੀ ਛਿੜਕਿਆ ਜਾਂਦਾ ਸੀ ਤਾਂ ਜੋ ਭਰ ਗਰਮੀ ਦੌਰਾਨ ਅੰਦਰ ਠੰਡੀ ਹਵਾ ਆਵੇ। ਇਸ ਤਰ੍ਹਾਂ ਟੱਟੀ ਇਕ ਸ਼ਿਸ਼ਟ ਸ਼ਬਦ ਸੀ ਜਿਵੇਂ ਬਾਹਰ ਜਾਣਾ ਇਕ ਸ਼ਿਸ਼ਟ ਉਕਤੀ ਹੈ। ਦਿਲਚਸਪ ਗੱਲ ਹੈ ਕਿ ਮਹਾਨ ਕੋਸ਼ ਵਿਚ ਟੱਟੀ ਦੇ ਤੀਸਰੇ ਅਰਥ ਇਸ ਤਰ੍ਹਾਂ ਦਿੱਤੇ ਹੋਏ ਹਨ, "3. ਮੁਹਾਵਰੇ ਵਿਚ ਪਾਖਾਨੇ (ਵਿਸ਼ਠਾ) ਨੂੰ ਵੀ ਟੱਟੀ ਆਖ ਦਿੰਦੇ ਹਨ।"

ਕਾਨ੍ਹ ਸਿੰਘ ਦੇ ਵੇਲੇ ਅਜਿਹਾ ਪ੍ਰਯੋਗ ਇੱਕ ਮੁਹਾਵਰਾ ਹੀ ਸੀ। ਅੱਜ ਜਦ ਉਸ ਪ੍ਰਕਾਰ ਦੀਆਂ ਟੱਟੀਆਂ ਨਹੀਂ ਰਹੀਆਂ ਤਾਂ ਟੱਟੀ ਸ਼ਬਦ ਦਾ ਮੁਖ ਅਰਥ ਹੀ ਵਿਸ਼ਟਾ ਬਣ ਕੇ ਨਿੱਖਰ ਆਇਆ ਹੈ। ਸੋਚੋ ਜ਼ਰਾ, ਅੱਜ ਟੱਟੀ ਟੈਸਟ ਕਰਾਉਣ ਦਾ ਮਤਲਬ ਬੀਮਾਰੀ ਆਦਿ ਲਭਣ ਲਈ ਵਿਸ਼ਟਾ ਦਾ ਮਾਹਰਾਂ ਤੋਂ ਵਿਸ਼ਲੇਸ਼ਣ ਕਰਾਉਣਾ ਹੈ ਪਰ ਜਦੋਂ ਓਟ ਦੇ ਰੂਪ ਵਿਚ ਟੱਟੀਆਂ ਬਣਨੀਆਂ ਸ਼ੁਰੂ ਹੋਈਆਂ ਹੋਣਗੀਆਂ ਉਦੋਂ ਇਸ ਦਾ ਮਤਲਬ ਇਹ ਜਾਂਚ ਕਰਾਉਣਾ ਹੋਵੇਗਾ ਕਿ ਇਕ ਪਰਦੇ ਵਜੋਂ ਟੱਟੀ ਠੀਕ ਤਰ੍ਹਾਂ ਲੁਕਵੀਂ ਬਣੀ ਹੈ ਜਾਂ ਨਹੀਂ! ਸੋ ਸਭ ਤੋਂ ਪਹਿਲਾਂ ਟੱਟੀ ਜਾਣਾ ਉਕਤੀ ਬਣੀ, ਫਿਰ ਟੱਟੀ ਫਿਰਨਾ ਤੇ ਫਿਰ ਟੱਟੀ ਆਉਣਾ। ਫਿਰ ਤਾਂ ਟੱਟੀ ਨਾਲ ਜੁੜੀਆਂ ਮਾਨਸਿਕ-ਸਰੀਰਕ ਲੱਛਣਾਂ ਤੋਂ ਅਨੇਕਾਂ ਮੁਹਾਵਰੇ ਬਣ ਗਏ ਜਿਵੇਂ ਕਿਸੇ ਨੂੰ ਬੁਰੀ ਤਰ੍ਹਾਂ ਥੱਲੇ ਲਾਉਣ ਲਈ ਟੱਟੀ ਕੱਢਣਾ; ਬਹੁਤ ਸੰਤੋਖ ਵਾਲੀ ਸਥਿਤੀ ਲਈ ਟੱਟੀ ਖੁਲ੍ਹ ਕੇ ਆਉਣਾ, ਡਰ ਦੇ ਮਾਰੇ ਟੱਟੀ ਖੁਸ਼ਕ ਹੋਣਾ, ਜਾਂ ਟੱਟੀ ਨਿਕਲਣਾ। 'ਟੱਟੀ ਥੋੜੀ ਤੇ ਪਿੜ ਪਿੜ ਜ਼ਿਆਦਾ' ਦਾ ਮਤਲਬ 'ਜੋ ਗਰਜਦੇ ਹਨ ਉਹ ਵਰਸਦੇ ਨਹੀਂ' ਵਾਲਾ ਹੀ ਹੈ। ਦੇਸੀ ਹਕੀਮ ਟੱਟੀ ਦੇ ਲੱਛਣਾਂ ਤੋਂ ਬੀਮਾਰੀ ਦੇ ਕਾਰਨ ਲਭ ਕੇ ਔਸ਼ਧੀ ਵੀ ਦਿੰਦੇ ਸਨ। ਕਹਾਵਤ ਹੈ, "ਜੇ ਟੱਟੀ ਚਿਰਰਰ ਕਰਕੇ ਆਵੇ ਤਾਂ ਬੰਦੇ ਨੂੰ ਗਰਮੀ ਲੱਗੀ ਹੋਈ ਹੈ ਜੇ ਪਿਰਰਰ ਕਰਕੇ ਆਵੇ ਤਾਂ ਵਾਇ ਵਾਦੀ ਦੀ ਸ਼ਿਕਾਇਤ ਹੈ।"

ਟੱਟੀ ਕਰਨ ਵੇਲੇ ਬੰਦਾ ਆਪਣੇ ਆਪ ਵਿਚ ਹੁੰਦਾ ਹੈ ਤੇ ਆਪਣੇ ਤਨ, ਮਨ 'ਤੇ ਚੜ੍ਹੇ ਅਥਾਹ ਬੋਝ ਤੋਂ ਹਲਕਾ ਹੋ ਰਿਹਾ ਮਹਿਸੂਸ ਕਰਦਾ ਹੁੰਦਾ ਹੈ। ਟੱਟੀਖਾਨੇ ਵਿਚ ਲੋਕ ਅਕਸਰ ਹੀ ਅਖਬਾਰਾਂ, ਰਿਸਾਲੇ ਜਾਂ ਕਿਤਾਬਾਂ ਪੜ੍ਹਨ ਲਗਦੇ ਹਨ। ਕਈਆਂ ਨੇ ਤਾਂ ਟੱਟੀਖਾਨੇ ਵਿਚ ਕਿਤਾਬਾਂ ਦੀ ਟਾਂਡ ਹੀ ਬਣਾਈ ਹੋਈ ਹੈ। ਮਹਾਤਮਾ ਗਾਂਧੀ ਦਾ ਇੰਕਸ਼ਾਫ਼ ਹੈ ਕਿ ਉਸ ਨੂੰ ਗੀਤਾ ਦੀ ਸਮਝ ਸਭ ਤੋਂ ਵੱਧ ਟੱਟੀ ਕਰਦਿਆਂ ਆਈ। ਮੇਰੇ ਬਚਪਨ ਵਿਚ ਇਕ ਗਾਣਾ ਪ੍ਰਚਲਤ ਸੀ, "ਓਹ ਵੇਲਾ ਯਾਦ ਕਰ।" ਮੈਂ ਜਦ ਵੀ ਇਹ ਗਾਣਾ ਗਾਉਣ ਲਗਦਾ, ਗੁਆਂਢ ਦਾ ਇਕ ਬੰਦਾ ਜਵਾਬੀ ਵਾਰ ਕਰਦਾ ਕਹਿੰਦਾ, "ਜਦ ਟੱਟੀ ਬੈਠੇ ਨੇ ਬੇਰ ਖਾਧੇ ਸੀ।" ਇਹ ਉਸ ਕਹਾਣੇ ਵੱਲ ਇਸ਼ਾਰਾ ਹੈ ਜਿਸ ਅਨੁਸਾਰ ਜਦ ਕਿਸੇ ਨੂੰ ਖੇਤ ਵਿਚ ਟੱਟੀ ਬੈਠੇ ਨੂੰ ਬੇਰ ਲਭ ਪਿਆ ਤਾਂ ਉਹ ਉਥੇ ਹੀ ਖਾਣ ਲੱਗ ਪਿਆ, ਮਤਲਬ ਦੂਹਰਾ ਸਵਾਦ ਲੈਣ ਲੱਗ ਪਿਆ।

ਟੱਟੀ ਸ਼ਬਦ 'ਸਥ' ਧਾਤੂ ਤੋਂ ਬਣਿਆ ਪ੍ਰਤੀਤ ਹੁੰਦਾ ਹੈ ਜਿਸ ਦਾ ਮਤਲਬ ਖੜਾ ਕਰਨਾ, ਸਥਿਤ ਕਰਨਾ ਆਦਿ ਹੁੰਦਾ ਹੈ। ਇਸ ਤੋਂ ਢਾਂਚਾ ਜੋ ਖੜਾ ਕੀਤਾ ਜਾਂਦਾ ਹੈ, ਦੇ ਭਾਵ ਉਤਪੰਨ ਹੁੰਦੇ ਹਨ। ਪਰਦਾ, ਓਟਾ, ਛੱਪਰ ਆਦਿ ਇਕ ਤਰ੍ਹਾਂ ਦੇ ਖੜੇ ਕੀਤੇ ਢਾਂਚੇ ਹੀ ਹਨ। ਟਾਟ ਸ਼ਬਦ ਵੀ ਇਥੇ ਥਾਂ ਸਿਰ ਹੈ। ਇਸੇ ਸਥ ਤੋਂ ਠਾਠ/ਠਾਟ ਸ਼ਬਦ ਬਣਿਆ ਜਿਸ ਦਾ ਮਤਲਬ ਖਾਸ ਤੌਰ 'ਤੇ ਘਾਹ-ਫੂਸ ਨਾਲ ਵਲਿਆ ਢਾਂਚਾ ਹੁੰਦਾ ਹੈ। ਇਸ ਦਾ ਅਰਥ ਵੀ ਢਾਂਚਾ ਹੁੰਦਾ ਹੈ। ਇਸ ਵਿਚ ਸੱਤ ਸੁਰਾਂ ਦੇ ਆਪੋ ਆਪਣੇ ਥਾਂ 'ਤੇ ਠਹਿਰਨ ਦਾ ਭਾਵ ਵੀ ਹੈ। ਠਾਠ ਦਾ ਆਮ ਜਾਣਿਆ ਜਾਂਦਾ ਅਰਥ ਸਜ ਧਜ, ਟੌਹਰ, ਸ਼ਿੰਗਾਰ, ਰੁਹਬ-ਦਾਬ ਹੈ। ਇਸੇ ਤੋਂ ਠੱਠੀ ਸ਼ਬਦ ਬਣਿਆ ਜੋ ਗਰੀਬਾਂ, ਖਾਸ ਤੌਰ 'ਤੇ ਬਾਲਮੀਕਾਂ ਦੀ ਬਸਤੀ ਨੂੰ ਕਿਹਾ ਜਾਂਦਾ ਹੈ। ਪੰਜਾਬ ਵਿਚ ਠੱਠੀਆਂ ਨਾਂ ਦਾ ਇਕ ਪਿੰਡ ਵੀ ਹੈ। ਪ੍ਰਸਿਧ ਗਦਰੀ ਬਾਬਾ ਜਵਾਲਾ ਸਿੰਘ ਇਥੋਂ ਦਾ ਹੀ ਸੀ।

ਸਥ ਧਾਤੂ ਤੋਂ ਬਣੇ ਸ਼ਬਦਾਂ ਦੀ ਗਿਣਤੀ ਕਰਨ ਲੱਗਾਂ ਤਾਂ ਮੇਰੀ ਆਪਣੀ ਟੱਟੀ ਨਿਕਲ ਜਾਣੀ ਹੈ। ਬਹੁਤ ਸਾਰੇ ਸ਼ਬਦ ਫਿਰ ਕਿਸੇ ਵੇਲੇ ਲਈ ਰੱਖ ਲੈਂਦੇ ਹਾਂ। ਪਰ ਜਾਂਦਾ ਜਾਂਦਾ ਇਕ ਹੋਰ ਸੰਕੇਤ ਦੇ ਦੇਵਾਂ ਕਿ ਟੱਟੀ ਦੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦ ਸਟੂਲ (stool) ਦਾ ਵੀ ਇਸ ਨਾਲ ਵਿੰਗਾ ਟੇਢਾ ਸਾਕਾਦਾਰੀ ਦਾ ਸਬੰਧ ਹੈ। ਗੱਲ ਇਸ ਤਰ੍ਹਾਂ ਹੈ ਕਿ ਟੱਟੀ ਤੇ ਹੋਰ ਗਿਣਾਏ ਸ਼ਬਦ ਹਿੰਦ-ਯੂਰਪੀ ਅਸਲੇ ਵਾਲੇ ਹਨ। ਇਸ ਦਾ ਭਾਰੋਪੀ ਮੂਲ ਸਟਾ (sta) ਹੈ ਜਿਸ ਦਾ ਅਰਥ ਸੰਸਕ੍ਰਿਤ ਧਾਤੂ ਸਥ ਦੀ ਹੀ ਤਰ੍ਹਾਂ ਖੜਾ ਹੋਣਾ, ਸਥਿਤ ਹੋਣਾ ਹੁੰਦਾ ਹੈ। ਇਸ ਤੋਂ ਹੀ ਅੰਗਰੇਜ਼ੀ ਦੇ stand ਤੇ ਸਟੇਸ਼ਨ ਸ਼ਬਦ ਬਣੇ। ਸਥਾਨ, ਥਾਂ, ਥਾਣਾ, ਫਾਰਸੀ ਅਸਲੇ ਵਾਲਾ ਸਤਾਨ, ਇਸੇ ਮੂਲ ਨਾਲ ਜਾ ਜੁੜਦੇ ਹਨ। ਹੁਣ ਆਈਏ ਸਟੂਲ 'ਤੇ। ਪੁਰਾਣੀ ਅੰਗਰੇਜ਼ੀ ਵਿਚ ਇਸ ਦਾ ਅਰਥ 'ਇਕ ਜਣੇ ਦੇ ਬੈਠਣ ਵਾਲੀ ਸੀਟ' ਸੀ। ਪੁਰਾਣੀਆਂ ਜਰਮੈਨਿਕ ਭਾਸ਼ਾਵਾਂ ਵਿਚ ਇਸ ਦਾ ਅਰਥ ਰਾਜ ਸਿੰਘਾਸਣ ਜਾਂ ਤਖਤ ਵੀ ਸੀ। ਹੌਲੀ ਹੌਲੀ ਸੀਟ ਲਈ ਚੇਅਰ ਸ਼ਬਦ ਵਰਤਿਆ ਜਾਣ ਲੱਗਾ ਤੇ ਸਟੂਲ ਦੀ ਵੁੱਕਤ ਘਟ ਗਈ। ਇਸ ਦੀ ਢੋਅ ਤੇ ਬਾਹਵਾਂ ਲਹਿ ਗਈਆਂ ਤੇ ਇਹ ਅੱਜ ਵਰਗਾ ਨਿਮਾਣਾ ਜਿਹਾ ਆਸਣ ਬਣ ਗਿਆ। ਫਿਰ ਸਟੂਲ ਦਾ ਅਰਥ 'ਨਿੱਜੀ' ਹੋ ਗਿਆ ਤੇ ਨਿਘਰਦਾ ਨਿਘਰਦਾ 'ਇਕ ਵਾਰੀ ਵਿਚ ਫਿਰੀ ਟੱਟੀ' ਜਾਂ ਝਾੜਾ ਹੋ ਗਿਆ।

# ਕਟਹਿਰੇ 'ਚ ਹਾਸਾ

ਅਵਤਾਰ ਗੋਂਦਾਰਾ

ਫਰੀਦਕੋਟ ਬਾਰ ਦੇ ਸੀਨੀਅਰ ਵਕੀਲ ਸੰਤ ਸਿੰਘ ਧਾਲੀਵਾਲ ਅਕਸਰ ਲੰਚ ਵੇਲੇ ਬਾਰ ਦੀ ਲਾਇਬ੍ਰੇਰੀ 'ਚ ਅਖਬਾਰ ਪੜ੍ਹਨ ਆਉਂਦੇ। ਇਕ ਵਕੀਲ ਕਿੰਨੇ ਚਿਰ ਤੋਂ ਅਖਬਾਰ ਦੇ ਪਹਿਲੇ ਪੰਨੇ 'ਤੇ ਅੱਖਾਂ ਗੱਡੀ ਬੈਠਾ ਸੀ ਤੇ ਅਖਬਾਰ ਛੱਡਣ ਦਾ ਨਾਂ ਨਹੀਂ ਸੀ ਲੈ ਰਿਹਾ। ਬੈਠਿਆਂ ਬੈਠਿਆਂ ਧਾਲੀਵਾਲ ਸਾਹਿਬ ਔਖਵੀ ਮਹਿਸੂਸ ਕਰਨ ਲਗੇ। ਅੱਕ ਕੇ ਪੁੱਛ ਹੀ ਲਿਆ ਕਿ ਕੀ ਗੱਲ ਹੈ? ਅਖਬਾਰ ਦੇ ਪਹਿਲੇ ਪੰਨੇ 'ਤੇ ਹੀ ਅੱਖਾਂ ਗੱਡੀਆਂ, ਜਨਾਬ ਅਗਾਂਹ ਵੀ ਵੇਖ ਲੋ? ਦੂਜੇ ਸਾਹਿਬ ਬੋਲੇ, "ਯਾਰ ਗਾਂਹ ਕੀ ਵੇਖਾਂ, ਇਹ ਸਮਝ ਨਹੀਂ ਆਈ, ਲਿਖਿਐ, ਪੈਂਟ ਹੜ੍ਹ ਮਾਰੇ ਇਲਾਕੇ 'ਚ ਉਡੀ, ਪੈਂਟ ਉਡੀ ਕਿਵੇਂ ਫਿਰੀ? ਉਨ੍ਹਾਂ ਦੀ ਨਜ਼ਰ ਅਖਬਾਰ ਦੇ ਪਹਿਲੇ ਪੰਨੇ ਦੀ ਸੁਰਖੀ 'ਚ ਅੜੀ ਹੋਈ ਸੀ। ਸੁਰਖੀ ਸੀ, 'Pant flies over the flooded area' ਗੱਲ ਸੁਣ ਕੇ ਧਾਲੀਵਾਲ ਸਾਹਿਬ ਵੀ ਹੈਰਾਨ ਹੋਏ ਕਿ ਪੈਂਟ ਕਿਵੇਂ ਉਡ ਸਕਦੀ ਹੈ? ਉਨ੍ਹਾਂ ਅਖਬਾਰ ਫੜਿਆ ਤੇ ਸੁਰਖੀ ਦੇ ਨਾਲ ਨਾਲ ਖਬਰ ਵੀ ਪੜ੍ਹੀ। ਖਬਰ ਪੜ੍ਹ ਕੇ ਉਨ੍ਹਾਂ ਨੂੰ ਅੜਾਉਣੀ ਸਮਝ ਆਈ ਤੇ ਹੱਸਣ ਲਗੇ। ਬੋਲੇ, "ਭਾਈ, ਇਹ ਖਬਰ ਪੈਂਟ ਦੇ ਉਡਣ ਬਾਰੇ ਨਹੀਂ, ਬਲਕਿ ਕੇਂਦਰੀ ਮੰਤਰੀ ਪੰਤ ਬਾਰੇ ਹੈ, ਜਿਸ ਨੇ ਹੈਲੀਕਾਪਟਰ 'ਚ ਬੈਠ ਕੇ ਹੜ੍ਹ ਮਾਰੇ ਇਲਾਕੇ ਦਾ ਗੇੜਾ ਕਢਿਐ।"

ਉਨ੍ਹਾਂ ਦਿਨਾਂ 'ਚ ਫਿਰੋਜ਼ਪੁਰ ਇਲਾਕੇ 'ਚ ਹੜ੍ਹ ਆਏ ਹੋਏ ਸਨ ਤੇ ਕੇਂਦਰੀ ਮੰਤਰੀ ਨੇ ਹਵਾਈ ਸਰਵੇਖਣ ਕੀਤਾ ਸੀ।

ਧਾਲੀਵਾਲ ਸਾਹਿਬ ਹਾਜ਼ਰ ਜਵਾਬ ਵੀ ਬਹੁਤ ਸਨ। ਇਕ ਦਿਨ ਇਕ ਸਾਇਲ ਆਇਆ ਤੇ ਕਹਿੰਦਾ, ਜੀ ਵਕੀਲ ਕਰਨਾ ਹੈ। ਉਸ ਨੂੰ ਜੱਜ ਨੇ ਕਿਹਾ ਸੀ ਕਿ ਵਕੀਲ ਪੇਸ਼ ਕਰੇ। ਧਾਲੀਵਾਲ ਸਾਹਿਬ ਨੇ ਫੀਸ ਦੱਸੀ ਤੇ ਲਫਾਫਾ ਲਿਆਉਣ ਲਈ ਕਿਹਾ। ਸਾਇਲ ਫੀਸ ਸੁਣ ਕੇ ਤ੍ਰਭਕ ਗਿਆ। ਕਹਿੰਦਾ, "ਜੀ ਜੱਜ ਤਾਂ ਕਹਿੰਦਾ ਸੀ, ਵਕੀਲ ਚਾਰ-ਪੰਜ ਸੌ ਰੁਪਏ 'ਚ ਹੋ ਜੂ, ਤੁਸੀਂ ਤਾਂ ਬਾਹਲੀ ਫੀਸ ਮੰਗੀ ਜਾਂਦੇ ਹੋ?" ਧਾਲੀਵਾਲ ਸਾਹਿਬ ਨੂੰ ਜੱਜ ਦੀ ਗੱਲ ਚੁਭੀ। ਬੋਲੇ, "ਜਾਹ ਜੱਜ ਨੂੰ ਕਹਿ ਕਿ ਜੀ ਚਾਰ-ਪੰਜ ਸੌ ਲੈਣ ਵਾਲਾ ਵਕੀਲ ਤਾਂ ਕੋਈ ਨੀਂ, ਜਿਹੜੇ ਸੀ ਉਹ ਸਾਰੇ ਜੱਜ ਬਣ ਗਏ ਆ।" ਸਾਇਲ ਨੇ ਉਵੇਂ ਜਾ ਕੇ ਜੱਜ ਨੂੰ ਦੱਸ ਦਿੱਤਾ।

ਫਰੀਦਕੋਟ ਛੱਡ ਕੇ ਚੰਡੀਗੜ੍ਹ ਜਾ ਵਸੇ ਐਡਵੋਕੇਟ ਇੰਦਰਜੀਤ ਬਰਾੜ ਨੂੰ ਵੀ ਬੜੀ ਗੱਲ ਫੁਰਦੀ ਹੈ। ਟੋਟਕੇ ਸੁਣਾ ਸੁਣਾ ਉਹ ਅਕਸਰ ਹਸਾਉਂਦਾ ਰਹਿੰਦਾ ਹੈ। ਇਕ ਵਾਰ ਕਾਲੇ ਰੰਗ ਤੇ ਹਰੜ ਵਾਂਗ ਸੁਕਿਆ ਬੰਦਾ, ਉਸ ਕੋਲ ਹਲਫੀਆਂ ਬਿਆਨ ਤਸਦੀਕ ਕਰਵਾਉਣ ਆਇਆ। ਉਸ ਨੇ ਨਾਂ ਪੁੱਛਿਆ। ਬੰਦਾ ਬੋਲਿਆ, "ਜੀ ਸੋਹਣਾ।" ਬਰਾੜ ਨੇ ਕਿਹਾ, "ਉਹ ਤਾਂ ਦਿਸੀ ਜਾਂਦਾ ਐ, ਆਵਦੇ ਪਿਉ ਦਾ ਨਾਂ ਦੱਸ।" ਬਰਾੜ ਦੀ ਬਿਮਾਰਪੁਰਸ਼ੀ ਦੀ ਘਟਨਾ ਵੀ ਹਾਸੇ ਦਾ ਸਬੱਬ ਬਣੀ ਰਹੀ ਹੈ। ਉਨ੍ਹਾਂ ਦੀ ਐਕਸੀਡੈਂਟ ਵਿਚ ਬਾਂਹ ਟੁੱਟ ਗਈ। ਸਾਰੇ ਵਕੀਲ ਗਾਹੇ-ਬਗਾਹੇ ਉਸ ਦਾ ਪਤਾ ਲੈਣ ਗਏ। ਇਕ ਵਕੀਲ ਵਿਸ਼ੇਸ਼ ਤੌਰ 'ਤੇ ਪਸੀਜਿਆ ਗਿਆ। ਉਹ ਬਰਾੜ ਦੇ ਪਲਸਤਰ ਲਗਿਆ ਵੇਖ ਕੇ ਬਾਰ ਬਾਰ ਸਿਰ ਫੇਰੀ ਜਾਵੇ ਅਤੇ ਅਫਸੋਸ ਕਰੀ ਜਾਵੇ। ਹਮਦਰਦੀ ਜਤਾਉਣ ਲਈ ਉਸ ਨੇ ਕਿਹਾ, "ਬਹੁਤ ਮਾੜੀ ਗੱਲ ਹੋਈ, ਬਾਂਹ ਟੁੱਟ ਗਈ, ਏਦੂੰ ਤਾਂ ਬੰਦਾ ਮਰਿਆ ਚੰਗਾ।"

ਭੱਜ ਨੱਠ ਵਾਲੀ ਜ਼ਿੰਦਗੀ ਵਿਚ ਨਾਂ, ਗੱਲਾਂ ਅਤੇ ਕੰਮ ਭੁਲਣ ਦਾ ਵਰਤਾਰਾ ਆਮ ਹੈ। ਕੁੱਛੜ ਕੁੜੀ ਗਰਾਂ ਹੋਕਾ ਵਾਲੀ ਕਹਾਵਤ ਆਮ ਵਾਪਰਦੀ ਰਹਿੰਦੀ ਹੈ। ਬਾਰ ਦੇ ਇਕ ਮੋਹਤਬਰ ਮੈਂਬਰ ਅਕਾਲੀ ਦਲ ਦੇ ਸਰਕਰਦਾ ਮੈਂਬਰ ਵੀ ਜਾਣੇ। ਵਕਾਲਤ ਦਾ ਕੰਮ ਤੇ ਉਤੋਂ ਪਾਰਟੀ ਦੀਆਂ ਜ਼ਿੰਮੇਵਾਰੀਆਂ। ਸੁਰਤ ਭੁਲੀ ਰਹਿੰਦੀ ਹੈ। ਇਕ ਦਿਨ ਮੀਟਿੰਗ 'ਤੇ ਜਾਣਾ ਸੀ, ਕਾਰ ਗਿਅਰ 'ਚ ਪਾ ਲਈ ਤੇ ਅੱਗੇ ਪਿੱਛੇ ਕਰੀ ਜਾਣ। ਪਿਛੇ ਬੈਠੇ ਗੰਨਮੈਨ ਨੂੰ ਕਹਿੰਦੇ, "ਯਾਰ ਕਾਰ ਤੁਰਦੀ ਕਿਉਂ ਨਹੀਂ?" ਗੰਨਮੈਨ ਬੋਲਿਆ, "ਜਨਾਬ ਤੁਰੇ ਕਿਥੋਂ, ਗਿਅਰ 'ਚ ਪਾਈ ਜਾਨੇ ਆਂ, ਸਟਾਰਟ ਤਾਂ ਕੀਤੀ ਨਹੀਂ।"

ਇਹੀ ਵਕੀਲ ਸਾਹਿਬ ਇਕ ਦਿਨ ਅੰਮ੍ਰਿਤਸਰ ਗਏ। ਪਾਰਟੀ ਦੀ ਜ਼ਰੂਰੀ ਮੀਟਿੰਗ ਸੀ। ਕਾਰ 'ਚੋਂ ਜਾਣ ਲਗਿਆਂ ਗੰਨਮੈਨ ਨੂੰ ਕਹਿੰਦੇ, ਕਾਰ ਕੋਲ ਰਹੀਂ, ਵਿਚੋਂ ਕੋਈ ਚੀਜ ਚੋਰੀ ਨਾ ਹੋ ਜੇ।" ਮੀਟਿੰਗ ਤੋਂ ਆ ਕੇ ਕਾਰ 'ਚ ਬੈਠ ਗਏ। ਆਸੇ-ਪਾਸੇ ਹਥ ਮਾਰਿਆ ਤੇ ਗੰਨਮੈਨ ਨੂੰ ਝਿੜਕਦਿਆਂ ਬੋਲੇ, "ਮੇਰੀ ਐਨਕ ਕਿੱਥੇ ਆ, ਤੂੰ ਕਾਰ ਕੋਲ ਨਹੀਂ ਠਹਿਰਿਆ ਹੋਵੇਂਗਾ, ਕੋਈ ਚੁਕ ਕੇ ਲੈ ਗਿਆ।"

ਉਸ ਨੇ ਵਕੀਲ ਸਾਹਿਬ ਵਲ ਦੇਖਿਆ ਤੇ ਬੋਲਿਆ, "ਜਨਾਬ ਜਿਹੜੀ ਥੋਡੇ ਲਗੀ ਆ, ਇਹ ਉਹੀ ਐਨਕ ਆ ਕਿ ਕੋਈ ਹੋਰ?" ਦਰਅਸਲ ਉਹੀ ਐਨਕ ਉਸ ਦੇ ਲਗੀ ਸੀ। ਇਕ ਵਾਰ ਤਾਂ ਹੱਦ ਹੀ ਹੋ ਗਈ। ਕਚਹਿਰੀ ਪਹੁੰਚ ਕੇ ਪਤਾ ਲਗਿਆ ਕਿ ਜ਼ਰੂਰੀ ਕੇਸ ਦਾ ਬਰੀਫ ਘਰੇ ਰਹਿ ਗਿਆ ਹੈ। ਤੁਰੰਤ ਵਾਪਸ ਮੁੜੇ। ਦਫਤਰੋਂ ਬਰੀਫ ਚੁਕਿਆ। ਫਰਿਜ 'ਚੋਂ ਪਾਣੀ ਕਢ ਕੇ ਪੀਤਾ। ਕਚਹਿਰੀ ਪਹੁੰਚ ਕੇ ਗੰਨਮੈਨ ਨੂੰ ਕਹਿੰਦੇ, ਜਾ ਕਾਰ 'ਚੋਂ ਬਰੀਫ ਚੁਕ ਕੇ ਲਿਆ। ਉਹ ਗਿਆ ਤਾਂ ਦੇਖਿਆ ਬਰੀਫ ਉਥੇ ਨਹੀਂ ਸੀ। ਬਰੀਫ ਨੂੰ ਲਿਆਉਣ ਦਾ ਗੇੜਾ ਐਵੇਂ ਗਿਆ। ਗੰਨਮੈਨ ਫਿਰ ਘਰੇ ਗਿਆ ਤਾਂ ਬਰੀਫ ਫਰਿਜ 'ਤੇ ਪਿਆ ਸੀ।

ਨਾਂਵਾਂ ਦੇ ਭੁਲੇਖੇ ਤਾਂ ਅਕਸਰ ਪੈ ਜਾਂਦੇ ਹਨ। ਪਰ ਨਾਂਵਾਂ ਦੀ ਕਾਇਆਕਲਪ ਕਿਵੇਂ ਹੁੰਦੀ ਹੈ, ਇਸ ਦੀਆਂ ਝਲਕੀਆਂ ਵੀ ਕਚਹਿਰੀਆਂ 'ਚ ਵੇਖਣ ਵਾਲੀਆਂ ਹਨ। ਇਕ ਭੌਰ ਭੌਰ ਬੀਬੀ ਕਚਹਿਰੀ 'ਚ ਆਪਣੇ ਵਕੀਲ ਦਾ ਅੱਡਾ ਭੁਲ ਗਈ। ਉਸ ਨੂੰ ਦਰਅਸਲ ਚੌਧੀ ਲੱਗ ਗਈ ਸੀ। ਉਸ ਨੂੰ ਨਾਂ ਵੀ ਯਾਦ ਨਹੀਂ ਸੀ। ਹੌਲੀ ਹੌਲੀ ਯਾਦ ਕਰਕੇ ਉਸ ਨੇ ਦੱਸਿਆ ਕਿ ਵਕੀਲ ਦਾ ਨਾਂ 'ਪਿਆਲੀ' ਹੈ। ਪਰ ਕਿਸੇ ਨੂੰ ਇਸ ਨਾਂ ਦੇ ਵਕੀਲ ਬਾਰੇ ਪਤਾ ਨਹੀਂ ਸੀ। ਪੁਰਾਣੇ ਮੁਨਸ਼ੀ ਗੁਰਬਖਸ਼ ਸਿੰਘ ਨੇ ਔਰਤ ਨੂੰ ਹੁਲੀਆ ਦੱਸਣ ਬਾਰੇ ਕਿਹਾ। ਉਸ ਨੇ ਦੱਸਿਆ ਕਿ ਰੰਗ ਗੋਰਾ ਹੈ, ਸਿਰ ਗੰਜਾ, ਕੱਦ ਮਧਰਾ ਹੈ, ਉਸ ਦਾ ਪਿਉ ਵੀ ਵਕੀਲ ਹੈ।

## ਚਲਦੇ-ਚਲਦੇ

ਸੋਚ ਸੋਚ ਕੇ ਉਸ ਨੇ ਲਖਣ ਲਾਇਆ। ਅਚਾਨਕ ਫੁਰਨੇ ਵਾਂਗ ਉਸ ਨੂੰ ਯਾਦ ਆਇਆ ਤੇ ਬੋਲਿਆ, "ਬੀਬੀ ਉਸ ਦਾ ਨਾਂ ਕਿਤੇ ਕੱਪੀ ਤਾਂ ਨਹੀਂ?" ਔਰਤ ਦੇ ਚਿਹਰੇ 'ਤੇ ਇਕ ਦਮ ਖੇੜਾ ਆ ਗਿਆ, ਬੋਲੀ, "ਹਾਂ ਹਾਂ ਬਾਈ ਕੱਪੀ ਹੀ ਆ।"

ਗੱਲ ਦਰਅਸਲ ਇਹ ਸੀ ਕਿ ਵਕੀਲ ਦਾ ਨਾਂ ਕਪਿਲ ਦੇਵ ਸੀ ਤੇ ਉਸ ਦਾ ਪਿਉ ਉਸ ਨੂੰ ਕੱਪੀ ਕਹਿ ਕੇ ਹੀ ਬੁਲਾਉਂਦਾ ਸੀ। ਬੀਬੀ ਵਿਚਾਰੀ ਨੂੰ ਭਾਂਡਾ ਯਾਦ ਰਿਹਾ, ਨਾਂ ਭੁੱਲ ਗਿਆ। ਕੱਪੀ ਨੂੰ ਪਿਆਲੀ ਬਣਾ ਲਿਆ। ਭਾਂਡਾ ਉਹੀ ਸੀ ਪਰ ਨਾਂ ਬਦਲ ਗਿਆ।

ਨਾਂ ਯਾਦ ਰੱਖਣ ਦਾ ਇਕ ਹੋਰ ਦਿਲਚਸਪ ਵਾਕਿਆ ਕੋਰਟ ਰੂਮ 'ਚ ਵਾਪਰਿਆ। ਇਕ ਕੇਸ 'ਚ ਕਈ ਵਾਰ 'ਵਾਜ ਪਈ। ਸਾਇਲ ਜਦੋਂ ਅੰਦਰ ਜਾਵੇ, ਜੱਜ ਕਹੇ ਆਵਦੇ ਵਕੀਲ ਨੂੰ ਲਿਆ। ਵਕੀਲ ਆਪਣੇ ਅੱਡੇ 'ਤੇ ਨਹੀਂ ਸੀ। ਉਹ ਵਾਪਸ ਮੁੜ ਆਵੇ। ਜੱਜ ਫਾਈਲ 'ਚ ਦੇਖਣ ਦੀ ਬਜਾਏ ਉਸ ਨੂੰ ਪੁੱਛਣ ਲੱਗਾ ਕਿ ਉਸ ਦਾ ਵਕੀਲ ਕੌਣ ਸੀ? ਉਸ ਨੂੰ ਨਾਂ ਯਾਦ ਨਹੀਂ ਸੀ ਆ ਰਿਹਾ। ਜਦੋਂ ਜੱਜ ਭੱਜ ਕੇ ਪਿਆ ਤਾਂ ਉਹ ਬੋਲਿਆ, "ਜੀ ਉਸ ਦਾ ਨਾਂ ਉਹ ਐ ਜੀ ਜਿੱਥੇ ਫੁੱਲ ਪਾਉਣ ਜਾਂਦੇ ਹੁੰਦੇ ਆ।" ਜੱਜ ਭੌਰ ਸੀ ਕਿ ਕਿਹੜਾ ਨਾਂ ਹੋਇਆ। ਕੋਲ ਖੜਾ ਇਕ ਵਕੀਲ ਬੋਲਿਆ, "ਜੀ ਇਸ ਦਾ ਵਕੀਲ ਹਰਦੁਆਰ ਸੰਧੂ ਹੋਣੈ।" ਸਾਇਲ ਖੁਸ਼ ਹੋ ਗਿਆ ਕਹਿੰਦਾ, "ਹਾਂ ਜੀ ਉਹੀ ਹੀ ਹੈ।"

# ਦੀਪਿਕਾ ਦਾ ਚਿਰਾਗ-ਏ-ਦਿਲ



ਅਦਾਕਾਰਾ ਦੀਪਿਕਾ ਪਾਦੂਕੋਣ ਫਿਲਮਸਾਜ਼ ਜ਼ੋਇਆ ਅਖ਼ਤਰ ਦੀ ਨਵੀਂ ਆ ਰਹੀ ਫਿਲਮ 'ਦਿਲ ਧੜਕਨੇ ਦੋ' ਦੀ ਪਟਕਥਾ ਤੋਂ ਇੰਨੀ ਜ਼ਿਆਦਾ ਪ੍ਰਭਾਵਿਤ ਹੋਈ ਹੈ ਕਿ ਉਹ ਜ਼ੋਇਆ ਦੀ ਇਸ ਫਿਲਮ ਨਾਲ ਕਿਸੇ ਵੀ ਰੂਪ ਵਿਚ ਜੁੜਨ ਲਈ ਕਾਹਲੀ ਪੈ ਗਈ ਹੈ। ਉਹ ਆਖਦੀ ਹੈ, "ਪਟਕਥਾ ਅਤੇ ਕਹਾਣੀ ਸੁਣ ਕੇ ਮੇਰੇ ਦਿਲ ਦਾ ਚਿਰਾਗ ਜਗ ਉਠਿਆ। ਇਸ ਤਰ੍ਹਾਂ ਦਾ ਅਹਿਸਾਸ ਉਸ ਵਕਤ ਹੋਇਆ ਸੀ ਜਦੋਂ ਮੈਂ ਫਿਲਮਾਂ ਵਿਚ ਕੰਮ ਕਰਨ ਲਈ ਪਹਿਲੀ ਵਾਰ ਹਾਂ ਕੀਤੀ ਸੀ।" ਫਿਲਮ 'ਦਿਲ ਧੜਕਨੇ ਦੋ' ਵਿਚ ਮੁੱਖ ਭੂਮਿਕਾਵਾਂ ਰਣਬੀਰ ਸਿੰਘ, ਅਨੁਸ਼ਕਾ ਸ਼ਰਮਾ ਅਤੇ ਪ੍ਰਿਯੰਕਾ ਚੋਪੜਾ ਦੀਆਂ ਹਨ।

ਦੀਪਿਕਾ ਦਾ ਕਹਿਣਾ ਹੈ ਕਿ ਉਸ ਨੂੰ ਭਾਵੇਂ ਇਸ ਫਿਲਮ ਵਿਚ ਅਦਾਕਾਰੀ ਦਾ ਮੌਕਾ ਨਾ ਵੀ ਮਿਲੇ, ਤਾਂ ਵੀ ਉਹ ਕਿਸੇ ਹੋਰ ਰੂਪ ਵਿਚ ਫਿਲਮ ਨਾਲ ਜੁੜਨਾ ਪਸੰਦ ਕਰੇਗੀ। ਉਹ ਫਿਲਮ ਦੀ ਅਸਿਸਟੈਂਟ ਡਾਇਰੈਕਟਰ ਤੱਕ ਬਣਨ ਲਈ ਵੀ ਤਿਆਰ ਹੈ। ਦੀਪਿਕਾ ਪਾਦੂਕੋਣ ਨੇ ਬਹੁਤ ਘੱਟ ਸਮੇਂ ਵਿਚ ਫਿਲਮੀ ਦੁਨੀਆਂ ਵਿਚ ਆਪਣੀ ਪੈਂਠ ਬਣਾਈ ਹੈ ਅਤੇ ਫਿਲਮੀ ਦੁਨੀਆਂ ਵਾਲੇ ਹੁਣ ਉਸ ਨੂੰ ਮੰਨਦੇ ਹਨ। ਉਸ ਦੀ ਪਹਿਲੀ ਫਿਲਮ 'ਐਸ਼ਵਰਿਆ' ਜੋ ਕੰਨੜ ਵਿਚ ਬਣਾਈ ਗਈ ਸੀ, 2006 ਵਿਚ ਆਈ ਸੀ। 2007 ਵਿਚ ਉਸ ਦੀ ਪਹਿਲੀ ਹੀ ਹਿੰਦੀ ਫਿਲਮ 'ਓਮ ਸ਼ਾਂਤੀ ਓਮ' ਸੁਪਰ ਸਟਾਰ ਸ਼ਾਹਰੁਖ਼ ਖਾਨ ਨਾਲ ਸੀ। ਹਿੰਦੀ ਫਿਲਮਾਂ ਵਿਚ ਇਹ ਦੀਪਿਕਾ ਦੀ ਬਹੁਤ ਵੱਡੀ ਛਾਲ ਸੀ। ਇਸ ਤੋਂ ਬਾਅਦ ਉਸ ਦੀ ਗਿਣਤੀ ਫਿਲਮੀ ਦੁਨੀਆਂ ਦੀਆਂ ਚੋਟੀ ਦੀਆਂ ਪੰਜ ਸੱਤ ਅਦਾਕਾਰਵਾਂ ਵਿਚ ਹੋਣ ਲੱਗ ਪਈ। ਨਵੀਆਂ ਨਾਇਕਾਵਾਂ ਵਿਚ ਉਸ ਦੀ ਝੰਡੀ ਹੈ।

ਜ਼ੋਇਆ ਅਖ਼ਤਰ ਨੇ ਹੁਣ ਤੱਕ ਤਿੰਨ ਫਿਲਮਾਂ ਬਣਾਈਆਂ ਹਨ ਅਤੇ ਇਨ੍ਹਾਂ ਦੀ ਵਿਲੱਖਣਤਾ ਦੀ ਵਾਹਵਾ ਚਰਚਾ ਹੋਈ ਹੈ। ਇਨ੍ਹਾਂ ਫਿਲਮਾਂ ਵਿਚ 'ਲੱਕ ਬਾਈ ਚਾਂਸ' (2009), 'ਜ਼ਿੰਦਗੀ ਨਾ ਮਿਲੇਗੀ ਦੁਬਾਰਾ' (2011) ਅਤੇ 'ਬੰਬੇ ਟਾਕੀਜ਼' (2013) ਬਣਾਈਆਂ ਹਨ। 'ਬੰਬੇ ਟਾਕੀਜ਼' ਫਿਲਮ ਦੀ ਖਿਆਲ ਉਡਾਰੀ ਨੇ ਤਾਂ ਸਭ ਦਾ ਮਨ ਮੋਹ ਲਿਆ ਸੀ। ਉਂਝ ਵੀ ਜ਼ੋਇਆ ਅਖਤਰ ਦੀ ਫਿਲਮਾਂ ਪ੍ਰਤੀ ਪਹੁੰਚ ਦੀ ਬਹੁਤ ਪ੍ਰਸ਼ੰਸਾ ਹੋ ਰਹੀ ਹੈ। 'ਦਿਲ ਧੜਕਨੇ ਦੋ' ਇਕ ਅਜਿਹੇ ਪੰਜਾਬੀ ਪਰਿਵਾਰ ਦੀ ਕਹਾਣੀ ਹੈ ਜਿਸ ਦੇ ਮੈਂਬਰ ਮੰਦਬੁੱਧੀ ਦੇ ਸ਼ਿਕਾਰ ਹਨ। ਇਸ ਫਿਲਮ ਵਿਚ ਜ਼ੋਇਆ ਦਾ ਭਰਾ ਫਰਹਾਨ ਅਖ਼ਤਰ ਅਤੇ ਅਨਿਲ ਕਪੂਰ ਵੀ ਅਹਿਮ ਭੂਮਿਕਾਵਾਂ ਨਿਭਾਅ ਰਹੇ ਹਨ। ਫਿਲਮ ਵਿਚ ਰਣਬੀਰ ਸਿੰਘ ਅਤੇ ਪ੍ਰਿਯੰਕਾ ਚੋਪੜਾ ਭੈਣ ਭਰਾ ਬਣੇ ਹਨ। ਇਨ੍ਹਾਂ ਦੋਹਾਂ ਕਿਰਦਾਰਾਂ ਲਈ ਜ਼ੋਇਆ ਨੇ ਪਹਿਲਾਂ ਚਚੇਰੇ ਭੈਣ-ਭਰਾ ਰਣਬੀਰ ਕਪੂਰ ਅਤੇ ਕਰੀਨਾ ਕਪੂਰ ਨਾਲ ਗੱਲ ਚਲਾਈ ਸੀ ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਸੀ। ਇਸ ਫਿਲਮ ਲਈ ਜ਼ੋਇਆ ਨੇ ਤੱਬੂ ਨਾਲ ਵੀ ਸੰਪਰਕ ਕੀਤਾ ਸੀ ਪਰ ਤੱਬੂ ਇਸ ਗੱਲੋਂ ਔਖੀ ਹੋ ਗਈ ਕਿ ਉਸ ਨੂੰ ਮਾਂ ਦਾ ਰੋਲ ਦਿੱਤਾ ਜਾ ਰਿਹਾ ਹੈ। ਜ਼ੋਇਆ ਦਾ ਆਖਣਾ ਹੈ ਕਿ ਉਸ ਨੇ ਆਪਣੀ ਫਿਲਮ ਦੀ ਪਟਕਥਾ ਦੇ ਹਿਸਾਬ ਨਾਲ ਅਦਾਕਾਰਾਂ ਦੀ ਭਾਲ ਆਰੰਭ ਕੀਤੀ ਸੀ। ਹੋਰ ਕੋਈ ਵਿਚਾਰ ਉਸ ਦੇ ਮਨ ਵਿਚ ਨਹੀਂ ਸੀ। ਉਹ ਮਿਸਾਲ ਦਿੰਦੀ ਹੈ ਕਿ ਫਿਲਮ 'ਪਾ' ਵਿਚ ਵਿਦਿਆ ਬਾਲਨ ਨੇ ਅਮਿਤਾਭ ਬੱਚਨ ਦੀ ਮਾਂ ਦੀ ਭੂਮਿਕਾ ਨਿਭਾਈ ਸੀ। ਦੇਖਣਾ ਹੋਵੇ ਤਾਂ ਇਨ੍ਹਾਂ ਦੋਹਾਂ ਅਦਾਕਾਰਾਂ ਦੀ ਉਮਰ ਵਿਚ ਕਿੰਨਾ ਫਰਕ ਹੈ। ਨਾਲੇ ਅਦਾਕਾਰ ਤਾਂ ਅਦਾਕਾਰ ਹੁੰਦਾ ਹੈ ਅਤੇ ਅਜਿਹੀ ਸੂਰਤ ਵਿਚ ਮਸਲਾ ਸਬੰਧਤ ਕਿਰਦਾਰ ਨਾਲ ਸਿੱਧਾ ਜੁੜਿਆ ਹੁੰਦਾ ਹੈ। ਉਮਰਾਂ ਦੀਆਂ ਗੱਲਾਂ ਤਾਂ ਬਹੁਤ ਪਿਛਾਂਹ ਰਹਿ ਜਾਂਦੀਆਂ ਹਨ। ਜ਼ੋਇਆ ਅਖ਼ਤਰ ਨੇ ਜਨਮ ਭਾਵੇਂ ਚੋਟੀ ਦੇ ਸ਼ਾਇਰ ਜਾਵੇਦ ਅਖ਼ਤਰ ਅਤੇ ਮਸ਼ਹੂਰ ਪਟਕਥਾ ਲੇਖਕ ਹਨੀ ਇਰਾਨੀ ਦੇ ਘਰ ਲਿਆ ਪਰ ਉਸ ਨੇ ਫਿਲਮੀ ਦੁਨੀਆਂ ਵਿਚ ਆਪਣਾ ਮੁਕਾਮ ਆਪਣੀ ਲਿਆਕਤ ਅਤੇ ਨਫਾਸਤ ਦੇ ਸਿਰ ਉਤੇ ਹਾਸਲ ਕੀਤਾ। ਫਿਲਮੀ ਦੁਨੀਆਂ ਵਿਚ ਉਸ ਨੇ ਨਵੇਂ ਨਵੇਂ ਤਜਰਬੇ ਕਰਨ ਦਾ ਜੋਖਮ ਵੀ ਉਠਾਇਆ ਅਤੇ ਇਸ ਪੈਂਡੇ ਉਤੇ ਉਹ ਸਫ਼ਲ ਵੀ ਹੋਈ। ਉਸ ਦੀ ਤਾਰੀਫ ਵਿਚ ਤਾਂ ਸਭ ਨੇ ਕੁਝ ਨਾ ਕੁਝ ਕਿਹਾ ਹੈ।

ਫਿਲਮਸਾਜ਼ੀ ਤੋਂ ਇਲਾਵਾ ਉਸ ਨੇ ਤਿੰਨ ਫਿਲਮਾਂ 'ਤਲਾਸ਼', 'ਲੱਕ ਬਾਈ ਚਾਂਸ' ਅਤੇ 'ਜ਼ਿੰਦਗੀ ਨਾ ਮਿਲੇਗੀ ਦੁਬਾਰਾ' ਲਈ ਪਟਕਥਾਵਾਂ ਵੀ ਲਿਖੀਆਂ। ਆਪਣੀ ਨਵੀਂ ਫਿਲਮ 'ਦਿਲ ਧੜਕਨੇ ਦੋ' ਦੀ ਕਹਾਣੀ ਉਸ ਨੇ ਰੀਮਾ ਕਗਤੀ ਨਾਲ ਰਲ ਕੇ ਲਿਖੀ ਹੈ।










# ਸੋਨਾਕਸ਼ੀ ਸਿਨਹਾ ਤੇ ਯਾਮੀ ਗੌਤਮ ਦੀ ਸ਼ਰੀਕੇਬਾਜ਼ੀ



ਅਦਾਕਾਰਾ ਯਾਮੀ ਗੌਤਮ ਦੀ ਤੁਲਨਾ ਸੋਨਾਕਸ਼ੀ ਸਿਨਹਾ ਨਾਲ ਹੋਣੀ ਸ਼ੁਰੂ ਹੋ ਗਈ ਹੈ। ਉਧਰ, ਇਸ ਦਾ ਸਭ ਤੋਂ ਪਹਿਲੀ ਪ੍ਰਤੀਕਿਰਿਆ ਯਾਮੀ ਗੌਤਮ ਵੱਲੋਂ ਹੀ ਆਈ ਹੈ। ਉਸ ਦਾ ਕਹਿਣਾ ਹੈ ਕਿ ਸੋਨਾਕਸ਼ੀ ਸਿਨਹਾ ਨਾਲ ਉਸ ਦੀ ਤੁਲਨਾ ਕਰਨ ਦਾ ਕੋਈ ਆਧਾਰ ਹੀ ਨਹੀਂ ਹੈ। ਸਾਲ 2012 ਵਿਚ ਰਿਲੀਜ਼ ਹੋਈ ਫਿਲਮ 'ਵਿਕੀ ਡੋਨਰ' ਨਾਲ ਆਪਣੇ ਕੈਰੀਅਰ ਦੀ ਸ਼ੁਰੂਆਤ ਕਰਨ ਵਾਲੀ ਯਾਮੀ ਦੀ ਹਾਲ ਹੀ ਵਿਚ 'ਟੋਟਲ ਸਿਆਪਾ' ਫਿਲਮ ਰਿਲੀਜ਼ ਹੋਈ ਹੈ। ਉਸ ਮੁਤਾਬਕ ਅਜੇ ਤਾਂ ਉਸ ਦੀਆਂ ਸਿਰਫ ਦੋ ਹਿੰਦੀ ਫਿਲਮਾਂ ਹੀ ਆਈਆਂ ਹਨ ਜਦੋਂ ਕਿ ਸੋਨਾਕਸ਼ੀ ਉਸ ਤੋਂ ਪਹਿਲਾਂ ਦੀ ਫਿਲਮੀ ਦੁਨੀਆਂ ਵਿਚ ਕੰਮ ਕਰ ਰਹੀ ਹੈ। ਅਸਲ ਵਿਚ ਦੋਵੇਂ ਪ੍ਰਭੂ ਦੇਵਾ ਦੀ ਨਵੀਂ ਫਿਲਮ 'ਐਕਸ਼ਨ ਜੈਕਸ਼ਨ' ਵਿਚ ਇਕੱਠੀਆਂ ਕੰਮ ਕਰ ਰਹੀਆਂ ਹਨ। ਇਸ ਫਿਲਮ ਵਿਚ ਯਾਮੀ ਗੌਤਮ ਦਾ ਨਾਇਕ ਅਜੇ ਦੇਵਗਨ ਹੈ। ਫਿਲਮ ਅਕਤੂਬਰ ਵਿਚ ਰਿਲੀਜ਼ ਹੋਣੀ ਹੈ ਪਰ ਯਾਮੀ ਇਸ ਫਿਲਮ ਨੂੰ ਲੈ ਕੇ ਬਹੁਤ ਉਤਸ਼ਾਹਿਤ ਹੈ। ਸਾਲ 2014 ਵਿਚ ਹੀ ਯਾਮੀ ਦੀ ਇਕ ਹੋਰ ਫਿਲਮ 'ਹਮਾਰਾ ਬਜਾਜ' ਵੀ ਰਿਲੀਜ਼ ਹੋ ਰਹੀ ਹੈ। ਸੋਨਾਕਸ਼ੀ ਸਿਨਹਾ ਦੀਆਂ ਦੀਆਂ ਦੋ ਫਿਲਮਾਂ 'ਤੇਵਰ' ਅਤੇ 'ਹੋਲੀਡੇਅ' ਦੀ ਸ਼ੂਟਿੰਗ ਵੀ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਉਸ ਨੇ ਆਪਣੀ ਪਹਿਲੀ ਹੀ ਫਿਲਮ 'ਦਬੰਗ' (2010) ਨਾਲ ਫਿਲਮੀ ਦੁਨੀਆਂ ਵਿਚ ਆਪਣੀ ਪੈਂਠ ਬਣਾ ਲਈ ਸੀ।



# ਅਭੈ ਦਿਓਲ ਦੀ ਬੁਲੰਦੀ

ਅਭੈ ਦਿਓਲ ਆਪਣੇ ਤਾਏ ਧਰਮਿੰਦਰ ਦੀਆਂ ਦੋ ਫ਼ਿਲਮਾਂ 'ਬੰਦਨੀ' ਅਤੇ 'ਚੁਪਕੇ ਚੁਪਕੇ' ਦਾ ਰੀਮੇਕ ਬਣਾ ਰਿਹਾ ਹੈ। ਇਨ੍ਹਾਂ ਫ਼ਿਲਮਾਂ ਵਿਚ ਅਭੈ ਦਿਓਲ ਨਾਲ ਧਰਮਿੰਦਰ ਵੀ ਅਦਾਕਾਰੀ ਕਰਨਗੇ। ਅਭੈ ਦੀ ਸਹੇਲੀ ਪ੍ਰੀਤੀ ਦੇਸਾਈ ਤੋਂ ਇਲਾਵਾ ਹੋਰ ਕਲਾਕਾਰਾਂ ਦੀ ਚੋਣ ਕੀਤੀ ਜਾ ਰਹੀ ਹੈ। ਇਨ੍ਹਾਂ ਫ਼ਿਲਮਾਂ ਦਾ ਨਿਰਮਾਣ ਵੀ ਅਭੈ ਦਿਓਲ ਹੀ ਕਰ ਰਿਹਾ ਹੈ। ਇਸ ਤੋਂ ਪਹਿਲਾਂ ਉਹ 'ਵੰਨ ਬਾਈ ਟੂ' ਦਾ ਸਹਿ-ਨਿਮਾਤਾ ਬਣ ਚੁੱਕਾ ਹੈ। ਹੁਣ ਉਸ ਦੀ ਫਿਲਮ 'ਰੌਕ ਦਿ ਸ਼ਾਦੀ' ਆ ਰਹੀ ਹੈ ਪਰ ਇਹ ਫਿਲਮ ਕੁਝ ਕਾਰਨਾਂ ਕਰ ਕੇ ਥੋੜ੍ਹੀ ਲੇਟ ਹੋ ਗਈ ਹੈ। ਇਹ ਫਿਲਮ ਹੁਣ ਅਗਸਤ ਵਿਚ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫ਼ਿਲਮ ਦਾ ਨਿਰਦੇਸ਼ਕ ਨਵਦੀਪ ਸਿੰਘ ਦਾ ਹੈ ਅਤੇ ਇਸ ਵਿਚ ਅਭੈ ਦੇ ਨਾਲ ਜੇਨੇਲੀਆ ਡਿਸੂਜ਼ਾ ਅਤੇ ਉਸ ਦੀ ਸਹੇਲੀ ਪ੍ਰੀਤੀ ਦੇਸਾਈ ਦੀਆਂ ਮੁੱਖ ਭੂਮਿਕਾਵਾਂ ਹਨ। ਇਸ ਫਿਲਮ ਦਾ ਨਾਂ ਪਹਿਲਾਂ 'ਸ਼ਾਦੀ ਔਫ ਦਿ ਡੈੱਡ' ਰੱਖਿਆ ਗਿਆ ਸੀ ਪਰ ਬਾਅਦ ਵਿਚ ਨਾਂ ਬਦਲ ਦਿੱਤਾ ਗਿਆ। ਇਸ ਫ਼ਿਲਮ ਦਾ ਰੰਗ ਪੂਰਾ-ਪੂਰਾ ਪੰਜਾਬੀ ਹੈ। ਇਸ ਵਿਚ ਪੰਜਾਬੀ ਵਿਆਹ ਨੂੰ ਆਧਾਰ ਬਣਾਇਆ ਗਿਆ ਹੈ। ਜੋਸ਼ੋ-ਖਰੋਸ਼ ਵਾਲੀ ਇਹ ਫਿਲਮ ਕਾਮੇਡੀ ਰੰਗ ਵਾਲੀ ਹੈ।



ਅਭੈ ਆਪਣੀਆਂ ਵਿਲੱਖਣ ਭੂਮਿਕਾਵਾਂ ਕਾਰਨ ਸਦਾ ਚਰਚਾ ਵਿਚ ਰਿਹਾ ਹੈ। ਉਸ ਵੀ ਕੋਈ ਫਿਲਮ ਭਾਵੇਂ ਚੱਲੀ ਭਾਵੇਂ ਨਹੀਂ, ਪਰ ਅਭੈ ਦੀ ਅਦਾਕਾਰੀ ਦੀ ਚਰਚਾ ਜ਼ਰੂਰ ਹੋਈ ਹੈ। ਇਸੇ ਕਰ ਕੇ ਫਿਲਮੀ ਦੁਨੀਆਂ ਵਾਲੇ ਆਖਦੇ ਹਨ ਕਿਸੇ ਨਾ ਕਿਸੇ ਅਭੈ ਫਿਲਮੀ ਦੁਨੀਆਂ ਦੀ ਬੁਲੰਦੀਆਂ ਛੂਹੇਗਾ। ਇਸ ਫਿਲਮ ਨਾਲ ਉਹ ਆਪਣੀ ਮੰਜ਼ਿਲ ਵੱਲ ਇਕ ਕਦਮ ਹੋਰ ਪੁੱਟੇਗਾ।

ਅਭੈ ਦਿਓਲ ਨੇ ਥੋੜ੍ਹੇ ਸਮੇਂ ਵਿਚ ਹੀ ਫਿਲਮੀ ਦੁਨੀਆਂ ਵਿਚ ਆਪਣੀ ਵਿਸ਼ੇਸ਼ ਥਾਂ ਬਣਾ ਲਈ ਹੈ। ਉਸ ਨੂੰ ਭਾਵੇਂ ਆਪਣੇ ਚਾਚੇ ਧਰਮਿੰਦਰ ਦਾ ਵੀ ਬਥੇਰਾ ਸਹਾਰਾ ਰਿਹਾ ਹੈ ਪਰ ਉਸ ਨੇ ਧਰਮਿੰਦਰ ਨਾਲੋਂ ਐਨ ਵੱਖਰੀਆਂ ਫਿਲਮਾਂ ਕਰ ਕੇ ਇਹ ਦਰਸਾ ਦਿੱਤਾ ਹੈ ਕਿ ਉਹ ਆਪਣੀ ਰਾਹ ਆਪ ਬਣਾਉਣ ਦੀ ਸਮਰੱਥਾ ਰੱਖਦਾ ਹੈ। ਉਸ ਦੀਆਂ ਫਿਲਮਾਂ ਦੀ ਚੋਣ ਵੀ ਇਹੀ ਤੱਥ ਦਰਸਾਉਂਦੀ ਹੈ।

# ਉਤਰੀ ਕੈਲੀਫੋਰਨੀਆ ਦੇ ਵਾਸੀਆਂ ਦੇ ਧਿਆਨਯੋਗ

# ਨਵੇਂ ਡਾਕਟਰੀ ਇਲਾਜ ਰਾਹੀਂ ਲੱਤਾਂ ਦੇ ਦਰਦ, ਪੈਰਾਂ ਦੇ ਦਰਦ ਅਤੇ ਨਸਾਂ ਦੇ ਦਰਦ ਤੋਂ ਤੁਰੰਤ ਰਾਹਤ ਮਿਲਦੀ ਹੈ

(ਮੈਡੀਕੇਅਰ ਅਤੇ ਮੈਡੀਕੈਲ ਕਵਰ ਕਰਦੀ ਹੈ)




ਨੀਲੀਆਂ (ਵੈਰੀਕੋਜ਼) ਨਸਾਂ | ਸੋਜ਼ਿਸ਼ | ਅਲਸਰ

## ਯੂਬਾ ਸਿਟੀ, ਸੈਕਰਾਮੈਂਟੋ, ਸਟਾਕਟਨ, ਮਾਡੈਸਟੋ, ਮਰਸਡ, ਫਰਿਜ਼ਨੋ, ਬੇਕਰਜ਼ਫੀਲਡ

ਅਤੇ ਨਾਲ ਲੱਗਦੇ ਹੋਰ ਸ਼ਹਿਰਾਂ ਵਿਚ ਵੀ ਕਲੀਨਿਕ ਖੁਲ੍ਹ ਚੁਕੀ ਹੈ। ਸਲਾਹ ਲੈਣ, ਇਹ ਪਤਾ ਲਾਉਣ ਕਿ ਤੁਸੀਂ ਇਸ ਬਹੁਤ ਹੀ ਕਾਰਗਰ ਇਲਾਜ਼ ਲਈ ਯੋਗ ਹੋ, ਅੱਜ ਹੀ ਕਾਲ ਕਰੋ

## ਫੋਨ: 1-888-473-0372

## ਸਾਡੇ ਮਰੀਜ ਆਪਣੇ ਅਨੁਭਵ ਬਾਰੇ ਕੀ ਕਹਿੰਦੇ ਹਨ?

ਪਿਛਲੇ ਦਸ ਸਾਲਾਂ ਤੋਂ ਮੈਂ ਲੱਤਾਂ ਵਿਚ ਹੁੰਦੇ ਦਰਦ ਤੋਂ ਬੇਹਦ ਪ੍ਰੇਸ਼ਾਨ ਸੀ ਅਤੇ ਵਰ੍ਹਿਆਂ ਤੋਂ ਕੌਮਾਡੀਨ ਲੈਂਦਾ ਆ ਰਿਹਾ ਸਾਂ।
ਮੈਂ ਪੈਸਿਫਿਕ ਕੋਸਟ ਮੈਡੀਕਲ ਸੈਂਟਰ ਤੋਂ ਇਲਾਜ ਕਰਵਾਇਆ ਤਾਂ ਮੇਰੀਆਂ ਲੱਤਾਂ ਅਤੇ ਪੈਰ ਪਹਿਲਾਂ ਦੇ ਮੁਕਾਬਲੇ ਕਿਤੇ ਚੰਗੇ ਹਨ।
ਕਲੀਨਿਕ ਦਾ ਸਟਾਫ ਬਹੁਤ ਹੀ ਚੰਗਾ ਲੱਗਿਆ ਅਤੇ ਇਲਾਜ ਦੌਰਾਨ ਜ਼ਰਾ ਜਿੰਨੀ ਵੀ ਤਕਲੀਫ ਨਹੀਂ ਹੋਈ। ਮੈਂ ਆਪਣੇ ਰੋਜ਼-ਬਰੋਜ਼ ਦੇ ਕੰਮ-ਕਾਜ ਉਸੇ ਹੀ ਦਿਨ ਤੋਂ ਕਰਨ ਲੱਗ ਪਿਆ। ਮੈਂ ਹਰ ਉਸ ਸਖਸ਼ ਨੂੰ ਇਹ ਇਲਾਜ ਕਰਵਾਉਣ ਦੀ ਸਲਾਹ ਦਿਆਂਗਾ ਜੋ ਲੱਤਾਂ ਅਤੇ ਵੈਰੀਕੋਜ਼ ਵੀਨਜ਼ ਦੇ ਦਰਦ ਤੋਂ ਪ੍ਰੇਸ਼ਾਨ ਹੈ।

*-ਹਾਵਰਡ ਡੈਂਪਸੀ (ਰਿਟਾਇਰਡ), ਉਮਰ 74 ਸਾਲ*

ਮੇਰੀਆਂ ਲੱਤਾਂ ਵਿਚ ਜਾਨ ਕੱਢ ਲੈਣ ਵਾਲੀ ਦਰਦ ਹੋਇਆ ਕਰਦੀ ਸੀ। ਮੇਰੀਆਂ ਲੱਤਾਂ ਵਿਚ ਹਮੇਸ਼ਾ ਹੀ ਕੜੱਲ ਪੈਂਦੇ ਰਹਿੰਦੇ ਸਨ।
ਮੈਂ ਪੈਸਿਫਿਕ ਮੈਡੀਕਲ ਕੋਸਟ ਸੈਂਟਰ ਬਾਰੇ ਇਕ ਲੇਖ ਪੜ੍ਹਿਆ ਜਿਸ ਤੋਂ ਪਤਾ ਲੱਗਾ ਕਿ ਉਹ ਲੱਤਾਂ ਦੇ ਦਰਦ ਦੇ ਮਰੀਜ ਹਨ, ਦਾ ਇਲਾਜ ਕਰਦੇ ਹਨ। ਮੈਂ ਕਲੀਨਿਕ ਜਾਣ ਅਤੇ ਸਲਾਹ ਲੈਣ ਦਾ ਫੈਸਲਾ ਕੀਤਾ। ਰੱਬ ਦਾ ਸ਼ੁਕਰ ਹੈ ਕਿ ਮੈਂ ਇੰਜ ਕੀਤਾ।
ਹੁਣ ਮੈਨੂੰ 75% ਆਰਾਮ ਹੈ ਅਤੇ ਕੜੱਲ ਬਿਲਕੁਲ ਨਹੀਂ ਪੈਂਦੇ।
ਪੈਸਿਫਿਕ ਕੋਸਟ ਮੈਡੀਕਲ ਸੈਂਟਰ ਵਾਲਿਆਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਮੈਨੂੰ ਮੁੜ ਜ਼ਿੰਦਗੀ ਦੇ ਰਾਹ ਪਾਇਆ।

*-ਫਲੋਰਾ ਐਸ (ਰਿਟਾਇਰਡ), ਉਮਰ 77 ਸਾਲ।*

## ਅਸੀਂ ਮਹੀਨੇ ਵਿਚ ਸਿਰਫ 30 ਅਪੁਆਇੰਟਮੈਂਟਾਂ ਹੀ ਲੈਂਦੇ ਹਾਂ, ਸੋ ਅੱਜ ਹੀ ਕਾਲ ਕਰੋ

## ਫੋਨ: 1-888-473-0372

# ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
# ਪੰਜਾਬ ਟਾਈਮਜ਼ ਦੀ 14ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ
# 'ਪੰਜਾਬ ਟਾਈਮਜ਼ ਨਾਈਟ' ਸਨਿਚਰਵਾਰ 5 ਅਪਰੈਲ 2014

**ਇੰਡੀਆ ਹਾਊਸ, ਸ਼ਾਮਬਰਗ** 1521 W. Schaumburg Rd., Schaumburg, IL 60194



ਗਾਇਕ ਮੰਗਜੀਤ ਸਿੰਘ ਮੰਗਾ

## ਪਹੁੰਚ ਰਹੇ ਕਲਾਕਾਰ



ਗਾਇਕ ਹਰਪ੍ਰੀਤ ਧਾਮੀ



ਗਾਇਕ ਤਰਸੇਮ ਅਟਵਾਲ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਦਿਲੋਂ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਅਮੋਲਕ ਸਿੰਘ ਗਾਖਲ, ਡਾ. ਨਵਦੀਪ ਕੌਰ ਸੰਧੂ, ਬਲਵਿੰਦਰ ਕੌਰ (ਨਿੱਕੀ) ਸੇਖੋਂ, ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਹਰਜੀਤ ਸਿੰਘ ਸਾਹੀ, ਬਲਵਿੰਦਰ ਸਿੰਘ ਸੰਧੂ, ਮਨਦੀਪ ਸਿੰਘ ਭੂਰਾ, ਜਗਦੀਸ਼ਰ ਸਿੰਘ ਕਲੇਰ, ਗੁਰਿੰਦਰ ਸਿੰਘ ਗਿੱਲ, ਸਰਬਜੀਤ ਥਿਆੜਾ



ਸਰਵਣ ਸਿੰਘ ਟਿਵਾਣਾ, ਦਰਸ਼ਨ ਸਿੰਘ ਦਰੜ, ਰਾਜਿੰਦਰ ਸਿੰਘ ਬੈਂਸ, ਜੈਦੇਵ ਸਿੰਘ ਭੱਠਲ, ਜੱਸੀ ਗਿੱਲ, ਦਰਸ਼ਨ ਸਿੰਘ ਗਰੇਵਾਲ, ਡਾ. ਹਰਗੁਰਮੁਖਪਾਲ ਸਿੰਘ, ਡਾ. ਤੇਜਿੰਦਰ ਸਿੰਘ ਮੰਡੇਰ, ਅਜੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ



ਡਾ. ਹਰਜਿੰਦਰ ਖਹਿਰਾ, ਨੀਟੂ ਕਾਹਲੋਂ, ਗੁਰਮੁਖ ਭੁੱਲਰ, ਸੁਰਿੰਦਰ ਭਾਟੀਆ

## ਸਪਾਂਸਰ

**(ਕੈਲੀਫੋਰਨੀਆ):** ਮੱਖਣ ਸਿੰਘ ਬੈਂਸ (ਰਾਜਾ ਸਵੀਟਸ), ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਕਸ਼ਮੀਰ ਸਿੰਘ ਧੁੱਗਾ, ਚਰਨ ਸਿੰਘ ਜੱਜ, ਰਛਪਾਲ ਸਿੰਘ ਫਰਵਾਲਾ, ਕਸ਼ਮੀਰ ਸਿੰਘ ਕਾਂਗਣਾ, ਗਿਆਨ ਸਿੰਘ ਬਿਲਗਾ, ਸੁਰਿੰਦਰ ਸਿੰਘ ਮੰਡਾਲੀ, ਹਰਜਿੰਦਰ ਢੇਸੀ, ਦਲਜੀਤ ਸਿੰਘ ਰਿਆੜ, ਹਰਜਿੰਦਰ ਸਿੰਘ ਹੈਪੀ, ਹਰਵਿੰਦਰ ਸਿੰਘ ਬਿੱਲਾ, ਐਸ ਪੀ ਸਿੰਘ, ਪਲਵਿੰਦਰ ਸਿੰਘ ਗੁਰਾਇਆ, ਗੁਰਚਰਨ ਸਿੰਘ ਮਾਨ, ਗੁਰਦਾਵਰ ਸਿੰਘ ਮਹੇੜੂ, ਸਰਬਜੋਤ ਸਿੰਘ ਸਵੱਦੀ; **(ਸ਼ਿਕਾਗੋ):** ਸਵਰਨ ਸਿੰਘ ਸੇਖੋਂ, ਦਰਸ਼ਨ ਸਿੰਘ, ਅੰਮ੍ਰਿਤਪਾਲ ਸਿੰਘ ਸੰਘਾ, ਜਗਜੀਤ ਸਿੰਘ ਢੀਂਡਸਾ, ਭੁਪਿੰਦਰ (ਭਿੰਦਾ) ਸਿੰਘ ਢਿੱਲੋਂ, ਰੋਨੀ ਕੁਲਾਰ, ਸੰਨੀ ਕੁਲਾਰ, ਸਤਿੰਦਰ ਸਿੰਘ ਸੁਸਾਣਾ, ਅੰਮ੍ਰਿਤਪਾਲ ਗਿੱਲ, ਕਰਨਲ ਨਿਰਮਲ ਸਿੰਘ ਸਿੰਘਾ, ਬਲਵਿੰਦਰ ਸਿੰਘ ਗਿਰਨ, ਠਾਕਰ ਸਿੰਘ ਬਸਾਤੀ, ਅਮਰਦੇਵ ਸਿੰਘ ਬੰਦੇਸ਼ਾ, ਹਰਦੀਪ ਸਿੰਘ ਬੰਦੇਸ਼ਾ, ਅਮਰੀਕ ਸਿੰਘ (ਅਮਰ ਕਾਰਪੈਟਸ), ਪਰਸਨ ਸਿੰਘ ਮਾਨ, ਜਗਮੀਤ ਸਿੰਘ, ਜੱਸੀ ਪਰਮਾਰ, ਬਲਕਾਰ ਸਿੰਘ ਢਿੱਲੋਂ, ਜਸਵਿੰਦਰ ਸਿੰਘ ਸੰਧੂ, ਕਿਰਪਾਲ ਸਿੰਘ ਰੰਧਾਵਾ, ਪਰਮਿੰਦਰ ਸਿੰਘ ਵਾਲੀਆ, ਡਾ. ਸਰਬਜੀਤ ਸਿੰਘ ਭੰਡਾਲ, ਜਸਵਿੰਦਰ ਜੱਸੀ, ਜਿੰਦਰ ਸਿੰਘ ਬੈਨੀਪਾਲ, ਰਛਪਾਲ ਖੰਗੂੜਾ, ਹਰਦੀਪ ਗਿੱਲ, ਸੰਤੋਖ ਸਿੰਘ ਡੀ ਸੀ, ਲੱਕੀ ਸਹੋਤਾ, ਅਜਮੇਰ ਸਿੰਘ ਪੰਨੂੰ, ਜਸਕਰਨ ਧਾਲੀਵਾਲ, ਚਰਨਜੀਤ (ਬਿੱਲਾ ਚਾਹ ਵਾਲਾ), ਦਰਸ਼ਨ ਸਿੰਘ ਬਸਰਾਓਂ, ਲਖਵੀਰ ਸਿੰਘ ਸੰਧੂ, ਸਤਨਾਮ ਸਿੰਘ ਔਲਖ, ਦਰਸ਼ਨ ਸਿੰਘ ਪੰਮਾ, ਹਰਵਿੰਦਰ ਸਿੰਘ ਕੰਗ, ਗੁਰ ਸਿੰਘ ਸਰਕਾਰੀਆ, ਮੱਤ ਸਿੰਘ ਢਿੱਲੋਂ, ਅਮੋਲਕ ਸਿੰਘ ਗਿੱਧਾ; ਹਰਮੇਲ ਸਿੰਘ ਥਿਆੜਾ (ਕੈਨਸਸ); ਬਹਾਦਰ ਸਿੰਘ ਸੈਲਮ; **(ਇੰਡੀਆਨਾ):** ਬਲਦੇਵ ਸਿੰਘ ਸੱਲਾਂ, ਕਮਲਜੀਤ ਵਿਰਕ, ਤੀਰਥ ਅਟਵਾਲ, ਪ੍ਰਿਥਪਾਲ ਸਿੰਘ ਘੋਤੜਾ, ਜਸਪਾਲ ਸਿੰਘ ਬਿੱਟੂ, ਮਨਜਿੰਦਰ ਸਿੰਘ ਸੰਧੂ, ਗੁਰਬਖਸ਼ ਰਾਹੀ, ਮਨਜੀਤ ਨਾਗਰਾ; **(ਮਿਸ਼ੀਗਨ):** ਦਲਬਾਰਾ ਸਿੰਘ ਮਾਂਗਟ, ਲਾਲੀ ਧਾਲੀਵਾਲ, ਕੁਲਵਿੰਦਰ ਸਿੰਘ ਗਿੱਲ, ਹਰਪ੍ਰੀਤ ਸਿੰਘ, ਕਰਨ ਗਿੱਲ, ਰਾਜਬੀਰ ਸਿੰਘ ਬੋਪਾਰਾਏ, ਹਰਪਾਲ ਸਿੰਘ ਟਾਂਡਾ, ਨਰਿੰਦਰ ਸਿੰਘ ਮੁੰਦਰ, ਸੁਰਿੰਦਰ ਸਿੰਘ ਕੰਗ, ਲਾਡੀ ਮੁਲਤਾਨੀ, ਬਲਬੀਰ ਸਿੰਘ, ਕੁਲਦੀਪ ਸਿੰਘ, ਗੁਰਜਿੰਦਰ ਸਿੰਘ ਡਿੰਪਲ; **(ਮਿਲਵਾਕੀ):** ਗੁਰਦੇਵ ਸਿੰਘ ਜੌੜਾ, ਅਮਰਜੀਤ ਸਿੰਘ ਸੰਧਰ, ਕੁਲਵਿੰਦਰ ਧਾਲੀਵਾਲ, ਬੇਅੰਤ ਸਿੰਘ ਬੋਪਾਰਾਏ, ਬਿਕਰਮਜੀਤ ਸਿੰਘ ਸੇਖੋਂ; **(ਓਹਾਇਓ):** ਸੁਰਜੀਤ ਮਾਵੀ, ਅਵਤਾਰ ਸਿੰਘ ਸਪਰਿੰਗਫੀਲਡ, ਹਰਿੰਦਰ ਵਾਲੀਆ, ਗੁਰਿੰਦਰ ਸਿੰਘ ਢਿੱਲੋਂ।

**ਸਹਿਯੋਗੀ ਸੰਸਥਾਵਾਂ:** ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ, ਬੇਏਰੀਆ ਸਪੋਰਟਸ ਕਲੱਬ-ਕੈਲੀਫੋਰਨੀਆ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ, ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ, ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ, ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਫਰਿਜ਼ਨੋ, ਪੰਜਾਬੀ ਅਮੈਰੀਕਨ ਹੈਰੀਟੇਜ਼ ਸੁਸਾਇਟੀ ਯੂਬਾ ਸਿਟੀ; ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ, ਮੀਰੀ ਪੀਰੀ ਸਪੋਰਟਸ ਕਲੱਬ-ਇੰਡੀਅਨਐਪੋਲਿਸ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ, ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਸਿਨਸਿਨੈਟੀ, ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ), ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਡੇਅਟਨ (ਓਹਾਇਓ), ਅਮੈਰਿਕਨ ਸੀਨੀਅਰ ਸਿੱਖ ਐਸੋਸੀਏਸ਼ਨ (ਆਸਾ)।

**ਮੀਡੀਆ ਸਹਿਯੋਗੀ:** ਪੰਜਾਬੀ ਲੇਖਕ ਡਾਟ ਕਾਮ, ਰੇਡੀਓ ਚੰਨ ਪਰਦੇਸੀ, ਸਿੱਖ ਟੀ ਵੀ, ਰੇਡੀਓ ਦੇਸੀ ਜੰਕਸ਼ਨ, ਰੇਡੀਓ ਚੜ੍ਹਦੀ ਕਲਾ, ਪੰਜਾਬੀ ਰੇਡੀਓ ਯੂ ਐਸ ਏ।

## ਸਾਡੇ ਕਾਲਮਨਵੀਸ



ਗੁਰਬਚਨ ਭੁੱਲਰ, ਤਰਲੋਚਨ ਸਿੰਘ, ਐਸ. ਅਸ਼ੋਕ ਭੌਰਾ, ਡਾ. ਗੁਰਨਾਮ ਕੌਰ, ਬੀਬੀ ਸੁਰਜੀਤ ਕੌਰ, ਬਲਜੀਤ ਬਾਸੀ, ਜਤਿੰਦਰ ਪਨੂੰ, ਦਲਜੀਤ ਅਮੀ, ਜਤਿੰਦਰ ਮੌਹਰ, ਮੇਜਰ ਕੁਲਾਰ, ਇਕਬਾਲ ਜੱਬੋਵਾਲ

**ਹੋਰ ਜਾਣਕਾਰੀ ਲਈ 847-359-0746** *e-mail: punjabtimes1@sbcglobal.net, website: www.punjabtimesusa.com*